ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

Free

**Nawi Dunia**




23 ਜੁਲਾਈ, 1906
ਜਨਮ ਦਿਨ ਚੰਦਰ ਸ਼ੇਖਰ ਆਜ਼ਾਦ


ਸਾਲ: 1 ਅੰਕ: 7 | Phone: 780 465 9118, 403 775 2100 | Fax: 780 465 0661, | e-mail: info@nawidunia.com | ਜੁਲਾਈ-2010



ਦੁਨੀਆ ਦੇਖੇਗੀ ਭਾਰਤ ਦਾ ਖ਼ੂਬਸੂਰਤ ਚਿਹਰਾ — ਸਫ਼ਾ 7 'ਤੇ





ਕਿਸਾਨ ਦੀ ਹੋਣੀ — ਸਫ਼ਾ 14 'ਤੇ





ਸਾਹਿਤ ਰਚਨਾ ਘੋੜਿਆਂ ਦੀ ਰੇਸ ਨਹੀਂ — ਸਫ਼ਾ 23 'ਤੇ





ਫੁਟਬਾਲ ਦੀ ਧੁਪ-ਛਾਂ — ਸਫ਼ਾ 34 'ਤੇ





ਵਾਤਾਵਰਣ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੀ ਲੋੜ-ਸੀਚੇਵਾਲ — ਸਫ਼ਾ 36 'ਤੇ




# ਪਾਣੀ ਨੇ ਢਾਹਿਆ ਕਹਿਰ

## ➢ ਅੰਬਾਲਾ, ਕੁਰੂਕਸ਼ੇਤਰ ਤੇ ਪਟਿਆਲਾ ਵਿਚ ਹੜ੍ਹ ਦੀ ਮਾਰ

## ਐਸ.ਵਾਈ.ਐਲ. 'ਚ ਪਾੜ, ਘੱਗਰ ਤਿੰਨ ਥਾਵਾਂ ਤੋਂ ਟੁੱਟੀ



**ਨ ਦ ਬ - ਚੰਡੀਗੜ੍ਹ**

ਮੌਨਸੂਨ ਦੇ ਭਾਰੀ ਮੀਂਹ ਕਾਰਨ ਹਰਿਆਣਾ ਤੇ ਪੰਜਾਬ ਦੇ ਕਈ ਜ਼ਿਲਿਆਂ ਵਿਚ ਪਾਣੀ ਨੇ ਕਹਿਰ ਢਾਹ ਦਿੱਤਾ ਹੈ। ਹੁਣ ਤੱਕ 900 ਲੋਕਾਂ ਨੂੰ ਸੁਰੱਖਿਅਤ ਕੱਢਿਆ ਗਿਆ ਹੈ। ਕਰੰਟ ਲੱਗਣ ਤੇ ਵਹਿ ਜਾਣ ਕਾਰਨ ਸ਼ਾਹਬਾਦ ਤੇ ਪਿਹੋਵਾ ਵਿਚ ਤਿੰਨ ਅਤੇ ਪਟਿਆਲਾ ਵਿਚ ਇਕ ਤੇ ਲਾਲੜੂ ਵਿਚ ਤਿੰਨ ਦੀ ਮੌਤ ਹੋ ਗਈ ਹੈ। ਹਰਿਆਣਾ ਦੇ ਅੰਬਾਲਾ ਤੇ ਕੁਰੂਕਸ਼ੇਤਰ ਜ਼ਿਲ੍ਹਿਆਂ ਵਿਚ ਸਥਿਤੀ ਹੋਰ ਖਰਾਬ ਹੋ ਗਈ ਹੈ। ਪਾਣੀ ਕਈ ਹੋਰਨਾਂ ਇਲਾਕਿਆਂ ਵਿਚ ਦਾਖ਼ਲ ਹੋ ਗਿਆ ਹੈ। ਇਸ ਕਾਰਨ ਲੋਕਾਂ ਨੇ ਸੁਰੱਖਿਅਤ ਥਾਵਾਂ 'ਤੇ ਜਾਣਾ ਸ਼ੁਰੂ ਕਰ ਦਿੱਤਾ ਹੈ। ਅੰਬਾਲਾ ਤੇ ਕੁਰੂਕਸ਼ੇਤਰ ਜ਼ਿਲ੍ਹਿਆਂ ਦੇ ਕਰੀਬ ਸਾਢੇ ਤਿੰਨ ਸੌ ਪਿੰਡ ਜਲ-ਥਲ ਹੋ ਗਏ ਹਨ। ਪੰਜਾਬ ਵਿਚ ਭਾਰੀ ਮੀਂਹ ਕਾਰਨ ਪਟਿਆਲਾ ਜ਼ਿਲ੍ਹੇ ਵਿਚ ਘੱਗਰ ਅਤੇ ਐਸ.ਵਾਈ.ਐਲ. ਦੇ ਉਛਾਲ ਨੇ ਘੱਗਰ ਦੇ ਮੁਖ ਕੰਢਿਆਂ ਨੂੰ ਤਿੰਨ ਥਾਵਾਂ ਤੋਂ ਤੋੜ ਦਿੱਤਾ ਹੈ। ਘਨੌਰ ਇਲਾਕੇ ਵਿਚ ਫੈਲੇ ਪਾਣੀ ਨੇ ਦਰਜਨਾਂ ਪਿੰਡਾਂ ਵੱਲ ਰੁਖ਼ ਕਰ ਲਿਆ ਹੈ। ਇਨ੍ਹਾਂ ਵਿਚ ਢਾਈ ਤੋਂ ਤਿੰਨ ਫੁੱਟ ਤੱਕ ਪਾਣੀ ਭਰ ਚੁੱਕਾ ਹੈ। ਪਟਿਆਲਾ ਵਿਚ ਨੌਵੀਂ ਜਮਾਤ ਦੇ ਇਕ ਨੌਜਵਾਨ ਦੀ ਕਰੰਟ ਲੱਗਣ ਨਾਲ ਮੌਤ ਹੋ ਗਈ। ਲੁਧਿਆਣਾ ਵਿਚ ਵੀ ਸਤਲੁਜ ਦਰਿਆ ਅਤੇ ਬੁੱਢਾ ਨਾਲਾ ਦਾ ਜਲ ਪੱਧਰ ਵਧ ਗਿਆ ਹੈ।

ਪੰਜਾਬ ਸਰਕਾਰ ਨੇ ਮੰਨ ਲਿਆ ਹੈ ਕਿ ਪਾਣੀ ਦੇ ਕੁਦਰਤੀ ਵਹਾਅ ਵਾਲੇ ਬਰਸਾਤੀ ਨਦੀ-ਨਾਲਿਆਂ ਅਤੇ ਡਰੇਨਾਂ 'ਤੇ ਹੋਏ ਨਜਾਇਜ਼ ਕਬਜ਼ੇ ਹੜ੍ਹ ਲਈ ਵੱਡਾ ਕਾਰਨ ਬਣਦੇ ਹਨ। ਪੰਜਾਬ ਦੇ ਉਪ ਮੁਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਨਿਰਦੇਸ਼ ਦਿੱਤੇ ਹਨ ਕਿ ਕੁਦਰਤੀ ਵਹਾਅ ਵਿਚ ਰੁਕਾਵਟ ਬਣਨ ਵਾਲੇ ਸਾਰੇ ਗੈਰਕਨੂੰਨੀ ਨਿਰਮਾਣ, ਬੰਨ੍ਹ ਅਤੇ ਤਮਾਮ ਨਜਾਇਜ਼ ਕਬਜ਼ੇ ਇਕ ਮਹੀਨੇ ਦੇ ਅੰਦਰ ਅੰਦਰ ਹਟਾਏ ਜਾਣ। ਉਨ੍ਹਾਂ ਨੇ ਕੁਦਰਤੀ ਆਫਤ ਰਾਹਤ ਫੰਡ ਵਿਚੋਂ ਤੁਰੰਤ ਦਸ ਕਰੋੜ ਰੁਪਏ ਜਾਰੀ ਕਰਨ ਦੇ ਵੀ ਹੁਕਮ ਦਿੱਤੇ ਹਨ।

# ਸ਼੍ਰੋਮਣੀ ਕਮੇਟੀ 'ਤੇ ਕਾਂਗਰਸ ਦੇ ਤਿੱਖੇ ਵਾਰ ਤੋਂ ਭਖੀ ਸਿੱਖ ਸਿਆਸਤ

ਨ ਦ ਬ - ਚੰਡੀਗੜ੍ਹ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਇਸ ਵਾਰ ਸੂਬੇ ਵਿਚ ਸਿੱਖ ਸਿਆਸਤ ਨੇ ਨਵਾਂ ਮੋੜ ਲੈ ਲਿਆ ਹੈ।

ਪਿਛਲੇ ਕਰੀਬ ਸਾਲ ਭਰ ਤੋਂ ਸਾਬਕਾ ਮੁਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਮੌਜੂਦਾ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 'ਤੇ ਸ਼੍ਰੋਮਣੀ ਕਮੇਟੀ ਨੂੰ ਕਬਜ਼ੇ ਵਿਚ ਰੱਖਣ ਦੇ ਦੋਸ਼ ਲਾਉਂਦੇ ਰਹੇ ਹਨ ਅਤੇ ਇਸ ਵਾਰ ਅਕਾਲੀ ਦਲ ਨੂੰ ਮਾਤ ਦੇਣ ਲਈ ਬਾਦਲ ਵਿਰੋਧੀ ਅਕਾਲੀ ਦਲਾਂ ਨੂੰ ਸਮਰਥਨ ਦੇਣ ਦਾ ਐਲਾਨ ਕਰਦੇ ਰਹੇ ਹਨ।

ਉਨ੍ਹਾਂ ਨੂੰ ਸਾਲ ਭਰ ਇਸ ਮਸਲੇ 'ਤੇ ਪਾਰਟੀ ਵਿਚ ਕੋਈ ਖਾਸ ਸਮਰਥਨ ਨਹੀਂ ਮਿਲਿਆ ਸੀ ਪਰ ਹੁਣ ਸਾਬਕਾ ਸੰਸਦ ਮੈਂਬਰ ਅਤੇ ਤੇਜ਼ ਤਰਾਰ ਕਾਂਗਰਸ ਆਗੂ ਜਗਮੀਤ ਸਿੰਘ ਬਰਾੜ ਨੇ ਵੀ ਉਨ੍ਹਾਂ ਦੀ ਹਾਂ ਵਿਚ ਹਾਂ ਮਿਲਾਉਂਦੇ ਹੋਏ ਕਿਹਾ ਹੈ ਕਿ ਪਾਰਟੀ ਸਿੱਧੇ ਤੌਰ 'ਤੇ ਸ਼੍ਰੋਮਣੀ ਕਮੇਟੀ ਚੋਣ ਨਹੀਂ ਲੜੇਗੀ ਪਰ ਬਾਦਲ ਵਿਰੋਧੀ ਅਕਾਲੀ ਦਲਾਂ ਦੀ ਹਮਾਇਤ ਕਰੇਗੀ ਤਾਂ ਜੋ ਬਾਦਲ ਦਾ ਸ਼੍ਰੋਮਣੀ ਕਮੇਟੀ ਤੋਂ ਕਬਜ਼ਾ ਹਟਾਇਆ ਜਾ ਸਕੇ। ਬਰਾੜ ਦਾ ਬਿਆਨ ਅਜਿਹੇ ਸਮੇਂ ਆਇਆ ਹੈ ਜਦ ਕਾਂਗਰਸ ਵਿਧਾਇਕ ਦਲ ਦੀ ਆਗੂ ਰਾਜਿੰਦਰ ਕੌਰ ਭੱਠਲ ਅਤੇ ਪ੍ਰਦੇਸ਼ ਕਾਂਗਰਸ ਪ੍ਰਧਾਨ ਮਹਿੰਦਰ ਸਿੰਘ ਕੇਪੀ ਪਾਰਟੀ ਦੀ ਸ਼੍ਰੋਮਣੀ ਕਮੇਟੀ ਚੋਣਾਂ ਤੋਂ ਦੂਰੀ ਰੱਖਣ ਦਾ ਰਾਗ ਅਲਾਪ ਰਹੇ ਹਨ। ਅਮਰਿੰਦਰ ਸਿੰਘ ਨੇ ਹਾਲ ਹੀ ਵਿਚ ਇਕ ਵਾਰ ਫੇਰ ਇਸ ਮਸਲੇ 'ਤੇ ਸਖਤ ਰੁਖ਼ ਅਪਨਾਉਂਦੇ ਹੋਏ ਕਿਹਾ ਹੈ ਕਿ ਕੋਈ ਵੀ ਸਿੱਖ ਕਾਂਗਰਸੀ ਪਾਰਟੀ ਕਾਰਜਕਰਤਾ ਹੋਣ ਤੋਂ ਪਹਿਲਾਂ ਸਿੱਖ ਹੈ ਅਤੇ ਬਤੌਰ ਸਿੱਖ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਵੋਟ ਪਾਉਣ ਦਾ ਅਧਿਕਾਰ ਜ਼ਰੂਰ ਵਰਤਣਾ ਚਾਹੀਦਾ ਹੈ।

# ਸੱਜਣ ਕੁਮਾਰ ਖ਼ਿਲਾਫ਼ ਦੋਸ਼ ਆਇਦ

**ਨ ਦ ਬ - ਨਵੀਂ ਦਿੱਲੀ**

ਦਿੱਲੀ ਦੀ ਇਕ ਅਦਾਲਤ ਨੇ 1984 ਦੇ ਸਿੱਖ ਕਤਲੇਆਮ ਦੇ ਇਕ ਕੇਸ ਵਿਚ ਕਾਂਗਰਸੀ ਆਗੂ ਸੱਜਣ ਕੁਮਾਰ ਤੇ ਚਾਰ ਹੋਰ ਮੁਲਜ਼ਮਾਂ ਖਿਲਾਫ ਦੋਸ ਆਇਦ ਕਰ ਦਿੱਤੇ ਹਨ। ਇਹ ਮਾਮਲਾ ਸੁਲਤਾਨਪੁਰੀ ਵਿਚ ਹੋਈ ਮਾਰ-ਧਾੜ ਨਾਲ ਸਬੰਧਤ ਹੈ, ਜਿਸ ਵਿਚ ਛੇ ਸਿੱਖ ਮਾਰੇ ਗਏ ਸਨ। ਕੜਕੜਡੂਮਾ ਅਦਾਲਤ ਦੀ ਐਡੀਸ਼ਨਲ ਜੱਜ ਸੁਨੀਤਾ ਗੁਪਤਾ ਨੇ ਇਨ੍ਹਾਂ ਪੰਜ ਮੁਲਜ਼ਮਾਂ ਖਿਲਾਫ ਮੁਢਲੇ ਤੌਰ 'ਤੇ ਠੋਸ ਸਬੂਤ ਹੋਣ ਦੇ ਆਧਾਰ ਉਤੇ ਦੋਸ਼ ਤੈਅ ਕਰਨ ਦਾ ਫੈਸਲਾ ਕੀਤਾ ਹੈ। ਅਦਾਲਤ ਨੇ ਸੱਜਣ ਕੁਮਾਰ, ਬ੍ਰਹਮਾਨੰਦ ਗੁਪਤਾ, ਪੇਰੂ, ਖੁਸ਼ਹਾਲ ਸਿੰਘ ਤੇ ਵੇਦ ਪ੍ਰਕਾਸ਼ ਖਿਲਾਫ ਇਸ ਕੇਸ ਵਿਚ ਕਤਲ, ਦੰਗੇਬਾਜ਼ੀ ਤੋਂ ਇਲਾਵਾ ਦੋ ਭਾਈਚਾਰਿਆਂ ਵਿਚ ਨਫਰਤ ਫੈਲਾਉਣ ਦੀਆਂ ਧਾਰਾਵਾਂ ਵੀ ਸ਼ਾਮਲ ਕੀਤੀਆਂ ਹਨ। ਉਂਜ ਸੀ.ਬੀ.ਆਈ. ਵਲੋਂ ਸੱਜਣ ਕੁਮਾਰ ਅਤੇ ਸਾਥੀਆਂ ਵਿਰੁਧ ਇਕ ਹੋਰ ਚਾਰਜਸ਼ੀਟ ਦਿੱਲੀ ਕੈਂਟ ਥਾਣਾ ਇਲਾਕੇ ਵਿਚ ਹੋਏ ਕਤਲਾਂ ਨਾਲ ਹੀ ਪੇਸ਼ ਕੀਤੀ ਗਈ ਸੀ ਜਿਸ ਉਪਰ ਸੁਣਵਾਈ ਚੱਲ ਰਹੀ ਹੈ। ਨਾਨਾਵਤੀ ਕਮਿਸ਼ਨ ਵਲੋਂ 2005 ਵਿਚ ਸੱਜਣ ਕੁਮਾਰ ਅਤੇ ਸਾਥੀਆਂ ਵਿਰੁਧ ਜਾਂਚ ਕਰਨ ਦੀ ਸਿਫਾਰਸ਼ ਕੀਤੀ ਗਈ ਸੀ। ਫੇਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਲੋਂ ਸੰਸਦ ਵਿਚ ਦੰਗਿਆਂ ਦੀ ਮੁੜ ਜਾਂਚ ਕਰਨ ਦਾ ਐਲਾਨ ਕੀਤਾ ਗਿਆ ਸੀ।

# ਸ਼੍ਰੀਨਗਰ ਵਿਚ ਫੌਜ ਵਲੋਂ ਫਲੈਗ ਮਾਰਚ

**ਨ ਦ ਬ -ਸ਼੍ਰੀਨਗਰ**

ਜੰਮੂ ਕਸ਼ਮੀਰ ਦੀ ਰਾਜਧਾਨੀ ਸ਼੍ਰੀਨਗਰ ਵਿਚ ਫੌਜ ਫਲੈਗ ਮਾਰਚ ਕਰ ਰਹੀ ਹੈ ਜਦਕਿ ਇਥੇ ਅਤੇ ਕਸ਼ਮੀਰ ਵਾਦੀ ਦੀਆਂ ਹੋਰਨਾਂ ਥਾਵਾਂ 'ਤੇ ਕਰਫਿਊ ਵੀ ਪੂਰੀ ਸਖਤੀ ਨਾਲ ਲਾਗੂ ਕਰ ਦਿੱਤਾ ਗਿਆ ਹੈ। ਉਧਰ ਵਿਗੜਦੇ ਹਾਲਾਤ ਦੇ ਮੱਦੇਨਜ਼ਰ ਸੂਬੇ ਦੀ ਅਪੀਲ 'ਤੇ ਕੇਂਦਰ ਨੇ ਸ਼੍ਰੀਨਗਰ ਸਮੇਤ ਹੋਰਨਾਂ ਹਿੰਸਾਗ੍ਰਸਤ ਇਲਾਕਿਆਂ ਵਿਚ ਫੌਜ ਤਾਂ ਭੇਜ ਦਿੱਤੀ ਹੈ, ਪਰ ਉਸ ਹਿੰਸਕ ਭੀੜ 'ਤੇ ਸਿੱਧੀ ਕਾਰਵਾਈ ਨਾ ਕਰਨ ਦਾ ਹੁਕਮ ਦਿੱਤਾ ਗਿਆ ਹੈ। ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਵਿਚ ਰੱਖਿਆ ਮਾਮਲਿਆਂ ਦੀ ਮੰਤਰੀ ਮੰਡਲ ਕਮੇਟੀ(ਸੀ.ਸੀ.ਐਸ) ਦੀ ਮੀਟਿੰਗ ਵਿਚ ਇਹ ਫੈਸਲਾ ਕੀਤਾ ਗਿਆ। ਉਧਰ ਸ਼੍ਰੀਨਗਰ ਵਿਚ ਪ੍ਰਦਰਸ਼ਨਕਾਰੀਆਂ ਅਤੇ ਸੁਰੱਖਿਆ ਬਲਾਂ ਵਿਚਾਲੇ ਹੋਈਆਂ ਤਾਜ਼ਾ ਝੜਪਾਂ ਵਿਚ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਇਸੇ ਘਟਨਾ ਤੋਂ ਬਾਅਦ ਕਰਫਿਊ ਲਾਇਆ ਗਿਆ। ਫੌਜ ਨੇ ਸ਼੍ਰੀਨਗਰ ਦੇ ਵੱਖ ਵੱਖ ਇਲਾਕਿਆਂ ਵਿਚ 1700 ਜਵਾਨ ਭੇਜੇ ਹਨ। ਇਸ ਸਮਸਿਆ ਦੀ ਸ਼ੁਰੂਆਤ ਤੋਂ ਪਹਿਲਾਂ ਸੈਲਾਨੀਆਂ ਨਾਲ ਭਰੀਆਂ ਗਲੀਆਂ ਹੁਣ ਵੀਰਾਨ ਹੋ ਗਈਆਂ ਹਨ। ਸੁਰੱਖਿਆ ਬਲਾਂ ਦੀ ਭਾਰੀ ਮੌਜੂਦਗੀ ਕਾਰਨ ਸ਼ਹਿਰ ਦੀਆਂ ਦੁਕਾਨਾਂ ਬੰਦ ਨਜ਼ਰ ਆਉਣ ਲੱਗੀਆਂ ਹਨ ਅਤੇ ਸ਼ਿਕਰੇ ਖਾਲੀ ਦਿਖਾਈ ਦੇ ਰਹੇ ਹਨ।


3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers
TOP 1% OF REALTORS IN CANADA
Land Parcels Available in throughout Alberta
Century 21
A.L.L. Stars Realty Ltd., 312 Saddleback Road, T6J 4R7
Cell: (780) 951-9873 Bus: (780) 434-4700





JAS LONGOWAL B.A, L.L.B., B.Ed, B.L.S, M.A.
Top Realtor 2007
ਕਿਸੇ ਵੀ ਤਰ੍ਹਾਂ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ
PROFESSIONAL REALITY GROUP
Always stands for you
Cell: (780) 993•0898
"Its time you hired a professional"
# 101, 6005 Gateway Blvd. Edmonton, AB T6H 2H3
Associate Realtor
Bus:(780) 439-9818





For All Your Real Estate Needs & Best Services
Just Contact Dan Sidhu
Your Real Estate Expert! Broker/Owner
ਨਵਾਂ ਜਾਂ ਪੁਰਾਣਾ ਘਰ ਜਾ ਕਿਸੇ ਵੀ ਕਿਸਮ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਭਰੋਸੇਯੋਗ ਤੇ ਇਮਾਨਦਾਰ ਸੇਵਾਵਾਂ ਲਈ ਅੱਜ ਹੀ Dan Sidhu ਨੂੰ ਫੋਨ ਕਰੋ।
Each office individually owned and operated
Cell: 403 560 6300
Specialize in Residential/ Commercial & Investment Properties
RE/MAX
110-300 Merganser Dr. West Chestermers, ABT1X 1L6
Bus: 403 569 2900 Fax: 403 207 1237





A&K DRYWALL LTD.
Best Quality at reasonable rates
ਹੋਟਲ, ਮੋਟਲ, ਬਿਜਨਿਸ ਰੈਜ਼ੀਡੈਂਸ਼ੀਅਲ ਤੇ ਹਰ ਤਰ੍ਹਾਂ ਦੇ ਇੰਸੁਲੇਸ਼ਨ, ਡਰਾਈਵਾਲ, ਟੇਪਿੰਗ, ਟੈਕਸਚਰ ਦੇ ਕੰਮ ਲਈ ਐਡਮਿੰਟਨ/ਕੈਲਗਰੀ ਚ ਸੰਪਰਕ ਕਰੋ
Rana, Edmonton : 780 245 5192
Joga, Calgary : 403 616 2329



Bhalinder Dhaliwal B.Comm
Mortgage Specialist
40 ਤੋਂ ਵੱਧ ਬੈਂਕਾਂ ਨਾਲ ਗੱਲ ਕਰਕੇ ਘੱਟ ਰੇਟ ਤੇ ਮੋਰਗੇਜ ਜਾਂ ਲਾਈਨ ਆਫ ਕਰੈਡਿਟ ਦਿਵਾਉਣ ਵਾਲੇ ਭਲਿੰਦਰ ਧਾਲੀਵਾਲ ਨੂੰ ਫੋਨ ਕਰਕੇ ਮੁਫ਼ਤ ਤੇ ਸਹੀ ਸਲਾਹ ਲਵੋ
780.909.3317
www.bhalinderdhaliwal.com





Sarbjeet Dodd REALTOR®
Contact For Buying & Selling of Residential & Commercial Property any where in Alberta
A.L.L. Stars Realty Ltd.
312 saddleback Rd. Edmonton, AB T6J 4R7
Bus: 780 434 4700 sarbjeetdodd@hotmail.com
Cell: 780 951 1590 Fax: 780 436 9902





LUTHRA LAW OFFICE
Sarjan Luthra, B.Sc, LL.B, Barrister and Solicitor





Sarjan Luthra
* Corporate Commercial
* Real Estate Transactions
* Immigration Appeals
* ਕੰਪਨੀ ਮਾਮਲੇ
* ਰੀਅਲ ਇਸਟੇਟ
* ਇਮੀਗਰੇਸ਼ਨ ਅਪੀਲ
Services Also in Hindi, Punjabi, Urdu & Arabic
# 10, 3908-97 Street, Edmonton, AB, T6E 6N2
780 466 4660, 780 463 4205 luthralaw@canada.com

## Insurance & Financial Services

- Life Insurance
- Critical Illness
- Health Benefits
- Group Benefits (Dental & Medical)
- Mortgage Insurance
- Travel & Visitor Insurance
- Disability Insurance (Income Protection)

ਲਾਈਫ: ਯੂਨੀਵਰਸਲ, ਟਰਮ ਅਤੇ ਮੋਰਟਗੇਜ਼
ਡਿਸਏਬਿਲਟੀ, ਕਰਿਟੀਕਲ ਇਲਨੈਸ, ਹੈਲਥ ਪਲੈਨਜ਼
ਅਤੇ ਰਜਿਸਟਰਡ ਰਿਟਾਇਰਮੈਂਟ ਸੇਵਿੰਗ ਪਲੈਨਜ਼

ਹਰ ਤਰ੍ਹਾਂ ਦੀ ਇਸ਼ੋਰੈਂਸ ਲਈ ਸੰਪਰਕ ਕਰੋ



*For All Insurance Needs*
Call: Shalu Badesha
Phone:780-660-3071

*Sponsor by Canada Life & Access to all Major Insurance Companies in Canada*

## STP ELECTRIC LTD.

stpelectric@hotmail.com Offering Full Range of Electrical Services of



C. 780.984 2356
F. 780.463 6276

- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
**Sushil Singh**
Certified Master Electrician
ਸਰਟੀਫਾਈਡ ਮਾਸਟਰ ਇਲੈਕ੍ਰੀਸ਼ਨ

## EAGLE ROCK GOLF COURSE

ਵਿਆਹ ਸ਼ਾਦੀਆਂ, ਜਨਮ ਦਿਨ ਪਾਰਟੀਆਂ,
ਲੇਡੀਜ਼ ਸੰਗੀਤ, 50 ਤੋਂ ਲੈ ਕੇ 200 ਆਦਮੀਆਂ
ਤੱਕ ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ
ਵਧੇਰੇ ਜਾਣਕਾਰੀ ਲਈ ਫੋਨ ਕਰੋ:
Linda- 780 464 4653
Ext-2, Cell- 780 720 6895




50549, Range Road 234
Edmonton, AB

Catering
Wedding
Banquet
Birthday Parties
Ladies Sangeet
Golf Tournaments

## ALPHA Tent Rentals

All Events Big or Small
We are in this Business Since 2001



Ladies Sangeet Jago Equipment

**Tents** All Size and Different Colours,
**Tables** Rectangular & Round, **Chairs** All Colours,
**Lights**, Dance Floor, Heaters, Fans,
**Catering Equipment,** Coffee Brewers,
Food Warmers, Big Burners, Big Pots (Patila), Cutlery and Plates,
**Portable Bars,** Beer Tubs, Ice Boxes,
**Carpet, Stantions, Linens and Clips.**

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ
Guaranteed Low Prices Open Seven Days a Week

Umrao Ghinger: 780 237 5556
Rana Pandher: 780 498 6375
Office: 780 490 5354
www.alphatentrentals.com





## PASH DRIVING SCHOOL LTD.



"Learn to drive for life...accident free with confidence"

- ✓Government Approved Insurance Reduction Course
- ✓Defensive Driving Course
- ✓Refresher Courses
- ✓Preparation for Class 7
- ✓Road Test Preparation
- ✓Package & Hourly Rates

*Car Available for Road Test
*Free Pick Up & Drop Off
Lady Instructor
7 Days A Week


Jas Badesha


Shalu

ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਸੇਵਾਵਾਂ ਹਾਜ਼ਰ ਹਨ।
Shalu Badesha 780-660-3071
Jas Badesha 780-908-2296
pashdrivingschool@ymail.com

## Shan-E-Punjab Sweets & Restaurant

Eat-In Take-Out

Speicializing in East Indian & Pakistani Sweets & Cuisine

- * Puri Chole, Saag, Chicken, Biryani, Goat/Lamb Curry,
- * Tandoori Chicken, Samosa, Papri Chat,Golgappey,
- * Garlic, Chicken & Paneer Naan,Mixed Sweets,
- * Gulab Jamun,Khoya Burfi, Rus-Gullas, Laddoo,
- * Sev Chewra, Namak Para, Fish, Chicken &
- * Veg. Pakora,Mango Shake & Lassi.

Seven Days a Week
**Business Hours:** 11am-9pm

**Lunch Buffet & Dinner Buffet**

9393-34 Avenue,
Edmonton, AB.

Phone (780) 434-7373

## Concept, Design and Installation
## Cambridge Windows Mfg. Inc.

ਘੱਟ ਕੀਮਤਾਂ ਦੀ ਗਰੰਟੀ
ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਵਧੀਆ ਤੇ ਭਰੋਸੇਯੋਗ ਸੇਵਾਵਾਂ

ਪੁਰਾਣੀਆਂ ਖਿੜਕੀਆਂ ਬਦਲਾਉਣ ਜਾਂ ਨਵੇਂ ਘਰ ਸੋਹਣੀਆਂ ਖਿੜਕੀਆਂ ਨਾਲ ਸਜਾਉਣ ਲਈ ਹਮੇਸ਼ਾ ਯਾਦ ਰੱਖੋ

ਕੈਂਬਰਿਜ ਵਿੰਡੋ
780-436-0111
7941-Argyll Road Edmonton AB, T6C 4A9

BBB



www.cambridgewindow.com
Better Business Bureau ਦੇ ਮੈਂਬਰ

# ਐਡਮਿੰਟਨ ਵਾਸੀ ਅਗਲੇ ਸਾਲ ਤੋਂ ਝੱਲਣਗੇ ਪ੍ਰੌਪਰਟੀ ਟੈਕਸ ਵਿੱਚ 5 ਫੀਸਦੀ ਵਾਧਾ

**ਨ ਦ ਬ – ਐਡਮਿੰਟਨ**

ਸਿਟੀ ਕਾਊਂਸਿਲ ਵਲੋਂ ਲਏ ਗਏ ਫ਼ੈਸਲੇ ਤਹਿਤ ਅਗਲੇ ਸਾਲ ਤੋਂ ਐਡਮਿੰਟਨ ਵਾਸੀਆਂ ਨੂੰ ਪ੍ਰੌਪਰਟੀ ਟੈਕਸ ਵਿੱਚ 5 ਫੀਸਦੀ ਦਾ ਵਾਧਾ ਸਹਿਣਾ ਪੈ ਸਕਦਾ ਹੈ। ਹਾਲਾਂਕਿ ਪਹਿਲਾਂ ਪ੍ਰਸਤਾਵਿਤ ਅੰਕੜੇ 10.5 ਵਾਧੇ ਦੇ ਸਨ। ਉੱਧਰ ਅਗਲੇ ਸਾਲ ਤੋਂ ਵੱਖ-ਵੱਖ ਆਵਾਜਾਈ ਦੇ ਸਾਧਨਾਂ ਦੇ ਕਿਰਾਇਆਂ ਵਿੱਚ ਵੀ ਭਾਰੀ ਵਾਧਾ ਹੋਣ ਜਾ ਰਿਹਾ ਹੈ। ਇਸ ਵਿੱਚ ਸਲਾਨਾ ਸੀਨੀਅਰ ਪਾਸ ਵੀ ਸ਼ਾਮਲ ਹੋਣਗੇ। ਅਡਲਟ ਮੰਥਲੀ ਪਾਸ ਸਾਲ 2012 ਵਿੱਚ 898 ਡਾਲਰ ਦਾ ਹੋ ਜਾਵੇਗਾ। ਕਾਊਂਸਲਰ ਅਮਰਜੀਤ ਸੋਹੀ ਕਾਊਂਸਿਲ ਦੇ ਇਸ ਫ਼ੈਸਲੇ ਤੋਂ ਬਹੁਤੇ ਖ਼ੁਸ਼ ਨਹੀਂ ਹਨ। ਉਨਾਂ ਮੁਤਾਬਕ ਉਹ ਇਸ ਵਾਧੇ ਨੂੰ ਲਾਗੂ ਕਰਨ ਵਿੱਚ ਬਹੁਤੀ ਜਲਦਬਾਜ਼ੀ ਕਰਨ ਦੇ ਹੱਕ ਵਿੱਚ ਨਹੀਂ, ਉਹ ਵੀ ਉਸ ਸਮੇਂ ਜਦੋਂ ਆਮ ਲੋਕਾਂ ਨੂੰ ਟਰਾਂਸਿਟ ਦੀ ਵੱਧ ਤੋਂ ਵੱਧ ਵਰਤੋਂ ਕਰਨ ਲਈ ਪ੍ਰੇਰਿਆ ਜਾ ਰਿਹਾ ਹੋਵੇ। ਸੋਹੀ ਮੁਤਾਬਕ ਉਹਨਾਂ ਨੂੰ ਕਾਊਂਸਿਲ ਦੇ ਇਸ ਫ਼ੈਸਲੇ ਵਿੱਚ ਕੋਈ ਤੁਕ ਨਜ਼ਰ ਨਹੀਂ ਆਉਂਦੀ। ਉਧਰ ਕਾਊਂਸਿਲਰ ਡੌਨ ਇਵਸਨ ਦਾ ਕਹਿਣਾ ਹੈ ਕਿ ਉਹ ਇਸ ਫ਼ੈਸਲੇ ਤੋਂ ਬੇਹੱਦ ਖ਼ੁਸ਼ ਅਤੇ ਉਤਸ਼ਾਹਿਤ ਹਨ ਅਤੇ ਇਸਨੂੰ ਛੇਤੀ ਤੋਂ ਛੇਤੀ ਲਾਗੂ ਕੀਤਾ ਜਾਣਾ ਚਾਹੀਦਾ ਹੈ। ਕਾਊਂਸਿਲ ਅਧਿਕਾਰੀ 2011 ਤੱਕ ਸਿਟੀ ਰੈਵੀਨਿਊ ਵਧਾ ਕੇ 245 ਮਿਲੀਅਨ ਡਾਲਰ ਕਰਨਾ ਚਾਹੁੰਦੇ ਹਨ। ਇਸ ਤੋਂ ਇਲਾਵਾ ਕਾਊਂਸਿਲ ਪਾਰਕਿੰਗ ਸਬੰਧੀ ਜੁਰਮਾਨਿਆਂ ਅਤੇ ਸੀਟਰਾਂ ਜ਼ਰੀਏ ਵੀ ਵਧੇਰੇ ਕਮਾਈ ਕਰਨ ਦਾ ਇਰਾਦਾ ਰੱਖਦੀ ਹੈ ਅਤੇ ਫੋਟੋ ਰਡਾਰ ਅਤੇ ਰੈੱਡ ਲਾਈਟ ਕੈਮਰਿਆਂ ਤੋਂ ਮਿਲਦੀ ਜੁਰਮਾਨੇ ਦੀ ਰਕਮ ਤੋਂ ਵੀ ਵਾਧੂ 2 ਮਿਲੀਅਨ ਡਾਲਰ ਦੀ ਕਮਾਈ ਕੀਤੀ ਜਾਵੇਗੀ।




# ਅਲਬਰਟਾ ਵਿੱਚ ਵਧ ਸਕਦੀ ਹੈ ਮਿਨੀਮਮ ਵੇਜ ਦਰ

**ਨ ਦ ਬ – ਅਲਬਰਟਾ**

ਬੀਤੇ ਦਿਨੀਂ ਇਕ ਕਮੇਟੀ ਅੱਗੇ ਪੇਸ਼ ਹੋਏ ਲੋਕਾਂ ਅਤੇ ਮਾਹਿਰਾਂ ਨੇ ਇਹ ਤਜਵੀਜ਼ ਰੱਖੀ ਕਿ, ਅਲਬਰਟਾ ਦੀ ਮਿਨੀਮਮ ਵੇਜ ਇਕ ਪੌਵਰਟੀ ਵੇਜ ਯਾਅਨੀ ਗਰੀਬੀ ਭੱਤਾ ਬਣ ਗਈ ਹੈ ਜੋ ਕਿ ਗੁਜ਼ਾਰੇ ਲਈ ਬਹੁਤ ਹੀ ਘੱਟ ਹੈ ਅਤੇ ਇਸ ਵਿੱਚ ਵਾਧਾ ਹੋਣਾ ਚਾਹੀਦਾ ਹੈ। ਬੀਤੇ ਫਰਵਰੀ ਮਹੀਨੇ ਇਸ ਨੂੰ 8.80 ਡਾਲਰ ਪ੍ਰਤੀ ਘੰਟਾ ਮਿੱਥਿਆ ਗਿਆ ਸੀ। ਕਮੇਟੀ ਅੱਗੇ ਪੇਸ਼ ਹੋਏ ਮਾਹਿਰਾਂ ਅਤੇ ਸਮਾਜਕ ਜਥੇਬੰਦੀਆਂ ਦੇ ਮੈਂਬਰਾਂ ਨੇ ਇਹ ਤਜਵੀਜ਼ ਰੱਖੀ ਕਿ ਮਿਨੀਮਮ ਵੇਜ ਦੀ ਦਰ ਮੌਜੂਦਾ ਮਹਿੰਗਾਈ ਨੂੰ ਵੇਖਦਿਆਂ ਮਿੱਥੀ ਜਾਣੀ ਚਾਹੀਦੀ ਹੈ ਨਾ ਕਿ ਇਕ ਹਫ਼ਤੇ ਦੀ ਔਸਤ ਕਮਾਈ ਦੇ ਅਧਾਰ ‘ਤੇ। ਕਮੇਟੀ ਦੇ ਮੈਂਬਰਾਂ ਦਾ ਕਹਿਣਾ ਹੈ ਕਿ ਇਸ ਦੀ ਕੋਈ ਲੋੜ ਨਹੀਂ ਕਿਉਂਕਿ ਰਾਜ ਦੀ ਸਰਕਾਰ ਚਾਈਲਡ ਕੇਅਰ ਸਬਸਿਡੀਆਂ ਅਤੇ ਹੈਲਥ ਕੇਅਰ ਸੁਵਿਧਾਵਾਂ ਜ਼ਰੀਏ ਕਾਫ਼ੀ ਮੱਦਦ ਅਤੇ ਰਾਹਤ ਦਿੰਦੀ ਹੈ, ਪਰ ਅਲਬਰਟਾ ਹੋਟਲ ਐਂਡ ਲੌਜਿੰਗ ਐਸੋਸੀਏਸ਼ਨ ਮੁਤਾਬਕ ਸਿਖਲਾਈ ਲੈ ਰਹੇ ਕਾਮਿਆਂ ਅਤੇ ਵਰਕਰਾਂ ਨੂੰ ਮਿਲਦੀ ਟਿਪ ਵਿੱਚ ਵੀ ਵਾਧਾ ਹੋਣਾ ਚਾਹੀਦਾ ਹੈ।



ਅਲਬਰਟਾ ਵਿੱਚ 2, 24000 ਲੋਕ ਐਸ ਵੇਲੇ 12 ਡਾਲਰ ਪ੍ਰਤੀ ਘੰਟਾ ਵੀ ਨਹੀਂ ਕਮਾਉਂਦੇ ਹਨ ਜੋ ਕਿ ਉਹਨਾਂ ਨੂੰ ਗੁਜ਼ਾਰੇ ਲਈ ਪੂਰਾ ਨਹੀਂ ਪੈ ਰਿਹਾ। ਐਸ ਵੇਲੇ ਉਨਟੈਰੀਓ 10.25 ਡਾਲਰ ਪ੍ਰਤੀ ਘੰਟੇ ਦੇ ਮਿਨੀਮਮ ਵੇਜ ਨਾਲ਼ ਪੂਰੇ ਮੁਲਕ ਵਿੱਚ ਨੰਬਰ ਇਕ ਹੈ ਤੇ ਬ੍ਰਿਟਿਸ਼ ਕੋਲੰਬੀਆ 8 ਡਾਲਰ ਪ੍ਰਤੀ ਘੰਟੇ ਨਾਲ਼ ਸਭ ਤੋਂ ਪਿੱਛੇ ਹੈ। ਸਮਾਜਕ ਜਥੇਬੰਦੀਆਂ ਦਾ ਕਹਿਣਾ ਹੈ ਕਿ ਅਲਬਰਟਾ ਵਿਚਲੀ ਮਿਨੀਮਮ ਵੇਜ ਲੋਕਾਂ ਦੀ ਜ਼ਿੰਦਗੀ ਮੁਸ਼ਕਲ ਬਣਾ ਰਹੀ ਹੈ।

# ਨਵੀਂ ਰਾਈਜ਼ਿੰਗ ਤੋਂ ਐਡਮਿੰਟਨ ਵਾਸੀਆਂ ਨੂੰ ਮਿਲੇਗਾ ਇਕ ਵਾਧੂ ਐਮ.ਐਲ.ਏ

**ਨ ਦ ਬ – ਐਡਮਿੰਟਨ**

ਅਗਲੀਆਂ ਵਿਧਾਨ ਸਭਾ ਚੋਣਾਂ ਮਗਰੋਂ ਐਡਮਿੰਟਨ ਵਾਸੀਆਂ ਨੂੰ ਪਹਿਲਾਂ ਨਾਲੋਂ ਇਕ ਵਾਧੂ ਐਮ.ਐਲ.ਏ ਮਿਲੇਗਾ। ਲੋਕਾਂ ਦੀਆਂ ਮੁਸ਼ਕਿਲਾਂ ਦੀ ਸੁਣਵਾਈ, ਵਾਦ-ਵਿਵਾਦ ਦੇ ਇਕ ਸਾਲ ਮਗਰੋਂ ਵੀ ਅਲਬਰਟਾ ਇਲੈਕਟਰੋਲ ਬਾਊਂਡਰੀਜ ਕਮਿਸ਼ਨ ਨੂੰ ਇਹ ਸਮਝ ਨਹੀਂ ਆ ਰਿਹਾ ਕਿ ਚੋਣਾਂ ਲਈ ਅਲਬਰਟਾ ਦੀ ਹਲਕਾਬੰਦੀ ਕਿਸ ਤਰ੍ਹਾਂ ਕੀਤੀ ਜਾਵੇ। ਮਾਹਿਰਾਂ ਦੀ ਰਾਇ ਹੈ ਕਿ ਅਲਬਰਟਾ ਦੇ ਪੇਂਡੂ ਇਲਾਕਿਆਂ ਦੀ ਮੁੜ ਹਲਕਾਬੰਦੀ ਦੀ ਲੋੜ ਹੈ ਤਾਂ ਜੋ 2 ਹੋਰ ਐਮ.ਐਲ.ਏ ਮਿਲ ਸਕਣ। ਕਮਿਸ਼ਨ ਦੀਆਂ ਤਜਵੀਜ਼ਾਂ ਦੇ ਬਾਵਜੂਦ ਉੱਧਰ ਕੈਲਗਿਰੀ ਨੂੰ 2 ਨਵੀਆਂ ਰਾਈਡਿੰਗਜ਼ ਮਿਲ ਗਈਆਂ ਹਨ, ਪਰ ਫੋਰਟ ਸੈਕਮਰੇਅ ਅਤੇ ਵੁਡ ਬਫ਼ਲੋ ਦੇ ਬਟਵਾਰੇ ਮਗਰੋਂ ਰੂਰਲ ਅਲਬਰਟਾ ਨੂੰ ਇਕ ਹੀ ਵਾਧੂ ਸੀਟ ਮਿਲ ਸਕੀ। ਇਹ ਐਡਮਿੰਟਨ ਮੈਕਕਲੰਗ ਅਤੇ ਐਡਮਿੰਟਨ ਵਾਈਟਮਡ ਦਾ ਤਾਲਮੇਲ ਹੋਵੇਗਾ।

# ਐਡਮਿੰਟਨ ਵਿਖੇ ਕੈਂਸਰ ਦੇ ਮਰੀਜ਼ਾਂ ਨੂੰ ਕਰਾਇਆ ਜਾ ਰਿਹਾ ਹੈ ਇਲਾਜ਼ ਲਈ ਇੰਤਜ਼ਾਰ

ਨ ਦ ਬ – ਐਡਮਿੰਟਨ

ਅਲਬਰਟਾ ਹੈਲਥ ਸਰਵਿਸਿਸ ਦੇ ਉੱਪ ਪ੍ਰਧਾਨ ਦਾ ਕਹਿਣਾ ਹੈ ਕਿ ਸਟਾਫ਼ ਦੀ ਭਾਰੀ ਕਮੀ ਕਾਰਣ ਸਿਰਫ਼ ਗੈਸਟਰੋ ਇੰਟੈਸਟਾਈਨਲ ਕੈਂਸਰ ਦੇ ਮਰੀਜ਼ਾਂ ਨੂੰ ਹੀ ਤਰਜੀਹ ਦੇ ਆਧਾਰ ‘ਤੇ ਕੀਮੋਥਰੈਪੀ ਲਈ ਅਪਾਂਇੰਟਮੈਂਟ ਦਿੱਤੀਆਂ ਜਾ ਰਹੀਆਂ ਹਨ। ਐਡਮਿੰਟਨ ਦੇ ਕਰੌਸ ਕੈਂਸਰ ਇੰਸਟੀਚਿਊਟ ਵਿਖੇ ਮੈਡੀਕਲ ਔਨਕੌਲੋਜਿਸਟ ਐਨੇ ਘੱਟ ਹਨ ਕਿ ਉਹ ਸਾਰੇ ਮਰੀਜ਼ਾਂ ਵੱਲ ਧਿਆਨ ਦੇਣ ਵਿੱਚ ਪੂਰੀ ਤਰ੍ਹਾਂ ਅਸਮਰੱਥ ਹਨ ਤੇ ਗੈਸਟਰੋ ਇੰਟੈਸਟਾਈਨਲ ਕੈਂਸਰ ਦੇ ਵੀ ਸਿਰਫ਼ ਉਹਨਾਂ ਮਰੀਜ਼ਾਂ ਨੂੰ ਹੀ ਕੀਮੋਥਰੈਪੀ ਦਿੱਤੀ ਜਾ ਰਹੀ ਹੈ, ਜਿਹਨਾਂ ਬਾਰੇ ਪੱਕਾ ਪਤਾ ਹੈ ਕਿ ਇਹ ਇਸ ਨਾਲ਼ ਠੀਕ ਹੋ ਜਾਣਗੇ ਜਦਕਿ ਬਾਕੀ ਮਰੀਜ਼ ਜਿਨਾਂ ਦੇ ਕੀਮੋਥਰੈਪੀ ਨਾਲ਼ ਠੀਕ ਹੋਣ ਦੀ ਉਮੀਦ ਘੱਟ ਹੈ ਜਾਂ ਨਹੀਂ ਹੈ, ਉਹਨਾਂ ਨੂੰ ਕੀਮੋਥਰੈਪੀ ਦਿੱਤੀ ਹੀ ਨਹੀਂ ਜਾ ਰਹੀ। ਜਿਹਨਾਂ ਲੋਕਾਂ ਨੂੰ ਕੀਮੋਥਰੈਪੀ ਦਿੱਤੀ ਵੀ ਜਾਂਦੀ ਹੈ, ਉਹਨਾਂ ਨੂੰ ਵੀ ਇਸ ਦੀ ਕੋਈ ਨਿਸ਼ਚਿਤ ਤਰੀਕ ਦੱਸਣ ਦੀ ਬਜਾਏ ਸਿਰਫ਼ ਇੰਤਜਾਰ ਕਰਨ ਲਈ ਕਿਹਾ ਜਾਂਦਾ ਹੈ। ਜਿਵੇਂ ਹੀ ਕੋਈ ਸਲੌਟ ਖ਼ਾਲੀ ਹੁੰਦਾ ਹੈ ਤਾਂ ਮਰੀਜ਼ ਨੂੰ ਫੋਨ ਕਰਕੇ ਬੁਲਾ ਲਿਆ ਜਾਂਦਾ ਹੈ।

ਮਰੀਜ਼ਾਂ ਦੀ ਮੱਦਦ ਲਈ ਪਹਿਲਾਂ ਵੀ ਕਈ ਵਾਰੀ ਮੌਜੂਦਾ ਔਨਕੌਲੋਜਿਸਟਾਂ ਦਾ ਵਰਕ ਲੋਡ ਵਧਾਇਆ ਜਾ ਚੁੱਕਾ ਹੈ।




# ਕਾਸਲ ਡਾਊਨਸ ਵਿਖੇ ਬੰਦ ਦਰਵਾਜ਼ਿਆਂ ਪਿੱਛੇ ਕੀਤੀ ਗਈ ਅਲਬਰਟਾ ਹੈਲਥ ਐਕਟ ਸਬੰਧੀ ਬੈਠਕ

**ਨ ਦ ਬ – ਐਲਬਰਟਾ**

ਬੀਤੇ ਦਿਨੀਂ ਕਾਸਲ ਡਾਊਨਸ ਵਿਖੇ ਬੜੇ ਹੀ ਗੁਪਤ ਢੰਗ ਨਾਲ਼ ਅਲਬਰਟਾ ਹੈਲਥ ਐਕਟ ਦਾ ਜਾਇਜ਼ਾ ਲੈਣ ਲਈ ਇਕ ਬੈਠਕ ਕੀਤੀ ਗਈ। ਇਸ ਬੈਠਕ ਵਿੱਚ ਲਗਭਗ 50 ਐਡਮਿੰਟਨ ਵਾਸੀਆਂ ਨੇ ਅਪਣੇ ਵਿਚਾਰ ਰੱਖੇ ਅਤੇ ਸਰਕਾਰ ਦੀਆਂ ਸਿਹਤ ਯੋਜਨਾਵਾਂ ਵਿਚਲੇ ਖੋਖਲੇ ਵਾਅਦਿਆਂ ਨੂੰ ਸਬਜ਼ਬਾਗ ਦੱਸਦਿਆਂ, ਅਧਿਕਾਰੀਆਂ ਨੂੰ ਇਸ ਵਿਚਲੀਆਂ ਕਮੀਆਂ ਤੋਂ ਜਾਣੂ ਕਰਾਇਆ। ਸਭ ਨੇ ਇਸ ਗੱਲ ‘ਤੇ ਸਹਿਮਤੀ ਜਤਾਈ ਕਿ ਲੋਕਾਂ ਨੂੰ ਪਬਲਿਕ ਹੈਲਥ ਕੇਅਰ ਸਿਸਟਮ ਨੂੰ ਜ਼ਿੰਦਾ ਰੱਖਣ ਲਈ ਹੋਰ ਟੈਕਸ ਅਤੇ ਮੈਡੀਕੇਅਰ ਪ੍ਰੀਮੀਅਮ ਭਰਨੇ ਚਾਹੀਦੇ ਹਨ, ਪਰ ਨਾਲ਼ ਹੀ ਇਹ ਵੀ ਕਿਹਾ ਕਿ ਲੋਕਾਂ ਨੂੰ ਨਵੇਂ ਕਾਨੂੰਨ ਪ੍ਰਤੀ ਸੁਚੇਤ ਰਹਿਣ ਦੀ ਲੋੜ ਹੈ। ਸਰਕਾਰ ਦੇ ਨੁਮਾਇੰਦਿਆਂ ਦਾ ਕਹਿਣਾ ਹੈ ਕਿ ਵੱਡੀ ਗਿਣਤੀ ਲੋਕਾਂ ਨੇ ਬੈਠਕ ਦੌਰਾਨ ਇਹ ਕਿਹਾ ਕਿ, ਸਰਕਾਰ ਇਹ ਨਾ ਸਮਝੇ ਕਿ ਆਮ ਜਨਤਾ ਨੂੰ ਇਸ ਨਵੇਂ ਹੈਲਥ ਐਕਟ ‘ਤੇ ਕੋਈ ਭਰੋਸਾ ਹੈ। ਇਹਨਾਂ ਲੋਕਾਂ ਵਿੱਚੋਂ ਹੀ ਇਕ ਨੇ ਤਾਂ ਇਥੋਂ ਤੱਕ ਕਿਹਾ ਕਿ ਸਰਕਾਰ ਨੇ ਅਪਣੇ ਇਸ ਨਵੇਂ ਐਕਟ ਵਿੱਚ ਜੋ ਗੱਲਾਂ ਜਾਂ ਟੀਚੇ ਸ਼ਾਮਲ ਕੀਤੇ ਹਨ, ਉਹ ਸਿਰਫ਼ ਸੁਣਨ ਵਿੱਚ ਹੀ ਚੰਗੇ ਲੱਗਦੇ ਹਨ, ਪਰ ਲੋਕਾਂ ਨੂੰ ਇਹਨਾਂ ਦੇ ਪੂਰੇ ਹੋਣ ਦੀ ਸੰਭਾਵਨਾ ਉੱਪਰ ਸ਼ੱਕ ਹੈ। ਬੈਠਕ ਦੌਰਾਨ ਲੋਕਾਂ ਨੇ ਕੈਂਸਰ ਦਾ ਇਲਾਜ ਕਰਨ ਵਾਲੇ ਡਾਕਟਰਾਂ ਦੀ ਕਮੀ ਦਾ ਵੀ ਵਾਰ-ਵਾਰ ਜ਼ਿਕਰ ਕੀਤਾ ਅਤੇ ਸਰਕਾਰ ਕੋਲੋਂ ਸਾਫ਼-ਸਾਫ਼ ਲਫ਼ਜ਼ਾਂ ਵਿੱਚ ਜਵਾਬ ਮੰਗਿਆ ਕਿ ਆਖ਼ਿਰ ਨਵੇਂ ਹੈਲਥ ਐਕਟ ਨਾਲ਼ ਆਮ ਲੋਕਾਂ ਨੂੰ ਕੀ-ਕੀ ਫ਼ਾਇਦੇ ਹੋਣਗੇ।

# ਐਡਮਿੰਟਨ ‘ਚ ਬਣ ਰਿਹੈ ਜਿਊਂਦੇ ਜਾਗਦੇ ਡਾਇਨਾਸੋਰਾਂ ਦਾ ਪਾਰਕ



**ਨ ਦ ਬ – ਐਡਮਿੰਟਨ**

ਇਸ ਜੁਲਾਈ ਮਹੀਨੇ ਤੋਂ ਐਡਮਿੰਟਨ ਦੇ ਉੱਤਰੀ ਇਲਾਕੇ ਗਿਬਸਨਸ ਦੇ ਨਜ਼ਦੀਕ 40 ਡਾਇਨਾਸੋਰ ਇਕ ਜੁਰਾਸਿਕ ਫ਼ੌਰਸਟ ਨੂੰ ਅਪਣਾ ਪੱਕਾ ਠਿਕਾਣਾ ਬਣਾਉਣ ਜਾ ਰਹੇ ਹਨ। 16 ਏਕੜ ਰਕਬੇ ਵਿੱਚ ਫੈਲੇ ਇਸ ਜੁਰਾਸਿਕ ਫ਼ੌਰੇਸਟ ਵਿਖੇ ਰੱਖੇ ਜਾਣ ਵਾਲੇ ਇਹ 40 ਡਾਇਨਾਸੋਰ ਦਰਅਸਲ ਐਨੀਮੈਟਰੌਨਿਕ ਹੋਣਗੇ ਯਾਅਨੀ ਅਸਲੀ ਡਾਇਨਾਸੋਰ ਜਿੰਨੇ ਵਿਸ਼ਾਲ, ਚਲਦੇ ਫਿਰਦੇ ਅਤੇ ਬੋਲਦੇ ਨਕਲੀ ਡਾਇਨਾਸੋਰ। 30 ਜੁਲਾਈ ਨੂੰ ਖੁੱਲ੍ਹਣ ਜਾ ਰਹੇ ਜੁਰਾਸਿਕ ਫੌਰੇਸਟ ਵਿਖੇ ਇਕ ਇੰਟਰਪਰੇਟਿਵ ਕੇਂਦਰ ਅਤੇ ਇਕ ਗਿਫ਼ਟ ਸ਼ੌਪ ਵੀ ਬਣਾਈ ਗਈ ਹੈ। ਇਸ ਥਾਂ ਨੂੰ ਬਣਾਉਣ ਦਾ ਮਕਸਦ ਇਨਾਂ ਜੀਵਾਂ ਬਾਰੇ ਵੱਧ ਤੋਂ ਵੱਧ ਜਾਣਕਾਰੀ ਦੇਣਾ ਹੈ। ਅਲਬਰਟਾ ਦੇ ਕੁੱਝ ਵਪਾਰੀਆਂ ਵਲੋਂ ਇਸ ਡਾਇਨਾਸੋਰ ਜੰਗਲ ਦੇ ਨਿਰਮਾਣ ਉੱਪਰ ਕਈ ਮਿਲੀਅਨ ਡਾਲਰ ਖ਼ਰਚੇ ਗਏ ਹਨ। ਇਸ ਡਾਇਨਾਸੋਰ ਜੰਗਲ ਵਿੱਚ ਘੁੰਮਣ ਆਏ ਲੋਕ ਡਾਇਨਾਸੋਰਾਂ ਨਾਲ਼ ਨੇੜੇ ਜਾ ਕੇ ਗੱਲਬਾਤ ਕਰ ਸਕਣਗੇ। ਦੱਸਿਆ ਜਾਂਦਾ ਹੈ ਕਿ ਐਡਮਿੰਟਨ ਦੀ ਉੱਤਰੀ ਦਿਸ਼ਾ ਵਿੱਚ ਵਸੇ ਇਸ ਇਲਾਕੇ ਵਿੱਚ 6.5 ਮਿਲੀਅਨ ਸਾਲ ਪਹਿਲਾਂ ਵਾਕਈ ਭਾਰੀ ਗਿਣਤੀ ਵਿੱਚ ਡਾਇਨਾਸੋਰ ਰਿਹਾ ਕਰਦੇ ਸਨ।

# ਚਾਰ ਮੁਲਕਾਂ ਨੇ ਆਪਸੀ ਸਮਝੌਤੇ ਨਾਲ਼ ਮਿਟਾਈਆਂ ਸਰਹੱਦਾਂ ਦੀਆਂ ਸੀਮਾਵਾਂ

**ਨ ਦ ਬ – ਓਟਾਵਾ**

ਅਲਬਾਨੀਆ, ਮੈਸੇਡੋਨੀਆ, ਮੌਂਟੇਨੈਰੋ ਅਤੇ ਕੋਸੋਵੋ ਨੇ ਆਪਸੀ ਸਮਝੌਤੇ ਨਾਲ਼ ਆਪਸ ਵਿੱਚ ਇਕ ‘ਫ਼ਰੀ ਮੂਵਮੈਂਟ ਜੋਨ’ ਦਾ ਨਿਰਮਾਣ ਕੀਤਾ ਹੈ ਜੋ ਕਿ ਭਵਿੱਖ ਵਿੱਚ ਦੂਜੇ ਯੂਰੋਪੀਅਨ ਮੁਲਕਾਂ ਵਲੋਂ ਆਪਸੀ ਇਕਜੁਟਤਾ ਸਬੰਧੀ ਫ਼ੈਸਲਿਆਂ ਲਈ ਨੀਂਹ ਪੱਥਰ ਦਾ ਕੰਮ ਕਰੇਗਾ। ਇਹਨਾਂ ਚਾਰਾਂ ਮੁਲਕਾਂ ਦੇ ਆਪਸੀ ਸਮਝੌਤੇ ਨਾਲ਼ ਇਕ ‘ਮਿਨੀ ਸ਼ੈਨੇਗਨ ਰਜੀਮ’ ਹੋਂਦ ਵਿੱਚ ਆ ਗਿਆ ਹੈ। ਭਾਵ ਹੁਣ ਭਵਿੱਖ ਵਿੱਚ ਇਹਨਾਂ ਚਾਰਾਂ ਮੁਲਕਾਂ ਦੇ ਵਸਨੀਕਾਂ ਨੂੰ ਇਕ ਮੁਲਕ ਤੋਂ ਦੂਜੇ ਮੁਲਕ ਜਾਣ ਲਈ ਵੀਜ਼ੇ ਦੀ ਲੋੜ ਨਹੀਂ ਹੋਵੇਗੀ।


Deep Nails and Esthetics

Special package for bridal




We Specialize in:

ਵੈਕਸਿੰਗ, ਮੈਨੀਕਿਓਰ, ਪੈਡੀਕਿਓਰ,ਥਰੈਡਿੰਗ, ਫੇਸ਼ੀਅਲ, ਮਹਿੰਦੀ ਲਈ ਮਿਲੋ ਜਾਂ ਕਾਲ ਕਰੋ।

Waxing, Manicure, Pedicure, Threading, Facial, Microdermbrasion
Updo’s, Makeover/Bridal, Mehandi, Brow Tinting, Eyelash Extensions
Acrylic Nails, Gel Nails, Glamour Gel

ਬਰਾਇਡਲ ਮੇਕਅੱਪ ਲਈ ਵਿਸ਼ੇਸ਼ ਪੈਕੇਜ

For more information Contact Deep at 403•689•2123





Nawi Dunia and people associated with it are not responsible for any claims made by the advertisers and do not endorse any product or services advertised in the Nawi Dunia. The contents of Nawi Dunia may not be reproduced without the written consent of the Publisher. The Publisher and/or Editor shall not be liable for any of the views expressed by the authors of articles or letters published in the Nawi Dunia, nor shall these opinions necessarily reflect those of the Published and/or Editor. Letters to the Editor become the property of Nawi Dunia, and may be Edited.

ਲੇਖਕਾਂ ਦੀਆਂ ਰਚਨਾਵਾਂ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## ਟਰਾਂਟੋ ਜੀ-20 ਸੰਮੇਲਨ

# ਪੁਲਿਸ ਤਸ਼ੱਦਦ ਤੇ ਲੋਕ ਪ੍ਰਤੀਰੋਧ

**ਹਰਿੰਦਰਪਾਲ ਹੁੰਦਲ - ਟਰਾਂਟੋ**



ਜੀ-20 ਮੈਂਬਰ ਦੇਸ਼ਾਂ ਦਾ ਤਿੰਨ ਦਿਨਾਂ ਸੰਮੇਲਨ ਟਰਾਂਟੋ ਵਿਖੇ 27 ਜੂਨ ਨੂੰ ਸੁਰੱਖਿਆ ਬਲਾਂ ਦੀ ਭਾਰੀ ਛਤਰ-ਛਾਇਆ ਹੇਠ ਸਮਾਪਤ ਹੋ ਗਿਆ। 25,000 ਤੋਂ ਵੱਧ ਪੁਲਿਸ ਅਤੇ ਆਰ.ਸੀ.ਐਮ.ਪੀ ਦੇ ਮੁਲਾਜ਼ਮਾਂ ਦੀ ਤੈਨਾਤੀ ਹਫ਼ਤਾ ਪਹਿਲਾਂ ਤੋਂ ਹੀ ਦੇਖੀ ਜਾ ਸਕਦੀ ਸੀ। ਸੰਮੇਲਨ ਦਾ ਸਥਾਨ ਕਿਲ੍ਹਾ ਨੁਮਾ ਇਮਾਰਤ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ। ਲਗਭਗ 6 ਕਿਲੋਮੀਟਰ ਲੰਬੀ ਅਤੇ ਅੱਠ ਫੁੱਟ ਉੱਚੀ ਵਲਗਣ ਨਾਲ਼ ਇੰਝ ਮਹਿਸੂਸ ਹੁੰਦਾ ਸੀ ਜਿਵੇਂ ਟਰਾਂਟੋ ਸਰਗਰਮੀ ਭਰਿਆ ਸ਼ਹਿਰ ਨਾ ਹੋ ਕੇ ਕੋਈ ਕੈਦਖ਼ਾਨਾ ਹੋਵੇ। ਟਰਾਂਟੋ ਦੇ ਉਸ ਖ਼ਾਸ ਇਲਾਕੇ 'ਤੇ ਨਜ਼ਰ ਮਾਰਿਆਂ ਇੰਝ ਮਹਿਸੂਸ ਹੁੰਦਾ ਸੀ ਜਿਵੇਂ ਵਾੜ ਦੇ ਅੰਦਰ ਤੇ ਬਾਹਰ ਦੇ ਵੱਖ-ਵੱਖ ਦੇਸ਼ ਵਸਦੇ ਹੋਣ। ਵਾੜ ਦੇ ਬਾਹਰ ਸਿਰਫ਼ ਇਕੋਂ ਰੰਗ ਨਜ਼ਰ ਆ ਰਿਹਾ ਸੀ ਤੇ ਉਹ ਸੀ ਪੁਲਿਸ ਮੁਲਾਜ਼ਮਾਂ ਦੀ ਵਰਦੀ ਦਾ ਕਾਲਾ ਰੰਗ। ਪੁਲਿਸ ਨੂੰ ਅਥਾਹ ਅਧਿਕਾਰਾਂ ਨਾਲ਼ ਰਾਜ ਸਰਕਾਰ ਨੇ ਮਾਲਾ ਮਾਲ ਕਰ ਦਿੱਤਾ ਸੀ। ਇਸ ਸਭ ਸੁਰੱਖਿਆ ਪ੍ਰਬੰਧ 'ਤੇ ਇਕ ਅਰਬ ਡਾਲਰ ਤੋਂ ਉੱਪਰ ਖ਼ਰਚ ਕੀਤਾ ਗਿਆ। 6 ਜੂਨ ਨੂੰ ਪ੍ਰੀਮੀਅਰ ਡਾਲਟਰ ਮਗਿੰਟੀ ਨੇ ਕੈਬਨਿਟ ਦੀ ਹਮਾਇਤ ਨਾਲ਼ ਪੁਲਿਸ ਨੂੰ ਕਿਸੇ ਵੀ ਵਿਅਕਤੀ ਦੇ ਵਾੜ ਨੇੜੇ ਆਉਣ 'ਤੇ ਤਲਾਸ਼ੀ ਲੈਣ, ਪਛਾਣ-ਪੱਤਰ ਦਿਖਾਉਣ ਅਤੇ ਨਾਂਹ ਕਰਨ 'ਤੇ ਬਿਨਾਂ ਵਰੰਟ ਗ੍ਰਿਫ਼ਤਾਰ ਕਰ ਲੈਣ ਦੇ ਅਸੀਮ ਅਧਿਕਾਰ ਦਿੱਤੇ ਗਏ, ਪਰ ਇਹਨਾਂ ਦੀ ਜਾਣਕਾਰੀ ਲੋਕਾਂ ਨੂੰ ਉਸ ਦਿਨ ਮਿਲੀ ਜਦੋਂ ਇਕ ਟਰਾਂਟੋ ਨਿਵਾਸੀ ਨੂੰ ਪੁਲਿਸ ਨੇ 24 ਜੂਨ ਦੀ ਸ਼ਾਮ ਨੂੰ ਵਾੜ ਨੇੜਿਓਂ ਗ੍ਰਿਫ਼ਤਾਰ ਕਰ ਲਿਆ। ਇਹ ਆਮ ਨਾਗਰਿਕਾਂ ਦੇ ਜਮਹੂਰੀ ਅਧਿਕਾਰਾਂ 'ਤੇ ਇਸ ਸੰਮੇਲਨ ਦਾ ਪਹਿਲਾ ਹਮਲਾ ਨਹੀਂ ਸੀ।

ਕੈਨੇਡਾ ਦੀਆਂ ਖੁਫ਼ੀਆ ਏਜੰਸੀਆਂ ਇਸ ਸਮਾਗਮ ਦਾ ਵਿਰੋਧ ਕਰਨ ਵਾਲੇ ਸੰਗਠਨਾਂ ਦੇ ਅਹੁਦੇਦਾਰਾਂ ਨੂੰ ਪਹਿਲਾਂ ਤੋਂ ਹੀ ਤੰਗ ਕਰਨ ਲੱਗ ਪਈਆਂ ਸਨ। ਕੁੱਝ ਦਿਨ ਪਹਿਲਾਂ ਤੋਂ ਹੀ ਸਰਕਾਰੀ ਤੰਤਰ ਅਤੇ ਮੁਖ ਧਾਰਾ ਦਾ ਮੀਡੀਆ ਆਮ ਲੋਕਾਂ ਨੂੰ ਦਹਿਸ਼ਤਜਦਾ ਕਰਨ ਲੱਗ ਪਿਆ ਸੀ। ਟੀ.ਵੀ. ਅਤੇ ਅਖ਼ਬਾਰਾਂ ਵਿੱਚ ਉਹਨਾਂ ਸਾਰੇ ਤੌਰ ਤਰੀਕਿਆਂ ਅਤੇ ਉਪਕਰਨਾਂ ਦਾ ਖੁੱਲ੍ਹਾ ਦਿਖਾਵਾ ਹੋ ਰਿਹਾ ਸੀ ਜੋ ਮੁਜ਼ਾਹਰਾਕਾਰੀਆਂ ਖ਼ਿਲਾਫ਼ ਵਰਤੇ ਜਾ ਸਕਦੇ ਸਨ। ਇਸ ਖ਼ੌਫ ਦਾ ਅਸਰ ਆਮ ਲੋਕਾਂ ਵਿੱਚ ਦੇਖਣ ਨੂੰ ਵੀ ਮਿਲ ਰਿਹਾ ਸੀ। ਇਹ ਵਿਰੋਧ ਕਰਨ ਦੇ ਲੋਕਾਂ ਦੇ ਅਧਿਕਾਰ 'ਤੇ ਸਿੱਧਾ ਹਮਲਾ ਹੋ ਰਿਹਾ ਸੀ।

ਜੀ-20 ਸੰਗਠਨ 2008 ਵਿੱਚ ਹੋਂਦ ਵਿੱਚ ਆਇਆ ਸੀ। ਇਹ ਇਸਦਾ ਚੌਥਾ ਅਹਿਮ ਸਮਾਗਮ ਸੀ। ਇਸ ਸੰਗਠਨ ਦੇ ਹੋਂਦ ਵਿੱਚ ਆਉਣ ਦਾ ਮੁੱਖ ਕਾਰਨ ਪੂੰਜੀਵਾਦੀ ਦੇਸ਼ਾਂ ਦੀਆਂ ਅਰਥ-ਵਿਵਸਥਾਵਾਂ 'ਚ ਲਗਭਗ ਇਕ ਦਹਾਕੇ ਤੋਂ ਆਈ ਖੜੋਤ ਅਤੇ 2006 ਤੋਂ ਇਕ ਨਿਰੰਤਰ ਲੰਬੇ ਤੇ ਗੰਭੀਰ ਸੰਕਟ ਵਿੱਚ ਚਲੇ ਜਾਣਾ ਸੀ। ਸਮੁੱਚਾ ਵਿਕਸਤ ਪੂੰਜੀਵਾਦੀ ਢਾਂਚਾ ਇਸ ਸੰਕਟ 'ਚੋਂ ਬਾਹਰ ਨਿਕਲਣ ਤੋਂ ਅਸਮਰੱਥ ਹੋਣ ਕਾਰਨ ਇਸ ਸੰਕਟ ਨੂੰ ਵਿਕਸਤ ਦੇਸ਼ਾਂ ਵੱਲ ਤਬਦੀਲ ਕਰਨ ਲਈ ਕਈ ਹੱਥਕੰਡੇ ਵਰਤ ਰਿਹਾ ਹੈ। ਇਸ ਗੰਭੀਰ ਆਰਥਕ ਸੰਕਟ ਨੇ ਪੂੰਜੀਵਾਦ ਪੱਖੀ ਆਰਥਕ ਵਿਦਵਾਨਾਂ ਅਤੇ ਮਾਹਿਰਾਂ ਦੇ ਉਹਨਾਂ ਦਾਅਵਿਆਂ ਦਾ ਭਾਂਡਾ ਸਰੇ ਬਾਜ਼ਾਰ ਭੰਨ ਦਿੱਤਾ, ਜਿਹੜੇ ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਇਹ ਦਾਅਵਾ ਬੜੇ ਜੋਸ਼ ਨਾਲ਼ ਕਰਨ ਲੱਗ ਪਏ ਸਨ ਕਿ ਪੂੰਜੀਵਾਦੀ ਢਾਂਚਾ ਸਦਾ ਲਈ ਆਰਥਕ ਸੰਕਟਾਂ ਤੋਂ ਮੁਕਤ ਹੋ ਗਿਆ ਹੈ। ਸਮੁੱਚੇ ਸੰਸਾਰ ਵਿੱਚ ਵਿਸ਼ਵ ਬੈਂਕ ਅਤੇ ਸੰਸਾਰ ਮੁਦਰਾ ਕੋਸ਼ ਰਾਹੀਂ ਇਸ ਮਰਨਾਊ ਵਿਚਾਰਧਾਰਾ ਦਾ ਪ੍ਰਚਾਰ ਕੀਤਾ ਗਿਆ ਕਿ ਹੁਣ ਆਰਥਕ ਵਿਕਾਸ ਵਿੱਚ ਸਰਕਾਰਾਂ ਦੇ ਦਖ਼ਲ ਦੀ ਕੋਈ ਥਾਂ ਨਹੀਂ ਰਹਿ ਗਈ ਹੈ। ਬਾਜ਼ਾਰ ਦੀਆਂ ਸ਼ਕਤੀਆਂ ਅਪਣੇ ਆਪ ਹੀ ਪੂੰਜੀਵਾਦੀ ਪ੍ਰਬੰਧ ਨੂੰ ਅੱਗੇ ਤੋਂ ਅੱਗੇ ਆਰਥਕ ਵਿਕਾਸ ਵੱਲ ਲੈ ਜਾਣਗੀਆਂ। ਸਰਕਾਰਾਂ ਉੱਪਰ ਮਜ਼ਦੂਰਾਂ ਦੀਆਂ ਉਜਰਤਾਂ ਘੱਟ ਕਰਨ, ਸਮਾਜਕ ਸਹੂਲਤਾਂ ਕੱਟ ਕਰਨ, ਹੋਰ ਸਮਾਜਕ ਕੰਮਾਂ 'ਤੇ ਪੈਸਾ ਘੱਟ ਲਾਉਣ ਤੇ ਬਜਟ ਘਾਟੇ ਵੱਡੇ ਰੂਪ ਵਿੱਚ ਘਟਾਉਣ 'ਤੇ ਜ਼ੋਰ ਪਾਇਆ ਗਿਆ। ਇਸ ਵਿਚਾਰਧਾਰਾ ਨੇ ਛੇਤੀ ਹੀ ਅਪਣਾ ਅਸਲੀ ਚਿਹਰਾ ਦਿਖਾਉਣਾ ਸ਼ੁਰੂ ਕਰ ਦਿੱਤਾ। ਵਧਦੀ ਪੈਦਾਵਾਰ ਅਤੇ ਮਜ਼ਦੂਰਾਂ ਦੀ ਨਿਪੁੰਨਤਾ ਦਾ ਸਮੁੱਚਾ ਲਾਹਾ ਵੱਡੀਆਂ ਕੰਪਨੀਆਂ ਲੈਣ ਲੱਗ ਪਈਆਂ। ਕੰਪਨੀਆਂ ਦੇ ਮੁਨਾਫ਼ੇ ਅਸਮਾਨੀਂ ਜਾ ਲੱਗੇ। ਸਮੁੱਚੇ ਢਾਂਚੇ ਅਤੇ ਵਿਚਾਰਧਾਰਾ 'ਤੇ ਪ੍ਰਸ਼ਨ ਚਿੰਨ੍ਹ ਲੱਗਣ ਲੱਗ ਪਏ। ਸਮੁੱਚੇ ਰੂਪ ਵਿੱਚ ਸਰਮਾਏਦਾਰੀ ਨਿਜ਼ਾਮ ਵਿਕਾਸ ਦੀ ਦਰ 3-4 ਫੀਸਦੀ 'ਤੇ ਜਾ ਟਿਕਿਆ। ਉਜਰਤਾਂ ਘਟਣ ਅਤੇ ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਹੋਣ ਨਾਲ਼ ਲੋਕਾਂ ਦੀ ਖ਼ਰੀਦ ਸ਼ਕਤੀ ਤੇਜ਼ੀ ਨਾਲ਼ ਘਟਣ ਲੱਗੀ। ਜਿਸ ਨੂੰ ਵਕਤੀ ਕਾਇਮ ਰੱਖਣ ਲਈ ਕਰਜ਼ਿਆਂ ਦਾ ਨਵਾਂ ਦੌਰ ਸ਼ੁਰੂ ਕੀਤਾ ਗਿਆ। ਸਮੁੱਚੇ ਪੂੰਜੀਵਾਦੀ ਦੇਸ਼ਾਂ ਵਿੱਚ ਕਰਜ਼ੇ ਧੜਾਧੜ ਵੰਡੇ ਜਾਣ ਲੱਗੇ। ਅਸਲ ਆਰਥਿਕਤਾ ਨਾਲੋਂ ਵਿੱਤੀ ਆਰਥਿਕਤਾ ਉੱਪਰ ਜਾਣ ਲੱਗੀ। ਇਹ ਕਿਸੇ ਗੰਭੀਰ ਆਰਥਕ ਸੰਕਟ ਦੇ ਸਪੱਸ਼ਟ ਚਿੰਨ੍ਹ ਸਨ। ਬੈਂਕਾਂ ਅਤੇ ਬੀਮਾ ਕੰਪਨੀਆਂ ਨੇ ਅਪਣੇ ਅਸੀਮ ਲਾਭ ਅਜਿਹੇ ਫੰਡਾਂ ਵਿੱਚ ਜਟਾਉਣੇ ਸ਼ੁਰੂ ਕੀਤੇ ਜਿੱਥੋਂ ਛੇਤੀ ਹੋਰ ਲਾਭ ਹੋ ਸਕੇ। ਇਸ ਨੇ ਅਜਿਹੇ ਆਰਥਕ ਸੰਕਟ ਨੂੰ ਜਨਮ ਦਿੱਤਾ ਜੋ 1930 ਦੇ ਆਰਥਕ ਸੰਕਟ ਤੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਸੀ। ਹੁਣ ਤੱਕ ਸੈਂਕੜੇ ਬੈਂਕ ਦਿਵਾਲੀਆ ਹੋ ਚੁੱਕੇ ਹਨ। ਲੱਖਾਂ ਲੋਕ ਅਪਣੇ ਘਰ ਖੋਅ ਬੈਠੇ ਹਨ। ਅਨੇਕਾਂ ਪਰਿਵਾਰ ਇਸ ਦੇ ਉਜਾੜੇ ਤੋਂ ਪ੍ਰਭਾਵਿਤ ਹੋ ਚੁੱਕੇ ਹਨ। ਇਸ ਵਿਚਾਰਧਾਰਾ ਨੇ ਮਨੁੱਖ ਦੀ ਹੋਂਦ ਲਈ ਹੀ ਗੰਭੀਰ ਖ਼ਤਰੇ ਪੈਦਾ ਕਰ ਦਿੱਤੇ ਹਨ। ਨਿੱਜੀ ਕੰਪਨੀਆਂ ਅਤੇ ਸਰਕਾਰਾਂ ਦੀ ਮਿਲੀਭੁਗਤ ਨੇ ਸਿਰਫ਼ ਮਨੁੱਖ ਹੀ ਨਹੀਂ ਹੋਰ ਜੀਵਾਂ ਦੀ ਹੋਂਦ ਨੂੰ ਵੀ ਗੰਭੀਰ ਖ਼ਤਰੇ ਵਿੱਚ ਪਾ ਦਿੱਤਾ ਹੈ। ਇਸ ਸੰਕਟ ਨਾਲ਼ ਵਾਤਾਵਰਣ ਦਾ ਮਸਲਾ ਹੋਰ ਗੰਭੀਰ ਹੋ ਗਿਆ। ਖ਼ਰਬਾਂ ਡਾਲਰ ਨਿੱਜੀ ਬੈਂਕਾਂ ਅਤੇ ਕੰਪਨੀਆਂ ਨੂੰ ਵੰਡੇ ਗਏ। ਜੇਕਰ ਇਹ ਖਰਬਾਂ ਡਾਲਰ ਵਾਤਾਵਰਣ ਸੰਭਾਲ, ਸਾਫ਼ ਪੀਣ ਵਾਲਾ ਪਾਣੀ, ਗੰਭੀਰ ਰੋਗਾਂ ਤੋਂ ਮੁਕਤੀ, ਚੰਗੀਆਂ ਤੇ ਬਰਾਬਰ ਵਿਦਿਅਕ ਅਤੇ ਸਿਹਤ ਸਹੂਲਤਾਂ ਅਤੇ ਚੰਗੇ ਜੀਵਨ ਹਲਾਤਾਂ 'ਤੇ ਖ਼ਰਚੇ ਜਾਂਦੇ ਤਾਂ ਹਾਲਾਤ ਹੋਰ ਹੋਣੇ ਸਨ, ਪਰ ਹੋ ਇਸ ਤੋਂ ਉਲਟ ਰਿਹਾ ਹੈ। ਸਮੁੱਚੇ ਰੂਪ ਵਿੱਚ ਲੋਕਾਂ ਦੀਆਂ ਜੀਵਨ ਹਾਲਤਾਂ ਵਿੱਚ ਬੜੀ ਤੇਜ਼ੀ ਨਾਲ਼ ਨਿਘਾਰ ਆ ਰਿਹਾ ਹੈ। ਉਦਾਹਰਣ ਦੇ ਤੌਰ 'ਤੇ ਕੈਨੇਡੀਅਨ ਲੋਕਾਂ ਸਿਰ ਪ੍ਰਤੀ ਜੀਅ ਕਰਜਾ ਕੈਨੇਡੀਅਨ ਇਤਿਹਾਸ ਵਿੱਚ ਹੁਣ ਤੱਕ ਦਾ ਸਭ ਤੋਂ ਜ਼ਿਆਦਾ ਹੈ। ਲੋਕਾਂ ਵਿੱਚ ਬੈਚੇਨੀ ਲਗਾਤਾਰ ਵੱਧਦੀ ਜਾ ਰਹੀ ਹੈ। ਲੋਕ ਪ੍ਰਤੀਰੋਧ ਹੋਰ ਤਿੱਖਾ ਹੋ ਰਿਹਾ ਹੈ।




ਜੀ-20 ਸੰਮੇਲਨ ਦਾ ਵਿਰੋਧ ਬਹੁਤ ਸਾਰੀਆਂ ਮੁਲਾਜ਼ਮ ਅਤੇ ਮਜ਼ਦੂਰ ਜਥੇਬੰਦੀਆਂ ਤੋਂ ਇਲਾਵਾ ਵਾਤਾਵਰਣ ਪ੍ਰੇਮੀ, ਨੌਜੁਆਨ ਵਿਦਿਆਰਥੀ, ਖੱਬੇ ਪੱਖੀ ਪਾਰਟੀਆਂ ਤੇ ਹੋਰ ਵੱਖ-ਵੱਖ, ਛੋਟੇ-ਛੋਟੇ ਗਰੁੱਪਾਂ ਨੇ ਕੀਤਾ। 27 ਜੂਨ ਦਾ ਦਿਨ ਮੁੱਖ ਪ੍ਰਦਰਸ਼ਨ ਦਾ ਦਿਨ ਸੀ। ਕੋਈ ਲਗਭਗ 20,000 ਦੇ ਕਰੀਬ ਲੋਕਾਂ ਦੇ ਵਿਸ਼ਾਲ ਇਕੱਠ ਨੇ ਬੜੇ ਸ਼ਾਂਤਮਈ ਤੇ ਜੋਸ਼ ਭਰੇ ਢੰਗ ਨਾਲ਼ ਵਿਸ਼ਾਲ ਇਕਜੁੱਟਤਾ ਦਾ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀਆਂ ਦੇ ਸੰਦੇਸ਼ ਬੜੇ ਸਪੱਸ਼ਟ ਸਨ ਜਿਵੇਂ ''ਕਾਰਪੋਰੇਟ ਲੋਭ ਨਹੀਂ-ਲੋਕਾਂ ਦੀਆਂ ਜ਼ਰੂਰਤਾਂ ਨੂੰ ਪਹਿਲ ਦੇਵੋ'', ''ਵਾਤਾਵਰਣ ਬਚਾਓ-ਹਾਰਪਰ ਹਰਾਓ'', ਇਕ ਜੁੱਟ ਲੋਕ ਹਰਾਏ ਨਹੀਂ ਜਾ ਸਕਦੇ'', ''ਖਾੜੀ ਤੇਲ ਰਸਾਓ ਬੰਦ ਕਰਾਓ-ਦੋਸ਼ੀ ਗ੍ਰਿਫ਼ਤਾਰ ਕਰੋ'', ਮਾਵਾਂ ਦੀ ਸਿਹਤ ਵੱਲ ਧਿਆਨ ਦੇਵੋ'', ਆਦਿ। ਇਸ ਖ਼ਬਰ ਵੱਲ ਇੰਨਾ ਧਿਆਨ ਨਹੀਂ ਦਿੱਤਾ ਗਿਆ। ਸਮੁੱਚਾ ਪ੍ਰਦਰਸ਼ਨ ਖ਼ਤਮ ਹੋਣ ਤੋਂ ਬਾਅਦ ਅਚਾਨਕ 30-35 ਦੇ ਕਰੀਬ ਕਾਲੇ ਕੱਪੜਿਆਂ ਵਾਲੇ ਮੂੰਹ ਢੱਕੇ ਨੌਜੁਆਨਾਂ ਦਾ ਇਕ ਟੋਲਾ ਤਬਾਹੀ ਮਚਾਉਂਦਾ ਪ੍ਰਗਟ ਹੋਇਆ। ਇਹ ਖ਼ਬਰ ਇਕ-ਦਮ ਟੀ.ਵੀ ਚੈਨਲਾਂ 'ਤੇ ਛਾਅ ਗਈ ਕਿ ਮੁਜ਼ਾਹਰਾਕਾਰੀ ਹਿੰਸਕ ਹੋ ਗਏ। ਇਹ ਟੋਲਾ ਟਰਾਂਟੋ ਦੀਆਂ ਗਲੀਆਂ 'ਚ ਲਗਭਗ ਅੱਧਾ ਘੰਟਾ ਬੜੇ ਆਰਾਮ ਨਾਲ਼ ਭੰਨ-ਤੋੜ ਕਰਦਾ ਰਿਹਾ। ਪੁਲਿਸ ਗ਼ੈਰ ਹਾਜ਼ਰ ਸੀ। ਪੁਲਿਸ ਦੀ ਪ੍ਰਤੀਕਿਰਿਆ ਬੜੀ ਸੁਸਤ ਤੇ ਲੇਟ ਸੀ। ਤਬਾਹੀ ਮਚਾਉਣ ਤੋਂ ਬਾਅਦ ਇਹ ਖਰੂਦੀ ਟੋਲਾ ਅਚਾਨਕ ਅਦਿੱਖ ਹੋ ਗਿਆ ਤੇ ਫਿਰ ਸ਼ੁਰੂ ਹੋਇਆ ਪੁਲਿਸ ਦਮਨ ਦਾ ਦੌਰ। 1000 ਦੇ ਕਰੀਬ ਲੋਕ ਗ੍ਰਿਫ਼ਤਾਰ ਕੀਤੇ ਗਏ। ਅਸਥਾਈ ਤੌਰ 'ਤੇ ਤਿਆਰ ਕੀਤੀ ਗਈ ਜੇਲ੍ਹ ਦਾ ਮਾਹੌਲ ਅਮਾਨਵੀ ਸੀ। ਕੈਦੀ ਬਣਾਏ ਗਏ ਪ੍ਰਦਰਸ਼ਨਕਾਰੀਆਂ ਨਾਲ਼ ਪੁਲਿਸ ਦਾ ਵਿਵਹਾਰ ਬੇਹੱਦ ਗ਼ੈਰ ਮਨੁੱਖੀ ਸੀ। ਕੈਦੀਆਂ ਨੂੰ 12 ਘੰਟੇ ਤੱਕ ਪੀਣ ਵਾਲੇ ਪਾਣੀ, ਕਾਨੂੰਨੀ ਸਹਾਇਤਾ, ਫੋਨ ਕਰਨ ਆਦਿ ਬੁਨਿਆਦੀ ਸਹੂਲਤਾਂ ਤੋਂ ਵੰਚਿਤ ਰੱਖਿਆ ਗਿਆ। ਪ੍ਰਦਰਸ਼ਨਕਾਰੀਆਂ ਨੂੰ ਜਾਨਵਰਾਂ ਵਾਂਗ ਪਿੰਜਰਿਆਂ ਵਿੱਚ ਕੈਦ ਕਰਕੇ ਰੱਖਿਆ ਗਿਆ। ਔਰਤਾਂ ਦੀ ਮਰਦ ਪੁਲਿਸ ਮੁਲਾਜ਼ਮ ਤਲਾਸ਼ੀ ਕਰਦੇ ਰਹੇ। ਔਰਤਾਂ ਨੂੰ ਮਰਦ ਪੁਲਿਸ ਮੁਲਾਜ਼ਮਾਂ ਦੀ ਹਾਜ਼ਰੀ ਵਿੱਚ ਪਿਸ਼ਾਬ ਕਰਨ ਲਈ ਮਜ਼ਬੂਰ ਕੀਤਾ ਗਿਆ। ਸੈਂਕੜੇ ਲੋਕਾਂ ਨੂੰ ਪੁਲਿਸ ਨੇ ਚਾਰੇ ਪਾਸਿਓਂ ਘੇਰ ਕੇ ਘੰਟਿਆ ਬੱਧੀ ਵਰਦੇ ਮੀਂਹ ਵਿੱਚ ਖੜ੍ਹੇ ਰੱਖਿਆ। ਬੱਸਾਂ ਦੀ ਉਡੀਕ ਕਰਦੇ ਲੋਕਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਇਕ ਨੌਜੁਆਨ ਲੜਕੀ ਇਸ ਕਰਕੇ ਗ੍ਰਿਫ਼ਤਾਰ ਕੀਤੀ ਗਈ ਕਿ ਉਸ ਕੋਲ ਅੱਖਾਂ ਸਾਫ਼ ਕਰਨ ਵਾਲਾ ਕੋਈ ਤਰਲ ਪਦਾਰਥ ਸੀ। ਕਈ ਪੱਤਰਕਾਰ ਵੀ ਗ੍ਰਿਫ਼ਤਾਰ ਕੀਤੇ ਗਏ। ਪੱਤਰਕਾਰਾਂ ਨਾਲ਼ ਪੁਲਿਸ ਨੇ ਦੁਰਵਿਵਹਾਰ ਕੀਤਾ ਅਤੇ ਉਹਨਾਂ ਦੇ ਕੈਮਰੇ ਜ਼ਬਤ ਕੀਤੇ ਗਏ। ਰਾਇਟਰਜ਼ ਦੇ ਇਕ ਪੱਤਰਕਾਰ ਨੇ ਪੁਲਿਸ ਕਮਿਸ਼ਨ ਕੋਲ ਦੁਰਵਿਵਹਾਰ ਦੀ ਸ਼ਿਕਾਇਤ ਵੀ ਕੀਤੀ ਹੈ। ਇਹ ਲੋਕਾਂ ਦੇ ਵਿਰੋਧ ਪ੍ਰਦਰਸ਼ਨ ਕਰਨ ਦੇ ਜਮਹੂਰੀ ਹੱਕ 'ਤੇ ਸਿੱਧਾ ਹਮਲਾ ਸੀ।

ਗ੍ਰਿਫ਼ਤਾਰੀਆਂ ਦਾ ਇਹ ਸਿਲਸਿਲਾ ਨਿਰੰਤਰ ਦੋ ਦਿਨ ਚਲਦਾ ਰਿਹਾ। ਸਰਕਾਰੀ ਤੰਤਰ ਨੇ ਇਸ ਬਾਰੇ ਚੁੱਪ ਵੱਟੀ ਹੈ। ਲੋਕ ਪੁਲਿਸ ਦੇ ਅਣ ਮਨੁੱਖੀ ਵਿਵਹਾਰ, ਤਸ਼ੱਦਦ ਦੀ ਪਬਲਿਕ ਪੜਤਾਲ (Public Inquiry) ਦੀ ਮੰਗ ਕਰ ਰਹੇ ਹਨ। ਹੁਣ ਤੱਕ ਦੋ ਵੱਡੇ ਮੁਜ਼ਾਹਰੇ ਪਬਲਿਕ ਪੜਤਾਲ ਦੀ ਮੰਗ ਨੂੰ ਲੈ ਕੇ ਟਰਾਂਟੋ ਅਤੇ ਆਟਵਾ ਵਿੱਚ ਹੋ ਚੁੱਕੇ ਸਨ। ਮੁੱਖ ਨਾਹਰੇ ਸਨ- ਪੁਲਿਸ ਰਾਜ ਮੁਰਦਾਬਾਦ, ਸਾਡੇ ਸਾਥੀਆਂ ਨੂੰ ਤੁਰੰਤ ਰਿਹਾਅ ਕਰੋ, ਵਿਰੋਧ ਪ੍ਰਦਰਸ਼ਨ ਜੁਰਮ ਨਹੀਂ ਹੈ, ਅਸੀਂ ਕੀ ਮੰਗ ਕਰਦੇ ਹਾਂ।- Public Inquring ਪਰ ਸਰਕਾਰ ਬਿਲਕੁਲ ਚੁੱਪ ਹੈ। ਪੁਲਿਸ ਅਪਣੇ ਆਪ 'ਤੇ ਪੜਤਾਲ ਕਰੇਗੀ। ਪਹਿਲਾਂ ਤੋਂ ਵੀ ਪੁਲਿਸ ਪੜਤਾਲਾਂ ਸ਼ੱਕ ਦੇ ਘੇਰੇ ਵਿੱਚ ਰਹੀਆਂ ਹਨ। ਲੋੜ ਹੈ ਇਕ ਨਿਰਪੱਖ ਪਬਲਿਕ ਪੜਤਾਲ ਦੀ।

ਜੀ-20 ਸਮਾਗਮ ਸਮੁੱਚੇ ਰੂਪ ਵਿੱਚ ਇਹ ਸਾਬਤ ਕਰਦਾ ਹੈ ਕਿ ਇਸਦਾ ਮਕਸਦ ਅਤੇ ਪਹੁੰਚ ਲੋਕ ਵਿਰੋਧੀ ਹੈ। ਵੱਡੀਆਂ ਕੰਪਨੀਆਂ ਨੂੰ ਲਗਾਤਾਰ ਹੋਰ ਆਰਥਕ ਸਹੂਲਤਾਂ ਦਿਵਾਉਣਾ, ਸਰਮਾਇਆਦਾਰੀ ਲਈ ਸਾਜ਼ਗਾਰ ਮਾਹੌਲ ਸਿਰਜਣਾ, ਵਿਕਸਤ ਦੇਸ਼ਾਂ ਦੀਆਂ ਮੰਡੀਆਂ 'ਤੇ ਕਬਜ਼ੇ ਕਰਨ, ਲਾਭ ਲਈ ਵਾਤਾਵਰਣ ਅਤੇ ਲੋਕਾਂ ਦੀਆਂ ਬੁਨਿਆਦੀ ਜ਼ਰੂਰਤਾਂ ਦੀ ਅਣਦੇਖੀ ਕਰਨਾ ਆਦਿ ਇਸਦਾ ਸਮੁੱਚਾ ਮਕਸਦ ਹੈ। ਇਸ ਵਾਰ ਜੋ ਪਹੁੰਚ ਅਪਣਾਈ ਗਈ ਹੈ, ਉਸ ਅਨੁਸਾਰ ਮੈਂਬਰ ਦੇਸ਼ ਅਪਣਾ ਬਜਟ ਘਾਟਾ 2013 ਤੱਕ ਅੱਧਾ ਕਰਨ ਵਿੱਚ ਸਹਿਮਤ ਹੋਏ ਹਨ, ਭਾਵੇਂ ਮੈਂਬਰ ਦੇਸ਼ਾਂ ਨੂੰ ਅਪਣੇ ਤੌਰ 'ਤੇ ਬਜਟ ਘਾਟੇ ਨੂੰ ਸੰਤੁਲਨ ਕਰਨ ਦੀ ਆਜ਼ਾਦੀ ਵੀ ਦਿੱਤੀ ਗਈ ਹੈ, ਪਰ ਸਮੁੱਚੇ ਰੂਪ ਵਿੱਚ ਇਹ ਪ੍ਰਭਾਵ ਸਪੱਸ਼ਟ ਹੈ ਕਿ ਬੜੀ ਜਲਦੀ ਹੀ ਵਿਕਸਤ ਅਣਵਿਕਸਤ ਦੇਸ਼ਾਂ ਦੇ ਲੋਕਾਂ ਉੱਪਰ ਹੋਰ ਆਰਥਕ ਬੋਝ ਪਾਇਆ ਜਾ ਰਿਹਾ ਹੈ। ਬਜਟ ਘਾਟੇ ਵੱਡੀਆਂ ਕੰਪਨੀਆਂ ਨੂੰ ਖਰਬਾਂ ਡਾਲਰ ਵੰਡਣ ਕਾਰਨ ਪੈਦਾ ਹੋਏ ਹਨ। ਉਹਨਾਂ ਦੇ ਅਸਮਾਨੀ ਛੂੰਹਦੇ ਲਾਭਾਂ ਤੇ ਟੈਕਸ ਘਟਾਉਣ ਦੀ ਗੱਲ ਹੋ ਰਹੀ ਹੈ। ਬੈਂਕਾਂ ਦੇ ਲਾਭਾਂ ਉੱਪਰ ਟੈਕਸ ਵਧਾਉਣ ਦੀ ਉਹੀ ਗੱਲ ਜੋ ਸਟੀਫ਼ਨ ਹਾਰਪਰ ਯੂਰਪ ਦੇ ਦੌਰੇ 'ਤੇ ਇਸ ਕਰਕੇ ਗਿਆ ਸੀ ਕਿ ਟੈਕਸ ਵਧਣ ਦੀ ਥਾਂ ਘਟਣਾ ਚਾਹੀਦਾ ਹੈ। ਇਕ ਗੱਲ ਸਪੱਸ਼ਟ ਹੈ ਕਿ ਆਉਣ ਵਾਲੇ ਸਮੇਂ ਵਿੱਚ ਬਜਟ ਘਾਟਾ ਨਿੱਜੀ ਕੰਪਨੀਆਂ ਤੇ ਟੈਕਸ ਵਧਾ ਕੇ ਪੂਰਾ ਕੀਤਾ ਜਾਵੇਗਾ। ਉਨਟਾਰਿਓ ਅਤੇ ਬੀ.ਸੀ ਵਿੱਚ ਐਚ.ਐਸ.ਟੀ ਸਹੂਲਤਾਂ, ਵਿਦਿਅਕ ਖ਼ਰਚਿਆਂ, ਬੱਚਿਆਂ ਦੇ ਪਾਲਣ-ਪੋਸ਼ਣ ਅਤੇ ਹੋਰ ਸਮਾਜਕ ਸਹੂਲਤਾਂ ਵਿੱਚ ਛੇਤੀ ਹੀ ਹੋਰ ਕਟੌਤੀਆਂ ਕੀਤੀਆਂ ਜਾਣੀਆਂ ਹਨ। ਜਿਸ ਦੇ ਪ੍ਰਭਾਵ ਛੇਤੀ ਹੀ ਖ਼ਤਰਨਾਕ ਰੂਪ ਅਖ਼ਤਿਆਰ ਕਰ ਲੈਣਗੇ, ਲੋੜ ਹੈ ਲੋਕਾਂ ਨੂੰ ਚੇਤੰਨ ਅਤੇ ਲਾਮਬੱਧ ਕਰਕੇ ਸਰਕਾਰਾਂ ਦੇ ਇਹਨਾਂ ਲੋਕ ਵਿਰੋਧੀ ਏਜੰਡਿਆਂ ਨੂੰ ਨੰਗਿਆਂ ਕੀਤਾ ਜਾਵੇ ਤੇ ਲੋਕ ਲਹਿਰ ਉਸਾਰੀ ਜਾਵੇ, ਵਰਨਾ ਹਾਲਾਤ ਹੋਰ ਮਾੜੇ ਹੋ ਜਾਣਗੇ।

## ਜੀ-20 ਮੁਲਕਾਂ ਵਲੋਂ ਅੰਤਰਰਾਸ਼ਟਰੀ ਆਰਥਕ ਮੰਦਹਾਲੀ ਨਾਲ ਨਜਿੱਠਣ ਲਈ ਕੋਸ਼ਿਸ਼ਾਂ ਤੇਜ਼ ਕਰਨ 'ਤੇ ਸਹਿਮਤੀ

### ਪਰ ਤਰੀਕੇ ਹੋਣਗੇ ਆਪੋ-ਅਪਣੇ

**ਨ ਦ ਬ - ਟੋਰਾਂਟੋ**

ਬੀਤੇ ਮਹੀਨੇ ਟੋਰਾਂਟੋ ਵਿਖੇ ਮੁਲਕ ਦੇ 20 ਅਮੀਰ ਅਤੇ ਸ਼ਕਤੀਸ਼ਾਲੀ ਮੁਲਕਾਂ ਦੀ ਹੋਈ ਜੀ-20 ਸਿਖ਼ਰ ਵਾਰਤਾ ਦੌਰਾਨ ਸ਼ਾਮਲ ਸਾਰੇ ਮੁਲਕਾਂ ਨੇ ਸਹਿਮਤੀ ਜਤਾਈ ਕਿ ਹੁਣ ਵੇਲਾ ਆ ਗਿਆ ਹੈ ਕਿ ਵਿਸ਼ਵ ਨੂੰ ਆਰਥਕ ਮੰਦਹਾਲੀ ਦੇ ਦੌਰ ਤੋਂ ਹੋਏ ਨੁਕਸਾਨ ਤੋਂ ਕੱਢਣ ਦੀਆ ਕੋਸ਼ਿਸ਼ਾਂ ਤੇਜ਼ ਕੀਤੀਆਂ ਜਾਣ, ਪਰ ਇਹ ਤਰੀਕੇ ਕੀ ਹੋਣਗੇ ਇਸ ਉੱਪਰ ਕੋਈ ਆਮ ਸਹਿਮਤੀ ਨਹੀਂ ਬਣ ਸਕੀ। ਇਸਦੇ ਚਲਦੇ ਇਹਨਾਂ 20 ਮੁਲਕਾਂ ਨੇ ਆਪੋ-ਅਪਣੇ ਵੱਖਰੇ ਰਾਹ ਜਾਣ ਦਾ ਫ਼ੈਸਲਾ ਕੀਤਾ ਹੈ।

ਕੈਨੇਡੀਅਨ ਪ੍ਰਧਾਨ ਮੰਤਰੀ ਸਟੀਫ਼ਨ ਹਾਰਪਰ ਨੇ ਪ੍ਰਸਤਾਵ ਰੱਖਿਆ ਸੀ ਕਿ ਸਾਲ 2013 ਤੱਕ ਸਾਰੇ ਵਿਕਸਤ ਮੁਲਕ ਨੈਸ਼ਨਲ ਡਿਫ਼ਿਸਿਟ ਮੌਜੂਦਾ ਦਰ ਤੋਂ ਘਟਾਕੇ ਅੱਧਾ ਕਰ ਦੇਣ ਅਤੇ 2016 ਤੱਕ ਜੀ.ਡੀ.ਪੀ ਅਤੇ ਕਰਜ਼ੇ ਦਾ ਆਪਸੀ ਅਨੁਪਾਤ ਵੀ ਘੱਟ ਕੀਤਾ ਜਾਵੇਗਾ। ਕੁੱਝ ਮੁਲਕਾਂ ਨੇ ਜਿੱਥੇ ਇਸ ਪ੍ਰਸਤਾਵ ਨਾਲ਼ ਸਹਿਮਤੀ ਜਤਾਈ ਉੱਥੇ ਜਪਾਨ ਨੇ ਇਸਨੂੰ ਪੂਰੀ ਤਰ੍ਹਾਂ ਖ਼ਾਰਜ ਕਰ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ, ਹਾਰਪਰ ਦੇ ਇਸ ਪ੍ਰਸਤਾਵਿਤ ਟੀਚੇ ਨਾਲ਼ ਪੂਰੀ ਤਰ੍ਹਾਂ ਸਹਿਮਤ ਸਨ ਪਰ ਨਾਲ਼ ਹੀ ਉਨ੍ਹਾਂ ਇਹ ਵੀ ਸਾਫ਼ ਕਰ ਦਿੱਤਾ ਹੈ ਕਿ ਸਾਰੇ ਮੁਲਕਾਂ ਦੇ ਅੰਦਰੂਨੀ ਹਾਲਾਤ ਵੱਖ-ਵੱਖ ਹਨ, ਇਸ ਕਰਕੇ ਸਾਰੇ ਮੁਲਕਾਂ ਨੂੰ ਇਸ ਪ੍ਰਸਤਾਵਿਤ ਟੀਚੇ ਉੱਪਰ ਅਮਲ ਕਰਨ ਦੀ ਲੋੜ ਨਹੀਂ ਤੇ ਨਾ ਹੀ ਇਹ ਸੰਭਵ ਹੋਵੇਗਾ।

ਉੱਧਰ ਅਮਰੀਕਾ ਵਾਂਗ ਹੀ ਜੀ-8 ਸ਼ਿਖਰ ਵਾਰਤਾ ਵਿੱਚ ਸ਼ਾਮਲ ਭਾਰਤ ਨੇ ਵੀ ਕੈਨੇਡੀਅਨ ਪ੍ਰਧਾਨ ਮੰਤਰੀ ਦੇ ਡਿਫ਼ਿਸਟ ਅਤੇ ਕਰਜ਼ੇ ਦੀ ਦਰ ਵਿੱਚ ਕਟੌਤੀ ਸਬੰਧੀ ਵਿਚਾਰ ਪ੍ਰਗਟਾਉਂਦਿਆਂ ਆਖਿਆ ਹੈ ਕਿ ਇਹ ਟੀਚੇ ਪੂਰੇ ਕਰਨ ਐਨੇ ਸੌਖੇ ਨਹੀਂ ਹੋਣਗੇ ਅਤੇ ਅਚਾਨਕ ਵਿਖਾਈ ਗਈ ਫ਼ੁਰਤੀ ਸਗੋਂ ਮਾਰਕਿਟ ਲਈ ਘਾਤਕ ਸਾਬਤ ਹੋ ਸਕਦੀ ਹੈ।




## ਜੀ-8 ਮੁਲਕਾਂ ਵਲੋਂ ਗਰੀਬ ਮੁਲਕਾਂ ਉੱਪਰ ਖਰਚਣ ਲਈ ਮਿੱਥੀ ਗਈ ਰਕਮ ਚ ਹੈ 7 ਬਿਲੀਅਨ ਡਾਲਰ ਦੀ ਕਮੀ

**ਨ ਦ ਬ -ਓਟਾਵਾ**

ਜੀ-8 ਮੁਲਕਾਂ ਵਲੋਂ ਅਪਣੀ ਅਪਾਰ ਸੰਪਤੀ ਵਿੱਚੋਂ ਕੁਝ ਹਿੱਸਾ ਗਰੀਬ ਮੁਲਕਾਂ ਉੱਪਰ ਖ਼ਰਚ ਕਰਨ ਦਾ ਕੀਤਾ ਵਾਅਦਾ ਪੂਰਾ ਹੁੰਦਾ ਨਜ਼ਰ ਨਹੀਂ ਆ ਰਿਹਾ। ਬੀਤੇ ਦਿਨੀਂ ਜਾਰੀ ਕੀਤੀ ਇਕ ਜਵਾਬਦੇਹੀ ਰਿਪੋਰਟ ਵਿੱਚ ਦਰਸਾਇਆ ਗਿਆ ਹੈ ਕਿ ਇਨ੍ਹਾਂ ਅਮੀਰ ਮੁਲਕਾਂ ਨੂੰ 7 ਬਿਲੀਅਨ ਡਾਲਰ ਕੇ ਕਰੀਬ ਰਕਮ ਘੱਟ ਪੈ ਰਹੀ ਹੈ। ਇਸ ਰਿਪੋਰਟ ਦੇ ਜਾਰੀ ਹੁੰਦੇ ਹੀ ਗ਼ੈਰ ਸਰਕਾਰੀ ਏਜੰਸੀਆਂ ਹੰਗਾਮੀ ਪੱਧਰ 'ਤੇ ਹਰਕਤ ਵਿੱਚ ਆ ਗਈਆਂ ਹਨ।

ਜ਼ਿਕਰਯੋਗ ਹੈ ਕਿ ਇਹ ਰਿਪੋਰਟ ਅਪਣੇ ਆਪ ਵਿੱਚ ਮੁਕੰਮਲ ਅਤੇ ਭਰੋਸੇਯੋਗ ਨਹੀਂ ਮੰਨੀ ਜਾ ਰਹੀ। ਕਿਉਂਕਿ ਇਸ ਵਿੱਚ ਪੈਸੇ ਦੀ ਕਿੰਨੀ ਉਣਤਾਈ ਪੇਸ਼ ਆ ਰਹੀ ਹੈ ਇਸਦਾ ਤਾਂ ਜ਼ਿਕਰ ਹੈ ਪਰ ਅਪਣੀਆਂ 50 ਯੋਜਨਾਵਾਂ ਵਿੱਚੋਂ ਜੀ-8 ਮੁਲਕਾਂ ਨੇ ਕਿੰਨੀਆਂ ਯੋਜਨਾਵਾਂ ਨੂੰ ਨੇਪਰੇ ਚੜ੍ਹਾਉਣ ਵਿੱਚ ਕਾਮਯਾਬੀ ਹਾਸਲ ਕੀਤੀ ਹੈ, ਇਸਦਾ ਕੋਈ ਜ਼ਿਕਰ ਨਹੀਂ। ਉੱਧਰ ਕੈਨੇਡਾ ਦੇ ਵਿਦੇਸ਼ ਮੰਤਰੀ ਲੌਰੰਸ ਕੈਨਨ ਨੇ ਕੈਨੇਡਾ ਨੂੰ ਵਿਸ਼ਵ ਪੱਧਰ 'ਤੇ ਵਿਕਾਸ ਦੇ ਕਾਰਜਾਂ ਲਈ ਸ਼ਾਬਾਸ਼ੀ ਦਿੱਤੀ ਹੈ ਕਿਉਂਕਿ ਕੈਨੇਡਾ ਨੇ ਅਪਣੇ ਵਾਅਦੇ ਮੁਤਾਬਕ ਅੰਤਰਰਾਸ਼ਟਰੀ ਸਹਾਇਤਾ ਫੰਡ ਦੀ ਰਾਸ਼ੀ ਵਧਾ ਕੇ 5 ਬਿਲੀਅਨ ਡਾਲਰ ਅਤੇ ਅਫ਼ਰੀਕੀ ਮੁਲਕਾਂ ਲਈ ਸਹਾਇਤਾ ਰਾਸ਼ੀ ਵਧਾ ਕੇ 2.16 ਬਿਲੀਅਨ ਡਾਲਰ ਯਾਅਨੀ ਦੁੱਗਣੀ ਕਰ ਦਿੱਤੀ ਹੈ, ਜਦ ਕਿ ਜੀ-8 ਮੁਲਕਾਂ ਵਿੱਚੋਂ ਹੀ ਇਕ ਇਟਲੀ ਨੇ ਅਪਣੀ ਸਹਾਇਤਾ ਰਾਸ਼ੀ ਦੀ ਰਕਮ ਸਗੋਂ ਪਹਿਲਾਂ ਨਾਲੋਂ ਵੀ ਘਟਾ ਦਿੱਤੀ ਹੈ। ਜਪਾਨ, ਜਰਮਨੀ ਅਤੇ ਫਰਾਂਸ ਨੇ ਅਜੇ ਤੱਕ ਵੀ ਵਾਅਦੇ-ਮੁਤਾਬਕ ਲੋੜੀਂਦੀ ਧਨ ਰਾਸ਼ੀ ਅਦਾਅ ਨਹੀਂ ਕੀਤੀ। ਪਿਛਲੀ ਸ਼ਿਖਰ ਵਾਰਤਾ ਦੌਰਾਨ ਜੋ ਕੁਝ ਧਨ ਰਾਸ਼ੀ ਲੋੜਵੰਦ ਮੁਲਕਾਂ ਉਪਰ ਖ਼ਰਚਣ ਲਈ ਮਿੱਥੀ ਗਈ ਸੀ ਉਸ ਵਿੱਚੋਂ ਕਿੰਨੀ ਖ਼ਰਚੀ ਗਈ ਤੇ ਕਿੰਨੀ ਬਾਕੀ ਹੈ, ਇਸ ਦਾ ਵੀ ਇਸ ਰਿਪੋਰਟ ਵਿੱਚ ਕੋਈ ਲੇਖਾ-ਜੋਖਾ ਨਹੀਂ।

# ਸੁੱਚਾ ਸਿੰਘ ਲੰਗਾਹ ਵੱਲ ਵਧ ਸਕਦੀਆਂ ਹਨ ਮੁਸ਼ਕਿਲਾਂ

**ਨ ਦ ਬ - ਅੰਬਾਲਾ ਸਿਟੀ**

ਪੰਜਾਬ ਦੇ ਖੇਤੀਬਾੜੀ ਸੁੱਚਾ ਸਿੰਘ ਲੰਗਾਹ ਦੀਆਂ ਮੁਸ਼ਕਿਲਾਂ ਵਧਦੀਆਂ ਨਜ਼ਰ ਆ ਰਹੀਆਂ ਹਨ। ਮੰਤਰੀ ਦੇ ਸਪੈਸ਼ਲ ਸੈਕਟਰੀ ਦੁਆਰਾ ਆਤਮ ਹੱਤਿਆ ਕਰਨ ਦੇ ਮਾਮਲੇ ਵਿੱਚ ਪੁਲਿਸ ਨੇ ਉਹਨਾਂ ਖ਼ਿਲਾਫ਼ ਡੀਡੀਆਰ ਦਰਜ ਕਰ ਲਈ ਹੈ। ਹੁਣ ਨਰਵਾਣਾ ਬ੍ਰਾਂਚ ਵਿੱਚ ਸੈਕਟਰੀ ਦੀ ਲਾਸ਼ ਨੂੰ ਲੱਭਣ ਦਾ ਕੰਮ ਚੱਲ ਰਿਹਾ ਹੈ। ਗੋਤਾਖੋਰ ਨਰਵਾਣਾ ਬ੍ਰਾਂਚ ਦੀਆਂ ਗਹਿਰਾਈਆਂ ਦਾ ਨਿਰੀਖਣ ਕਰਦੇ ਰਹੇ ਪਰੰਤੂ ਉਹਨਾਂ ਦੇ ਹੱਥ ਕੋਈ ਵੀ ਸੁਰਾਗ ਨਹੀਂ ਲੱਗਿਆ। ਪੁਲਿਸ ਸਪੈਸ਼ਲ ਸੈਕਟਰੀ ਦੀ ਸਾਇਕਲ ਅਤੇ ਜੁੱਤੇ ਪਹਿਲਾਂ ਹੀ ਬਰਾਮਦ ਕਰ ਚੁੱਕੀ ਹੈ। ਮ੍ਰਿਤਕ ਦੇਹ ਮਿਲਣ ਤੋਂ ਬਾਅਦ ਪੁਲਿਸ ਆਤਮ ਹੱਤਿਆ ਦੇ ਲਈ ਜ਼ਿੰਮੇਵਾਰ ਮੰਤਰੀ ਅਤੇ ਨਿੱਜੀ ਬੈਂਕ ਦੇ ਮੈਨੇਜਰ ਦੇ ਖ਼ਿਲਾਫ਼ ਐਫ਼ਆਈਆਰ ਦਰਜ ਕਰਨ ਦੀ ਗੱਲ ਕਰ ਰਹੀ ਹੈ।

ਹਰਬੰਸ ਲਾਲ ਪੀਸੀਐਸ ਦੀ ਤਿਆਰੀ ਕਰ ਰਿਹਾ ਸੀ। 23 ਸਾਲ ਦੇ ਇਸ ਨੌਜਵਾਨ ਨੂੰ ਇਸ ਵਾਰ ਪੀਸੀਐਸ ਦੀ ਪ੍ਰੀਖਿਆ ਪਾਸ ਕਰਨ ਦੀ ਪੂਰੀ ਉਮੀਦ ਸੀ। ਅਪਣੀ ਕਾਬਲੀਅਤ ਦੇ ਦਮ ਉੱਤੇ ਹੀ ਹਰਬੰਸ ਸਪੈਸ਼ਲ ਸੈਕਟਰੀ ਬਣਨ ਵਿੱਚ ਕਾਮਯਾਬ ਰਿਹਾ। ਸਾਊ ਪਰਿਵਾਰ ਨਾ.ਲ ਸਬੰਧ ਰੱਖਣ ਵਾਲੇ ਹਰਬੰਸ ਦੇ ਪਰਿਵਾਰ ਵਾਲਿਆਂ ਨੂੰ ਇਸ ਗੱਲ ਦਾ ਅਹਿਸਾਸ ਵੀ ਨਹੀਂ ਸੀ ਕਿ ਉਹ ਕਦੇ ਆਤਮ ਹੱਤਿਆ ਵੀ ਕਰ ਲਵੇਗਾ। ਉਸਦੇ ਭਾਈ ਕਸ਼ਮੀਰੀ ਨੇ ਦੱਸਿਆ ਕਿ ਹਰਬੰਸ ਪੜ੍ਹਾਈ ਵਿੱਚ ਹਮੇਸ਼ਾ ਹੀ ਅੱਵਲ ਰਹਿੰਦਾ ਸੀ। ਉਹਨਾਂ ਨੂੰ ਵੀ ਹਰਬੰਸ ਦੇ ਪੀਸੀਐਸ ਅਫ਼ਸਰ ਬਣਨ ਦੀ ਉਮੀਦ ਸੀ।

**ਹਰਬੰਸ ਨੇ ਕੀ ਲਿਖਿਆ ਹੈ ਆਤਮ ਹੱਤਿਆ ਨੋਟ ਵਿੱਚ-**

ਮੈਂ ਹਰਬੰਸ ਲਾਲ ਸਪੈਸ਼ਲ ਸੈਕਟਰੀ ਖੇਤੀਬਾੜੀ ਮੰਤਰੀ ਪੰਜਾਬ ਸੁੱਚਾ ਸਿੰਘ ਲੰਗਾਹ ਅਪਣੇ ਪੂਰੇ ਹੋਸ਼ੋ ਹਵਾਸ਼ ਵਿੱਚ ਆਤਮ ਹੱਤਿਆ ਕਰਨ ਜਾ ਰਿਹਾ ਹਾਂ। ਤ੍ਰਿਲੋਚਨ ਸਿੰਘ ਬ੍ਰਾਂਚ ਮੈਨੇਜਰ ਕੋਟੇਕ ਮਹਿੰਦਰਾ ਅਮਲੋਹ ਪੁਰਾਣੇ ਵੈਰ ਭਾਵ ਕਾਰਨ ਮੇਰੇ ਖ਼ਿਲਾਫ਼ ਖੇਤੀਬਾੜੀ ਮੰਤਰੀ ਨੂੰ ਭੜਕਾ ਰਿਹਾ ਹੈ। ਹੁਣ ਮੈਂ ਇਹ ਜ਼ਲਾਲਤ ਸਹਿਣ ਨਹੀਂ ਕਰ ਸਕਦਾ, ਇਸਦੇ ਲਈ ਮੈਨੂੰ ਮਾਫ਼ ਕਰਨਾ। ਯਾਅਨੀ ਆਤਮ ਹੱਤਿਆ ਨੋਟ ਵਿੱਚ ਸਿੱਧੇ ਤੌਰ ਉੱਤੇ ਤਾਂ ਨਹੀਂ ਪਰ ਖੇਤੀਬਾੜੀ ਮੰਤਰੀ ਸੁੱਚਾ ਸਿੰਘ ਲੰਗਾਹ ਨੂੰ ਵੀ ਅਪਣੀ ਮੌਤ ਲਈ ਜ਼ੁੰਮੇਵਾਰ ਠਹਿਰਾਇਆ ਹੈ। ਆਤਮ ਹੱਤਿਆ ਨੋਟ ਵਿੱਚ ਇਹ ਸਾਫ਼ ਨਹੀਂ ਹੋ ਸਕਿਆ ਕਿ ਤ੍ਰਿਲੋਚਨ ਸਿੰਘ ਕਿਸ ਗੱਲ ਨੂੰ ਲੈ ਕੇ ਅਪਣੀ ਦੁਸ਼ਮਣੀ ਕੱਢ ਰਿਹਾ ਹੈ। ਹਰਬੰਸ ਲਾਲ ਦੇ ਗਾਇਬ ਹੋਣ ਤੋਂ ਬਾਅਦ ਉਸਦੇ ਭਾਈ ਕਸ਼ਮੀਰੀ ਲਾਲ ਨੂੰ ਇਹ ਆਤਮ ਹੱਤਿਆ ਨੋਟ (ਪੱਤਰ) ਮਿਲਿਆ ਜੋ ਕਿ ਬਾਅਦ ਵਿੱਚ ਪੁਲਿਸ ਨੂੰ ਉਪਲੱਬਧ ਕਰਵਾਇਆ ਗਿਆ ਹੈ।

# ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਸੀਨੀਅਰ ਕਾਂਗਰਸੀ ਆਗੂਆਂ ਨੂੰ ਅਕਾਲੀਆਂ ਦੀਆਂ ਕਠਪੁਤਲੀਆਂ ਦੱਸਿਆ

**ਨ ਦ ਬ - ਚੰਡੀਗੜ੍ਹ**

ਪੰਜਾਬ ਦੇ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਵਿਰੁੱਧ ਮੋਰਚਾ ਖੋਲ੍ਹਦਿਆਂ ਪ੍ਰਦੇਸ਼ ਕਾਂਗਰਸ ਦੇ ਆਗੂਆਂ 'ਤੇ 'ਅਕਾਲੀਆਂ ਦੇ ਹੱਥਾਂ ਵਿੱਚ ਖੇਡਣ' ਦਾ ਦੋਸ਼ ਲਾਇਆ ਹੈ। ਸ੍ਰੀ ਖਹਿਰਾ ਜੋ ਭੁਲੱਥ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਤੇ ਕਪੂਰਥਲਾ ਜ਼ਿਲ੍ਹੇ ਦੇ ਕਾਂਗਰਸ ਪ੍ਰਧਾਨ ਵੀ ਹਨ, ਨੇ ਕਿਹਾ ਕਿ ਪਾਰਟੀ ਆਗੂ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਵਿਰੁੱਧ ਲੋਕ ਮਸਲਿਆਂ 'ਤੇ ਲਾਮਬੰਦੀ ਕਰਨ ਵਿੱਚ ਪੂਰੀ ਤਰ੍ਹਾਂ ਅਸਫ਼ਲ ਹੀ ਨਹੀਂ ਰਹੇ, ਸਗੋਂ ਕਾਂਗਰਸੀ ਵਰਕਰਾਂ ਦੀਆਂ ਭਾਵਨਾਵਾਂ ਮੁਤਾਬਕ ਵੀ ਕੰਮ ਨਹੀਂ ਕਰ ਰਹੇ। ਉਹਨਾਂ ਪਾਰਟੀ ਦੇ ਲੀਡਰਾਂ 'ਤੇ ਲੋਕਾਂ ਦੀਆਂ ਭਾਵਨਾਵਾਂ 'ਤੇ ਖਰ੍ਹੇ ਨਾ ਉਤਰਨ ਦੇ ਦੋਸ਼ ਵੀ ਲਾਏ। ਉਹਨਾਂ ਕਿਹਾ ਕਿ ਕਾਂਗਰਸੀ ਆਗੂ ਤਾਂ ਅਕਾਲੀਆਂ ਦੀ ਕਠਪੁਤਲੀ। ਕਾਂਗਰਸੀ ਵਿਧਾਇਕ ਨੇ ਪਾਰਟੀ ਦੇ ਸੂਬਾ ਪ੍ਰਧਾਨ ਮਹਿੰਦਰ ਸਿੰਘ ਕੇ.ਪੀ ਅਤੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਦਾ ਨਾਮ ਲਏ ਬਗੈਰ ਇਹਨਾਂ ਦੋਨਾਂ ਆਗੂਆਂ ਵਿਰੁੱਧ ਖੁੱਲ੍ਹ ਕੇ ਭੜਾਸ ਕੱਢੀ।

ਉਹਨਾਂ ਸੀਨੀਅਰ ਆਗੂਆਂ 'ਤੇ ਹਮਲਾ ਕਰਦਿਆਂ ਇੱਥੋਂ ਤੱਕ ਕਿਹਾ ਕਿ ਪਾਰਟੀ ਦੀ ਮੌਜੂਦਾ ਲੀਡਰਸ਼ਿਪ ਜੇਕਰ ਪਾਰਟੀ ਵਰਕਰਾਂ ਦੀਆਂ ਭਾਵਨਾਵਾਂ ਮੁਤਾਬਕ ਕੰਮ ਨਹੀਂ ਕਰ ਸਕਦੀ ਤਾਂ ਉਸ ਨੂੰ ਲਾਂਭੇ ਹੋ ਜਾਣਾ ਚਾਹੀਦਾ ਹੈ। ਉਹਨਾਂ ਅਫ਼ਸੋਸ ਪ੍ਰਗਟ ਕੀਤਾ ਕਿ ਸੀਨੀਅਰ ਆਗੂਆਂ ਵੱਲੋਂ ਹੋਰਨਾਂ ਨੂੰ ਪੂਰਾ ਕੰਮ ਨਹੀਂ ਕਰਨ ਦਿੱਤਾ ਜਾ ਰਿਹਾ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋ ਰਹੀ ਹੈ। ਲੋਕ ਸਰਕਾਰ ਦੀਆਂ ਨੀਤੀਆਂ ਅਤੇ ਭ੍ਰਿਸ਼ਟਾਚਾਰ ਦੇ ਸ਼ਿਕਾਰ ਹਨ। ਬਿਜਲੀ, ਸਿੱਖਿਆ, ਸਿਹਤ ਸਹੂਲਤਾਂ ਤਾਂ ਦੂਰ ਹੈ, ਲੋਕਾਂ ਨੂੰ ਪੀਣ ਵਾਲਾ ਪਾਣੀ ਤੱਕ ਨਹੀਂ ਮਿਲ ਰਿਹਾ ਪਰ ਵਿਰੋਧੀ ਧਿਰ ਕਾਂਗਰਸ ਸਰਕਾਰ ਨੂੰ ਘੇਰ ਨਹੀਂ ਸਕੀ। ਪਾਰਟੀ ਆਗੂ ਤਾਂ ਸਿਰਫ਼ ਅਖ਼ਬਾਰਾਂ ਵਿੱਚ ਬਿਆਨ ਦੇਣ ਤੱਕ ਹੀ ਸੀਮਤ ਹਨ। ਉਹਨਾਂ ਸਪੱਸ਼ਟ ਕੀਤਾ ਕਿ ਉਹ ਕਿਸੇ ਹੋਰ ਆਗੂ ਦੇ ਕਹਿਣ ਜਾਂ ਕਿਸੇ ਦੇ ਪੱਖ ਵਿੱਚ ਨਹੀਂ ਬੋਲ ਰਹੇ ਬਲਕਿ ਲੋਕ ਪ੍ਰਤੀਨਿਧ ਹੋਣ ਦੇ ਨਾਮ 'ਤੇ ਅਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰ ਰਹੇ ਹਨ।

ਸ੍ਰੀ ਖਹਿਰਾ ਨੇ ਕਿਹਾ ਕਿ ਪੰਜਾਬ ਦੇ ਕਿਸਾਨ ਸੰਗਠਨ ਅਤੇ ਮੀਡੀਆ ਹੀ ਵਿਰੋਧੀ ਧਿਰ ਦੀ ਭੂਮਿਕਾ ਨਿਭਾ ਰਹੇ ਹਨ। ਵਿਧਾਇਕ ਵਲੋਂ ਅਪਣੀ ਹੀ ਪਾਰਟੀ ਦੀ ਲੀਡਰਸ਼ਿਪ ਵਿਰੁੱਧ ਮੋਰਚਾ ਖੋਲ੍ਹਣਾ ਰਾਜਨੀਤਕ ਨਜ਼ਰੀਏ ਤੋਂ ਅਹਿਮ ਮੰਨਿਆ ਜਾ ਰਿਹਾ ਹੈ ਕਿਉਂਕਿ ਇਹ ਉਹ ਸਮਾਂ ਹੈ ਜਦੋਂ ਪੰਜਾਬ ਪ੍ਰਦੇਸ਼ ਕਾਂਗਰਸ ਦੀਆਂ ਜਥੇਬੰਦਕ ਚੋਣਾਂ ਸਿਰ 'ਤੇ ਹਨ। ਪਾਰਟੀ ਦੀ ਕੇਂਦਰੀ ਚੋਣ ਕਮੇਟੀ ਵਲੋਂ ਜਥੇਬੰਦਕ ਚੋਣਾਂ 27 ਜੁਲਾਈ ਤੱਕ ਕਰਾਉਣ ਦੇ ਨਿਰਦੇਸ਼ ਦਿੱਤੇ ਹੋਏ ਹਨ। ਊਧਮ ਮਹਿੰਦਰ ਸਿੰਘ ਕੇ.ਪੀ. ਦਾ ਕਹਿਣਾ ਹੈ ਕਿ ਸੁਖਪਾਲ ਸਿੰਘ ਖਹਿਰਾ ਨੇ ਕੀ ਕਿਹਾ ਹੈ ਇਸ ਬਾਰੇ ਉਹਨਾਂ ਨੂੰ ਕੋਈ ਜਾਣਕਾਰੀ ਨਹੀਂ ਹੈ ਜਦੋਂ ਮੀਡੀਆ ਵਿੱਚ ਆਏਗਾ, ਉਸ ਤੋਂ ਬਾਅਦ ਹੀ ਉਹ ਕੋਈ ਟਿੱਪਣੀ ਕਰਨਗੇ।

# ਸੰਤ ਸਿੰਘ ਸੇਖੋਂ ਦੇ ਜਨਮ ਦਿਵਸ ਮੌਕੇ ਸਮਾਗਮ

**ਨ ਦ ਬ-ਲੁਧਿਆਣਾ**

ਸਰਬਾਂਗੀ ਪੰਜਾਬੀ ਸਾਹਿਤਕਾਰ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਦੇ ਜਨਮ ਦਿਨ 'ਤੇ ਅਦਬੀ ਦਾਇਰਾ ਪੰਜਾਬ, ਕੇਂਦਰੀ ਪੰਜਾਬੀ ਲੇਖਕ ਸਭਾ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਅਤੇ 'ਨਵੀਂ ਦੁਨੀਆ' ਐਡਮਿੰਟਨ ਕੈਨੇਡਾ ਵਲੋਂ ਸਾਂਝੇ ਤੌਰ 'ਤੇ ਪ੍ਰਭਾਵਸ਼ਾਲੀ ਸਮਾਗਮ ਇਥੇ ਪੰਜਾਬੀ ਭਵਨ ਵਿਚ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਡਾ. ਸੁਰਜੀਤ ਪਾਤਰ ਵਲੋਂ ਕੀਤੀ ਗਈ, ਜਦਕਿ ਪ੍ਰੋ. ਗੁਰਭਜਨ ਗਿੱਲ ਨੇ ਸਮਾਗਮ ਵਿਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਪ੍ਰਧਾਨਗੀ ਮੰਡਲ ਵਿਚ ਪ੍ਰੋ. ਅਨੂਪ ਵਿਰਕ, ਡਾ. ਰ.ਬ. ਸਿੰਘ ਤੇ ਡਾ. ਸੁਖਦੇਵ ਸਿੰਘ ਸਿਰਸਾ ਵੀ ਸ਼ਾਮਲ ਸਨ। ਸਮਾਗਮ ਵਿਚ ਬੁਲਾਰਿਆਂ ਵਲੋਂ ਪ੍ਰਿੰ. ਸੰਤ ਸਿੰਘ ਸੇਖੋਂ ਦੀ ਸ਼ਖਸੀਅਤ, ਵਿਚਾਰਧਾਰਾ ਤੇ ਸਾਹਿਤਕ ਦੇਣ ਬਾਰੇ ਭਰਵੀਂ ਚਰਚਾ ਹੋਈ। ਸੰਤ ਸਿੰਘ ਸੇਖੋਂ ਬਾਰੇ ਕਾਵਿਕ ਅੰਦਾਜ਼ ਵਿਚ ਵਿਚਾਰ ਪੇਸ਼ ਕਰਦਿਆਂ ਡਾ. ਸੁਰਜੀਤ ਪਾਤਰ ਨੇ ਕਿਹਾ ਕਿ ਉਨ੍ਹਾਂ ਦੀ ਸ਼ਖਸੀਅਤ ਦੇ ਆਰ-ਪਾਰ ਦੇਖਿਆ ਜਾ ਸਕਦਾ ਸੀ। ਸੰਤ ਸਿੰਘ ਸੇਖੋਂ ਅਜਿਹੇ ਸਾਹਿਤਕਾਰ ਤੇ ਚਿੰਤਕ ਸਨ, ਜਿਨ੍ਹਾਂ ਨੇ ਸਭ ਤੋਂ ਵਧ ਆਧੁਨਿਕ ਪੰਜਾਬੀ ਸਾਹਿਤ ਨੂੰ ਪ੍ਰਭਾਵਤ ਕੀਤਾ। ਡਾ. ਸੁਖਦੇਵ ਸਿੰਘ ਸਿਰਸਾ ਨੇ ਪ੍ਰਿੰ. ਸੰਤ ਸਿੰਘ ਸੇਖੋਂ ਦੀ ਯਥਾਰਥਕ ਦ੍ਰਿਸ਼ਟੀ ਦੀ ਚਰਚਾ ਕਰਦਿਆਂ ਕਿਹਾ ਕਿ ਸੇਖੋਂ ਅੱਜ ਦੇ ਸਮਿਆਂ ਵਿਚ ਹੋਰ ਵੀ ਪ੍ਰਸੰਗਕ ਲੇਖਕ ਤੇ ਬੁੱਧੀਜੀਵੀ ਹੈ। ਪ੍ਰੋ. ਗੁਰਭਜਨ ਗਿੱਲ ਨੇ ਪ੍ਰਿੰ. ਸੇਖੋਂ ਦੀਆਂ ਭਾਵ-ਭਿੰਨੀਆਂ ਯਾਦਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਪ੍ਰੋ. ਜਗਵਿੰਦਰ ਯੋਧਾ ਨੇ ਪ੍ਰਿੰ. ਸੇਖੋਂ ਦੀ ਮੱਧਕਾਲੀਨ ਇਤਿਹਾਸ ਦ੍ਰਿਸ਼ਟੀ ਦੀ ਆਲੋਚਨਾਤਿਮਕ ਚਰਚਾ ਕੀਤੀ। ਡਾ. ਰ.ਬ. ਸਿੰਘ ਨੇ ਕਿਹਾ ਕਿ ਸੰਤ ਸਿੰਘ ਸੇਖੋਂ ਸਹੀ ਅਰਥਾਂ ਵਿਚ ਪੰਜਾਬੀ ਦੇ ਪਹਿਲੇ ਯਥਾਰਥਵਾਦੀ ਲੇਖਕ ਸਨ ਤੇ ਉਨ੍ਹਾਂ ਦੀ ਦ੍ਰਿਸ਼ਟੀ ਇਤਿਹਾਸਕ ਤੇ ਵਿਗਿਆਨਕ ਸੀ। ਪ੍ਰੋ. ਅਨੂਪ ਵਿਰਕ ਨੇ ਸੰਤ ਸਿੰਘ ਸੇਖੋਂ ਦੀ ਚਰਚਾ ਵੀਹਵੀਂ ਸਦੀ ਦੇ ਮਹਾਨ ਪੰਜਾਬੀ ਲੇਖਕ ਵਜੋਂ ਕੀਤੀ। ਸੰਤ ਸਿੰਘ ਸੇਖੋਂ ਦੇ ਭਤੀਜੇ ਜਗਮੋਹਨ ਸਿੰਘ ਸੇਖੋਂ ਨੇ ਆਪਣੇ ਤਾਇਆ ਜੀ ਦੇ ਵਿਅਕਤੀਤਵ 'ਤੇ ਮਾਣ ਕਰਦਿਆਂ ਕਿਹਾ ਕਿ ਲੋੜ ਹੈ ਕਿ ਅੱਜ ਦਾ ਲੇਖਕ ਵੀ ਸੇਖੋਂ ਸਾਹਿਬ ਵਾਂਗ ਹੀ ਭ੍ਰਿਸ਼ਟਾਚਾਰ ਤੇ ਬਾਬਾਵਾਦ ਦੇ ਵਿਰੁਧ ਜ਼ੋਰਦਾਰ ਆਵਾਜ਼ ਬੁਲੰਦ ਕਰੇ। ਅਦਬੀ ਦਾਇਰਾ ਦੇ ਸੰਚਾਲਕ ਤ੍ਰੈਲੋਚਨ ਝਾਂਡੇ ਨੇ ਪ੍ਰਿੰ. ਸੇਖੋਂ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਯੁੱਗ ਪੁਰਸ਼ ਕਿਹਾ। ਭਗਵਾਨ ਢਿਲੋਂ ਨੇ ਕਿਹਾ ਕਿ ਵਿਚਾਰ-ਚਰਚਾ ਸੁਣ ਕੇ ਇਉਂ ਜਾਪਿਆ ਜਿਵੇਂ 'ਪੇਮੀ ਦੇ ਨਿਆਣੇ' ਹੁਣ 'ਸਿਆਣੇ' ਹੋ ਗਏ ਹਨ। ਇਸ ਮੌਕੇ ਲੈਫ. ਕਰਨਲ ਬਾਬੂ ਸਿੰਘ 'ਦੁੱਗ' ਦੀ ਪੁਸਤਕ 'ਅੱਖਰਾਂ ਦੀ ਮਹਿਕ' ਪ੍ਰਧਾਨਗੀ ਮੰਡਲ ਵਲੋਂ ਰਿਲੀਜ਼ ਕੀਤੀ ਗਈ। ਸਮਾਗਮ ਵਿਚ ਡਾ. ਜਗਬੀਰ ਸਿੰਘ, ਅਮਰਜੀਤ ਸਿੰਘ ਗਰੇਵਾਲ, ਸੁਰਜੀਤ ਜੱਜ, ਸੁਰਿੰਦਰ ਰਾਮਪੁਰੀ, ਰਵਿੰਦਰ ਭੱਠਲ, ਲੋਕ ਨਾਥ, ਅਜੀਤ ਪਿਆਸਾ, ਸੁਸ਼ੀਲ ਦੁਸਾਂਝ, ਕਰਨੈਲ ਸਿੰਘ ਨਿੱਝਰ, ਬੁੱਧ ਸਿੰਘ ਨੀਲੋਂ, ਜੋਗਿੰਦਰ ਸਿੰਘ ਨਿਰਾਲਾ, ਪਵਨ ਹਰਚੰਦਪੁਰੀ, ਮਨਜਿੰਦਰ ਧਨੋਆ, ਹਰਬੰਸ ਮਾਲਵਾ, ਗੁਰਚਰਨ ਕੌਰ ਕੋਛੜ, ਪ੍ਰਿੰ. ਪ੍ਰੇਮ ਸਿੰਘ ਬਜਾਜ, ਕਰਨਜੀਤ ਸਿੰਘ ਸੇਖੋਂ ਨੇ ਵੀ ਭਾਗ ਲਿਆ।

ਗਾਇਕ ਗੁਰਦੀਪ ਪੀਟਰ ਤੇ ਸ਼ਾਇਰ ਤ੍ਰੈਲੋਚਨ ਲੋਚੀ ਨੇ ਆਪਣੀ ਸੁਰੀਲੀ ਆਵਾਜ਼ ਰਾਹੀਂ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ। ਮੰਚ ਸੰਚਾਲਨ ਪ੍ਰੋ ਰਾਕੇਸ਼ ਰਮਨ ਵਲੋਂ ਕੀਤਾ ਗਿਆ।

## ਡਾ. ਕਰਮਜੀਤ ਕੁਰਕਸ਼ੇਤਰ ਸੜਕ ਹਾਦਸੇ 'ਚ ਜ਼ਖ਼ਮੀ

ਨ ਦ ਬ - ਚੰਡੀਗੜ੍ਹ

ਪੰਜਾਬੀ ਦੇ ਪ੍ਰਸਿੱਧ ਵਿਦਵਾਨ ਅਤੇ 'ਨਵੀਂ ਦੁਨੀਆ' ਦੇ ਸਲਾਹਕਾਰ ਡਾ. ਕਰਮਜੀਤ ਸਿੰਘ ਕੁਰਕਸ਼ੇਤਰ ਪਿਛਲੇ ਦਿਨੀਂ ਹਿਸਾਰ ਵਿਖੇ ਇਕ ਸੜਕ ਹਾਦਸੇ ਦੌਰਾਨ ਗੰਭੀਰ ਜ਼ਖ਼ਮੀ ਹੋ ਗਏ ਹਨ। ਉਹਨਾਂ ਦੇ ਜਬਾੜੇ ਦਾ ਸਫ਼ਲ ਅਪ੍ਰੇਸ਼ਨ ਲੁਧਿਆਣਾ ਵਿਖੇ ਹੋਇਆ। 'ਨਵੀ ਦੁਨੀਆ' ਦੀ ਸਾਰੀ ਟੀਮ ਅਤੇ ਪਾਠਕ ਉਹਨਾਂ ਦੇ ਛੇਤੀ ਸਿਹਤਯਾਬ ਹੋਣ ਦੀ ਦੁਆ ਕਰਦੇ ਹਨ।


# Get Government Grants

## ਕੀ ਤੁਸੀਂ ਜਾਣਦੇ ਹੋ?

- ਕਿ ਕੈਨੇਡੀਅਨ ਗੌਰਮਿੰਟ ਨੇ 0 ਤੋਂ 6 ਸਾਲ ਦੀ ਉਮਰ ਦੇ ਬੱਚਿਆਂ ਨੂੰ ਹਰ ਮਹੀਨੇ 100 ਡਾਲਰ ਦੇਣ ਦਾ ਐਲਾਨ ਕੀਤਾ ਹੈ।
- ਕਿ ਇਹ 100 ਡਾਲਰ ਜੁਲਾਈ 2006 ਤੋਂ ਮਿਲਣਾ ਸ਼ੁਰੂ ਹੋਇਆ ਹੈ
- ਕਿ ਤੁਸੀਂ ਜੇਕਰ ਇਹੀ 100 ਡਾਲਰ RESP ਪੈਲਨ ਵਿਚ ਪਾਉਂਦੇ ਹੋ ਤਾਂ ਤੁਹਾਨੂੰ ਫੇਡਰਲ ਅਤੇ ਪ੍ਰੋਵਿੰਸ਼ੀਅਲ ਗਰਾਂਟਾਂ ਮਿਲ ਸਕਦੀਆਂ ਹਨ।
- ਕਿ ਭਾਵੇਂ ਤੁਸੀਂ ਪਹਿਲਾਂ ਵੀ RESP ਪਲੈਨ ਪੀ ਕੀਤੀ ਹੋਈ ਹੋਵੇ ਤਾਂ ਇਸ 100 ਡਾਲਰਾਂ ਦੀ ਇਕ ਹੋਰ RESP ਪਲੈਨ ਲੈ ਸਕਦੇ ਹੋ। ਜਦੋਂ ਤਕ ਤੁਸੀਂ ਇਕ ਬੱਚੇ ਦਾ ਉਮਰ ਭਰ ਵਿਚ 50,000 ਡਾਲਰ ਤੋਂ ਵੱਧ ਨਾ ਪਾਉਂਦੇ ਹੋਵੋ।
- ਕਿ ਜੇਕਰ ਤੁਸੀਂ ਇਹੀ 100 ਡਾਲਰ ਦੀ ਪੰਜ ਸਾਲਾ CET ਦੀ ਪਲੈਨ ਲੈਂਦੇ ਹੋ ਅਤੇ ਪੰਜ ਸਾਲ ਤੋਂ ਬਾਦ ਕੁਝ ਵੀ ਨਹੀਂ ਪਾਉਂਦੇ ਤਾਂ ਤਕਰੀਬਨ 31,000 ਡਾਲਰ ਬੱਚੇ ਦੀ ਕਾਲਜ ਜਾਂ ਯੂਨੀਵਰਸਿਟੀ ਦੀ ਪੜ੍ਹਾਈ ਸਮੇ ਮਿਲ ਸਕਦਾ ਹੈ।
- ਸੈਨਟੇਨੀਅਲ ਗਰਾਂਟ(800 ਡਾਲਰ) ਬੱਚੇ ਦੇ 2 ਸਾਲ ਦਾ ਹੋਣ ਤੋਂ ਪਹਿਲਾਂ ਹੀ ਲੈ ਸਕਦੇ ਹੋ।

## Did You Know?

- That Canadian Government announced to give $100 for every child up to 6 years of age?
- That this $100 will be coming to every parent for every child under 6 years of age starting the month of July 2006?
- That you save money in your RESP, you can got all the Federal and Provincial Grants from the Government?
- That you can have as many RESP's as you want as long as total life time contribution per child is not over $50,000?
- That if you save $100 only for 5 years in CET Group Plus, it could add up approximately $31,000* after 18 years?

ਗੌਰਮਿੰਟ ਦੇ ਹੀ ਪੈਸਿਆਂ ਨੂੰ RESP ਵਿਚ ਪਾਕੇ ਗੌਰਮਿੰਟ ਦੀਆਂ ਹੀ ਫਰੀ ਗਰਾਂਟਾਂ ਦਾ ਫਾਇਦਾ ਉਠਾਓ

Save New Free Money From Government For Your Child's Education Plan & Get Grants From Government

*Want to know more about above all, Please call today for FREE information JESSIE SINGH C.A.I.B. (Branch Manager) of Childern Education Trust Inc.*

**403-830-7007**



JESSIE SINGH C.A.I.B.

**Based on post performance & actual educational assistance paid. This amount includes CEGS, Enchanced CESG, CLB and ACES. This amount is intended to reflect future results. Discretionary Enhancements are included in the value. The rate of return is not intended to reflect future values or returns on investments. Please refer to our prospectus for further details.**

**ਪੰਜਾਬ ਅੱਜ–ਕੱਲ੍ਹ**

# ਤਿੰਨ ਸਾਲ ਚ ਫੂਕਿਆ 23 ਕਰੋੜ ਦਾ ਤੇਲ

**ਨ ਦ ਬ– ਚੰਡੀਗੜ੍ਹ**

ਆਰਥਕ ਮੰਦਹਾਲੀ ਦੇ ਦੌਰ ਵਿੱਚ ਸਰਕਾਰ ਭਾਵੇਂ ਕਲਿਆਣਕਾਰੀ ਯੋਜਨਾਵਾਂ ਨੂੰ ਠੰਡੇ ਬਸਤੇ ਵਿੱਚ ਪਾਈ ਬੈਠੀ ਹੈ ਪਰ ਮੰਤਰੀਆਂ 'ਤੇ ਹੋਣ ਵਾਲੇ ਖ਼ਰਚ ਲਈ ਪੂਰੀ ਦਰਿਆਦਿਲੀ ਤੋਂ ਕੰਮ ਲਿਆ ਜਾਂਦਾ ਹੈ। ਇਸ ਦੀ ਇਕ ਉਦਾਹਾਰਣ ਮੁੱਖ ਮੰਤਰੀ, ਮੰਤਰੀਆਂ ਅਤੇ ਚੀਫ਼ ਪਾਰਲੀਮਾਨੀ ਸਕੱਤਰਾਂ ਵਲੋਂ ਸਰਕਾਰੀ



ਕਾਰਾਂ ਵਾਸਤੇ ਵਰਤੇ ਜਾਂਦੇ ਪੈਟਰੋਲ ਦੇ ਖ਼ਰਚੇ ਤੋਂ ਲਈ ਜਾ ਸਕਦੀ ਹੈ। 'ਸੂਚਨਾ ਅਧਿਕਾਰ ਕਾਨੂੰਨ' ਤਹਿਤ ਮੰਗੀ ਗਈ ਜਾਣਕਾਰੀ ਦੌਰਾਨ ਇਹ ਤੱਥ ਸਾਹਮਣੇ ਆਏ ਹਨ ਕਿ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਦੇ ਮੰਤਰੀਆਂ ਤੇ ਪਾਰਲੀਮਾਨੀ ਸਕੱਤਰਾਂ ਨੇ (1 ਮਾਰਚ 2007 ਤੋਂ 31 ਮਾਰਚ 2010 ਦੇ ਸਮੇਂ ਦੌਰਾਨ) 23 ਕਰੋੜ 16 ਲੱਖ ਰੁਪਏ ਤੋਂ ਵੱਧ ਰੁਪਈਏ ਸਰਕਾਰੀ ਕਾਰਾਂ ਰਾਹੀਂ ਪੈਟਰੋਲ 'ਤੇ ਹੀ ਫੂਕ ਦਿੱਤੇ ਹਨ। ਇਸ ਖ਼ਰਚ ਵਿੱਚ ਮੁੱਖ ਮੰਤਰੀ ਦੀਆਂ ਕਾਰਾਂ ਦਾ ਖ਼ਰਚ ਸਭ ਤੋਂ ਵੱਧ ਹੈ। ਮੁੱਖ ਮੰਤਰੀ ਦੀਆਂ ਕਾਰਾਂ ਨੇ 3 ਸਾਲਾਂ ਦੇ ਸਮੇਂ ਦੌਰਾਨ 6 ਕਰੋੜ 67 ਲੱਖ 90 ਹਜ਼ਾਰ 32 ਰੁਪਏ ਦਾ ਪੈਟਰੋਲ ਪੀਤਾ। ਇਹ ਤੱਥ ਵੱਖਰਾ ਹੈ ਕਿ ਪੰਜਾਬ ਸਰਕਾਰ ਵਲੋਂ ਮੁੱਖ ਮੰਤਰੀ ਤੇ ਮੰਤਰੀਆਂ ਲਈ ਭਾੜੇ 'ਤੇ ਲਏ ਹੈਲੀਕਾਪਟਰ 'ਤੇ ਵੀ ਪਿਛਲੇ ਤਿੰਨਾਂ ਸਾਲਾਂ ਦੌਰਾਨ 35 ਕਰੋੜ ਰੁਪਏ ਦੇ ਕਰੀਬ ਦਾ ਬੋਝ ਸਰਕਾਰੀ ਖ਼ਜ਼ਾਨੇ 'ਤੇ ਪਾਇਆ ਗਿਆ ਹੈ।

ਮੁੱਖ ਮੰਤਰੀ ਤੋਂ ਬਾਅਦ ਜੇਕਰ ਪੈਟਰੋਲ ਦਾ ਵਿੱਤੀ ਭਾਰ ਸਰਕਾਰੀ ਖ਼ਜ਼ਾਨੇ 'ਤੇ ਪਾਉਣ ਵਿੱਚ ਮੋਹਰੀ ਰਹੇ ਹਨ ਤਾਂ ਉਹ ਹਨ ਰਾਜ ਦੇ ਟਰਾਂਸਪੋਰਟ ਮੰਤਰੀ ਮਾਸਟਰ ਮੋਹਨ ਲਾਲ। 'ਮਾਸਟਰ ਜੀ' ਦੀਆਂ ਸਰਕਾਰੀ ਕਾਰਾਂ ਨੇ ਪਿਛਲੇ ਤਿੰਨਾਂ ਸਾਲਾਂ ਦੇ ਵਕਫ਼ੇ ਦੌਰਾਨ ਇਕ ਕਰੋੜ 3 ਲੱਖ 74 ਹਜ਼ਾਰ 912 ਰੁਪਏ ਦਾ ਪੈਟਰੋਲ ਪੀਤਾ ਜੋ ਬਹੁ-ਗਿਣਤੀ ਮੰਤਰੀਆਂ ਨਾਲੋਂ ਤਕਰੀਬਨ ਦੁੱਗਣਾ ਹੈ। ਇਸ ਤੋਂ ਅਗਲਾ ਨੰਬਰ ਮਾਲ ਮੰਤਰੀ ਅਜੀਤ



ਸਿੰਘ ਕੋਹਾੜ ਦਾ ਆਉਂਦਾ, ਜਿਹਨਾਂ ਦੀਆਂ ਕਾਰਾਂ ਤਿੰਨਾਂ ਸਾਲਾਂ ਦੇ ਅਰਸੇ ਦੌਰਾਨ 76 ਲੱਖ ਰੁਪਏ ਦਾ ਪੈਟਰੋਲ ਛਕ ਗਈਆਂ। ਪੈਟਰੋਲ ਦੇ ਖ਼ਰਚਿਆਂ ਵਿੱਚ ਤੀਸਰੇ ਦਰਜੇ 'ਤੇ ਆਉਂਦੇ ਹਨ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦੀਆਂ ਕਾਰਾਂ ਨੂੰ 71 ਲੱਖ 15 ਹਜ਼ਾਰ 734 ਰੁਪਏ ਦੀ ਖੁਰਾਕ ਮਿਲੀ। ਅਗਲਾ ਨੰਬਰ ਪਸ਼ੂ ਪਾਲਣ ਤੇ ਡੇਅਰੀ ਵਿਕਾਸ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਦਾ ਆਉਂਦਾ ਜਿਹਨਾਂ ਦੀਆਂ ਸਰਕਾਰੀ ਕਾਰਾਂ 70 ਲੱਖ 41 ਹਜ਼ਾਰ ਰੁਪਏ ਦਾ ਪੈਟਰੋਲ ਪੀ ਗਈਆਂ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਅਪਣੇ ਥੋੜ੍ਹੇ ਕਾਰਜਕਾਲ ਦੌਰਾਨ 12 ਲੱਖ 63 ਹਜ਼ਾਰ ਰੁਪਏ ਦਾ ਤੇਲ



ਖ਼ਰਚਿਆ ਤੇ ਸੇਵਾ ਸਿੰਘ ਸੇਖਵਾਂ ਵੀ ਛੋਟੇ ਕਾਰਜਕਾਲ ਵਾਲੇ ਤੇ ਘੱਟ ਤੇਲ ਫੂਕਣ ਵਾਲੇ ਮੰਤਰੀ ਹਨ।

ਤਿੰਨ ਸਾਲਾਂ ਦੇ ਕਾਰਜਕਾਲ ਵਿੱਚ ਜੇਕਰ ਅਸੀਂ ਸਰਕਾਰੀ ਖ਼ਜ਼ਾਨੇ 'ਤੇ ਸਭ ਤੋਂ ਘੱਟ ਤੇਲ ਦੇ ਖ਼ਰਚੇ ਦਾ ਬੋਝ ਪਾਇਆ ਹੈ ਤਾਂ ਉਸ ਸੂਚੀ ਵਿੱਚ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਨਾਮ ਆਉਂਦਾ। ਸੂਚਨਾ ਮੁਤਾਬਕ ਵਿੱਤ ਮੰਤਰੀ ਨੇ ਪਿਛਲੇ ਤਿੰਨ ਸਾਲਾਂ ਦੌਰਾਨ ਸਰਕਾਰੀ ਖ਼ਜ਼ਾਨੇ 'ਤੇ ਪੈਟਰੋਲ ਦਾ ਵਿੱਤੀ ਬੋਝ ਤਾਂ ਪਾਇਆ ਪਰ ਇਹ ਹੋਰਨਾਂ ਸਾਰੇ ਮੰਤਰੀਆਂ ਨਾਲ਼ੋਂ ਘੱਟ ਹੈ। ਵਿੱਤ ਮੰਤਰੀ ਦੀਆਂ ਕਾਰਾਂ ਨੇ ਤਿੰਨ ਸਾਲਾਂ ਦੇ ਸਮੇਂ ਦੌਰਾਨ 20 ਲੱਖ 10 ਹਜ਼ਾਰ 291 ਰੁਪਏ ਦਾ ਪੈਟਰੋਲ ਪੀਤਾ। ਭਾਜਪਾ ਵਿਧਾਇਕ ਦਲ ਦੇ ਨੇਤਾ ਸਥਾਨਕ ਸਰਕਾਰਾਂ ਬਾਰੇ ਵਿਭਾਗ ਦੇ ਮੰਤਰੀ ਮਨੋਰੰਜਨ ਕਾਲੀਆ ਵੀ ਘੱਟ ਤੇਲ ਖ਼ਰਚ ਕਰਨ ਵਾਲਿਆਂ ਵਿੱਚ ਸ਼ਾਮਲ ਹਨ। ਉਹਨਾਂ ਤਿੰਨ ਸਾਲਾਂ ਵਿੱਚ 43 ਲੱਖ ਦਾ ਤੇਲ ਫੂਕਿਆ ਜਦੋਂ ਕਿ ਬਿਕਰਮ ਸਿੰਘ



ਮਜੀਠੀਆ ਜੋ ਦੋ ਸਾਲ ਤੋਂ ਵੀ ਘੱਟ ਸਮਾਂ ਮੰਤਰੀ ਰਹੇ ਨੇ 42 ਲੱਖ ਰੁਪਏ ਦਾ ਤੇਲ ਫੂਕ ਦਿੱਤਾ ਸੀ। ਜਨਮੇਜਾ ਸਿੰਘ ਸੇਖੋਂ, ਹੀਰਾ ਸਿੰਘ ਗਾਬੜੀਆ, ਸੁੱਚਾ ਸਿੰਘ ਲੰਗਾਹ, ਤੀਕਸ਼ਣ ਸੂਦ, ਲਕਸ਼ਮੀ ਕਾਂਤਾ ਚਾਵਲਾ, ਉਪਿੰਦਰਜੀਤ ਕੌਰ, ਪਰਮਿੰਦਰ ਸਿੰਘ ਢੀਡਸਾ, ਰਣਜੀਤ ਸਿੰਘ ਬ੍ਰਹਮਪੁਰਾ ਅਤੇ ਸਵਰਨਾ ਰਾਮ ਅਜਿਹੇ ਮੰਤਰੀ ਹਨ ਜਿਹਨਾਂ ਨੇ 50 ਲੱਖ ਤੋਂ 60 ਲੱਖ ਰੁਪਏ ਦੇ ਦਰਮਿਆਨ ਦਾ ਤੇਲ ਵਰਤਿਆ।



ਪੰਜਾਬ ਸਰਕਾਰ ਵਲੋਂ ਪਵਨ ਹੰਸ ਨਾਮੀ ਜਨਤਕ ਖੇਤਰ ਦੀ ਕੰਪਨੀ ਦਾ ਹੈਲੀਕਾਪਟਰ ਭਾੜੇ 'ਤੇ ਲਿਆ ਹੋਇਆ ਹੈ। ਸੂਤਰਾਂ ਦਾ ਦੱਸਣਾ ਹੈ ਕਿ ਇਸ ਹੈਲੀਕਾਪਟਰ ਦਾ ਸਲਾਨਾ ਖ਼ਰਚਾ 11 ਕਰੋੜ ਤੋਂ 12 ਕਰੋੜ ਦੇ ਦਰਮਿਆਨ ਹੈ। ਇਸ ਤਰ੍ਹਾਂ ਨਾਲ਼ ਸਰਕਾਰ ਨੇ ਕਾਰਾਂ 'ਤੇ ਆਉਂਦੇ ਪਰਚ ਤੋਂ ਇਲਾਵਾ 35 ਕਰੋੜ ਦੇ ਕਰੀਬ ਹੈਲੀਕਾਪਟਰ ਦਾ ਕਿਰਾਇਆ ਵੀ



ਅਦਾ ਕੀਤਾ ਹੈ। ਪੰਜਾਬ ਦੇ ਚੀਫ਼ ਪਾਰਲੀਮਾਨੀ ਸਕੱਤਰ ਅਕਸਰ ਦੁਹਾਈ ਪਾਉਂਦੇ ਹਨ ਕਿ ਉਹਨਾਂ ਦੀ ਕੋਈ ਸੱਦ ਪੁੱਛ ਨਹੀਂ ਹੈ ਪਰ ਇਹਨਾਂ ਚੀਫ਼ ਪਾਰਲੀਮਾਨੀ ਸਕੱਤਰਾਂ ਨੇ ਵੀ 6 ਕਰੋੜ 85 ਲੱਖ 18 ਹਜ਼ਾਰ 478 ਰੁਪਏ ਦਾ ਤੇਲ ਫੂਕਿਆ ਹੈ। ਪੰਜਾਬ ਵਿੱਚ ਇਸ ਵੇਲੇ 13 ਚੀਫ਼ ਪਾਰਲੀਮਾਨੀ ਸਕੱਤਰ ਹਨ। ਇਹ ਜ਼ਿਕਰਯੋਗ ਹੈ ਕਿ ਮੁੱਖ ਮੰਤਰੀ, ਮੰਤਰੀ ਜਾਂ ਪਾਰਲੀਮਾਨੀ ਸਕੱਤਰ 'ਅਨ ਲਿਮਟਿਡ' ਤੇਲ ਖ਼ਰਚ ਕਰ ਸਕਦੇ ਹਨ। ਮੁੱਖ ਮੰਤਰੀ ਤਾਂ ਰਾਜ ਵਿੱਚ ਕਿਧਰੇ ਵੀ ਜਾਣ ਕਾਰਾਂ ਦਾ ਇਕ ਕਾਫ਼ਲਾ ਸੁਰੱਖਿਆ ਦੇ ਪੱਖ ਤੋਂ ਉਹਨਾਂ ਦੇ ਨਾਲ਼ ਜਾਂਦਾ ਹੈ। ਸਰਕਾਰੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਦੀਆਂ ਕਾਰਾਂ 'ਚ 6 ਕਰੋੜ ਤੋਂ ਵੱਧ ਦਾ ਤੇਲ ਛਕ ਗਈਆਂ ਹੋਣਗੀਆਂ ਪਰ ਟਰਾਂਸਪੋਰਟ ਮੰਤਰੀ ਦੀਆਂ ਕਾਰਾਂ ਵਲੋਂ ਇਕ ਕਰੋੜ ਰੁਪਏ ਤੋਂ ਵੱਧ ਦਾ ਖ਼ਰਚ ਕਿਸੇ ਨੂੰ ਵੀ ਹਜ਼ਮ ਨਹੀਂ ਹੋ ਰਿਹਾ।

ਸੂਚਨਾ ਅਧਿਕਾਰ ਕਾਨੂੰਨ ਤਹਿਤ ਰਾਜ ਦੇ ਟਰਾਂਸਪੋਰਟ ਵਿਭਾਗ ਵਲੋਂ ਮੰਤਰੀਆਂ ਨੂੰ ਦਿੱਤੀ ਗਈ 1-1 ਕਾਰ ਦੇ ਪੈਟਰੋਲ ਦਾ ਖ਼ਰਚ ਹੀ ਦੱਸਿਆ ਗਿਆ ਹੈ ਜਦੋਂ ਕਿ ਮੁੱਖ ਮੰਤਰੀ ਤੇ ਮੰਤਰੀਆਂ ਵਲੋਂ ਸੁਰੱਖਿਆ ਲਈ ਮਿਲੇ ਵਾਹਨਾਂ 'ਤੇ ਵੀ ਐਨਾ ਖ਼ਰਚ ਕੀਤਾ ਗਿਆ। ਇਸ ਤੋਂ ਇਲਾਵਾ ਮੰਤਰੀਆਂ ਨੇ ਨਿਗਮਾਂ, ਬੋਰਡਾਂ ਅਤੇ ਡਾਇਰੈਕਟੋਰੇਟ ਦੇ ਦਫ਼ਤਰਾਂ ਵਿੱਚ ਵੀ ਅਣ-ਅਧਿਕਾਰਤ ਤੌਰ 'ਤੇ ਕਾਰਾਂ ਰੱਖੀਆਂ ਹੋਈਆਂ ਹਨ।


**Asian Western Grocery Store**
**8324 - 160 Ave. Edmonton, AB. T5Z 3P1**

**NOW OPEN**

*All indian, Fijian, South African Grocery*

**ਏਸ਼ੀਅਨ ਵੈਸਟ੍ਰਨ ਗਰ੍ਰੋਸਰੀ ਐਂਡ ਮੂਵੀ ਸਟੋਰ**

ਸਾਫ ਸੁਥਰੀ ਅਤੇ ਵਧੀਆ ਗਰ੍ਰੋਸਰੀ, ਵਧੀਆ ਸਬਜ਼ੀਆਂ, ਮੀਟ, ਹਰ ਤਰਾਂ ਦੇ ਭਾਂਡੇ, ਇੰਡੀਆ ਕਾਲ ਕਰਨ ਲਈ ਕਾਰਡ, ਨਵੀਆਂ ਮੂਵੀਆਂ – ਡਰਾਮੇ ਅਤੇ ਸੀਡੀਆਂ ਆਦਿ ਵਾਜਬ ਕੀਮਤ ਤੇ ਲੈਣ ਲਈ ਸਾਡੇ ਸਟੋਰ ਤੇ ਇੱਕ ਗੇੜਾ ਜ਼ਰੂਰ ਮਾਰੋ।











For more information call
Balraj @
780-756-2225
780-660-2061

ਭਾਰਤ ਅੱਜ–ਕੱਲ੍ਹ

# ਦੁਨੀਆ ਦੇਖੇਗੀ ਭਾਰਤ ਦਾ ਖ਼ੂਬਸੂਰਤ ਚਿਹਰਾ

**ਨ ਦ ਬ–ਨਵੀਂ ਦਿੱਲੀ**

ਦੁਨੀਆ ਦੇ ਛੇਵੇਂ ਸਭ ਤੋਂ ਵੱਡੇ ਟਰਮੀਨਲ ਦਾ ਉਦਘਾਟਨ ਕਰਦੇ ਹੋਏ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਿਹਾ, 'ਹਵਾਈ ਅੱਡਾ ਕਿਸੇ ਵੀ ਦੇਸ਼ ਲਈ ਦੁਨੀਆ ਦੇ ਮਹਿਮਾਨਾਂ ਦੀ ਪਹਿਲੀ ਜਾਣ-ਪਛਾਣ ਹੁੰਦੀ ਹੈ ਅਤੇ ਚੰਗਾ ਹਵਾਈ ਅੱਡਾ ਹੋਣ ਨਾਲ ਇਹ ਸੰਕੇਤ ਦੇ ਰਹੇ ਹਾਂ ਕਿ ਭਾਰਤ ਦੁਨੀਆਂ ਦੇ ਮੰਚ 'ਤੇ ਆ ਗਿਆ ਹੈ। ਉਨ੍ਹਾਂ ਕਿਹਾ ਕਿ ਭਾਰਤ ਹੁਣ ਆਧੁਨਿਕ ਅਤੇ ਉਦਯੋਗਿਕ ਮੁਲਕਾਂ ਦੀ ਕਤਾਰ ਵਿਚ ਖੜਾ ਹੋਣ ਲਈ ਵਚਨਬੱਧ ਹੈ।'

ਪ੍ਰਧਾਨ ਮੰਤਰੀ ਵਲੋਂ ਟਰਮੀਨਲ-3 ਨੂੰ ਦੇਸ਼ ਦੇ ਨਾਂ ਸਮਰਪਿਤ ਕੀਤੇ ਜਾਣ ਮੌਕੇ ਰਾਸ਼ਟਰੀ ਸਲਾਹਕਾਰ ਪ੍ਰੀਸ਼ਦ ਦੀ ਪ੍ਰਧਾਨ ਸੋਨੀਆ ਗਾਂਧੀ ਵੀ ਮੌਜੂਦ ਸੀ। ਇਸ ਮੌਕੇ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਪ੍ਰਫੁੱਲ ਪਟੇਲ, ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਅਤੇ ਜੀ.ਐਮ.ਆਰ. ਸਮੂਹ ਦੇ ਮੁਖੀ ਜੀ.ਐਮ. ਰਾਓ ਵੀ ਸਨ। ਸਾਲਾਨਾ ਕਰੀਬ 3.4 ਕਰੋੜ ਯਾਤਰੀ



ਸਮਰੱਥਾ ਵਾਲੇ ਇਸ ਟਰਮੀਨਲ ਤੋਂ ਕੌਮਾਂਤਰੀ ਸੇਵਾਵਾਂ ਦੀ ਸ਼ੁਰੂਆਤ 16 ਜੁਲਾਈ ਤੋਂ ਹੋਵੇਗੀ।

ਇਸ ਮੌਕੇ ਪ੍ਰਧਾਨ ਮੰਤਰੀ ਨੇ ਕਿਹਾ, 'ਇਹ ਪੂਰੇ ਦੇਸ਼ ਲਈ ਵਿਸ਼ੇਸ਼ ਮੌਕਾ ਹੈ। ਟਰਮੀਨਲ-3 ਦਾ ਰਿਕਾਰਡ ਸਮਾਂ (37 ਮਹੀਨੇ) ਵਿਚ ਬਣ ਜਾਣਾ ਸਾਡੇ ਸਾਰਿਆਂ ਲਈ ਮਾਣ ਵਾਲੀ ਗੱਲ ਹੈ। ਇਸ ਪ੍ਰਾਜੈਕਟ ਨੇ ਜਨਤਕ-ਨਿੱਜੀ ਹਿੱਸੇਦਾਰੀ ਦੀ ਸਫਲਤਾ ਨੂੰ ਵੀ ਸਹੀ ਸਿੱਧ ਕੀਤਾ ਹੈ।' ਉਨ੍ਹਾਂ ਕਿਹਾ ਕਿ ਇਸ ਟਰਮੀਨਲ ਦੇ ਨਿਰਮਾਣ ਵਿਚ 58 ਸਰਕਾਰੀ ਏਜੰਸੀਆਂ ਸ਼ਾਮਲ ਸਨ ਅਤੇ ਪ੍ਰਾਜੈਕਟ ਵਿਚ ਸ਼ਾਮਲ ਸਾਰੇ ਲੋਕ ਵਧਾਈ ਦੇ ਪਾਤਰ ਹਨ।

ਸੋਨੀਆ ਗਾਂਧੀ ਨੇ ਕਿਹਾ, 'ਮੈਂ ਬਹੁਤ ਖ਼ੁਸ਼ ਹਾਂ ਕਿ ਇਹ ਟਰਮੀਨਲ ਨਿਸਚਿਤ ਸਮੇਂ ਵਿਚ ਤਿਆਰ ਹੋ ਗਿਆ ਹੈ। ਇਹ ਪੂਰੇ ਦੇਸ਼ ਲਈ ਵੱਡੀ ਕਾਮਯਾਬੀ ਹੈ।' ਉਨ੍ਹਾਂ ਕਿਹਾ ਕਿ ਭਾਰਤ ਨੇ ਦੁਨੀਆ ਨੂੰ ਦਿਖਾ ਦਿੱਤਾ ਹੈ ਕਿ ਅਸੀਂ ਚੰਗੇ ਚੰਗਿਆਂ ਦਾ ਮੁਕਾਬਲਾ ਕਰ ਸਕਦੇ ਹਾਂ।

## ਅਮਰ ਸਿੰਘ ਨੂੰ ਜਯਾ ਭਾਬੀ ਦੇ ਦੂਰ ਹੋਣ ਦਾ ਦੁਖ

**ਨ ਦ ਬ – ਨਵੀਂ ਦਿੱਲੀ**

ਸਮਾਜਵਾਦੀ ਪਾਰਟੀ ਦੇ ਸਾਬਕਾ ਜਨਰਲ ਸਕੱਤਰ ਅਮਰ ਸਿੰਘ 'ਵੱਡੇ ਭਰਾ' ਅਮਿਤਾਭ ਬਚਨ ਅਤੇ ਭਾਬੀ ਜਯਾ ਬਚਨ ਤੋਂ ਦੂਰ ਹੋਣ ਕਾਰਨ ਦੁਖੀ ਹਨ। ਪਰਿਵਾਰ ਨਾਲ ਲੰਡਨ ਗਏ ਅਮਰ ਸਿੰਘ ਨੇ ਆਪਣੇ ਬਲਾਗ 'ਤੇ ਲਿਖਿਆ ਹੈ ਕਿ ਨਾਲ ਦੇ ਹੀ ਅਪਾਰਟਮੈਂਟ ਵਿਚ ਹੀ ਅਮਿਤਜੀ, ਜਯਾ ਜੀ, ਸ਼ਵੇਤਾ, ਨਿਖਿਲ ਅਤੇ ਬੱਚੇ ਠਹਿਰੇ ਹੋਏ ਹਨ, ਇਹ ਪਤਾ ਲੱਗਦੇ ਹੀ ਮੈਂ ਅਮਿਤ ਜੀ ਨੂੰ ਸੂਚਿਤ ਕੀਤਾ। ਉਨ੍ਹਾਂ ਦਾ ਤੁਰੰਤ ਜਵਾਬ ਆਇਆ ਕਿ ਮੈਂ ਤਾਂ ਅੱਜ ਮੁਬੰਈ ਜਾ ਰਿਹਾ ਹਾਂ। ਸਿੰਘ ਨੇ ਆਪਣੇ ਦੁਖ ਨੂੰ ਬਿਆਨ ਕਰਦੇ ਹੋਏ ਲਿਖਿਆ ਕਿ ਆਪਣੇ ਲੰਡਨ ਆਉਣ ਦੀ ਖ਼ਬਰ ਦੇ ਕੇ ਮੈਂ ਆਪਣੀ ਜ਼ਿੰਮੇਵਾਰੀ ਨਿਭਾ ਦਿੱਤੀ। ਬੇਟੀਆਂ ਨੇ ਜਦੋਂ ਪੁੱਛਿਆ ਕਿ ਕੀ ਤਾਈ ਜੀ (ਜਯਾ) ਇਥੇ ਹੀ ਠਹਿਰੇ ਹਨ, ਤਾਂ ਮੈਂ ਚੁੱਪ ਰਿਹਾ। ਉਨ੍ਹਾਂ ਨੇ ਬਲਾਗ ਵਿਚ ਲਿਖਿਆ ਹੈ ਕਿ ਬੇਟੀਆਂ ਨੂੰ ਇਹ ਦੱਸ ਕੇ ਕੀ ਫਾਇਦਾ ਕਿ ਤਾਈ ਜੀ ਹੁਣ ਮੁਲਾਇਮ ਜੀ ਦੇ ਨਾਲ ਹਨ। ਸ਼ਾਇਦ ਲੰਡਨ ਵਿਚ ਉਹ ਅਖੀਲੇਸ਼ ਯਾਦਵ ਅਤੇ ਡਿੰਪਲ ਦੀ ਕੰਪਨੀ ਵਿਚ ਹੋਣ। ਅਮਰ ਨੇ ਲਿਖਿਆ ਹੈ ਕਿ ਇਸ ਹਾਲਤ ਨੂੰ ਦੇਖ ਉਨ੍ਹਾਂ ਦੇ ਦੋਸਤ ਅਤੇ ਬਰਤਾਨੀਆ ਦੇ ਸੰਸਦ ਮੈਂਬਰ ਕੀਥ ਵਾਜ ਨੇ ਉਨ੍ਹਾਂ ਨੇ ਬਰਤਾਨੀਆ ਦੇ ਸਾਬਕਾ ਵਿਦੇਸ਼ ਮੰਤਰੀ ਡੈਵਿਡ ਮਿਲਿਬੈਂਡ ਨੂੰ ਮਿਲਣ ਦੀ ਸਲਾਹ ਦਿੱਤੀ, ਜੋ ਵਿਰੋਧੀ ਦਲ ਦਾ ਨੇਤਾ ਚੁਣੇ ਜਾਣ ਲਈ ਕਿਸੇ ਹੋਰ ਦਾ ਨਹੀਂ ਬਲਕਿ ਆਪਣੇ ਭਰਾ ਦੇ ਵਿਰੋਧ ਦਾ ਹੀ ਸਾਹਮਣਾ ਕਰ ਰਹੇ ਹਨ। ਦੁਖੀ ਹੋਏ ਅਮਰ ਨੇ ਕਿਹਾ ਕਿ ਦਿਓਰ-ਭਾਬੀ ਦੇ ਨੇੜੇ ਰਹਿਣ ਦੇ ਬਾਵਜੂਦ ਰਿਆਸਤੀ ਖ਼ੁਮਾਰ ਇਕ ਦੂਜੇ ਨੂੰ ਮਿਲਣ ਦੀ ਇਜਾਜ਼ਤ ਵੀ ਨਹੀਂ ਦਿੰਦਾ। ਸਿੰਘ ਨੇ ਲਿਖਿਆ ਕਿ ਕਾਸ਼ ਅਮਿਤ ਇਹ ਸਮਝ ਸਕਦੇ ਅਤੇ ਮੇਰੇ ਨਾਲ ਖੜੇ ਨਾ ਹੋਣ ਦਾ ਜੋ ਇਨਾਮ ਸਪਾ ਨੇ ਉਨ੍ਹਾਂ ਨੂੰ (ਜਯਾ) ਰਾਜ ਸਭਾ ਮੈਂਬਰ ਦੇ ਮੁੜ ਚੁਣੇ ਜਾਣ ਵਜੋਂ ਦਿੱਤਾ ਸੀ, ਉਸ ਤੋਂ ਜਯਾ ਜੀ ਨੂੰ ਵਾਂਝਾ ਨਾ ਰੱਖ ਕੇ ਪਰਿਵਾਰਕ ਸ਼ਾਂਤੀ ਨਿਸਚਿਤ ਕਰਦੇ। ਬਚਨ ਪਰਿਵਾਰ ਤੋਂ ਦੂਰ ਹੋਣ ਦਾ ਦੁਖ ਅਮਰ ਨੇ ਬਿਆਨ ਕੀਤਾ ਕਿ ਮੈਂ ਪਰਿਵਾਰ ਵਰਗਾ ਸੀ, ਪਰਿਵਾਰ ਤਾਂ ਨਹੀਂ ਸੀ, ਅਤੇ ਹੁਣ ਨਾ ਹੀ ਪਰਿਵਾਰ ਵਰਗਾ ਬਚਿਆ ਰਹਿਣ ਦੀ ਸੰਭਾਵਨਾ ਦਿਖਾਈ ਦਿੰਦੀ ਹੈ।

## ਟੀ-20 ਸਟਾਇਲ: ਮਾਹੀ ਦੀ ਝੱਟ ਮੰਗਣੀ, ਪੱਟ ਵਿਆਹ

**ਨ ਦ ਬ – ਦੇਹਰਾਦੂਨ**

ਮਾਹੀ ਦਾ ਅਪਣਾ ਸਟਾਇਲ। ਝੱਟ ਮੰਗਣੀ, ਪੱਟ ਵਿਆਹ। ਟੀਮ ਇੰਡੀਆ ਦੇ ਕਪਤਾਨ ਮਹਿੰਦਰ ਸਿੰਘ ਧੋਨੀ ਅਪਨੀ ਮਹਿਲਾ ਦੋਸਤ ਸਾਕਸ਼ੀ ਸਿੰਘ ਰਾਵਤ ਦੇ ਨਾਲ ਝੱਟ ਮੰਗਣੀ ਤੇ ਪੱਟ ਵਿਆਹ ਦੇ ਬੰਧਨ ਵਿਚ ਬੱਝ ਗਏ ਹਨ। ਸ਼ੇਰਵਾਨੀ ਵਿਚ ਸਜੇ ਧੋਨੀ ਦੀ ਨਵੀਂ ਪਾਰੀ ਦੇ ਸਰੀਕ ਬਣੇ ਪਰਿਵਾਰਕ ਮੈਂਬਰ, ਰਿਸ਼ਤੇਦਾਰ ਅਤੇ ਕਰੀਬੀ ਮਿੱਤਰ।



ਮਹਿਮਾਨਾਂ ਦੀ ਗਿਣਤੀ 50-60 ਦੇ ਕਰੀਬ ਰਹੀ, ਪਰੰਤੂ ਸਿਤਾਰਿਆਂ ਦੀ ਕਮੀ ਨਹੀਂ ਸੀ। ਧੋਨੀ ਦੇ ਮਿੱਤਰ ਅਤੇ ਅਭਿਨੇਤਾ ਜੌਨ ਇਬਰਾਹਿਮ, ਕ੍ਰਿਕੇਟਰ ਅਸ਼ੀਸ਼ ਨਹਿਰਾ, ਸੁਰੇਸ਼ ਰੈਨਾ, ਆਰ ਪੀ ਸਿੰਘ, ਪ੍ਰਵੀਨ ਕੁਮਾਰ, ਰੋਹਿਤ ਸ਼ਰਮਾ ਅਤੇ ਪੀਯੂਸ਼ ਚਾਵਲਾ ਨੇ 'ਯਾਰ ਦੇ ਵਿਆਹ' ਵਿੱਚ ਖ਼ੂਬ ਠੁਮਕੇ ਲਾਏ। ਕੋਰੀਓਗ੍ਰਾਫ਼ਰ ਫਰਹਾ ਖ਼ਾਨ ਵੀ ਮੌਜੂਦ ਸੀ।

ਦੇਹਰਾਦੂਨ ਵਿਚ ਸਾਕਸ਼ੀ ਦੇ ਘਰ ਵਿਆਹ ਦੀ ਹਲਚਲ ਸੀ। ਵਿਆਹ ਦਾ ਸਮਾਰੋਹ ਇੱਥੋਂ 25 ਕਿਲੋਮੀਟਰ ਦੂਰ ਬਿਧੋਲੀ ਦੇ ਵਿਸ਼ਰਾਂਤੀ ਰਿਸਾਰਟ ਵਿਚ ਹੋਇਆ। ਇੱਥੇ ਮੀਡੀਆ ਨੂੰ ਦੂਰ ਰੱਖਣ ਲਈ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਸਨ। ਹਾਂ, ਬਿਜਲੀ ਦਾ ਇੰਤਜ਼ਾਮ ਜ਼ਰੂਰ ਫੇਲ੍ਹ ਹੋ ਗਿਆ ਸੀ ਤੇ ਵਿੱਚ-ਵਿੱਚ ਜਨਰੇਟਰ ਦਾ ਸਹਾਰਾ ਲੈਣਾ ਪਿਆ। ਸਚਿਨ ਤੇਂਦੁਲਕਰ, ਵੀਰੇਂਦਰ ਸਹਿਵਾਗ, ਯੁਵਰਾਜ ਸਿੰਘ, ਜਹੀਰ ਅਤੇ ਗੰਭੀਰ ਵਿਆਹ ਵਿੱਚ ਸ਼ਾਮਲ ਨਹੀਂ ਹੋ ਸਕੇ।

**ਕਾਹਲੀ-ਕਾਹਲੀ ਵਿੱਚ ਵਿਆਹ**

**ਦੱਸਿਆ** ਜਾਂਦਾ ਹੈ ਕਿ ਇਹ ਵਿਆਹ ਪਹਿਲਾਂ ਇਸੇ ਸਾਲ ਅਕਤੂਬਰ ਵਿੱਚ ਵਿੱਚ ਹੋਣਾ ਸੀ ਪਰ ਨਿਰਧਾਰਤ ਤੇ ਰੁਝੇ ਹੋਏ ਕ੍ਰਿਕਟ ਪ੍ਰੋਗਰਾਮ ਨੂੰ ਦੇਖਦੇ ਹੋਏ ਇਹ ਵਿਆਹ ਕਾਹਲੀ-ਕਾਹਲੀ ਜੁਲਾਈ ਵਿੱਚ ਹੀ ਕਰਨਾ ਪਿਆ। ਅਗਲੇ 11 ਮਹੀਨਿਆਂ ਤੱਕ ਧੋਨੀ ਕੋਲ ਵਿਆਹ ਲਈ ਸਮਾਂ ਨਹੀ ਸੀ।

## ਨਿਸ਼ਾਨੇ 'ਤੇ ਰਾਸ਼ਟਰ ਮੰਡਲ ਖੇਡਾਂ

**ਨ ਦ ਬ – ਨਵੀਂ ਦਿੱਲੀ** –ਰਾਸ਼ਟਰ ਮੰਡਲ ਖੇਡਾਂ ਦੌਰਾਨ ਅਤਿਵਾਦੀ ਖ਼ਤਰਿਆਂ ਨਾਲ ਸਿੱਝਣ ਲਈ ਪੁਲੀਸ ਜਿਥੇ ਆਪਣੀਆਂ ਤਿਆਰੀਆਂ ਨੂੰ ਅੰਤਿਮ ਛੋਹਾਂ ਦੇ ਰਹੀ ਹੈ, ਉਥੇ ਅਤਿਵਾਦੀ ਸੰਗਠਨ ਵੀ ਦੇਸ਼ ਵਿਚ ਹੋ ਰਹੇ ਹੁਣ ਤੱਕ ਦੇ ਸਭ ਤੋਂ ਵੱਡੇ ਖੇਡ ਮੁਕਾਬਲਿਆਂ ਦੌਰਾਨ ਹਿੰਸਾ ਫੈਲਾਉਣ ਦੀ ਸਾਜ਼ਿਸ਼ ਰਚ ਰਹੇ ਹਨ। ਇਕ ਅਮਰੀਕੀ ਥਿੰਕ ਟੈਂਕ ਅਨੁਸਾਰ ਰਾਸ਼ਟਰ ਮੰਡਲ ਖੇਡਾਂ ਦੌਰਾਨ ਪਾਕਿਸਤਾਨ ਦੀ ਹਮਾਇਤ ਹਾਸਲ ਅਤਿਵਾਦੀ ਸੰਗਠਨਾਂ ਤੋਂ ਖ਼ਤਰਾ ਹੋ ਸਕਦਾ ਹੈ ਅਤੇ ਉਨ੍ਹਾਂ ਦੀ ਖੇਡਾਂ ਦੌਰਾਨ ਹਮਲਾ ਕਰਨ ਦੀ ਸਾਜ਼ਿਸ਼ ਹੋ ਸਕਦੀ ਹੈ। ਟੈਕਟੀਕਲ ਖ਼ੁਫੀਆ ਵਿਭਾਗ ਦੇ ਉਪ ਪ੍ਰਧਾਨ ਸਟ੍ਰਾਟਫੋਰ ਸਕਾਟ ਸਟੀਵਰਟ ਨੇ ਇਹ ਪੁੱਛਣ 'ਤੇ ਹਾਂ ਵਿਚ ਜਵਾਬ ਦਿੱਤਾ ਕਿ ਕੀ ਅਕਤੂਬਰ ਵਿਚ ਹੋਣ ਵਾਲੀਆਂ ਖੇਡਾਂ 'ਤੇ ਅਤਿਵਾਦ ਦਾ ਖ਼ਤਰਾ ਮੰਡਰਾ ਰਿਹਾ ਹੈ। ਸਟੀਵਰਟ ਨੇ ਕਿਹਾ ਕਿ ਹੋ ਸਕਦਾ ਹੈ, ਕਿਉਂਕਿ ਫਰਵਰੀ ਵਿਚ ਪੁਣੇ ਵਿਚ ਹੋਏ ਬੰਬ ਧਮਾਕੇ ਦੇ ਦੋ ਦਿਨ ਬਾਅਦ ਹੀ ਅਲ ਕਾਇਦਾ ਦੇ ਅਤਿਵਾਦੀ ਇਲਿਆਸ ਕਸ਼ਮੀਰੀ ਨੇ ਹਾਕੀ ਵਿਸ਼ਵ ਕੱਪ, ਇੰਡੀਅਨ ਪ੍ਰੀਮੀਅਰ ਲੀਗ ਅਤੇ ਰਾਸ਼ਟਰ ਮੰਡਲ ਖੇਡਾਂ ਨੂੰ ਲੈ ਕੇ ਧਮਕੀ ਦਿੱਤੀ ਸੀ। ਕਸ਼ਮੀਰੀ ਨੇ ਇਨ੍ਹਾਂ ਖੇਡਾਂ ਵਿਚ ਭਾਗ ਲੈਣ ਵਾਲੀਆਂ ਵਿਦੇਸ਼ੀ ਟੀਮਾਂ ਦੇ ਖਿਡਾਰੀਆਂ ਲਈ ਵੀ ਚਿਤਾਵਨੀ ਜਾਰੀ ਕਰਦੇ ਹੋਏ ਕਿਹਾ ਸੀ ਕਿ ਉਹ ਭਾਰਤ ਵਿਚ ਹੋ ਰਹੀਆਂ ਇਨ੍ਹਾਂ ਖੇਡਾਂ ਵਿਚ ਹਿੱਸਾ ਨਾ ਲੈਣ। ਸਟੀਵਰਟ ਨੇ ਕਿਹਾ ਕਿ ਲਸ਼ਕਰੇ ਤੋਇਬਾ ਵਰਗੇ ਅਨੇਕਾਂ ਅਤਿਵਾਦੀ ਸੰਗਠਨ ਹਨ ਜਿਨ੍ਹਾਂ ਦਾ ਭਾਰਤ ਵਿਚ ਹਮਲਾ ਕਰਨ ਵਿਚ ਹਿੱਤ ਹੋ ਸਕਦਾ ਹੈ ਅਤੇ ਹੋ ਸਕਦਾ ਹੈ ਕੋਈ ਹਮਲੇ ਦੀ ਸਾਜ਼ਿਸ਼ ਵੀ ਰਚ ਰਹੇ ਹੋਣ। ਰਾਸ਼ਟਰ ਮੰਡਲ ਖੇਡਾਂ ਵਿਚ 70 ਦੇਸ਼ਾਂ ਦੇ ਖਿਡਾਰੀ ਹਿੱਸਾ ਲੈ ਰਹੇ ਹਨ। ਇਹ ਤਿੰਨ ਤੋਂ 14 ਅਕਤੂਬਰ ਤੱਕ ਰਾਜਧਾਨੀ ਦਿੱਲੀ ਵਿਚ ਹੋਣਗੀਆਂ। ਦਿੱਲੀ ਪੁਲੀਸ ਅਤੇ ਕੇਂਦਰੀ ਸੁਰੱਖਿਆ ਏਜੰਸੀਆਂ ਮਿਲ ਕੇ ਇਨ੍ਹਾਂ ਖੇਡਾਂ ਦੀ ਸੁਰੱਖਿਆ-ਵਿਵਸਥਾ 'ਤੇ ਕੰਮ ਕਰ ਰਹੀਆਂ ਹਨ।

## ਬਿਨਾਂ ਭੋਜਨ, ਪਾਣੀ ਕਿਵੇਂ ਲੜਨਗੇ ਜਵਾਨ

**ਨ ਦ ਬ – ਨਵੀਂ ਦਿੱਲੀ**

ਨਕਸਲ ਪ੍ਰਭਾਵਤ ਇਲਾਕਿਆਂ ਵਿਚ ਮਾਓਵਾਦੀਆਂ ਨਾਲ ਜੂਝਦੇ ਸਮੇਂ ਕਈ ਵਾਰ ਸੀ.ਆਰ.ਪੀ.ਐਫ. ਦੇ ਜਵਾਨਾਂ ਨੂੰ ਭੋਜਨ ਅਤੇ ਪਾਣੀ ਵਰਗੀਆਂ ਬੁਨਿਆਦੀ ਜ਼ਰੂਰਤਾਂ ਦੀ ਵੀ ਘਾਟ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਹ ਜਾਣਕਾਰੀ ਸੀ.ਆਰ.ਪੀ.ਐਫ. ਦੀ ਇਨ ਹਾਊਸ ਮੈਗਜ਼ੀਨ 'ਸੀ.ਆਰ.ਪੀ.ਐਫ. ਸਮਾਚਾਰ' ਦੇ ਦਾਂਤੇਵਾੜਾ ਵਿਸ਼ੇਸ਼ ਅੰਕ ਵਿਚ ਆਈ.ਜੀ. ਆਸ਼ੁਤੋਸ਼ ਸ਼ੁਕਲਾ ਨੇ ਇਕ ਲੇਖ ਵਿਚ ਦਿੱਤੀ ਹੈ। ਉਨ੍ਹਾਂ ਕਿਹਾ ਹੈ ਕਿ ਜਵਾਨਾਂ ਨੂੰ ਔਖੀਆਂ ਪਹਾੜੀਆਂ ਅਤੇ ਜੰਗਲੀ ਇਲਾਕਿਆਂ ਵਿਚ ਲੰਬੀ ਦੂਰੀ ਤੱਕ ਪੈਦਲ ਚੱਲਣਾ ਪੈਂਦਾ ਹੈ, ਜਿਥੇ ਸੜਕੀ ਜਾਂ ਰਸਤਾ ਕੁਝ ਨਹੀਂ ਹੁੰਦਾ। ਤੇਜ਼ ਗਰਮੀ ਦੇ ਨਾਲ ਉਨ੍ਹਾਂ ਅੱਗੇ ਭੋਜਨ ਅਤੇ ਪਾਣੀ ਦੀ ਕਮੀ ਹੁੰਦੀ ਹੈ। ਸੌਂਦੇ ਸਮੇਂ ਮੱਛਰ ਕੱਟਦੇ ਹਨ।

ਨਕਸਲੀਆਂ ਨਾਲ ਹਮਦਰਦੀ ਰੱਖਣ ਵਾਲਿਆਂ ਤੋਂ ਇਲਾਵਾ ਠੇਕੇਦਾਰਾਂ ਅਤੇ ਸਰਕਾਰੀ ਕਰਮਚਾਰੀਆਂ ਨੂੰ ਧਮਕੀ, ਵਿਕਾਸ ਕਾਰਜਾਂ ਨੂੰ ਨੁਕਸਾਨ ਅਤੇ ਅੰਤਰਰਾਜੀ ਸਰਹੱਦਾਂ ਵਿਚ ਕੰਮ ਕਰਨਾ ਵੱਖਰੀ ਚੁਣੌਤੀ ਹੁੰਦੀ ਹੈ। ਨਕਸਲੀਆਂ ਨਾਲ ਲੋਹਾ ਲੈ ਰਹੇ ਸੀ.ਆਰ.ਪੀ.ਐਫ. ਨੂੰ ਹਾਲ ਵਿਚ ਕਾਫ਼ੀ ਨੁਕਸਾਨ ਝੱਲਣਾ ਪਿਆ ਹੈ।

**ਆਜ਼ਾਦ ਮਾਰਿਆ ਗਿਆ**

ਆਦਿਲਾਬਾਦ-ਪ੍ਰਮੁਖ ਮਾਓਵਾਦੀ ਨੇਤਾ ਚੇਰੂਕੁਰੀ ਰਾਜਕੁਮਾਰ ਉਰਫ ਆਜ਼ਾਦ ਸਮੇਤ ਤਿੰਨ ਨਕਸਲੀ ਆਂਧਰਾ ਪ੍ਰਦੇਸ਼ ਪੁਲੀਸ ਨਾਲ ਮੁਠਭੇੜ ਵਿਚ ਮਾਰੇ ਗਏ। ਪੁਲੀਸ ਮੁਤਾਬਕ 50 ਸਾਲਾ ਆਜ਼ਾਦ ਸੀ.ਪੀ.ਆਈ. (ਮਾਓ) ਦੀ ਕੇਂਦਰੀ ਕਮੇਟੀ ਦਾ ਮੈਂਬਰ ਅਤੇ ਬੁਲਾਰਾ ਸੀ। ਕੁਝ ਮਾਓਵਾਦੀਆਂ ਦੇ ਮਹਾਂਰਾਸ਼ਟਰ ਤੋਂ ਆਂਧਰਾ ਵਿਚ ਆਉਣ ਦੀ ਸੂਚਨਾ 'ਤੇ ਪੁਲੀਸ ਨੇ ਆਦਿਲਾਬਾਦ ਜ਼ਿਲੇ ਦੇ ਵਨਖਿੜੀ ਜੰਗਲਾਂ ਵਿਚ ਤਲਾਸ਼ੀ ਮੁਹਿੰਮ ਵਿੱਢੀ, ਜਿਥੇ ਦੇਰ ਰਾਤ ਨਕਸਲੀਆਂ ਨਾਲ ਪੁਲੀਸ ਟੀਮ ਦਾ ਸਾਹਮਣਾ ਹੋਇਆ।

# ਭਾਰਤ 'ਚ ਅਣਖ ਦੇ ਨਾਂ 'ਤੇ ਹੁੰਦੇ ਹਨ ਹਰ ਵਰ੍ਹੇ 1000 ਕਤਲ

**ਨ ਦ ਬ – ਲੰਡਨ**

ਭਾਰਤ ਵਿਚ ਹਰ ਸਾਲ ਦੇ ਨਾਂ 'ਤੇ 1000 ਤੋਂ ਵੱਧ ਕਤਲ ਕੀਤੇ ਜਾਂਦੇ ਹਨ। ਇਥੇ ਦੇ ਕਾਨੂੰਨ ਮਾਹਰਾਂ ਨੇ ਦਾਅਵਾ ਕੀਤਾ ਅਤੇ ਸੁਝਾਅ ਦਿੱਤਾ ਕਿ ਭਾਰਤ ਨੂੰ ਇਹਨਾਂ ਘਿਨਾਉਣੇ ਅਪਰਾਧਾਂ ਨੂੰ ਠੱਲ੍ਹ ਪਾਉਣ ਲਈ ਸਖ਼ਤ ਕਾਨੂੰਨ ਬਣਾਉਣ ਦੀ ਲੋੜ ਹੈ।

ਲੰਡਨ ਮੈਟਰੋਪੋਲੀਟਨ ਯੂਨੀਵਰਸਿਟੀ ਵਲੋਂ ਬਾਲ ਅਗਵਾ, ਜ਼ਬਰੀ ਵਿਆਹਾਂ ਬਾਰੇ ਕਾਰਵਾਈ ਕੌਮਾਂਤਰੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਚੰਡੀਗੜ੍ਹ ਦੇ ਕਾਨੂੰਨੀ ਮਾਹਿਰ ਅਨਿਲ ਮਲਹੋਤਰਾ ਅਤੇ ਉਸਦੇ ਭਰਾ ਰਣਜੀਤ ਮਲਹੋਤਰਾ ਨੇ ਕਿਹਾ ਕਿ ਪ੍ਰੰਪਰਾ ਵਾਦੀ ਸਮਾਜਾਂ ਅੰਦਰ ਅਣਖ ਦੇ ਨਾਂ 'ਤੇ ਕੀਤੇ ਜਾਂਦੇ ਕਤਲਾਂ ਨੂੰ ਮਾਨਤਾ ਦਿੱਤੀ ਜਾਂਦੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿੱਚ ਇਹ ਵਰਤਾਰਾ ਆਮ ਚਲਦਾ ਹੈ। ਇਹ ਮੁਸਲਿਮ ਭਾਈਚਾਰੇ ਵਿੱਚ ਹੀ ਨਹੀਂ, ਸਗੋਂ ਸਿੱਖਾਂ ਅਤੇ ਹਿੰਦੂਆਂ ਵਿੱਚ ਵੀ ਚਲਦਾ ਹੈ। ਹਾਲਾਂਕਿ ਭਾਰਤ ਵਿੱਚ ਅਣਖ ਦੇ ਨਾਂ 'ਤੇ ਕੀਤੇ ਜਾਂਦੇ ਕਤਲਾਂ ਬਾਰੇ ਦੇਸ਼ ਵਿਆਪੀ ਅੰਕੜੇ ਨਹੀਂ ਮਿਲਦੇ, ਪਰ ਉਹਨਾਂ ਭਾਰਤੀ ਜਨਵਾਦੀ ਇਸਤਰੀ ਸਭਾ ਵਲੋਂ ਇਕੱਤਰ ਕੀਤੇ ਅੰਕੜਿਆਂ ਦਾ ਹਵਾਲਾ ਦਿੱਤਾ, ਜਿਹਨਾਂ ਮੁਤਾਬਕ ਹਰਿਆਣਾ, ਪੰਜਾਬ ਅਤੇ ਉੱਤਰ ਪ੍ਰਦੇਸ਼ ਵਿੱਚ ਲਗਭੱਗ 900 ਕਤਲ ਹੁੰਦੇ ਹਨ, ਜਦਕਿ 100 ਤੋਂ 300 ਕਤਲ ਬਾਕੀ ਭਾਰਤ ਵਿੱਚ ਕੀਤੇ ਜਾਂਦੇ ਹਨ।

ਉਹਨਾਂ ਕਿਹਾ ਕਿ ਭਾਰਤ ਵਿੱਚ ਅਣਖ ਦੇ ਨਾਂ 'ਤੇ ਕੀਤੇ ਜਾਂਦੇ ਕਤਲਾਂ ਦੀ ਕੁੱਲ ਸੰਖਿਆ ਵੀ ਓਨੀ ਹੈ ਜਿੰਨੀ ਖੋਜਕਾਰ ਪਾਕਿਸਤਾਨ ਲਈ ਮੰਨਦੇ ਹਨ, ਜਿੱਥੇ ਦੁਨੀਆ ਦੀ ਸਭ ਤੋਂ ਵੱਧ ਅਣਖ ਦੇ ਨਾਂ 'ਤੇ ਕੀਤੇ ਹੁੰਦੇ ਮੰਨੇ ਜਾਂਦੇ ਹਨ। ਉਹਨਾਂ ਕਿਹਾ ਕਿ ਗ੍ਰਹਿ ਮਾਮਲੇ ਅਤੇ ਕਾਨੂੰਨ ਤੇ ਨਿਆਂ ਮੰਤਰਾਲੇ ਅਣਖ ਦੇ ਨਾਂ 'ਤੇ ਕੀਤੇ ਜਾਂਦੇ ਕਤਲਾਂ ਨੂੰ ਪ੍ਰਭਾਸ਼ਤ ਕਰਨ ਲਈ ਭਾਰਤੀ ਦੰਡ ਵਿਧਾਨ ਨੂੰ ਸੋਧਣ ਦੀ ਤਿਆਰੀ ਕਰ ਰਹੇ ਹਨ। ਉਹਨਾਂ ਕਿਹਾ ਕਿ ਭਾਰਤ ਦੀ ਸੁਪਰੀਮ ਕੋਰਟ ਨੇ ਹਾਲ ਹੀ ਵਿੱਚ ਅਣਖ ਦੇ ਨਾਂ 'ਤੇ ਹੋਏ ਕਤਲਾਂ 'ਤੇ ਚਿੰਤਾ ਪ੍ਰਗਟ ਕਰਦਿਆਂ ਕੇਂਦਰ ਅਤੇ ਅੱਠ ਸੂਬਾਈ ਸਰਕਾਰਾਂ ਨੂੰ ਇਸ ਵਹਿਸ਼ੀ ਕਾਰੇ ਨੂੰ ਰੋਕਣ ਲਈ ਚੁੱਕੇ ਕਦਮਾਂ ਬਾਰੇ ਜਾਣਕਾਰੀ ਦੇਣ ਲਈ ਕਿਹਾ ਹੈ।

ਸ੍ਰੀ ਅਨਿਲ ਮਲਹੋਤਰਾ ਨੇ 'ਦੇਸ਼ਾਂ ਵਿਚਕਾਰ ਮਾਪਿਆਂ ਤੇ ਬੱਚਿਆਂ ਦੇ ਵਿਛੋੜੇ ਅਤੇ ਕਾਨੂੰਨ' ਬਾਰੇ ਇਕ ਵੱਖਰੇ ਪੇਪਰ ਵਿੱਚ ਕਿਹਾ ਕਿ 130 ਦੇਸ਼ਾਂ ਵਿੱਚ ਵਸਦੇ 3 ਕਰੋੜ ਤੋਂ ਵੱਧ ਪਰਵਾਸੀ ਭਾਰਤੀ ਭਾਈਚਾਰੇ ਵਿੱਚ ਬੱਚਿਆਂ ਨੂੰ ਲੈ ਕੇ ਮਾਪਿਆਂ ਦਰਮਿਆਨ ਵੱਡੇ ਪੱਧਰ 'ਤੇ ਝਗੜੇ ਚਲਦੇ ਹਨ।



# ਵਿਸ਼ਵ ਅੱਜ-ਕੱਲ੍ਹ

ਜੰਗ ਦੀ ਮਾਰ

# ਅਮਰੀਕਾ ਵੱਲੋਂ ਅਫਗਾਨਿਸਤਾਨ 'ਚ ਸੁੱਟੇ ਬੰਬਾਂ ਦਾ ਸੇਕ ਭਾਰਤ ਤੱਕ ਪੁੱਜਿਆ

## ਉੱਤਰੀ ਭਾਰਤ 'ਚ ਯੂਰੇਨੀਅਮ ਤੇ ਹੋਰ ਧਾਤਾਂ ਦੀ ਮਾਤਰਾ ਖ਼ਤਰਨਾਕ ਹੱਦ ਤੱਕ ਵਧੀ



**ਨ ਦ ਬ – ਚੰਡੀਗੜ੍ਹ**

ਜਰਮਨੀ ਦੀ ਵਿਸ਼ਵ ਪ੍ਰਸਿੱਧ ਲੈਬਾਰਟਰੀ ਨੇ ਅਪਣੀ ਜਾਂਚ ਰਿਪੋਰਟ 'ਚ ਖੁਲਾਸਾ ਕੀਤਾ ਹੈ ਕਿ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਰਾਜਸਥਾਨ ਆਦਿ ਦੇ ਸੂਬੇ ਯੂਰੇਨੀਅਮ ਦੇ ਪ੍ਰਭਾਵ ਹੇਠ ਹਨ ਅਤੇ ਇਸ ਕਰਕੇ ਇਸ ਖਿੱਤੇ ਵਿੱਚ ਵੱਸਣ ਵਾਲੇ ਲੋਕਾਂ, ਪਸ਼ੂ-ਪੰਛੀਆਂ ਅਤੇ ਚੌਗਿਰਦੇ ਨੂੰ ਵੱਡਾ ਖ਼ਤਰਾ ਹੈ। ਮਾਈਕ੍ਰੋਟਰੇਸ ਮਿਨਰਲ ਲੈਬ ਹਰਸ਼ਬਰਗ ਨਾਮੀ ਜਰਮਨ ਲੈਬਾਰਟਰੀ ਨੇ ਮਈ 2008 ਵਿੱਚ 150 ਵਿਅਕਤੀਆਂ ਦੇ ਵਾਲਾਂ , ਧਰਤੀ ਅਤੇ ਪਾਣੀ ਦੇ ਸੈਂਪਲ ਲਏ ਸਨ ਜਿਸ ਉਪਰੰਤ ਇਹ ਖੁਲਾਸਾ ਕੀਤਾ ਗਿਆ ਹੈ। ਬਾਬਾ ਫਰੀਦ ਸੈਂਟਰ ਫਾਰ ਸਪੈਸ਼ਲ ਚਿਲਡਰਨ ਵਿੱਚ ਜੱਗ-ਜ਼ਾਹਰ ਕੀਤਾ ਗਿਆ ਹੈ ਅਤੇ ਇਸ ਦੀ ਜਾਣਕਾਰੀ ਦਿੱਤੀ ਗਈ। ਸੈਂਟਰ ਸੰਚਾਲਕ ਪ੍ਰਿਤਪਾਲ ਸਿੰਘ, ਰਾਜਿੰਦਰਾ ਮੈਡੀਕਲ ਕਾਲਜ ਦੇ ਡਾ. ਅਮਰ ਸਿੰਘ ਆਜ਼ਾਦ, ਡਾ. ਅਮਨ ਵਿਸ਼ਵਨਾਥ ਮੋਗਲ ਮਹਾਰਾਸ਼ਟਰ ਨੇ ਦੱਸਿਆ ਕਿ ਮਨੁੱਖੀ ਸਰੀਰ ਵਿੱਚ ਯੂਰੇਨੀਅਮ, ਸਿੱਕਾ, ਕੈਡੀਅਮ, ਐਲੂਮੀਨੀਅਮ, ਸਟੋਰਸ਼ੀਅਮ ਆਦਿ ਦੀ ਵੱਡੀ ਮਾਤਰਾ ਵਿੱਚ ਮੌਜੂਦ ਸਨ, ਜਿਸ ਨਾਲ਼ ਪੂਰੀ ਸੱਭਿਅਤਾ ਖ਼ਤਰੇ ਵਿੱਚ ਹੈ। ਡਾਕਟਰਾਂ ਨੇ ਇਹ ਖੁਲਾਸੇ ਦੌਰਾਨ ਦੱਸਿਆ ਕਿ ਮਨੁੱਖੀ ਸੱਭਿਅਤਾ ਦੇ ਖ਼ਤਮ ਹੋਣ ਦੇ ਆਸਾਰ ਬਣ ਰਹੇ ਹਨ।

ਰਿਪੋਰਟ ਵਿੱਚ ਪਿੰਡ ਖੂੱਬਣ ਜ਼ਿਲ੍ਹਾ ਫਿਰੋਜਪੁਰ ਦੇ ਹੈਰਾਨੀਜਨਕ ਸਿੱਟੇ ਸਾਹਮਣੇ ਆਏ ਹਨ ਜਿੱਥੇ ਇੱਕ ਪਰਿਵਾਰ 'ਚ 60 ਗੁਣਾ ਜ਼ਿਆਦਾ ਯੂਰੇਨੀਅਮ ਪਾਇਆ ਗਿਆ ਹੈ।



ਇਸੇ ਤਰ੍ਹਾਂ ਪਿੰਡ ਦੇ ਪਾਣੀ ਵਿੱਚ ਵੀ ਯੂਰੇਨੀਅਮ ਦੀ ਬਹੁਤਾਤ ਦਿਖਾਈ ਦੇ ਰਹੀ ਹੈ। ਇਸ ਰਿਪੋਰਟ ਨੂੰ ਤਿਆਰ ਕਰਨ ਲਈ ਇਕੱਤਰ ਕੀਤੇ ਗਏ ਨਮੂਨੇ 3 ਸਾਲ ਦੇ ਬੱਚੇ ਤੋਂ ਲੈ ਕੇ 70 ਸਾਲ ਤੱਕ ਦੇ ਵਿਅਕਤੀ ਲਏ ਗਏ ਸਨ ਅਤੇ ਇਹਨਾਂ ਵਿੱਚ ਬਹੁਤੇ ਵਿਅਕਤੀ ਉਹ ਸਨ ਜਿਹੜੇ ਵੇਖਣ ਵਿੱਚ ਆਮ ਲੱਗਦੇ ਸਨ। ਡਾ. ਅਮਰ ਸਿੰਘ ਆਜ਼ਾਦ ਅਤੇ ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਯੂਰੇਨੀਅਮ ਦੀ ਏਨੀ ਮਾਤਰਾ ਮਨੁੱਖੀ ਸਰੀਰ ਵਿੱਚ ਹੋਣ ਦਾ ਮੁੱਖ ਕਾਰਨ ਅਮਰੀਕਾ ਵੱਲੋਂ ਅਫਗਾਨਿਸਤਾਨ ਅਤੇ ਇਰਾਕ ਵਿੱਚ ਵਰਤੇ ਗਏ ਮਾਰੂ ਹਥਿਆਰ ਅਤੇ ਬੰਕਰ ਤੋੜਨ ਲਈ ਵਰਤਿਆ ਗਿਆ ਯੂਰੇਨੀਅਮ ਹੈ, ਜਿਸ ਨੇ ਇੱਕ ਹਜ਼ਾਰ ਕਿਲੋਮੀਟਰ ਤੱਕ ਦੇ ਵਾਤਾਵਰਣ ਨੂੰ ਅਪਣੀ ਲਪੇਟ ਵਿੱਚ ਲਿਆ ਹੈ। ਡਾਕਟਰਾਂ ਨੇ ਇਹ ਵੀ ਖੁਲਾਸਾ ਕੀਤਾ ਕਿ ਅਮਰੀਕਾ ਵੱਲੋ ਜਪਾਨੀ ਸ਼ਹਿਰਾਂ ਹੀਰੋਸ਼ੀਮਾ ਤੇ ਨਾਗਾਸਾਕੀ ਵਿੱਚ ਵਰਤੇ ਗਏ ਬੰਬਾਂ ਤੋਂ ਢਾਈ ਗੁਣਾ ਜ਼ਿਆਦਾ ਰੇਡੀਓਐਕਟਿਵ ਇਹਨਾਂ ਜੰਗਾਂ ਵਿੱਚ ਵਰਤਿਆ ਗਿਆ ਪਰੰਤੂ ਇਸ ਨੂੰ ਵਰਤਣ ਦਾ ਤਰੀਕਾ ਅਲੱਗ ਸੀ, ਜਿਸ ਕਰਕੇ ਇਸ ਦੇ ਪ੍ਰਭਾਵ ਕੁੱਝ ਸਮੇਂ ਬਾਅਦ ਪੈਣ ਲੱਗੇ ਹਨ।

ਉਹਨਾਂ ਆਖਿਆ ਕਿ ਅਮਰੀਕਾ ਨੇ ਅਫਗਾਨਿਸਤਾਨ ਵਿੱਚ ਜੰਗ ਦੌਰਾਨ ਵਰਤੇ ਯੂਰੇਨੀਅਮ ਦੀ ਗੱਲ ਅਪਣੀ ਫ਼ੌਜ ਸਮੇਤ ਬਾਕੀ ਦੁਨੀਆ ਤੋਂ ਵੀ ਛੁਪਾ ਕੇ ਰੱਖੀ ਸੀ ਪਰੰਤੂ ਹੁਣ ਅਮਰੀਕਾ ਦੀ ਇਹ ਗੱਲ ਸਾਰੀ ਦੁਨੀਆ ਸਾਹਮਣੇ ਹੈ। ਇਸ ਰਿਪੋਰਟ 'ਤੇ ਪ੍ਰਤੀਕਰਮ ਦਿੰਦਿਆਂ ਡਾਕਟਰਾਂ ਨੇ ਆਖਿਆ ਕਿ ਇਸ ਨਾਲ਼ ਚਮੜੀ ਦੇ ਰੋਗ, ਕੈਂਸਰ, ਗੁਰਦੇ ਖ਼ਰਾਬ ਹੋਣੇ, ਨਿਪੁੰਸਕਤਾ, ਬਾਂਝਪਣ, ਦਿਮਾਗੀ ਅਪਾਹਜਤਾ ਵਰਗੇ ਗੰਭੀਰ ਰੋਗ ਮਨੁੱਖੀ ਸਰੀਰ 'ਤੇ ਅਸਰ ਕਰਨਗੇ। ਉਹਨਾਂ ਇਹ ਵੀ ਆਖਿਆ ਕਿ ਇੱਕ-ਇੱਕ ਪਿੰਡ ਵਿੱਚ 20-20 ਜੋੜਿਆ ਦਾ ਬੇਔਲਾਦ ਹੋਣਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ। ਡਾ. ਅਮਨ ਵਿਸ਼ਵਨਾਥ ਨੇ ਆਖਿਆ ਕਿ ਜੇ ਇਸ ਭਿਆਨਕ ਸਥਿੱਤੀ ਉੱਪਰ ਸਰਕਾਰ ਨੇ ਕਾਬੂ ਨਾ ਪਾਇਆ ਤਾਂ ਹਰ ਪਿੰਡ ਜਾਂ ਗਲੀ-ਮੁਹੱਲੇ ਵਿੱਚ ਸਿਹਤਮੰਦ ਬੱਚੇ ਨਹੀਂ ਬਲਕਿ ਮੰਦਬੁੱਧੀ ਬੱਚੇ ਖੇਡਦੇ ਨਜ਼ਰ ਆਉਣਗੇ। ਉਹਨਾਂ ਨੇ ਦੱਸਿਆ ਕਿ ਉਹਨਾਂ ਦੇ ਸਰਵੇ ਅਨੁਸਾਰ ਕਈ ਪਿੰਡਾਂ ਵਿੱਚ 100 ਦੇ ਕਰੀਬ ਬੱਚੇ ਮੰਦਬੁੱਧੀ ਹਨ ਅਤੇ ਇੱਕ ਪਿੰਡ ਵਿੱਚ ਇਹਨਾਂ ਬੱਚਿਆਂ ਦੀ ਏਨੀ ਗਿਣਤੀ ਮਨੁੱਖੀ ਸੱਭਿਅਤਾ ਦੇ ਖ਼ਾਤਮੇ ਵੱਲ ਇਸ਼ਾਰਾ ਕਰਦੀ ਹੈ।

ਰਿਪੋਰਟ ਵਿੱਚ ਇਹ ਵੀ ਖੁਲਾਸਾ ਕੀਤਾ ਗਿਆ ਕਿ ਯੂਰੇਨੀਅਮ ਅਤੇ ਬਾਕੀ ਧਾਤਾਂ ਲੱਗਭੱਗ ਹਰ ਮਨੁੱਖ 'ਚ ਮੌਜੂਦ ਹਨ ਅਤੇ ਭਿਆਨਕ ਬੀਮਾਰੀਆਂ ਦਾ ਬੀਜ ਉਸ ਦੇ ਸਰੀਰ ਅੰਦਰ ਹੈ ਅਤੇ ਉਹ ਕਿਸੇ ਵੀ ਸਮੇਂ ਵੱਖ-ਵੱਖ ਰੂਪ ਵਿੱਚ ਫੁੱਟਣਾ ਸ਼ੁਰੂ ਹੋ ਸਕਦਾ ਹੈ। ਇਹ ਰਿਪੋਰਟ ਦੱਖਣੀ ਅਫਰੀਕਾ ਦੀ ਡਾਕਟਰ ਕੈਰਨ ਸਮਿੱਥ ਨੇ 3 ਕਰੋੜ ਰੁਪਏ ਇਕੱਤਰ ਕਰਕੇ ਤਿਆਰ ਕਰਵਾਈ ਹੈ ਜਿਸ ਨੂੰ ਜੱਗ-ਜ਼ਾਹਰ ਕੀਤਾ ਗਿਆ ਹੈ। ਸਿੱਕਾ ਜੋ ਮਨੁੱਖੀ ਸਰੀਰ ਵਿੱਚ 3 ਪੀ.ਪੀ.ਐਮ. ਹੋਣਾ ਚਾਹੀਦਾ ਹੈ ਉਹ 84 ਪੀ.ਪੀ.ਐਮ ਤੱਕ ਪਾਇਆ ਗਿਆ ਹੈ। ਇਸੇ ਤਰ੍ਹਾਂ ਐਲੂਮੀਨੀਅਮ 56 ਪੀ.ਪੀ.ਐਮ ਤੱਕ ਪਾਇਆ ਗਿਆ ਹੈ ਜਦੋਂ ਕਿ ਇਹ 9 ਪੀ.ਪੀ. ਐਮ. ਹੋਣਾ ਚਾਹੀਦਾ ਹੈ। ਯੂਰੇਨੀਅਮ ਜੋ ਕਿ 0.1 ਹੋਣਾ ਚਾਹੀਦਾ ਹੈ ਇਹ 7 ਪੁਆਇਟ ਪਾਇਆ ਗਿਆ ਹੈ, ਜੋ ਕਿ 70 ਗੁਣਾ ਜ਼ਿਆਦਾ ਬਣਦਾ ਹੈ। ਲੈਬਾਰਟਰੀ ਵੱਲੋਂ ਭੇਜੀ ਗਈ ਰਿਪੋਰਟ ਮੁਤਾਬਿਕ ਜਾਂਚ ਕੀਤੇ ਗਏ ਵਿਅਕਤੀਆਂ ਦੇ ਘਰੋਂ ਲਏ ਗਏ ਪਾਣੀ ਦੇ ਨਮੂਨਿਆਂ ਵਿੱਚ ਵੀ ਉਪਰੋਕਤ ਧਾਤਾਂ ਦੀ ਮਾਤਰਾ ਬਹੁਤ ਜ਼ਿਆਦਾ ਪਾਈ ਗਈ ਹੈ। ਪ੍ਰਿਤਪਾਲ ਸਿੰਘ ਨੇ ਆਖਿਆ ਕਿ ਇਹਨਾਂ ਧਾਤਾਂ ਦੇ ਅਸਰ ਇੰਨੇ ਮਾਰੂ ਹਨ ਕਿ ਕੁੱਝ ਹੀ ਸਮੇਂ ਵਿੱਚ ਚਿੜੀਆਂ ਦੀਆਂ 7 ਹਜ਼ਾਰ ਨਸਲਾਂ ਖ਼ਤਮ ਹੋ ਗਈਆਂ ਹਨ ਅਤੇ ਧਰਤੀ ਹੇਠਲੇ ਮਿੱਤਰ ਕੀੜੇ ਅਤੇ ਮਧੂ-ਮੱਖੀਆਂ ਵੀ ਇਸ ਬੁਰੇ ਪ੍ਰਭਾਵ ਤੋਂ ਬਚ ਨਹੀਂ ਸਕੀਆਂ।



# ਸੀ ਆਈ ਏ ਚੀਫ ਦਾ ਖੁਲਾਸਾ–ਬਿਨ ਲਾਦੇਨ ਨੂੰ ਫੜ੍ਹਨ ਲਈ ਵਰਤੇ ਜਾ ਰਹੇ ਤਰੀਕੇ ਹੋਏ ਪੁਰਾਣੇ

**ਨ ਦ ਬ – ਵਾਸ਼ਿੰਗਟਨ**

ਕਈ ਸਾਲਾਂ ਤੋਂ ਅਮਰੀਕੀ ਖੁਫ਼ੀਆ ਏਜੰਸੀਆਂ ਅਲਕਾਇਦਾ ਮੁਖੀ ਓਸਾਮਾ ਬਿਨ ਲਾਦੇਨ ਦੀ ਸੂਹ ਲਾਉਣ ਦੀ ਨਾਕਾਮ ਕੋਸ਼ਿਸ਼ ਕਰ ਰਹੀਆਂ ਹਨ, ਪਰ ਸੀ ਆਈ ਏ ਦੇ ਡਾਇਰੈਕਟਰ ਲੀਉਨ ਪਨੈਟਾ ਨੇ ਖ਼ੁਲਾਸਾ ਕੀਤਾ ਹੈ ਕਿ ਤਾਲਿਬਾਨ ਨੂੰ ਨੱਥ ਪਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਤਾਲਿਬਾਨ ਹੋਰ ਸ਼ਕਤੀਸ਼ਾਲੀ ਹੁੰਦੇ ਜਾ ਰਹੇ ਹਨ ਅਤੇ ਬੀਤੇ 9 ਸਾਲਾਂ ਤੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਹੁਣ ਸੁਸਤ ਹੁੰਦੀਆਂ ਮਹਿਸੂਸ ਹੋਣ ਲੱਗ ਪਈਆਂ ਹਨ। ਇਕ ਇੰਟਰਵਿਊ ਵਿੱਚ ਬੋਲਦਿਆਂ ਪਨੈਟਾ ਨੇ ਇਹ ਵਿਚਾਰ ਪ੍ਰਗਟਾਏ ਪਰ ਇਹ ਪੁੱਛੇ ਜਾਣ 'ਤੇ ਕਿ ਕੀ ਤਾਲਿਬਾਨ ਖਿਲਾਫ਼ ਅਮਰੀਕਾ ਨੇ ਇਹ ਜੰਗ ਜਿੱਤ ਲਈ ਹੈ ਜਾਂ ਨਹੀਂ? ਇਸ ਸਵਾਲ ਦਾ ਪਨੈਟਾ ਕੋਈ ਜਵਾਬ ਨਹੀਂ ਦੇ ਸਕੇ। ਬੀਤੇ ਦਿਨੀਂ ਬਰਾਕ ਓਬਾਮਾ ਵਲੋਂ ਜਨਰਲ ਸਟੈਨਲੇ ਸੈਕਕ੍ਰਿਸਟਲ ਦੀ ਅਫ਼ਗਾਨਿਸਤਾਨ ਮਿਸ਼ਨ ਦੇ ਕਮਾਂਡਰ ਵਜੋਂ ਛੁੱਟੀ ਕਰਕੇ, ਜਨਰਲ ਡੇਵਿਡ ਪੀਟਰੌਸ ਦੀ ਨਿਯੁਕਤੀ ਨੇ ਕਈ ਸਵਾਲ ਖੜੇ ਕਰ ਦਿੱਤੇ ਹਨ। ਇਸਦੇ ਚਲਦੇ ਵਿਰੋਧੀ ਪਾਰਟੀ ਅਤੇ ਸੱਤਾਧਾਰੀ ਵੀ ਹੁਣ ਇਸ ਜੰਗ ਦੇ ਆਖਰੀ ਸਿੱਟੇ ਸਬੰਧੀ ਜਵਾਬ ਤਲਬ ਕਰਨ ਲੱਗ ਪਏ ਹਨ। ਪਨੈਟਾ ਮੁਤਾਬਕ ਸਾਲ 2000 ਤੋਂ ਹੁਣ ਤੱਕ ਅਮਰੀਕੀ ਅਧਿਕਾਰੀ ਕਦੀ ਵੀ ਬਿਨ ਲਾਦੇਨ ਦੇ ਸਹੀ ਠਿਕਾਣੇ ਦਾ ਪਤਾ ਨਹੀਂ ਲਾ ਸਕੇ। ਉਹਨਾਂ ਨੂੰ ਕਦੀ ਵੀ ਨਹੀਂ ਸੀ ਪਤਾ ਕਿ ਉਹ ਕਿੱਥੇ ਹੈ ਤੇ ਹੁਣ ਵੀ ਨਹੀਂ ਪਤਾ।



ਪਨੈਟਾ ਮੁਤਾਬਕ ਬੀਤੇ ਕੁੱਝ ਮਹੀਨਿਆਂ ਦੌਰਾਨ ਅਮਰੀਕੀ ਨੀਤੀ ਵਿੱਚ ਆਈ ਤਬਦੀਲੀ ਕਾਰਣ ਕੁੱਝ ਸੁਧਾਰ ਨਜ਼ਰ ਆਉਣਾ ਸ਼ੁਰੂ ਹੋਇਆ ਹੈ, ਪਰ ਇਸ ਗੱਲ ਨੂੰ ਵੀ ਝੁਠਲਾਇਆ ਨਹੀਂ ਜਾ ਸਕਦਾ ਕਿ ਇਕੱਲੇ ਜੂਨ ਮਹੀਨੇ ਦੌਰਾਨ ਹੀ 80 ਵਿਦੇਸ਼ੀ ਸੈਨਿਕ ਅਫ਼ਗਾਨਿਸਤਾਨ ਵਿਖੇ ਤਾਲਿਬਾਨਾਂ ਹੱਥੋਂ ਮਾਰੇ ਗਏ ਤੇ ਬੀਤੇ 6 ਮਹੀਨਿਆਂ ਦੌਰਾਨ ਹੁਣ ਤੱਕ 300 ਸੈਨਿਕ ਮਾਰੇ ਜਾ ਚੁੱਕੇ ਹਨ।

# ਸ਼ਰਾਬ ਤੋਂ ਡਰਦਾ ਹੈ ਹਰ ਤੀਜਾ ਬੱਚਾ

**ਨ ਦ ਬ– ਲੰਡਨ**

ਬਰਤਾਨੀਆ ਵਿਚ ਇਕ ਤਿਹਾਈ ਬੱਚੇ ਵੱਡਿਆਂ ਨੂੰ ਨਸ਼ਿਆਂ ਵਿਚ ਚੂਰ ਜਾਂ ਸ਼ਰਾਬ ਪੀਂਦਾ ਦੇਖ ਕੇ ਡਰ ਜਾਂਦੇ ਹਨ। ਇਕ ਸਰਵੇਖਣ ਵਿਚ ਇਹ ਤੱਥ ਉਜਾਗਰ ਹੋਇਆ ਹੈ। ਚਾਈਲਡਵਾਈਜ਼ ਫਾਰ ਬੀ.ਬੀ.ਸੀ. ਨਿਊਜ਼ਰਾਉਂਡ ਵਲੋਂ 1200 ਤੋਂ ਵੱਧ ਬੱਚਿਆਂ 'ਤੇ ਕੀਤੇ ਗਏ ਸਰਵੇਖਣ ਵਿਚ ਪਾਇਆ ਕਿ 50 ਫੀਸਦੀ ਬੱਚਿਆਂ ਨੇ ਆਪਣੇ ਮਾਤਾ-ਪਿਤਾ ਨੂੰ ਸ਼ਰਾਬ ਦੇ ਨਸ਼ੇ ਵਿਚ ਧੁੱਤ ਦੇਖਿਆ ਹੈ।



ਇਹ ਸਰਵੇਖਣ 10 ਤੋਂ 14 ਸਾਲ ਦੇ ਬੱਚਿਆਂ 'ਤੇ ਕੀਤਾ ਗਿਆ ਹੈ। ਹੋਰ 50 ਫੀਸਦੀ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਵੱਡੇ ਲੋਕਾਂ ਦੇ ਸ਼ਰਾਬ ਪੀਣ ਤੋਂ ਕੋਈ ਪ੍ਰੇਸ਼ਾਨੀ ਨਹੀਂ ਹੈ ਪਰ 16 ਫੀਸਦੀ ਦਾ ਮੰਨਣਾ ਸੀ ਕਿ ਸ਼ਰਾਬ ਪੀਣ ਨਾਲ ਵੱਡੇ ਗੁੱਸੇਖੋਰ ਅਤੇ ਉਤੇਜਿਤ ਹੋ ਜਾਂਦੇ ਹਨ ਜਦਕਿ 30 ਫੀਸਦੀ ਨੇ ਕਿਹਾ ਕਿ ਉਹ ਸ਼ਰਾਬ ਪੀਣ ਵਾਲਿਆਂ ਤੋਂ ਡਰਦੇ ਹਨ। ਚਾਈਲਡਵਾਈਜ਼ ਨੇ ਚਿਤਾਵਨੀ ਦਿੱਤੀ ਹੈ ਕਿ ਆਉਣ ਵਾਲੀ ਪੀੜੀ ਵਿਚ ਸ਼ਰਾਬ ਦੀ ਆਦਤ ਨੂੰ ਰੋਕਣ ਲਈ ਸਖਤ ਕਦਮ ਚੁੱਕਣੇ ਹੋਣਗੇ। ਇਸ ਸੰਸਥਾ ਦੀ ਡਾਇਰੈਕਟਰ ਰੋਜਮੇਰੀ ਡਫ ਨੇ ਕਿਹਾ ਕਿ ਸ਼ਰਾਬ ਪੀਣ ਵਾਲੇ ਮਾਪਿਆਂ ਤੋਂ ਡਰਨ ਵਾਲੇ ਬੱਚਿਆਂ ਦੀ ਕਾਫੀ ਸੰਖਿਆ ਹੈ। ਪਰ ਉਨ੍ਹਾਂ ਨੇ ਚਿੰਤਾ ਪ੍ਰਗਟਾਈ ਕਿ 50 ਫੀਸਦੀ ਨੂੰ ਸ਼ਰਾਬ ਪੀਣ ਦੀ ਆਦਤ ਤੋਂ ਪ੍ਰੇਸ਼ਾਨੀ ਨਾ ਹੋਣਾ ਸੰਕੇਤ ਦਿੰਦਾ ਹੈ ਕਿ ਸ਼ਰਾਬ ਪੀਣ ਦੀ ਸਭਿਅਤਾ ਬੱਚਿਆਂ ਵਿਚ ਵਸ ਗਈ ਹੈ। 11 ਸਾਲ ਤੋਂ ਉਪਰ ਦੀਆਂ ਕੁੜੀਆਂ ਤੋਂ ਪੁੱਛਿਆ ਗਿਆ ਕਿ ਮਾਪੇ ਏਨਾ ਕਿਉਂ ਪੀਂਦੇ ਹਨ ਕਿ ਉਹ ਬੇਕਾਬੂ ਹੋ ਜਾਣ ਅਤੇ ਉਲਟੀ ਕਰਨ ਲੱਗਣ? ਜਵਾਬ ਵਿਚ ਕਿਸੇ ਨੇ ਕਿਹਾ ਕਿ ਸ਼ਰਾਬ ਇਕ 'ਚੰਗੀ ਸ਼ਾਮ ਦਾ ਹਿੱਸਾ' ਹੈ। ਇਸ ਸਰਵੇਖਣ ਦੀ ਕੋਸ਼ਿਸ਼ ਸੀ ਇਹ ਦੇਖਣ ਦੀ ਕਿ ਮਾਪਿਆਂ ਦੇ ਸ਼ਰਾਬ ਪੀਣ ਕਾਰਨ ਬੱਚਿਆਂ 'ਤੇ ਕੀ ਅਸਰ ਪੈ ਰਿਹਾ ਹੈ? ਇਸ ਵਿਚ ਪਾਇਆ ਗਿਆ ਕਿ ਤਿੰਨ ਫੀਸਦੀ ਬੱਚਿਆਂ ਨੇ ਆਪਣੇ ਮਾਪਿਆਂ ਨੂੰ ਹਫਤੇ ਵਿਚ ਕਈ ਵਾਰ ਸ਼ਰਾਬ ਪੀਂਦੇ ਦੇਖਿਆ ਹੈ। ਦੱਸ ਵਿਚੋਂ ਅੱਠ ਬੱਚਿਆਂ ਨੇ ਸ਼ਰਾਬ ਪੀਣ ਤੋਂ ਬਾਅਦ ਲੋਕਾਂ ਦੇ ਵਿਵਹਾਰ ਵਿਚ ਬਦਲਾਅ ਮਹਿਸੂਸ ਕੀਤੇ ਹਨ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ 60 ਫੀਸਦੀ ਬੱਚਿਆਂ ਨੇ ਕਿਹਾ ਕਿ ਉਹ ਵੱਡੇ ਹੋ ਕੇ ਸ਼ਰਾਬ ਪੀਣਗੇ।ਹਾਲਾਂਕਿ ਉਨ੍ਹਾਂ ਵਿਚੋਂ 17 ਫੀਸਦੀ ਨੇ ਸੰਕਲਪ ਲਿਆ ਕਿ ਉਹ ਹਦ ਤੋਂ ਜ਼ਿਆਦਾ ਨਹੀਂ ਪੀਣਗੇ।



Anuj Gupta
AMP, B.Com.
Associate Broker

Alberta Mortgage Centre
Best Rates, Choice of Lenders, Mortgage for Purchase, Construction, Renewal, Refinance
Rental or Commercial Property Good or Bad credit, New Immigrant or Self Employed
For FREE Consultation, please call
(780)479-2222
# 78, 4003-98 Street, Edmonton, AB www.albertamortgagecentre.com
CAAMP ACCHA · AXIOM · AMBA · BBB · think MORTGAGE think AMP™


Krishna(KK)Gupta, AMP
"Experienced, Knowledgeable, Committed"
Serving the Community Since 1999

# ਦਰਸ਼ਨੀ ਡਿਓਢੀ ਦੇ ਦਰਵਾਜ਼ੇ ਸਿੱਖ ਰਹੁ-ਰੀਤਾਂ ਨਾਲ ਉਤਾਰੇ

## ਸਾਲ 'ਚ ਮੁਰੰਮਤ ਦਾ ਕਾਰਜ ਮੁਕੰਮਲ ਹੋਣ ਦੀ ਆਸ

**ਨ ਦ ਬ-ਅੰਮ੍ਰਿਤਸਰ**

ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓਢੀ ਦੇ 200 ਸਾਲ ਪੁਰਾਣੇ ਦਰਵਾਜ਼ਿਆਂ ਦੀ ਮੁਰੰਮਤ ਲਈ ਸੇਵਾ ਆਰੰਭ ਕਰਦਿਆਂ ਪਹਿਲੇ ਪੜਾਅ ਵਿੱਚ ਇਹ ਦਰਵਾਜ਼ੇ ਉਤਾਰ ਦਿੱਤੇ ਗਏ ਅਤੇ ਆਰਜ਼ੀ ਤੌਰ 'ਤੇ ਨਵੇਂ ਦਰਵਾਜ਼ੇ ਲਾ ਦਿੱਤੇ ਗਏ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਦਾਅਵਾ ਕੀਤਾ ਹੈ ਕਿ ਇਹ ਪੁਰਾਤਨ ਦਰਵਾਜ਼ੇ ਸਿੱਖ ਕੌਮ ਵਲੋਂ ਤਿਆਰ ਕਰਵਾਏ ਹੋਏ ਹਨ ਅਤੇ ਇਹਨਾਂ ਦਾ ਸੋਮਨਾਥ ਮੰਦਰ ਦੇ ਦਰਵਾਜ਼ਿਆਂ ਨਾਲ਼ ਕੋਈ ਸਬੰਧ ਨਹੀਂ ਹੈ।



ਦਰਸ਼ਨੀ ਡਿਓਢੀ ਦੇ ਦਰਵਾਜ਼ੇ ਗੁਰਮਤਿ ਰਵਾਇਤ ਅਨੁਸਾਰ ਉਤਾਰੇ ਗਏ। ਦਰਵਾਜ਼ੇ ਉਤਾਰਨ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕੀਤਾ। ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਅਰਦਾਸੀਏ ਗਿਆਨੀ ਪਲਵਿੰਦਰ ਸਿੰਘ ਨੇ ਅਰਦਾਸ ਕੀਤੀ ਅਤੇ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਸਵਿੰਦਰ ਸਿੰਘ ਨੇ ਲਿਆ। ਇਹ ਪੁਰਾਤਨ ਦਰਵਾਜ਼ੇ ਇਥੋਂ ਉਤਾਰ ਕੇ ਨੇੜੇ ਹੀ ਬਣਾਏ ਗਏ ਇਕ ਵਿਸ਼ੇਸ਼ ਕਮਰੇ ਵਿੱਚ ਰੱਖੇ ਗਏ ਹਨ, ਜਿੱਥੇ ਇਹਨਾਂ ਦੀ ਮਾਈਕਰੋ ਫ਼ਿਲਮ ਬਣਾਈ ਜਾਵੇਗੀ ਤਾਂ ਜੋ ਇਹਨਾਂ ਦੀ ਮੁਰੰਮਤ ਕਰਨ ਸਮੇਂ ਇਹਨਾਂ ਨੂੰ ਮੁੜ ਹੂ-ਬ-ਹੂ ਤਿਆਰ ਕੀਤਾ ਜਾ ਸਕੇ। ਇਹ ਦਰਵਾਜ਼ੇ ਬੇਸ਼ਕੀਮਤੀ ਲੱਕੜ ਦੇ ਬਣੇ ਹੋਏ ਹਨ, ਜਿਸ ਵਿੱਚ ਹਾਥੀ ਦੰਦ ਨਾਲ਼ ਮੀਨਾਕਾਰੀ ਕੀਤੀ ਹੋਈ ਹੈ ਅਤੇ ਸੋਨੇ ਅਤੇ ਚਾਂਦੀ ਦੀ ਵੀ ਵਰਤੋਂ ਹੋਈ ਹੈ। ਦੋ ਸਦੀਆਂ ਬਾਅਦ ਪਹਿਲੀ ਵਾਰ ਇਹਨਾਂ ਦਰਵਾਜ਼ਿਆਂ ਦੀ ਮੁਰੰਮਤ ਕੀਤੀ ਜਾ ਰਹੀ ਹੈ। ਇਹ ਮੁਰੰਮਤ ਪੜਾਅਵਾਰ ਕੀਤੀ ਜਾਵੇਗੀ।

# ਰਾਇਲਟੀ ਉੱਤੇ ਕੈਪਟਨ ਨੇ ਉਠਾਏ ਸਵਾਲ

## ਅਮਰਿੰਦਰ ਨੂੰ ਖਦਸ਼ਾ - ਇਸੇ ਤਰਜ ਉੱਤੇ ਹਿਮਾਚਲ ਵੀ ਉਠਾ ਸਕਦਾ ਹੈ ਅਜਿਹੀ ਮੰਗ

**ਨ ਦ ਬ-ਚੰਡੀਗੜ੍ਹ**

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸ ਦੇ ਸੀਨੀਅਰ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਰਾਜ ਦੀ ਮੌਜੂਦਾ ਸਰਕਾਰ ਦੇ ਨਦੀਆਂ ਦੇ ਪਾਣੀ ਉੱਤੇ ਰਾਇਲਟੀ ਦੇ ਦਾਅਵੇ ਉੱਤੇ ਹੀ ਸਵਾਲ ਖੜ੍ਹੇ ਕਰ ਦਿੱਤੇ ਹਨ। ਉਹਨਾਂ ਦਾ ਕਹਿਣਾ ਹੈ ਕਿ ਹਰਿਆਣਾ ਤੋਂ ਪਾਣੀ ਦੀ ਰਾਇਲਟੀ ਮੰਗਣਾ ਪੰਜਾਬ ਸਰਕਾਰ ਉੱਤੇ ਭਾਰੀ ਪੈ ਸਕਦਾ ਹੈ। ਇਸ ਦੇਖਾ ਦੇਖੀ ਵਿੱਚ ਗੁਆਂਢੀ ਰਾਜ ਹਿਮਾਚਲ ਵੀ ਪੰਜਾਬ ਤੋਂ ਪਾਣੀ ਉੱਤੇ ਰਾਇਲਟੀ ਦੇਣ ਦਾ ਦਾਅਵਾ ਕਰ ਸਕਦਾ ਹੈ।



ਯਾਦ ਰਹੇ ਕਿ ਸਤਾਧਾਰੀ ਸ਼੍ਰੋਮਣੀ ਅਕਾਲੀ ਦਲ ਅਤੇ ਇਸਦੀ ਕੋਰ ਕਮੇਟੀ ਨੇ ਪਿਛਲੇ ਮਹੀਨੇ ਇਕ ਬੈਠਕ ਵਿੱਚ ਪ੍ਰਸਤਾਵ ਪਾਸ ਕਰਕੇ ਪੰਜਾਬ ਵਿੱਚੋਂ ਹੋ ਕੇ ਵਹਿਣ ਵਾਲੀ ਰਾਵੀ, ਵਿਆਸ, ਸਤਲੁਜ ਨਦੀ ਦੇ ਪਾਣੀ ਉੱਤੇ ਹਰਿਆਣਾ ਤੋਂ ਰਾਇਲਟੀ ਦੀ ਮੰਗ ਕੀਤੀ ਸੀ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਦੀ ਮੌਜੂਦਾ ਸਰਕਾਰ ਜਿਹਨਾਂ ਤਿੰਨ ਨਦੀਆਂ ਰਾਵੀ, ਵਿਆਸ ਅਤੇ ਸਤਲੁਜ ਦੇ ਪਾਣੀ ਉੱਤੇ ਹਰਿਆਣਾ ਤੋਂ ਰਾਇਲਟੀ ਦੀ ਮੰਗ ਕਰ ਰਹੀ ਹੈ, ਉਹ ਨਦੀਆਂ ਹਿਮਾਚਲ ਤੋਂ ਹੋ ਕੇ ਪੰਜਾਬ ਵਿੱਚ ਪ੍ਰਵੇਸ਼ ਕਰਦੀਆਂ ਹਨ। ਪੰਜਾਬ ਇਹਨਾਂ ਨਦੀਆਂ ਦੇ ਪਾਣੀ ਦਾ ਭਰਪੂਰ ਇਸਤੇਮਾਲ ਕਰਦਾ ਹੈ। ਜੇਕਰ ਇਸੇ ਤਰਜ ਉੱਤੇ ਹਿਮਾਚਲ ਨੇ ਵੀ ਪੰਜਾਬ ਤੋਂ ਪਾਣੀ ਉੱਤੇ ਰਾਇਲਟੀ ਦੀ ਮੰਗ ਕੀਤੀ ਤਾਂ ਇਸ ਨਾਲ਼ ਪੰਜਾਬ ਦੇ ਹਿੱਤ ਹੀ ਪ੍ਰਭਾਵਿਤ ਹੋਣਗੇ। ਅਮਰਿੰਦਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਹ ਦਾਅਵਾ ਕਰ ਰਹੇ ਹਨ ਕਿ ਪੰਜਾਬ ਟਰਮੀਨੇਸ਼ਨ ਆਫ਼ ਵਾਟਰ ਐਗਰੀਮੈਂਟ ਦੇ ਮਾਮਲੇ ਉੱਤੇ ਉਹ ਸੁਪਰੀਮ ਕੋਰਟ ਵਿੱਚ ਰਾਜ ਦਾ ਦਾਅਵਾ ਮਜ਼ਬੂਤ ਤਰੀਕੇ ਨਾਲ਼ ਰੱਖਣਗੇ, ਪਰੰਤੂ ਉਹਨਾਂ ਦੇ ਰਵੱਈਏ ਨੂੰ ਦੇਖ ਕੇ ਅਜਿਹਾ ਨਜ਼ਰ ਨਹੀਂ ਆ ਰਿਹਾ। ਮੁੱਖ ਮੰਤਰੀ ਕਾਨੂੰਨੀ ਸਲਾਹਕਾਰਾਂ ਦੇ ਨਾਲ਼ ਦਿੱਲੀ ਗਏ ਸਨ ਪਰੰਤੂ ਉੱਥੋਂ ਹੀ ਮੁੰਬਈ ਦੇ ਦੌਰੇ ਉੱਤੇ ਨਿਕਲ ਗਏ। ਇਸ ਤੋਂ ਸਾਫ਼ ਹੈ ਕਿ ਉਹ ਇਸ ਮਸਲੇ ਉੱਤੇ ਗੰਭੀਰ ਨਹੀਂ ਹਨ।

ਕੈਪਟਨ ਨੇ ਕਿਹਾ ਕਿ ਅਕਾਲੀ-ਭਾਜਪਾ ਗਠਜੋੜ ਸਰਕਾਰ ਵਿਕਾਸ ਦੇ ਹਰ ਮੋਰਚੇ ਉੱਤੇ ਨਾਕਾਮ ਰਹੀ ਹੈ। ਨੌਕਰਸ਼ਾਹੀ ਵਿੱਚ ਭ੍ਰਿਸ਼ਟਾਚਾਰ ਵਧ ਰਿਹਾ ਹੈ ਅਤੇ ਸਰਕਾਰ ਅਪੋਜੀਸ਼ਨ ਨੂੰ ਪਰੇਸ਼ਾਨ ਕਰਨ ਵਿੱਚ ਲੱਗੀ ਹੋਈ ਹੈ। ਰਾਜ ਵਿੱਚ ਬੇਰੁਜ਼ਗਾਰ ਨੌਜਵਾਨਾਂ ਦੀ ਫ਼ੌਜ ਲਗਾਤਾਰ ਵਧ ਰਹੀ ਹੈ ਪਰੰਤੂ ਉਹਨਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਰਾਜ ਸਰਕਾਰ ਦੀਆਂ ਗ਼ਲਤ ਨੀਤੀਆਂ ਦੇ ਚੱਲਦਿਆਂ ਸੂਬੇ ਦਾ ਉਦਯੋਗਿਕ ਖੇਤਰ ਵੀ ਦਮ ਤੋੜ ਰਿਹਾ ਹੈ। ਇੱਥੋਂ ਦੇ ਉੱਦਮੀ ਗੁਆਂਢੀ ਰਾਜ ਹਿਮਾਚਲ ਵੱਲ ਰੁਖ਼ਸਤ ਹੋ ਰਹੇ ਹਨ।

# ਅਫਸਰਾਂ ਨੇ ਨਹੀਂ ਦੱਸਿਆ, ਕਿਵੇਂ ਬਣੀ ਜਾਇਦਾਦ

**ਨ ਦ ਬ-ਚੰਡੀਗੜ੍ਹ**

ਪੰਜਾਬ ਦੇ ਲੋਕ ਪ੍ਰਤੀਨਿਧਾਂ ਤੋਂ ਬਾਅਦ ਹੁਣ ਅਫਸਰਸ਼ਾਹੀ ਵੀ ਹੁਣ ਆਪਣੀ ਜਾਇਦਾਦ ਦੀ ਜਾਣਕਾਰੀ ਦੇਣ ਤੋਂ ਬਚ ਰਹੀ ਹੈ। ਰੇਲਵੇ ਤੇ ਟਰੈਫਿਕ ਪੰਜਾਬ ਦੇ ਡੀ.ਜੀ.ਪੀ. ਚੰਦਰਸ਼ੇਖਰ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਨੂੰ ਦਿੱਤੀ ਆਪਣੀ ਜਾਂਚ ਰਿਪੋਰਟ ਵਿਚ 14 ਆਈ.ਏ.ਐਸ. ਅਧਿਕਾਰੀਆਂ ਦਾ ਖੁਲਾਸਾ ਕੀਤਾ ਹੈ ਜਿਨ੍ਹਾਂ ਦੀ ਚੰਡੀਗੜ੍ਹ ਤੇ ਇਸ ਦੇ ਨਾਲ ਲੱਗਦੀ ਪੈਰੀਫੇਰੀ ਵਿਚ ਜਾਇਦਾਦ ਤਾਂ ਹੈ ਪਰ ਇਹ ਜਾਇਦਾਦ ਉਨ੍ਹਾਂ ਨੇ ਕਿਵੇਂ ਹਾਸਲ ਕੀਤੀ ਇਸ ਦੀ ਜਾਣਕਾਰੀ ਉਨ੍ਹਾਂ ਨੇ ਆਪਣੇ ਵਿਭਾਗ ਤੱਕ ਨੂੰ ਨਹੀਂ ਦਿੱਤੀ।

ਇਨ੍ਹਾਂ ਆਈ.ਏ.ਐਸ. ਅਧਿਕਾਰੀਆਂ ਵਿਚ ਅਰਵਿੰਦਰ ਸਿੰਘ, ਸੀ.ਐਸ. ਤਲਵਾਰ, ਦਲੀਪ ਕੁਮਾਰ, ਡੀ.ਐਸ. ਗਰੇਵਾਲ, ਡਾ. ਜੀ.ਵਰਜਾਲਿੰਗਮ, ਗੁਰਕੀਰਤ ਕਿਰਪਾਲ ਸਿੰਘ, ਇਕਬਾਲ ਸਿੰਘ ਸਿੱਧੂ, ਕਮਲ ਕਿਸ਼ੋਰ ਯਾਦਵ, ਕੇ.ਏ.ਪੀ. ਸਿਨਹਾ, ਸਰਵਜੀਤ ਸਿੰਘ, ਤੇਜਵੀਰ ਸਿੰਘ, ਵੀ.ਕੇ. ਓਹਰੀ, ਵਿਵੇਕ ਪ੍ਰਤਾਪ ਸਿੰਘ ਤੇ ਆਰ.ਕੇ. ਵਰਮਾ ਦਾ ਨਾਮ ਸ਼ਾਮਲ ਹੈ। ਰਿਪੋਰਟ ਵਿਚ 34 ਪੀ.ਸੀ.ਐਸ. ਅਧਿਕਾਰੀਆਂ ਦਾ ਵੀ ਨਾਂ ਲਿਆ ਗਿਆ ਹੈ, ਜਿਨ੍ਹਾਂ ਨੇ ਆਪਣੀ ਜਾਇਦਾਦ ਜੁਟਾਉਣ ਦਾ ਖ਼ੁਲਾਸਾ ਨਹੀਂ ਕੀਤਾ। ਇਸ ਸਬੰਧ ਵਿਚ ਕੁਲ 145 ਆਈ.ਏ.ਐਸ. ਤੇ 180 ਪੀ.ਸੀ.ਐਸ. ਅਧਿਕਾਰੀਆਂ ਦੀ ਸੰਪਤੀ ਦੀ ਜਾਣਕਾਰੀ ਪੰਜਾਬ ਦੇ ਪਰਸੋਨਲ ਡਿਪਾਰਟਮੈਂਟ ਤੋਂ ਮੰਗੀ ਗਈ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਨ੍ਹਾਂ ਅਧਿਕਾਰੀਆਂ ਨੇ ਆਪਣੇ ਨਾਮ ਭਾਵ ਆਪਣੇ ਕਿਸੇ ਨੇੜਲੇ ਸਬੰਧੀ ਦੇ ਨਾਂ 'ਤੇ ਲਈ ਹੈ, ਤਾਂ ਉਸ ਦੀ ਜਾਂਚ ਹੋਣੀ ਚਾਹੀਦੀ ਹੈ। ਰਿਪੋਰਟ ਮੁਤਾਬਕ ਆਈ.ਏ.ਐਸ. ਅਧਿਕਾਰੀਆਂ ਦੀ ਕੁੱਲ 239 ਜਾਇਦਾਦਾਂ ਵਿਚੋਂ 211 ਜਾਇਦਾਦਾਂ ਦੀ ਜਾਣਕਾਰੀ ਮਿਲ ਚੁੱਕੀ ਹੈ ਜਦਕਿ 28 ਜਾਇਦਾਦਾਂ ਦੀ ਜਾਣਕਾਰੀ ਹਾਲੇ ਨਹੀਂ ਮਿਲੀ ਹੈ। ਇਸੇ ਤਰ੍ਹਾਂ ਹੋਰਨਾਂ ਅਧਿਕਾਰੀਆਂ ਦੀਆਂ ਜਾਇਦਾਦਾਂ ਦੀ ਵੀ ਜਾਣਕਾਰੀ ਦਾ ਇੰਤਜ਼ਾਰ ਹੋ ਰਿਹਾ ਹੈ। ਹਾਈ ਕੋਰਟ ਨੇ ਇਕ ਜਨ ਹਿੱਤ ਪਟੀਸ਼ਨ 'ਤੇ ਸੁਣਵਾਈ ਦੌਰਾਨ ਖੁਦ ਨੋਟਿਸ ਲੈਂਦੇ ਹੋਏ ਇਸ ਬਾਰੇ ਰੇਲਵੇ ਦੇ ਡੀ.ਜੀ.ਪੀ. ਨੂੰ ਆਪਣੀ ਜਾਂਚ ਰਿਪੋਰਟ ਦੇਣ ਦੇ ਨਿਰਦੇਸ਼ ਦਿੱਤੇ ਸਨ। ਡੀ.ਜੀ.ਪੀ. ਨੇ ਮਾਮਲੇ ਦੀ ਜਾਂਚ ਲਈ ਸਮਾਂ ਸੀਮਾ ਵਧਾਉਣ ਦੀ ਮੰਗ ਕੀਤੀ ਜਿਸ 'ਤੇ ਤਿੰਨ ਮਹੀਨੇ ਦਾ ਸਮਾਂ ਅਦਾਲਤ ਨੇ ਵਧਾ ਦਿੱਤਾ।

# ਚਹੇਤਿਆਂ ਨੂੰ ਲੋਕਲ ਰੈਂਕ ਦੇ ਰਹੇ ਨੇ ਅਫਸਰ

**ਨ ਦ ਬ – ਚੰਡੀਗੜ੍ਹ** ਸੁਖਬੀਰ ਸਿੰਘ ਬਾਜਵਾ-ਪੰਜਾਬ ਪੁਲੀਸ ਵਿਚ ਲੋਕਲ ਰੈਂਕ ਦੇਣ ਨੂੰ ਲੈ ਕੇ ਵਿਵਾਦ ਖੜਾ ਹੋ ਗਿਆ ਹੈ। ਇਸ ਵਿਚ ਜ਼ਿਲਾ ਅਧਿਕਾਰੀਆਂ 'ਤੇ ਆਪਣੇ ਚਹੇਤਿਆਂ ਨੂੰ ਸਬੰਧਤ ਰੈਂਕ ਆਪਣੀ ਮਨਮਰਜ਼ੀ ਨਾਲ ਦੇਣ ਦੇ ਮਾਮਲੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਇਸ ਸਬੰਧ ਵਿਚ ਡੀ.ਜੀ.ਪੀ. ਦਫਤਰ ਨੇ ਸਖਤ ਨੋਟਿਸ ਲੈਂਦੇ ਹੋਏ ਫਿਲਹਾਲ ਸਾਰੇ ਜ਼ਿਲਿਆਂ ਦੇ ਅਧਿਕਾਰੀਆਂ ਨੂੰ ਲੋਕਲ ਰੈਂਕ ਨਾ ਦੇਣ ਲਈ ਕਿਹਾ ਹੈ। ਫਿਲਹਾਲ ਉਨ੍ਹਾਂ ਕਰਮਚਾਰੀਆਂ ਨੂੰ ਲੋਕਲ ਰੈਂਕ ਦੇਣ ਵਿਚ ਤਰਜੀਹ ਦਿੱਤੀ ਜਾਵੇਗੀ, ਜਿਨ੍ਹਾਂ ਨੇ ਕਿਸੇ ਵੱਡੇ ਕੇਸ ਵਿਚ ਬਹਾਦੁਰੀ ਦਿਖਾਈ ਅਤੇ ਆਪਣੇ ਕੰਮ ਵਿਚ ਉਸ ਦੀ ਚੰਗੀ ਭੂਮਿਕਾ ਰਹੀ ਹੈ। ਲੋਕਲ ਰੈਂਕ ਦਿੰਦੇ ਸਮੇਂ ਜ਼ਿਲਾ ਅਧਿਕਾਰੀ ਨੂੰ ਉਸ ਕਰਮਚਾਰੀ ਵਲੋਂ ਕੀਤੇ ਕੰਮ ਦਾ ਹਵਾਲਾ ਦੇਣਾ ਪਏਗਾ।

**ਚਰਚਾ 'ਚ**

*ਪੰਜਾਬ ਪਾਲ*

## ਮਾਲਵੇ ਦਾ ਸੰਤਾਪ

ਕੈਂਸਰ ਦੀ ਨਾਮੁਰਾਦ ਬਿਮਾਰੀ ਦੱਖਣੀ ਮਾਲਵੇ ਲਈ ਘੋਰ ਸੰਤਾਪ ਦਾ ਕਾਰਨ ਬਣਦੀ ਜਾ ਰਹੀ ਹੈ। ਬਿਮਾਰੀ ਫੈਲਣ ਦੇ ਬੁਨਿਆਦੀ ਕਾਰਨਾਂ ਬਾਰੇ ਲਗਭਗ ਸਾਰੇ ਖੁਲਾਸੇ ਹੋ ਚੁੱਕੇ ਹਨ। ਕਾਰਨਾਂ ਦੇ ਸਾਹਮਣੇ ਆ ਜਾਣ ਦੇ ਬਾਵਜੂਦ ਸਾਰਾ ਜ਼ੋਰ ਬਿਮਾਰੀ ਦੀ ਵਜ੍ਹਾ ਲੱਭਣ ਦੀ ਜਾਂਚ ਉੱਪਰ ਹੀ ਕੇਂਦਰਿਤ ਹੈ। ਪੀੜਤਾਂ ਨੂੰ ਰਾਹਤ ਦੇਣ ਵੱਲ ਅਤੇ ਇਸ ਸਮੱਸਿਆ ਦਾ ਕੋਈ ਕਾਰਗਰ ਸਥਾਈ ਹੱਲ ਲੱਭਣ ਦੀ ਦਿਸ਼ਾ ਵਿੱਚ ਲੋੜੀਂਦੇ ਕਦਮ ਨਹੀਂ ਪੁੱਟੇ ਜਾ ਰਹੇ। ਓਧਰ ਕਈ ਪਿੰਡ ਪੂਰੇ ਦੇ ਪੂਰੇ ਇਸ ਬੀਮਾਰੀ ਦੇ ਸ਼ਿਕੰਜੇ 'ਚ ਜਕੜੇ ਹੋਣ ਦੀਆਂ ਆਏ ਦਿਨ ਖ਼ਬਰਾਂ ਆ ਰਹੀਆਂ ਹਨ। ਅਜਿਹਾ ਹੀ ਇਕ ਅਭਾਗਾ ਪਿੰਡ ਹੈ ਅਬੋਹਰ ਇਲਾਕੇ ਦਾ ਡੰਗਰ ਖੇੜਾ। ਬਲਾਕ ਖੂਹੀਆਂ ਸਰਵਰ ਦੇ ਇਸ ਪਿੰਡ ਦੇ ਦਰਜਨ ਤੋਂ ਵੱਧ ਲੋਕ ਕੈਂਸਰ ਦਾ ਸ਼ਿਕਾਰ ਹੋ ਚੁੱਕੇ ਹਨ। ਪਿਛਲੇ ਚਾਰ-ਪੰਜ ਦਿਨਾਂ ਵਿੱਚ ਹੀ ਹੋਰ ਦੋ ਵਿਅਕਤੀਆਂ ਦੀ ਇਸ ਨਾਲ਼ ਮੌਤ ਹੋ ਚੁੱਕੀ ਹੈ ਤੇ 8 ਤੋਂ 10 ਕੈਂਸਰ ਦੇ ਮਰੀਜ਼ ਇਸ ਸਮੇਂ ਜੇਰੇ ਇਲਾਜ ਹਨ। ਸਿਹਤ ਵਿਭਾਗ ਦੇ ਡਾਕਟਰ ਮਰੀਜ਼ਾਂ ਦੇ ਘਰੋਂ ਪਾਣੀ ਦੇ ਨਮੂਨੇ ਇਕੱਤਰ ਕਰ ਰਹੇ ਹਨ। ਇਲਾਕੇ ਦੇ ਕਈ ਹੋਰ ਪਿੰਡਾਂ ਦੀ ਵੀ ਇਹੋ ਜਿਹੀ ਹੀ ਸਥਿਤੀ ਹੈ ਅਤੇ ਲੋਕ ਪਾਣੀ ਦੇ ਪ੍ਰਦੂਸ਼ਿਤ ਹੋਣ ਦੀ ਸ਼ਿਕਾਇਤ ਆਮ ਕਰ ਰਹੇ ਹਨ। ਪਾਣੀ ਪ੍ਰਦੂਸ਼ਿਤ ਦੇ ਮਾਮਲੇ 'ਚ ਅਜੇ ਠੰਡੀ ਜੰਗ ਚੱਲ ਰਹੀ ਹੈ। ਸਾਰੇ ਇਸ ਗੱਲ 'ਤੇ ਤਾਂ ਇਕਮੱਤ ਹਨ ਕਿ ਪਾਣੀ ਪ੍ਰਦੂਸ਼ਿਤ ਹੈ, ਇਸ ਵਿੱਚ ਧਾਤਾਂ, ਘਾਤਕ ਰਸਾਇਣ ਅਤੇ ਕਈ ਹੋਰ ਘਾਤਕ ਪਦਾਰਥਾਂ ਦਾ ਮਿਸ਼ਰਣ ਹੈ, ਪਰੰਤੂ ਇਸ ਮਿਸ਼ਰਣ ਜਾਂ ਮਿਲਾਵਟ ਦੇ ਅਸਲ ਸੋਮੇ ਕਿਹੜੇ ਹਨ, ਇਸ ਬਾਰ ਨਵੇਂ-ਨਵੇਂ ਬਿਆਨ ਸਾਹਮਣੇ ਆ ਰਹੇ ਹਨ। ਪਾਣੀ ਵਿੱਚ ਯੂਰੇਨੀਅਮ ਹੋਣ ਦੀ ਪੁਸ਼ਟੀ ਤਾਂ ਜਰਮਨ ਦੀ ਇਕ ਪ੍ਰਯੋਗਸ਼ਾਲਾ ਨੇ ਕਰ ਦਿੱਤੀ ਹੈ। ਪਿਛਲੇ ਦਿਨੀਂ ਇਕ ਐਨ.ਜੀ.ਓ ਨੇ ਸਤਲੁਜ ਰਾਹੀਂ ਘਾਤਕ ਪਦਾਰਥਾਂ ਦੇ ਇਸ ਇਲਾਕੇ ਦੇ ਪਾਣੀ ਵਿੱਚ ਘੁਲਣ ਦਾ ਖੁਲਾਸਾ ਕੀਤਾ ਤਾਂ ਐਨ.ਜੀ.ਓ ਨੂੰ ਸਪੱਸ਼ਟੀਕਰਣ ਦੇਣ ਲਈ ਕਿਹਾ ਗਿਆ। ਇਸੇ ਤਰ੍ਹਾਂ ਬਿਆਨਾਂ 'ਚ ਅਫ਼ਗਾਨਿਸਤਾਨ ਵਿੱਚ ਅਮਰੀਕੀ ਬੰਬਾਰੀ, ਪਾਕਿਸਤਾਨ 'ਚੋਂ ਆਉਣ ਵਾਲੇ ਪਾਣੀ ਆਦਿ ਨੂੰ ਵੀ ਇਸ ਇਲਾਕੇ ਦੀ ਆਵੋਹਵਾ ਨੂੰ ਪ੍ਰਦੂਸ਼ਿਤ ਕਰਨ ਲਈ ਜ਼ਿੰਮੇਵਾਰ ਠਹਿਰਾਇਆ ਗਿਆ। ਕਿਹਾ ਸੁਣਿਆ ਤਾਂ ਬਹੁਤ ਜਾ ਚੁੱਕਾ ਹੈ, ਹੁਣ ਵੇਲਾ ਬਿਮਾਰੀ ਦੀ ਰੋਕਥਾਮ ਲਈ ਢੁਕਵੇਂ ਕਦਮ ਚੁੱਕਣ ਦਾ ਹੈ। ਇਸ ਇਲਾਕੇ ਨੂੰ ਅਤਿ ਆਧੁਨਿਕ ਕੈਂਸਰ ਹਸਪਤਾਲਾਂ ਦੀ ਫੌਰੀ ਲੋੜ ਹੈ ਤੇ ਸੂਬਾ ਤੇ ਕੇਂਦਰ ਸਰਕਾਰਾਂ ਨੂੰ ਇਹ ਵੀ ਚਾਹੀਦਾ ਹੈ ਕਿ ਪਾਣੀ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਜੰਗੀ ਪੱਧਰ 'ਤੇ ਕੰਮ ਕਰਨ ਤੇ ਸ਼ੁੱਧ ਪਾਣੀ ਦੀ ਵਿਵਸਥਾ ਪੂਰੇ ਇਲਾਕੇ ਲਈ ਕੀਤੀ ਜਾਵੇ।

## ਪੁਲਿਸ ਮੁਖੀ ਦੀ ਇਕਤਰਫਾ ਜੰਗ

ਇਸ ਰਹੱਸ ਤੋਂ ਪਰਦਾ ਨਹੀਂ ਉੱਠ ਰਿਹਾ ਕਿ ਪੰਜਾਬ ਪੁਲਿਸ ਦੇ ਵਰਤਮਾਨ ਮੁਖੀ ਪਰਮਜੀਤ ਸਿੰਘ ਗਿੱਲ ਨੂੰ ਹੱਕ, ਸੱਚ ਤੇ ਇਨਸਾਫ਼ ਲਈ ਆਵਾਜ਼ ਉਠਾਉਣ ਵਾਲਾ ਹਰ ਵਿਅਕਤੀ ਨਕਸਲੀ ਕਿਉਂ ਨਜ਼ਰ ਆਉਂਦਾ । ਸੰਘਰਸ਼ ਦਾ ਤਰੀਕਾ ਕਿੰਨਾ ਵੀ ਜਮਹੂਰੀ ਜਾਂ ਅਹਿੰਸਕ ਕਿਉਂ ਨਾ ਹੋਵੇ, ਪੁਲਿਸ ਮੁਖੀ ਨੂੰ ਇਸਦੇ ਪਿੱਛੇ ਨਕਸਲਵਾਦੀਆਂ ਦੇ ਹੋਣ ਦਾ ਸੰਦੇਹ ਰਹਿੰਦਾ ਹੈ। ਪ੍ਰੈੱਸ 'ਚ ਕਈ ਬਿਆਨ ਦੇ ਕੇ ਉਹ ਜ਼ੋਰ ਦੇ ਰਹੇ ਹਨ ਕਿ ਉਹਨਾਂ ਕੋਲ ਪੰਜਾਬ ਵਿੱਚ ਨਕਸਲੀਆਂ ਦੀ ਮੌਜੂਦਗੀ ਦੇ ਪੁਖ਼ਤਾ ਸਬੂਤ ਹਨ। ਕਿਸਾਨਾਂ ਮਜ਼ਦੂਰਾਂ ਦੀਆਂ ਵੱਡੀਆਂ ਸਾਂਝੀਆਂ ਰੈਲੀਆਂ ਤੇ ਇਹਨਾਂ ਦੀਆਂ ਜਥੇਬੰਦੀਆਂ ਦੇ ਇੱਥੋਂ ਤੱਕ ਲੁਧਿਆਣੇ 'ਚ ਸਨਅਤੀ ਮਜ਼ਦੂਰਾਂ ਦੀ ਪੁਲਿਸ ਦੀ ਵੱਡੀ ਕੋਤਾਹੀ ਕਾਰਨ ਭੜਕੀ ਹਿੰਸਾਂ ਬਾਰੇ ਵੀ ਪੁਲਿਸ ਮੁਖੀ ਦੀ ਇਹੋ ਰਾਇ ਹੈ ਕਿ ਇਹ ਸਭ ਕੁੱਝ ਨਕਸਲੀ ਕਰਵਾ ਰਹੇ ਹਨ। ਕਿਸਾਨਾਂ, ਮਜ਼ਦੂਰਾਂ, ਲੇਖਕਾਂ, ਬੁੱਧੀਜੀਵੀਆਂ ਸਭ ਦੀ ਇਹੋ ਪ੍ਰਤੀਕਿਰਿਆ ਹੈ ਕਿ ਪਰਮਜੀਤ ਸਿੰਘ ਗਿੱਲ ਦੀ ਸੋਚ ਸਰਾਸਰ ਗ਼ਲਤ ਹੈ, ਪਰ ਪੁਲਿਸ ਮੁਖੀ ਅਪਣੀ ਸੋਚ ਬਦਲਣ ਲਈ ਤਿਆਰ ਨਹੀਂ। ਕਿਸਾਨ, ਮਜ਼ਦੂਰ ਤੇ ਨੌਜਵਾਨ ਆਗੂ ਵਾਰ-ਵਾਰ ਕਹਿ ਰਹੇ ਹਨ ਕਿ ਉਹਨਾਂ ਦੇ ਅੰਦੋਲਨ ਅਹਿੰਸਕ ਤੇ ਜਮਹੂਰੀ ਹਨ। ਨੌਜਵਾਨਾਂ ਨੇ ਤਾਂ ਅਪਣੇ ਸੰਘਰਸ਼ਾਂ ਦੇ ਨਾਮ ਵੀ 'ਨਾ ਮਿਲਵਰਤਣ ਅੰਦੋਲਨ' ਆਦਿ ਰੱਖੇ ਹੋਏ ਹਨ, ਪਰ ਪੁਲਿਸ ਮੁਖੀ ਕੁੱਝ ਵੀ ਮੰਨਣ ਨੂੰ ਤਿਆਰ ਨਹੀਂ। ਕਿਸਾਨ ਆਗੂਆਂ ਦੀ ਤਾਂ ਖ਼ੈਰ ਦਿੱਖ ਹੀ ਕਾਫ਼ੀ ਹੱਦ ਤੱਕ ਪੰਥਕ ਹੈ, ਪਰ.............।

ਦਰਅਸਲ, ਪੁਲਿਸ ਮੁਖੀ ਅੰਦੋਲਨਾਂ ਨੂੰ ਦਬਾਉਣ ਲਈ ਡੰਡਾ ਵਰ੍ਹਾਉਣ ਦਾ ਆਧਾਰ ਬਣਾ ਕੇ ਰੱਖਣਾ ਚਾਹੁੰਦਾ ਹੈ ਜਾਂ ਫਿਰ ਉਸਦੇ ਅਵਚੇਤਨ ਵਿੱਚ ਇਹ ਗੱਲ ਹੈ ਕਿ ਕਿਸੇ ਕਿਸਮ ਦਾ ਕੋਈ ਅਤਿਵਾਦ ਹੋਵੇ ਤੇ ਦਬਾਉਣ ਖ਼ਾਤਰ ਉਸਨੂੰ ਕੇ.ਪੀ.ਐਸ ਗਿੱਲ ਵਰਗੀ ਭੂਮਿਕਾ ਨਿਭਾਉਣ ਦਾ ਮੌਕਾ ਮਿਲੇ। ਉਸਦੀ ਬਿਆਨਬਾਜ਼ੀ ਪ੍ਰਤੀ ਪੰਜਾਬੀਆਂ ਦੇ ਸੰਭਾਵੀ ਆਗੂ ਬਹੁਤ ਸੁਚੇਤ ਹਨ ਤੇ ਉਹ ਫੂਕ-ਫੂਕ ਕੇ ਪੈਰ ਧਰ ਰਹੇ ਤੇ ਬਿਆਨ ਦੇ ਰਹੇ ਹਨ ਤਾਂ ਕਿ ਪੁਲਿਸ ਮੁਖੀ ਦੀਆਂ ਆਸਾਂ ਨੂੰ ਬੂਰ ਨਾ ਪੈ ਸਕੇ। ਹਾਲ ਦੀ ਘੜੀ ਪੁਲਿਸ ਮੁਖੀ ਦੇ ਬਿਆਨ ਦੀ ਪ੍ਰੋੜ੍ਹਤਾ ਕਰਨ ਵਾਲਾ ਕੋਈ ਨਹੀਂ, ਖ਼ੁਦ ਮੁੱਖ ਮੰਤਰੀ ਪੰਜਾਬ ਦਾ ਇਹ ਕਹਿਣਾ ਹੈ ਕਿ ਪੰਜਾਬ ਵਿੱਚ ਨਕਸਲਵਾਦ ਦਾ ਕੋਈ ਖ਼ਤਰਾ ਨਹੀਂ, ਦੇਖੋ ਸੰਘਰਸ਼ਸ਼ੀਲ ਪੰਜਾਬੀਆਂ ਵਿਰੁੱਧ ਪੁਲਿਸ ਮੁਖੀ ਦੀ ਇਹ ਇਕਤਰਫ਼ਾ ਜੰਗ ਕਦੋਂ ਤੱਕ ਚੱਲਦੀ ਰਹਿੰਦੀ ਹੈ।

## ਅਣਖਾਂ ਵਾਲੇ

ਲਾਈਫ਼ ਤੇ ਲਿਬਰਟੀ ਦੀ ਗੱਲ ਕਰਨ ਵਾਲਿਆਂ ਦਾ ਜੀਣਾ ਮੁਹਾਲ ਹੋ ਗਿਆ ਹੈ ਕਿਉਂਕਿ ਉੱਤਰੀ ਭਾਰਤ ਵਿੱਚ ਅਣਖਾਂ ਵਾਲੇ ਉੱਠ ਖਲੋਏ ਹਨ। ਉੱਤਰੀ ਭਾਰਤ ਦੇ ਕਈ ਖਿੱਤਿਆਂ 'ਚੋਂ ਅਣਖ ਖ਼ਾਤਰ ਹੱਤਿਆਵਾਂ ਕਰਨ ਦੀਆਂ ਮਨਹੂਸ ਖ਼ਬਰਾਂ ਆ ਰਹੀਆਂ ਹਨ। ਦਿੱਲੀ 'ਚ ਵਾਪਰੀਆਂ ਅਜਿਹੀਆਂ ਘਟਨਾਵਾਂ ਨੇ ਤਾਂ ਸੰਵੇਦਨਸ਼ੀਲ ਮਨਾਂ ਨੂੰ ਵਲੂੰਧਰ ਕੇ ਰੱਖ ਦਿੱਤਾ ਹੈ। ਜਿਹਨਾਂ ਖਿੱਤਿਆਂ 'ਚੋਂ ਇਹ ਹਿਰਦੇਵੇਧਕ ਖ਼ਬਰਾਂ ਆ ਰਹੀਆਂ ਹਨ, ਅਪਣਾ ਪੰਜਾਬ ਉਹਨਾਂ ਦੀ ਸੂਚੀ 'ਚ ਪਹਿਲਾਂ ਹੀ ਨਾਂਅ ਦਰਜ ਕਰਵਾ ਚੁੱਕਾ ਹੈ। ਏਥੇ ਪਰਿਵਾਰਕ 'ਇੱਜ਼ਤ' ਦੀ ਖ਼ਾਤਰ ਪਰਿਵਾਰ ਵਾਲਿਆਂ ਨੇ ਅਪਣੇ ਹੀ ਪਰਿਵਾਰਕ ਜੀਅ ਮਾਰ ਮੁਕਾਏ ਹਨ। ਅਣਖਾਂ ਵਾਲਿਆਂ ਨੇ ਹੱਤਿਆਵਾਂ ਦਾ ਸਿਲਸਿਲਾ ਜਾਰੀ ਰੱਖਿਆ ਹੋਇਆ ਹੈ। ਇਨ੍ਹੀਂ ਦਿਨੀਂ ਇਸ ਹੱਤਿਆਰੀ ਅਣਖ ਨੇ ਇਕ ਹੋਰ ਕੀਮਤੀ ਜਾਨ ਲੈ ਲਈ ਹੈ। ਸਤਾਰਾਂ ਵਰ੍ਹਿਆਂ ਦੀ ਅੰਮ੍ਰਿਤਪਾਲ ਕੌਰ ਬੈਲਜੀਅਮ ਤੋਂ ਅੰਮ੍ਰਿਤਸਰ ਆਈ ਸੀ। ਇਸਦਾ ਬੈਲਜੀਅਮ ਵਿੱਚ ਲਖਵਿੰਦਰ ਸਿੰਘ ਨਾਂ ਦੇ ਲੜਕੇ ਨਾਲ਼ ਪ੍ਰੇਮ ਸਬੰਧ ਸੀ ਤੇ ਉਹ ਉਸ ਨਾਲ਼ ਭਵਿੱਖ ਵਿੱਚ ਵਿਆਹ ਕਰਨ ਜਾ ਰਹੀ ਸੀ। ਇਸ ਕਾਰਣ ਅੰਮ੍ਰਿਤਪਾਲ ਕੌਰ ਦੇ ਮਤਰੇਏ ਪਿਉ ਨੇ ਅੰਮ੍ਰਿਤਸਰ ਵਿੱਚ ਉਸਦਾ ਕਤਲ ਕਰ ਦਿੱਤਾ। ਅੰਮ੍ਰਿਤਪਾਲ ਦੀਆਂ ਮਾਸੀਆਂ ਦਾ ਤਾਂ ਇਹ ਵੀ ਕਹਿਣਾ ਹੈ ਕਿ ਕਤਲ ਦੀ ਸਾਜ਼ਿਸ਼ ਵਿੱਚ ਉਹਨਾਂ ਦੀ ਭੈਣ ਅਰਥਾਤ ਲੜਕੀ ਦੀ ਮਾਂ ਵੀ ਸ਼ਾਮਲ ਸੀ। ਖ਼ੈਰ, ਇਹ ਸਭ ਕੁੱਝ ਮਾਨਵਤਾ ਨੂੰ ਬੁਰੀ ਤਰ੍ਹਾਂ ਸ਼ਰਮਸਾਰ ਕਰਨ ਵਾਲਾ ਹੈ, ਜੋ ਅਣਖ ਦੇ ਨਾਂ 'ਤੇ ਅੱਜਕੱਲ੍ਹ ਵਾਪਰ ਰਿਹਾ ਹੈ।

ਦਰਅਸਲ, ਇਹ ਮੱਧਵਰਗ ਹੀ ਹੈ ਜਿਹੜਾ ਅਜੇ ਤੱਕ ਅਖਾਉਤੀ ਅਣਖ, ਨੈਤਿਕਤਾ ਤੇ ਅਣਲੋੜੀਂਦੀ ਪਰੰਪਰਾ ਦਾ ਬੋਝ ਉਤਾਰਨ ਲਈ ਤਿਆਰ ਨਹੀਂ ਹੈ। ਵਰਨਾ ਉੱਪਰਲੇ ਵਰਗਾਂ ਨੂੰ ਤਾਂ ਇਹਨਾਂ ਗੱਲਾਂ ਦੀ ਰਤਾ ਵੀ ਪਰਵਾਹ ਨਹੀਂ ਤੇ ਹੇਠਲੇ ਵਰਗ ਜਾਣਦੇ ਹਨ ਕਿ ਉਹ ਪਰਵਾਹ ਕਰਕੇ ਕਰ ਵੀ ਕੀ ਲੈਣਗੇ। ਉਂਝ ਵੀ ਹੇਠਲੇ ਵਰਗਾਂ ਲਈ ਰੋਜ਼ੀ ਰੋਟੀ ਦਾ ਮਸਲਾ ਹੀ ਜੀਵਨ ਦਾ ਸਭ ਤੋਂ ਵੱਡਾ ਮਸਲਾ ਹੈ। ਉੱਪਰਲੇ ਵਰਗਾਂ ਨੇ ਅਖਾਉਤੀ ਅਣਖ ਮੱਧਵਰਗ ਲਈ ਰਾਖਵੀਂ ਕਰ ਛੱਡੀ ਹੈ। ਕੀ ਇੰਦਰਾ ਗਾਂਧੀ ਦਾ ਵਿਆਹ ਉਹਦੇ ਸਤਿਕਾਰਤ ਬਾਪ ਲਈ ਇੱਜ਼ਤ, ਅਣਖ ਦਾ ਸਵਾਲ ਸੀ? ਕੀ ਮੁਹੰਮਦ ਅਲੀ ਜਿਨਾਹ ਦੀ ਧੀ ਨੇ ਅਪਣੇ ਪੁਸ਼ਤੈਨੀ ਧਰਮ ਤੋਂ ਬਾਹਰ ਵਿਆਹ ਕਰਵਾਕੇ ਅਪਣੇ ਬਾਪ ਦੀ ਸਰਦਾਰੀ ਰੋਲ਼ ਦਿੱਤੀ ਸੀ? ਕੀ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਦੀ ਭੈਣ ਨੇ ਸਚਿਨ ਪਾਈਲਟ ਨਾਲ਼ ਸਵੈਇੱਛਤ ਵਿਆਹ ਕਰਵਾਕੇ ਪਰਿਵਾਰ ਦੀ ਮਾਣ-ਮਰਿਯਾਦਾ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਾਇਆ ਹੈ। ਖ਼ੈਰ ਕੁੱਝ ਵੀ ਹੋਵੇ ਹਾਲ ਦੀ ਘੜੀ ਅਣਖਾਂ ਵਾਲੇ ਆਏ ਦਿਨ ਮੱਧਯੁਗੀ ਦਰਿੰਦਗੀ ਨੂੰ ਦੁਹਰਾ ਰਹੇ ਹਨ। ਸਮਾਜ ਦੇ ਅਗਾਂਹਵਧੂ ਸੋਚ ਵਾਲੇ ਲੋਕਾਂ ਲਈ ਅਣਖ ਖ਼ਾਤਰ ਹੱਤਿਆਵਾਂ ਦਾ ਅਰੁੱਕ ਸਿਲਸਿਲਾ ਇਕ ਵੱਡੀ ਵੰਗਾਰ ਹੈ, ਕਿਉਂਕਿ ਇਕੱਲਾ ਕਾਨੂੰਨ ਇਸ ਮਾਮਲੇ ਵਿੱਚ ਬੇਬਸ ਨਜ਼ਰ ਆ ਰਿਹਾ ਹੈ।

## ਤਖਤਾਂ ਵਾਲੇ

ਪੰਜਾਬ ਦੇ ਤਖ਼ਤਾਂ ਵਾਲੇ ਭਾਵੇਂ ਕਿਸੇ ਵੀ ਕੰਮ ਤੋਂ ਉੱਕ ਜਾਣ, ਇਕ ਕੰਮ ਤੋਂ ਬਿਲਕੁਲ ਨਹੀਂ ਉੱਕਦੇ ਤੇ ਉਹ ਹੈ ਕੇਂਦਰ ਰਾਜ ਸਬੰਧਾਂ ਵਿਚਕਾਰ ਟਕਰਾਓ ਦੀ ਰਾਜਨੀਤੀ। ਕੇਂਦਰ ਸਰਕਾਰ ਵੱਲੋਂ ਪੈਟਰੋਲ ਪਦਾਰਥਾਂ 'ਚ ਕੀਤੇ ਗਏ ਵਾਧੇ ਦੇ ਵਿਰੋਧ ਵਿੱਚ ਜਦ ਖੱਬੀਆਂ ਪਾਰਟੀਆਂ ਨੇ 5 ਜੁਲਾਈ ਨੂੰ ਭਾਰਤ ਬੰਦ ਦਾ ਸੱਦਾ ਦਿੱਤਾ ਤਾਂ ਛੋਟੇ ਬਾਦਲ ਨੇ ਵੀ ਝੱਟ ਇਸ ਬੰਦ ਵਿੱਚ ਸ਼ਾਮਲ ਹੋਣ ਐਲਾਨ ਕਰ ਦਿੱਤਾ। ਨਿਰਸੰਦੇਹ, ਅਜਿਹਾ ਹੋਣ ਨਾਲ਼ ਮਹਿੰਗਾਈ ਦਾ ਵਿਰੋਧ ਕਰਨ ਵਾਲਿਆਂ ਦੀ ਤਾਕਤ ਵਧਦੀ ਹੈ, ਪਰ ਗ਼ੌਰ ਕਰਨ ਵਾਲੀ ਗੱਲ ਇਹ ਹੈ ਕਿ ਕੀ ਸੂਬਾ ਸਰਕਾਰ ਨੇ ਮਹਿੰਗਾਈ ਨੂੰ ਕਾਬੂ 'ਚ ਰੱਖਣ ਲਈ ਅਪਣੇ ਹਿੱਸੇ ਦੀ ਜ਼ੁੰਮੇਵਾਰੀ ਵੀ ਕਦੇ ਨਿਭਾਈ ਹੈ। ਜਵਾਬ ਨਾਂਹ ਵਿੱਚ ਹੀ ਹੈ ਕਿਉਂਕਿ ਸੂਬਾ ਸਰਕਾਰ ਨੇ ਮਹਿੰਗਾਈ ਦੇ ਮਾਮਲੇ ਨੂੰ ਕੇਂਦਰ ਤੇ ਇਸ ਤੋਂ ਵੀ ਅੱਗੇ ਜਾ ਕੇ ਕਾਂਗਰਸ ਨਾਲ਼ ਹੀ ਸਬੰਧਿਤ ਕੀਤਾ ਹੋਇਆ ਹੈ ਤੇ ਇਹ ਹਮੇਸ਼ਾ ਇਸ ਮੁੱਦੇ ਦਾ ਸਿਆਸੀ ਲਾਭ ਲੈਣ ਦੀ ਤਾਕ 'ਚ ਰਹਿੰਦੀ ਹੈ। ਠੀਕ ਹੈ ਕਿ ਕੇਂਦਰ ਸਰਕਾਰ ਨੇ ਪੈਟਰੋਲ ਪਦਾਰਥਾਂ ਦੀਆਂ ਕੀਮਤਾਂ ਵਿੱਚ ਵਾਰ-ਵਾਰ ਵਾਧਾ ਕਰਕੇ ਲੋਕਾਂ ਉੱਤੇ ਉੱਭਰ ਰਹੀ ਮਹਿੰਗਾਈ ਦਾ ਬੋਝ ਲੱਦਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਪਰ ਪੰਜਾਬ ਸਰਕਾਰ ਨੇ ਪੰਜਾਬ ਵਿੱਚ ਪੈਟਰੋਲ, ਡੀਜ਼ਲ ਤੇ ਰਸੋਈ ਗੈਸ ਦੇ ਭਾਅ ਸਥਾਨਕ ਕਰ ਲਗਾਕੇ ਬਾਕੀ ਭਾਰਤ ਨਾਲੋਂ ਸਭ ਤੋਂ ਉੱਪਰ ਰੱਖੇ ਤੇ ਇਹਨਾਂ ਵਿੱਚ ਉਦੋਂ ਵੀ ਕੋਈ ਢਿੱਲ ਨਹੀਂ ਦਿੱਤੀ ਜਦੋਂ ਕਈ ਸੂਬਿਆਂ ਵੱਲੋਂ ਇਹਨਾਂ ਪਦਾਰਥਾਂ ਉੱਪਰੋਂ ਵੈਟ ਹਟਾਇਆ ਜਾ ਘਟਾਇਆ ਜਾ ਰਿਹਾ ਸੀ। ਪੰਜਾਬ ਦੇ ਤਖ਼ਤਾਂ ਵਾਲਿਆਂ ਦੀ ਦੋਹਰੀ ਸਿਆਸਤ ਨੂੰ ਪੈਟਰੋਲ ਦੀਆਂ ਵਰਤਮਾਨ ਕੀਮਤਾਂ ਦੇ ਹੇਠਲੇ ਟੇਬਲ ਤੋਂ ਸਮਝਿਆ ਜਾ ਸਕਦਾ ਹੈ। ਕੀਮਤਾ ਵਿਚਲੇ ਅੰਤਰ ਸੂਬਾਈ ਕਰਾਂ ਕਾਰਨ ਹੈ।

| | ਪੁਰਾਣੀ | ਨਵੀਂ |
|---|---|---|
| ਮੁੰਬਈ | 52.20 | 55.88 |
| ਦਿੱਲੀ | 47.93 | 51.43 |
| ਕੋਲਕਾਤਾ | 51.67 | 55.32 |
| ਹਰਿਆਣਾ | 48.13 | 51.66 |
| ਹਿਮਾਚਲ | 50.16 | 54.03 |
| ਜੰਮੂ-ਕਸ਼ਮੀਰ | 50.74 | 54.24 |
| ਪੰਜਾਬ | 53.69 | 57.19 |
| ਉਤਰਾਖੰਡ | 49.80 | 53.30 |

ਅੱਖੀਂ ਡਿੱਠਾ ਹਾਲ

# ਤੀਜਾ ਸ਼ਹੀਦ ਭਗਤ ਸਿੰਘ ਸਪੋਰਟਸ ਟੂਰਨਾਮੈਂਟ ਕਾਮਯਾਬੀ ਨਾਲ ਸਮਾਪਤ

**ਨ ਦ ਬ – ਐਡਮਿੰਟਨ**

ਜੁਲਾਈ 3 ਅਤੇ 4 ਨੂੰ ਪ੍ਰੋਗਰੈਸਿਵ ਪੀਪਲਜ਼ ਫਾਂਉਡੇਸ਼ਨ ਆਫ ਐਡਮਿੰਟਨ ਅਤੇ ਪੰਜਾਬ ਯੂਨਾਈਟਿਡ ਕੱਲਬ ਵੱਲੋਂ ਸਾਂਝੇ ਤੌਰ 'ਤੇ ਕਰਵਾਇਆ ਗਿਆ ਤੀਸਰਾ ਸ਼ਹੀਦ ਭਗਤ ਸਿੰਘ ਸੋਕਰ ਟੂਰਨਾਮੈਂਟ ਸਫਲਤਾ ਪੂਰਵਕ ਸਮਾਪਤ ਹੋਇਆ। ਲਗਾਤਾਰ ਦੋ ਦਿਨ ਖਿਡਾਰੀਆਂ, ਖੇਡ ਪ੍ਰੇਮੀਆਂ, ਪਰਿਵਾਰਾਂ ਤੇ ਵਲੰਟੀਅਰਜ਼ ਨੇ ਸੋਕਰ ਦਾ ਆਨੰਦ ਮਾਣਿਆ ਤੇ ਲੱਗਭੱਗ ਪੰਜ ਸੌ ਲੋਕਾਂ ਦੀ ਭੀੜ ਪੋਲਾਰਡ ਮੈਡੋਜ਼ ਸਕੂਲ ਦੇ ਖੇਡ ਮੈਦਾਨਾਂ ਵਿਚ ਹਾਜ਼ਰ ਰਹੀ। ਨਿੱਕੇ ਬੱਚਿਆਂ, ਗਭਰੇਟ ਕੁੜੀਆਂ, ਮੁੰਡਿਆਂ ਅਤੇ ਪਰਿਵਾਰਾਂ ਨੇ ਟੂਰਨਾਮੈਂਟ ਵਿਚ ਸ਼ਮੂਲੀਅਤ ਕੀਤੀ। ਮੈਚਾਂ ਦੌਰਾਨ ਵੱਜ ਰਹੀਆਂ ਤਾੜੀਆਂ ਤੇ ਲੋਕਾਂ ਦੀ ਗਹਿਮਾ-ਗਹਿਮੀ ਟੂਰਨਾਮੈਂਟ ਦੀ ਭਾਵਨਾ ਨੂੰ ਟੁੰਬਦੀ ਆਪਣੀ ਖੁਸ਼ਬੂ ਬਿਖੇਰ ਰਹੀ ਸੀ। ਕਨੇਡਾ ਦੀ ਜੰਮਪਲ ਪੀੜ੍ਹੀ ਸੋਕਰ ਨੂੰ ਤਹਿ ਦਿਲੋਂ ਪਿਆਰ ਕਰਦੀ ਹੈ, ਦੂਜਾ ਸੋਕਰ ਦਾ ਵਰਲਡ ਕੱਪ ਚੱਲ ਰਿਹਾ ਹੈ। ਇਹ ਸੁਮੇਲ ਸੋਕਰ ਦੀ ਕਸ਼ਿਸ਼ ਤੇ ਹਰਮਨਪਿਆਰਤਾ ਦਰਸਾ ਰਿਹਾ ਸੀ। ਛੋਟੇ ਬੱਚਿਆਂ ਦੇ ਮਾਂ ਪਿਓ ਤੇ ਭੈਣ ਭਰਾ ਗਰਾਂਉਡ ਵਿਚ ਹੱਲਾਸ਼ੇਰੀ ਦੇ ਰਹੇ ਸਨ। ਦੂਜੇ ਪਾਸੇ ਟੈਂਟ ਵਿਚ ਖਾਣ ਪੀਣ ਦਾ ਲੰਗਰ ਵਰਤਾਇਆ ਜਾ ਰਿਹਾ ਸੀ। ਕਈ ਪਰਿਵਾਰ ਘਰੋਂ ਲੰਗਰ ਬਣਾ ਕੇ ਟੂਰਨਾਮੈਂਟ ਤੇ ਪਹੁੰਚਾ ਰਹੇ ਸਨ। ਸਟੇਜ ਤੇ ਸੰਤ ਰਾਮ ਉਦਾਸੀ ਦੇ ਗੀਤ, ਬੁੱਲ੍ਹੇ ਸ਼ਾਹ ਦੀਆਂ ਕਵਾਲੀਆਂ ਤੇ ਸਾਹਿਤਕ ਗੀਤਾਂ ਦੇ ਰਿਕਾਰਡ ਚੱਲ ਰਹੇ ਸਨ। ਲਗਭਗ ਚਾਲੀ ਟੀਮਾਂ ਨੇ ਟੂਰਨਾਮੈਂਟ ਵਿਚ ਭਾਗ ਲਿਆ, ਦੋ ਟੀਮਾਂ ਓਪਨ ਦੀਆਂ ਕੈਲਗਿਰੀ ਤੋਂ ਸਨ। ਪਹਿਲੇ ਨੰਬਰ ਤੇ ਆਉਣ ਵਾਲੀ ਟੀਮ ਨੂੰ ਪੰਦਰਾਂ ਸੌ ਡਾਲਰ ਦਾ ਇਨਾਮ ਮਨਜੀਤ ਧਾਲੀਵਾਲ ਵੱਲੋਂ ਦਿੱਤਾ ਗਿਆ ਤੇ ਇਸੇ ਤਰ੍ਹਾਂ ਤੇਰਾਂ ਸੌ ਤੇ ਹੋਰ ਛੋਟੇ ਇਨਾਮ ਵੀ ਟੀਮਾਂ ਨੂੰ ਦਿੱਤੇ ਗਏ। ਦਰਸ਼ਕਾਂ ਲਈ ਲੱਗਭੱਗ ਚਾਲੀ ਇਨਾਮ ਡਰਾਅ ਰਾਹੀਂ ਕੱਢੇ ਗਏ। ਬੱਚਿਆਂ ਤੇ ਉਨਾਂ ਦੇ ਕੋਚਾਂ ਨੂੰ ਮੈਡਲ ਦੇ ਕੇ ਨਿਵਾਜਿਆ ਗਿਆ।ਟੂਰਨਾਮੈਂਟ ਵਿਚ ਭਾਗ ਲੈਣ ਆਏ ਹਰ ਇਕ ਖਿਡਾਰੀ ਨੂੰ ਟੀ ਸ਼ਰਟ ਦਿੱਤੀ ਗਈ। ਇਸ ਟੂਰਨਾਮੈਂਟ ਦੀ ਸ਼ੁਰੂਆਤ 2008 ਵਿਚ ਹੋਈ ਸੀ। ਸ਼ਹੀਦ ਭਗਤ ਸਿੰਘ ਦੇ ਨਾਂ ਤੇ ਟੂਰਨਾਮੈਂਟ ਕਰਵਾਉਣ ਲਈ ਸੰਸਥਾਵਾਂ ਨੇ ਉਚੇਚੇ ਤੌਰ ਤੇ ਨੌਜਵਾਨ ਵਰਗ ਦੀ ਦਿਲਚਪਸੀ ਨੂੰ ਧਿਆਨ ਵਿਚ ਰੱਖਦਿਆਂ ਇਹ ਫੈਸਲਾ ਲਿਆ ਸੀ ਕਿ ਕਮਿਊਨਿਟੀ ਵਿਚ ਆਉਣ ਵਾਲੀ ਪੀੜ੍ਹੀ ਵਿਚ ਲੀਡਰਸ਼ਿਪ ਤੇ ਉਸਾਰੂ ਸੋਚ ਭਰਨ ਲਈ ਖੇਡਾਂ ਦਾ ਅਹਿਮ ਯੋਗਦਾਨ ਹੈ। ਖਾਸ ਕਰਕੇ ਉਹ ਖੇਡਾਂ ਜਿਨ੍ਹਾਂ ਵਿਚ ਨੌਜਵਾਨ ਵਰਗ ਦਿਲਚਸਪੀ ਰਖਦਾ ਹੈ। ਇਸੇ ਕਰਕੇ ਸੋਕਰ ਨੂੰ ਚੁਣਿਆ ਗਿਆ ਸੀ। ਆਏ ਸਾਲ ਖਿਡਾਰੀਆਂ ਦੀ ਸ਼ਮੂਲੀਅਤ ਤੇ ਨੌਜਵਾਨ ਕੋਚਾਂ ਦੀ ਵੱਧ ਰਹੀ ਦਿਲਚਪਸੀ ਇਕ ਸੁਭ-ਸ਼ਗਨ ਹੈ। ਮਹਿੰਦਰ ਬੰਗਾ ਤੇ ਸੋਨੀ ਗਿੱਲ ਦੀ ਅਗਵਾਈ ਵਿਚ ਰਾਜੂ ਵਿਰਕ, ਕਮਲ ਸਿੱਧੂ, ਦੇਵ ਚਾਨਾ, ਸੋਨੀ, ਮਾਨਵ ਦਿਓਲ, ਜੈਗ ਬੰਗਾ, ਬੋਬੀ ਬੰਗਾ, ਸਿਮਰਨ ਮਾਹਲ, ਰਾਹਿਨ ਦਿਓਲ, ਸੋਨੀਆ, ਦਿਲਜੋਤ ਸਾਧਰਾ ਅਤੇ ਜਸਪਾਲ ਬਦੇਸ਼ਾ ਨੇ ਖਿਡਾਰੀਆਂ ਨੂੰ ਖੇਡ ਦੇ ਨਾਲ ਨਾਲ ਟੀਮ ਭਾਵਨਾ ਦੇ ਗੁਰ ਵੀ ਸਿਖਾਏ ।ਜਸਬੀਰ ਤੇ ਪ੍ਰਵੀਨ ਦਿਓਲ, ਸੁਰਿੰਦਰ ਤੇ ਪ੍ਰਮਿੰਦਰ ਦਿਓਲ, ਗੁਰਸੇਵਕ ਮਾਨ, ਡਾ. ਪੀ ਆਰ ਕਾਲੀਆ, ਗੁਰਚਰਨ ਬਰਾੜ, ਮਹਿੰਦਰ ਬੰਗਾ ਤੇ ਪੰਜਾਬ ਯੂਨਾਈਟਿਡ ਕਲੱਬ ਦੇ ਹੋਰ ਮੈਂਬਰ, ਦਲਬੀਰ ਤੇ ਬਲਵਿੰਦਰ ਸਾਂਗਿਆਣ, ਜੋਗਿੰਦਰ ਤੇ ਰਾਜੂ ਰੰਧਾਵਾ, ਜਸਬੀਰ ਤੇ ਬਖਸ਼ ਸੰਘਾ, ਜਗਦੇਵ ਸੋਹੀ, ਬਲਦੇਵ ਗਰੇਵਾਲ;ਹਰਜਿੰਦਰ, ਲਾਲੀ ਤੇ ਕਸ਼ਮੀਰ ਬਦੇਸ਼ਾ, ਸਨੀ ਵਿਰਕ, ਸਰਵਣ ਬਾਜਵਾ, ਰਵਿੰਦਰ ਸ਼ਾਹੀ, ਰਾਜੇਸ਼ ਜੌਹਲ, ਹਰਿੰਦਰ ਸੈਣੀ, ਚਰਨਜੀਤ ਬਰਾੜ ਦੀ ਟੀਮ ਨੇ ਟੂਰਨਾਮੈਂਟ ਨੂੰ ਕਾਮਯਾਬ ਕਰਨ ਲਈ ਯੋਗਦਾਨ ਪਾਇਆ। ਕਮਿਊਨਿਟੀ 'ਚੋਂ ਵਪਾਰੀ ਭਰਾਵਾਂ ਤੇ ਪਰਿਵਾਰਾਂ ਨੇ ਮਾਇਕ ਸਹਾਇਤਾ ਦੇ ਕੇ ਆਪਣਾ ਯੋਗਦਾਨ ਪਾਇਆ।

*(ਫੋਟੋਆਂ ਦੇਖੋ ਫੋਟੋ ਗੈਲਰੀ ਸਫਾ 20 'ਤੇ)*

# ਡਾ. ਸਿਰਸਾ ਅਤੇ ਕੁਲਬੀਰ ਸੂਰੀ ਨਾਲ ਸੰਵਾਦ

**ਨਵਤੇਜ – ਐਡਮਿੰਟਨ**

ਪੰਜਾਬੀ ਭਾਸ਼ਾ ਦੇ ਘੱਟ ਰਹੇ ਪਾਠਕਾਂ, ਪੁਸਤਕਾਂ ਦੀ ਘੱਟ ਛਪਣ ਦੀ ਗਿਣਤੀ, ਵਧੀਆ ਸਾਹਿਤਕ ਪੁਸਤਕਾਂ ਦੀ ਘਾਟ ਸਮਾਜ ਦੇ ਹਰ ਵਰਗ 'ਚ ਫੈਲੀ ਅਫ਼ਰਾ-ਤਫ਼ਰੀ ਬਾਰੇ ਪੰਜਾਬੀ ਦੇ ਦੋ ਵਿਦਵਾਨਾਂ ਡਾ. ਸੁਖਦੇਵ ਸਿੰਘ ਸਿਰਸਾ ਅਤੇ ਕੁਲਬੀਰ ਸਿੰਘ ਸੂਰੀ ਨੇ ਅਪਣੇ ਵਿਚਾਰ ਐਡਮਿੰਟਨ 'ਚ ਇਕ ਬੈਠਕ ਦੌਰਾਨ ਖੁੱਲ੍ਹ ਕੇ ਪੇਸ਼ ਕੀਤੇ।

ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਨਾਨਕ ਸਿੰਘ ਦੇ ਪੁੱਤਰ ਕੁਲਬੀਰ ਸੂਰੀ ਨੇ ਅੱਜਕੱਲ੍ਹ ਰਚੇ ਜਾ ਰਹੇ ਸਾਹਿਤ ਨੂੰ ਮਿਆਰੀ ਨਾ ਮੰਨਦਿਆਂ ਕਿਹਾ ਕਿ ਵਧੀਆ/ਲੋਕ-ਪੱਖੀ ਸਾਹਿਤ ਨੂੰ ਕਦੇ ਵੀ ਪਾਠਕਾਂ ਦੀ ਕਮੀ ਨਹੀਂ ਰਹੀ। 1942 'ਚ ਛਪੇ 'ਪਵਿੱਤਰ ਪਾਪੀ' ਨਾਵਲ ਦੀ ਮਸ਼ਹੂਰੀ ਉੱਤਮ ਸਾਹਿਤ ਨੂੰ ਲੋਕਾਂ ਵਲੋਂ ਕਬੂਲਣ ਦੀ ਵਧੀਆ ਉਦਹਾਰਣ ਹੈ। ਇਸੇ ਤਰ੍ਹਾਂ ਮਿਆਰੀ ਪੰਜਾਬੀ ਸਾਹਿਤ ਦੀ ਦੂਜੀਆਂ ਭਾਸ਼ਾਵਾਂ ਵਿਚ ਪ੍ਰਵਾਨਤਾ, ਨਾਨਕ ਸਿੰਘ ਰਚਿਤ 'ਚਿੱਟਾ ਲਹੂ' ਦਾ ਲਿਓ ਟੋਲਸਟੋਏ ਦੀ ਪੋਤਰੀ ਨਤਾਸ਼ਾ ਟੋਲਸਟੋਏ ਵਲੋਂ ਕੀਤਾ ਰੂਸੀ ਅਨੁਵਾਦ ਇਕ ਹਫ਼ਤੇ ਵਿੱਚ 50,000 ਪੁਸਤਕਾਂ ਦਾ ਵਿਕਣਾ ਪੰਜਾਬੀ ਸਾਹਿਤ ਦੀ ਮਾਨਤਾ ਦਰਸਾਉਂਦਾ ਹੈ। ਉਨ੍ਹਾਂ ਦੇ ਪਿਤਾ ਨਾਨਕ ਸਿੰਘ ਦੀ ਆਜ਼ਾਦੀ ਨੂੰ ਦੇਣ ਬਾਰੇ ਇਕ ਸੁਆਲ ਦੇ ਜਵਾਬ ਵਿਚ ਸੂਰੀ ਨੇ ਕਿਹਾ ਕਿ 1919 ਦੇ ਵਿਸਾਖੀ ਦਿਹਾੜੇ ਨਾਨਕ ਸਿੰਘ ਜਲ੍ਹਿਆਂਵਾਲਾ ਬਾਗ ਵਿਚ ਮੌਜੂਦ ਸਨ ਅਤੇ ਇਸ ਕਾਂਡ ਤੋਂ ਪ੍ਰਭਾਵਤ ਹੋ ਕੇ ਉਨ੍ਹਾਂ ਨੇ 'ਖੂਨੀ ਵਿਸਾਖੀ' ਨਾਂ ਦੀ ਇਕ ਪੁਸਤਕ ਅੰਗਰੇਜ਼ੀ ਸਾਮਰਾਜ ਪ੍ਰਤੀ ਵੰਗਾਰ ਦੇ ਰੂਪ ਵਿੱਚ ਲਿਖੀ ਅਤੇ ਹਕੂਮਤ ਵਲੋਂ ਸਾਰੀਆਂ ਹੀ ਕਾਪੀਆਂ ਜ਼ਬਤ ਕਰ ਲਈਆਂ ਗਈਆਂ। ਇਸ ਪੁਸਤਕ ਦੀ ਪਰਿਵਾਰ ਕੋਲ ਮੌਜੂਦ ਕਾਪੀ ਵੀ ਗਿਆਨੀ ਜ਼ੈਲ ਸਿੰਘ ਦੀ ਮੱਦਦ ਨਾਲ਼ ਬਰਤਾਨੀਆ ਦੇ ਇਕ ਅਜਾਇਬ ਘਰ ਵਿੱਚੋਂ ਪ੍ਰਾਪਤ ਕੀਤੀ ਗਈ।

ਸੁਖਦੇਵ ਸਿੰਘ ਸਿਰਸਾ ਨੇ ਆਪਣੇ ਬੇਬਾਕ ਅੰਦਾਜ਼ ਵਿਚ ਕਿਹਾ ਕਿ ਨੌਜਵਾਨ ਪੀੜ੍ਹੀ ਨਸ਼ਿਆਂ ਵਿਚ ਲੱਗੀ ਹੋਈ ਹੈ, ਪੁਲੀਸ-ਪ੍ਰਸ਼ਾਸਨ ਭ੍ਰਿਸ਼ਟਾਚਾਰ ਦਾ ਸ਼ਿਕਾਰ ਹੈ। ਬੌਧਿਕ ਪੱਖੋਂ ਪੰਜਾਬ ਬਹੁਤ ਪੱਛੜ ਗਿਆ ਹੈ। ਸਿੱਖਿਆ ਦੇ ਡਿੱਗ ਰਹੇ ਮਿਆਰ ਬਾਰੇ ਗੱਲ




ਡਾ. ਸੁਖਦੇਵ ਸਿੰਘ ਸਿਰਸਾ ਅਤੇ ਸ. ਕੁਲਬੀਰ ਸੂਰੀ

ਕਰਦਿਆਂ ਸ੍ਰੀ ਸਿਰਸਾ ਨੇ ਕਿਹਾ ਕਿ ਇਸ ਦੀਆਂ ਜੜ੍ਹਾਂ ਤਕਰੀਬਨ ਦੋ ਸਦੀਆਂ ਤੱਕ ਚੱਲੇ ਅਤਿਵਾਦ-ਵੱਖਵਾਦ ਵਿਚ ਪਈਆਂ ਹਨ। ਇਸ ਸਮੇਂ ਦੌਰਾਨ ਹੀ ਪੰਜਾਬ ਦੇ ਅਮੀਰ ਵਿਰਸੇ ਅਤੇ ਸਭਿਆਚਾਰ ਨੂੰ ਢਾਹ ਲੱਗੀ। ਧਾਰਮਕ-ਸਮਾਜਕ ਸਹਿਣਸ਼ੀਲਤਾ ਬਾਰੇ ਬੋਲਦਿਆਂ ਡਾ. ਸਿਰਸਾ ਨੇ ਕਿਹਾ ਕਿ ਦਲਿਤ ਵਰਗ ਜਿਥੇ ਪਹਿਲਾਂ ਤੋਂ ਹੀ ਸਮਾਜਕ ਤੇ ਆਰਥਕ ਨਾ-ਬਰਾਬਰੀ ਦਾ ਸ਼ਿਕਾਰ ਹੈ, ਉਥੇ ਹੀ ਸਿੱਖੀ ਦਾ ਬਰਾਬਰਤਾ ਦਾ ਸਿਧਾਂਤ ਵੀ ਉਨ੍ਹਾਂ ਨੂੰ ਮੁੱਖ ਧਾਰਾ ਵਿੱਚ ਰਲਾਉਣ ਤੋਂ ਅਸਮਰਥ ਹੈ, ਜਿਸ ਦੇ ਚੱਲਦਿਆਂ ਇਕ ਵੱਡਾ ਵਰਗ ਆਪਣੇ ਆਪ ਨੂੰ ਹਾਸ਼ੀਏ 'ਤੇ ਸਮਝਦਾ ਹੈ ਅਤੇ ਨਵੇਂ ਧਰਮ-ਗ੍ਰੰਥ ਦੀ ਸ਼ਰਣ ਵਿਚ ਜਾਣ ਲਈ ਤਿਆਰ ਹੈ। ਘੱਟ ਗਿਣਤੀ ਵਰਗ ਦੇ ਹਿੱਤਾਂ ਦੀ ਰਾਖੀ ਲਈ ਵੱਧ ਗਿਣਤੀ ਵਾਲੇ ਭਾਈਚਾਰੇ ਨੂੰ ਅੱਗੇ ਆਉਣਾ ਚਾਹੀਦਾ ਹੈ। ਸਮਾਜਕ ਗਿਰਾਵਟ, ਪੰਜਾਬੀ ਭਾਸ਼ਾ-ਸਾਹਿਤ ਵਿੱਚ ਮਿਆਰੀ ਰਚਨਾਵਾਂ ਦਾ ਨਾ ਹੋਣਾ ਪਾਠਕਾਂ ਦੀ ਘੱਟ ਰਹੀ ਦਿਲਚਸਪੀ ਕਿਸੇ ਬੱਝਵੀਂ ਪ੍ਰਗਤੀਸ਼ੀਲ ਲਹਿਰ ਦੀ ਅਣਹੋਂਦ ਕਾਰਨ ਹੀ ਉਪਜੀਆਂ ਸਮੱਸਿਆਵਾਂ ਹਨ। ਪੰਜਾਬੀ ਕਵੀਆਂ ਬਾਰੇ ਸਵਾਲ ਦੇ ਜਵਾਬ ਵਿੱਚ ਡਾ. ਸੁਖਦੇਵ ਨੇ ਕਿਹਾ ਕਿ ਪ੍ਰੋ. ਮੋਹਨ ਸਿੰਘ ਦੀ ਕਵਿਤਾ ਪ੍ਰਗਤੀਸ਼ੀਲ, ਲੋਕ-ਹਿਤੈਸ਼ੀ ਹੋਣ ਦੇ ਨਾਲ਼-ਨਾਲ਼ ਪੰਜਾਬ ਦੀ ਸੱਭਿਆਚਾਰਕ ਵਿਰਾਸਤ ਨੂੰ ਵੀ ਪੇਸ਼ ਕਰਦੀ ਹੈ। ਅਮ੍ਰਿਤਾ ਪ੍ਰੀਤਮ, ਡਾ. ਜਗਤਾਰ, ਸ਼ਿਵ ਕੁਮਾਰ ਬਟਾਲਵੀ, ਪਾਸ਼ ਤੇ ਸੁਰਜੀਤ ਪਾਤਰ ਵਰਗੇ ਕਵੀਆਂ ਨੇ ਪੰਜਾਬੀ ਕਵਿਤਾ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ ਹੈ। ਕਿਸਾਨਾਂ ਦੀਆਂ ਖੁਦਕੁਸ਼ੀਆਂ ਬਾਰੇ ਡਾ. ਸਿਰਸਾ ਨੇ ਕਿਹਾ ਕਿ ਹਰੀ ਕ੍ਰਾਂਤੀ ਆਉਣ ਨਾਲ਼ ਪੰਜਾਬ ਵੱਡੇ ਸੁਪਨੇ ਵੇਖਣ ਲੱਗਾ, ਨਵੀਂ ਤਕਨੀਕ ਆਉਣ ਨਾਲ, ਖੇਤੀ ਖਰਚਿਆਂ ਵਿੱਚ ਹੋਏ ਵਾਧੇ ਕਰਕੇ ਹਾਲਤ ਬੱਦਤਰ ਹੋਏ। ਵੱਧ ਤੋਂ ਵੱਧ ਧਨ ਇਕੱਠਾ ਕਰਨ ਦੀ ਦੌੜ, ਫੋਕੀ ਸ਼ਾਨ ਵਿਖਾਉਣ ਲਈ ਪੰਜਾਬੀਆਂ ਨੇ ਨੈਤਿਕ ਅਨੁਸਾਸ਼ਨ ਤਿਆਗ ਦਿੱਤਾ ਜਿਸ ਕਾਰਨ ਸੱਭਿਆਚਾਰਕ ਲੱਚਰਤਾ ਅਤੇ ਲਾਲਚ ਵਧਿਆ। ਡੇਰਾਵਾਦ ਦੇ ਪੈਰ ਪਸਾਰਣ ਕਰਕੇ ਸਿਆਸਤਦਾਨਾਂ ਤੇ ਪ੍ਰਸਾਸ਼ਕਾਂ ਵਲੋਂ ਡੇਰਿਆਂ ਦੇ ਪੈਰੋਕਾਰਾਂ ਨੂੰ ਆਪਣੇ ਹਿੱਤਾਂ ਲਈ ਵਰਤਣ ਕਰਕੇ ਪੰਜਾਬੀਆਂ ਦਾ ਸਮੂਹਕ ਸਭਿਆਚਾਰ ਟੁੱਟਦਾ ਜਾ ਰਿਹਾ ਹੈ। ਖਪਤਵਾਦ ਦੇ ਨਾਲ ਸਮੂਹਕ ਹਿੱਤਾਂ ਦੀ ਥਾਵੇਂ ਨਿੱਜੀ ਹਿੱਤਾਂ ਨੂੰ ਪਹਿਲ ਵੀ ਸਮਾਜਕ ਗਿਰਵਾਟ ਦੇ ਕਾਰਨ ਹਨ। ਡਾ. ਸੁਖਦੇਵ ਸਿੰਘ ਸਿਰਸਾ, ਕੈਲਗਰੀ ਪੰਜਾਬੀ ਲੇਖਕ ਸਭਾ ਦੇ ਸੱਦੇ 'ਤੇ ਇਕਬਾਲ ਅਰਪਨ ਸਮਾਰੋਹ ਵਿਚ ਭਾਗ ਲੈਣ ਕੈਲਗਰੀ ਆਏ ਸਨ।

# ਅਮਰਜੀਤ ਸੋਹੀ ਨੇ ਚੋਣ ਮੁਹਿੰਮ ਤੇਜ਼ ਕੀਤੀ

**ਹਰਜਿੰਦਰ ਸਿੰਘ ਆਹਲੂਵਾਲੀਆ –ਐਡਮਿੰਟਨ**

ਐਡਮਿੰਟਨ ਤੋਂ ਵਾਰਡ ਨੰਬਰ 6 ਦੇ ਵਰਤਮਾਨ ਕਾਊਂਸਲਰ ਨੇ ਦੂਸਰੀ ਵਾਰ ਆਪਣਾ ਭਵਿੱਖ ਅਜਮਾਉਣ ਦੀ ਕੋਸਿਸ਼ ਕਰਦਿਆਂ ਆਪਣੀ ਚੋਣ ਮੁਹਿੰਮ ਨੂੰ ਤੇਜ਼ ਕਰ ਦਿੱਤਾ ਹੈ । ਇਸ ਅਧੀਨ ਉਨ੍ਹਾਂ ਨੇ ਆਪਣੇ ਹਲਕੇ ਦੇ ਵੱਖ-ਵੱਖ ਖੇਤਰਾਂ ਵਿੱਚ ਪ੍ਰਚਾਰ ਸ਼ੁਰੂ ਕਰ ਦਿੱਤਾ । ਉਹ ਇਸ ਵਾਰ ਨਵੇਂ ਬਣੇ ਵਾਰਡ 12 ਵਿੱਚ ਚੋਣ ਲੜ ਰਹੇ ਹਨ । ਸ੍ਰ: ਸੋਹੀ ਦਾ ਜਿੱਥੇ ਪੰਜਾਬੀ ਭਾਈਚਾਰੇ ਵਿੱਚ ਸਤਿਕਾਰ, ਅਸਰ ਰਸੂਖ ਹੈ, ਉਸ ਤੋਂ ਵੱਧ ਕੈਨੇਡੀਅਨ ਕਮਿਊਨਿਟੀ ਵਿੱਚ ਇਮਾਨਦਾਰੀ ਵਜੋਂ ਸਤਿਕਾਰੇ ਜਾਂਦੇ ਹਨ । ਉਨ੍ਹਾਂ ਦੇ ਇਸ ਪ੍ਰਚਾਰ ਮੁਹਿੰਮ ਵਿੱਚ ਭਾਈਚਾਰੇ ਨਾਲ ਸਬੰਧਿਤ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸੰਸਥਾਵਾਂ ਵੱਧ ਚੜ ਕੇ ਹਿੱਸਾ ਲੈ ਰਹੀਆਂ ਹਨ । ਸ: ਸੋਹੀ ਨੇ ਦੱਸਿਆ ਕਿ ਉਹ ਭਵਿੱਖ ਦੇ ਨਵੇਂ ਪ੍ਰੋਜੈਕਟਾਂ ਬਾਰੇ ਕਾਫੀ ਗੰਭੀਰ ਹਨ। ਉਨ੍ਹਾਂ ਅੱਗੇ ਕਿਹਾ ਕਿ ਸ਼ਹਿਰ ਦੇ ਮੇਅਰ ਸਟੀਫ਼ਨ ਮੈਂਡਲ ਵੀ ਇਸ ਇਲਾਕੇ ਵੱਲ ਵਿਸੇਸ਼ ਧਿਆਨ ਦਿੰਦੇ ਹਨ ਜਿਸ ਕਰਕੇ ਉਨ੍ਹਾਂ ਨੂੰ ਵਿਕਾਸ ਕਰਵਾਉਣ ਵਿੱਚ ਬਹੁਤ ਸਹਾਇਤਾ ਮਿਲਦੀ ਹੈ । ਸ: ਸੋਹੀ ਨੇ ਪੰਜਾਬੀ ਭਾਈਚਾਰੇ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਪੰਜਾਬੀਆਂ ਦੇ ਮਿਲੇ ਸਤਿਕਾਰ ਅਤੇ ਪਿਆਰ ਨੂੰ ਕਦੇ ਵੀ ਨਹੀਂ ਭੁਲਾ ਸਕਦੇ । ਉਹਨਾਂ ਕਿਹਾ ਕਿ ਕਿਸੇ ਵੀ ਸ਼ਹਿਰੀ ਨੂੰ ਕੋਈ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਸਿੱਧੇ ਤੌਰ ਤੇ ਮੇਰੇ ਨਾਲ ਸੰਪਰਕ ਕਰ ਸਕਦੇ ਹਨ ।

# ਅਲਬਰਟਾ ਕਬੱਡੀ ਕੱਪ ਤੇ ਸੱਭਿਆਚਾਰਕ ਮੇਲਾ ਇਤਿਹਾਸਕ ਪੈੜਾਂ ਪਾ ਗਿਆ

ਹਰਜਿੰਦਰ ਆਹਲੂਵਾਲੀਆ –ਐਡਮਿੰਟਨ

ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ ਅਤੇ ਐਡਮਿੰਟਨ ਕਬੱਡੀ ਕਲੱਬ ਵੱਲੋਂ ਕਰਵਾਏ 'ਐਡਮਿੰਟਨ ਕਬੱਡੀ ਕੱਪ' ਵਿਚ ਬੀ.ਸੀ. ਫੈਡਰੇਸ਼ਨ ਦੀਆਂ 8 ਟੀਮਾਂ ਵਿਚ ਖੇਡੇ ਵਿਸ਼ਵ ਪ੍ਰਸਿੱਧ ਖਿਡਾਰੀਆਂ ਨੇ ਆਪਣੀ ਖੇਡ ਦੇ ਮੁਜਾਹਰੇ ਨਾਲ਼ ਅਲਬਰਟਾ ਵਾਸੀਆਂ ਨੂੰ ਨਿਹਾਲ ਕਰ ਦਿਤਾ। ਪਰਲਜ਼ ਵਿਸ਼ਵ ਕਬੱਡੀ ਕੱਪ ਦੀ ਜੇਤੂ ਟੀਮ ਦੇ ਖਿਡਾਰੀਆਂ ਸਮੇਤ ਕਬੱਡੀ ਦੁਨੀਆ ਦੇ ਸਟਾਰ ਖਿਡਾਰੀਆਂ ਨੇ ਪੰਜਾਬੀ ਮਾਂ ਖੇਡ ਕਬੱਡੀ ਦੀਆਂ ਕਨੈਡਾ ਦੀ ਧਰਤੀ 'ਤੇ ਅਜਿਹੀਆਂ ਦਿਲਕਸ਼ ਝਲਕੀਆਂ ਦਰਸ਼ਕਾਂ ਲਈ ਪੇਸ਼ ਕੀਤੀਆਂ ਕਿ ਦਰਸ਼ਕ ਅਸ਼-ਅਸ਼ ਕਰ ਉੱਠੇ। ਕਬੱਡੀ ਦੇ ਧਨੰਤਰ ਖਿਡਾਰੀਆਂ ਦੇ ਕਈ ਵਾਰ ਐਸੇ ਫਸਵੇਂ ਪੇਚੇ ਪਏ ਕਿ ਦਰਸ਼ਕ ਤਾੜੀਆਂ ਤੇ ਕਿਲਕਾਰੀਆਂ ਮਾਰਦੇ ਖਿਡਾਰੀਆਂ ਦਾ ਹੌਸਲਾ ਵਧਾਉਂਦੇ ਵੇਖੇ ਗਏ। ਅਖੀਰ ਵੈਨਕੂਵਰ ਦੀ ਟੀਮ ਨੇ ਐਡਮਿੰਟਨ ਕਬੱਡੀ ਕੱਪ ਚੁੰਮਿਆ ਅਤੇ ਐਬਸਫੋਰਡ ਸਪੋਰਟਸ ਕਲੱਬ ਦੀ ਟੀਮ ਦੂਜੇ ਸਥਾਨ 'ਤੇ ਰਹੀ। ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ ਅਤੇ ਐਡਮਿੰਟਨ ਕਬੱਡੀ ਕਲੱਬ ਵੱਲੋਂ ਕਰਵਾਏ ਖੇਡਾਂ ਦੇ ਇਸ ਮਹਾਂਕੁੰਭ ਵਿਚ ਬੱਚਿਆਂ ਦੀਆਂ ਦੌੜਾਂ, ਬਜੁਰਗਾਂ ਦੀਆਂ ਦੌੜਾਂ ਅਤੇ ਔਰਤਾਂ ਦੀਆਂ ਦੌੜਾਂ, ਰੱਸਾ ਕਸੀ ਤੋਂ ਇਲਾਵਾ ਫੀਲਡ ਹਾਕੀ ਦਾ ਮੈਚ ਵੀ ਖੇਡਿਆ ਗਿਆ। ਇਸ ਮੈਚ ਵਿੱਚ ਕੈਨੇਡਾ ਦੇ ਖੇਡ ਪ੍ਰੇਮੀ, ਅਲਬਰਟਾ ਦੇ ਬਿਜਨਿਸਮੈਨ, ਸਿਆਸੀ ਲੀਡਰ ਜਿੰਨਾ ਵਿੱਚ ਐਮ.ਪੀ. ਟਿਮ ਉਪਲ, ਐਮ.ਐਲ.ਏ. ਪੀਟਰ ਸੰਧੂ, ਐਮ.ਐਲ.ਏ. ਨਰੇਸ਼ ਭਾਰਦਵਾਜ, ਕੌਂਸਲਰ ਅਮਰਜੀਤ ਸਿੰਘ ਸੋਹੀ ਤੋਂ ਇਲਾਵਾ ਹੋਰ ਸੈਂਕੜੇ ਸਮਾਜਕ ਤੇ ਰਾਜਨੀਤਕ ਸ਼ਖ਼ਸੀਅਤਾਂ ਹਾਜ਼ਰ ਸਨ। ਹਜ਼ਾਰਾਂ ਦੀ ਗਿਣਤੀ ਵਿਚ ਇਸ ਟੂਰਨਾਮੈਂਟ ਨੂੰ ਦੇਖਣ ਆਏ ਦਰਸ਼ਕਾਂ ਨੇ ਖੇਡਾਂ ਦਾ ਖੂਬ ਆਨੰਦ ਮਾਨਣ ਦੇ ਨਾਲ਼-ਨਾਲ਼ ਪੰਜਾਬੀ ਸੱਭਿਆਚਾਰ ਦਾ ਵੀ ਖੂਬ ਆਨੰਦ ਮਾਣਿਆ।

ਕਬੱਡੀ ਕੱਪ ਤੋਂ ਇਲਾਵਾ ਇਕ ਸੱਭਿਆਚਾਰਕ ਮੇਲੇ ਦਾ ਵੀ ਆਯੋਜਨ ਕੀਤਾ ਗਿਆ। ਇਸ ਸੱਭਿਆਚਾਰਕ ਮੇਲੇ ਵਿਚ ਲੈਂਹਬਰ ਹੁਸੈਨਪੁਰੀ, ਇੰਦਰਜੀਤ ਨਿੱਕੂ, ਸੁਰਿੰਦਰ ਲਾਡੀ, ਹਰਪ੍ਰੀਤ ਢਿੱਲੋਂ, ਬੀਬੀ ਰਣਜੀਤ ਕੌਰ, ਰੁਪਿੰਦਰ ਹਾਂਡਾ ਸਮੇਤ ਪੰਜਾਬੀ ਦੇ ਕਈ ਨਾਮਵਰ ਕਲਾਕਾਰਾਂ ਨੇ 5 ਘੰਟਿਆਂ ਤੋਂ ਜ਼ਿਆਦਾ ਸਮਾਂ ਦਰਸ਼ਕਾਂ ਨੂੰ ਕੀਲੀ ਰੱਖਿਆ। ਸਟੇਜ ਸੰਚਾਲਨ ਦੀ ਮਲਿਕਾ ਆਸ਼ਾ ਸ਼ਰਮਾ ਨੇ ਆਪਣੀ ਸ਼ੇਅਰੋ ਸ਼ਾਇਰੀ ਨਾਲ ਖੂਬ ਰੰਗ ਬੰਨ੍ਹਿਆ। ਉਘੀ ਗਾਇਕਾ ਰਣਜੀਤ ਕੌਰ ਦੇ ਗੀਤਾਂ 'ਤੇ ਦਰਸ਼ਕਾਂ ਵੱਲੋਂ ਅਕਾਸ਼ ਗੂੰਜਾਊ ਤਾੜੀਆਂ ਵਜਾ ਕੇ ਉਸਨੂੰ ਭਰਪੂਰ ਪਿਆਰ ਦਿੱਤਾ ਗਿਆ। ਅੰਤ ਵਿੱਚ ਇਸ ਪ੍ਰੋਗਰਾਮ ਦੇ ਪ੍ਰਬੰਧਕਾਂ ਨੇ ਸਮੂਹ ਅਲਬਰਟਾ ਵਾਸੀਆਂ ਦਾ ਧੰਨਵਾਦ ਕੀਤਾ।

## ਪੰਜਾਬੀ ਫ਼ਿਲਮਕਾਰ ਪਰਮਜੀਤ ਸੰਦਲ ਦੇ ਮਾਤਾ ਜੀ ਨਹੀਂ ਰਹੇ

ਕੈਲਗਰੀ- (ਹਰਬੰਸ ਬੁੱਟਰ) ਨਾਮਵਰ ਫਿਲਮਕਾਰ ਪਰਮਜੀਤ ਸੰਦਲ, ਜੋ ਕਿ ਅੱਧੀ ਦਰਜ਼ਨ ਦੇ ਕਰੀਬ ਪੰਜਾਬੀ ਦੀਆਂ ਫਿਲਮਾਂ ਦਾ ਨਿਰਮਾਣ ਕਰ ਚੁੱਕੇ ਹਨ, ਨੂੰ ਉਦੋਂ ਭਾਰੀ ਸਦਮਾ ਲੱਗਾ ਜਦ ਉਹਨਾਂ ਦੇ ਮਾਤਾ ਰਾਜ ਰਾਣੀ ਸੰਦਲ ਦਾ ਭਾਰਤ 'ਚ 72 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ। ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਪ੍ਰਬੰਧਕ ਕਮੇਟੀ ਨੇ ਆਪਣੀ ਹੰਗਾਮੀ ਮੀਟਿੰਗ ਬੁਲਾਕੇ ਪਰਮਜੀਤ ਸੰਦਲ ਦੇ ਦੁੱਖ ਵਿੱਚ ਸ਼ਰੀਕ ਹੁੰਦਿਆਂ ਸ਼ੋਕ ਮਤਾ ਪਾਸ ਕੀਤਾ। ਇਸ ਤੋਂ ਬਿਨਾਂ ਪ੍ਰਸਿੱਧ ਗਜ਼ਲਗੋ ਪ੍ਰੋ: ਮੋਹਨ ਸਿੰਘ ਔਜਲਾ, ਜੋ ਕਿ ਇਸ ਵੇਲੇ ਸਖ਼ਤ ਬਿਮਾਰ ਹਨ, ਦੀ ਸਿਹਤਯਾਬੀ ਲਈ ਵੀ ਕਾਮਨਾ ਕੀਤੀ ਗਈ।



## ਅਪੋਜੀਸ਼ਨ ਦੀ ਇਕਜੁਟਤਾ ਨਾਲ ਬੰਦ ਸਫਲ

# ਜਨਤਾ ਦੀ ਬੇਹਾਲੀ ਉੱਤੇ ਉੱਠੇ ਸਵਾਲ

**ਨਵੀਂ ਦਿੱਲੀ-ਨ ਦ ਬ**

ਸੜਕਾਂ ਉੱਤੇ ਸੰਨਾਟਾ, ਖੜ੍ਹੀਆਂ ਰੇਲ ਗੱਡੀਆਂ, ਜ਼ਮੀਨ ਉੱਤੇ ਖੜ੍ਹੇ ਜਹਾਜ਼, ਦੁਕਾਨਾਂ ਦੇ ਬੰਦ ਸ਼ਟਰ ਅਤੇ ਸਕੂਲਾਂ-ਕਾਲਜਾਂ ਦੇ ਗੇਟਾਂ ਉੱਪਰ ਲਟਕਦੇ ਜਿੰਦੇ, ਕੁੱਝ ਅਜਿਹਾ ਹੀ ਨਜ਼ਾਰਾ 5 ਜੁਲਾਈ ਨੂੰ ਦੇਸ਼ ਦੇ ਜ਼ਿਆਦਾਤਰ ਇਲਾਕਿਆਂ ਵਿੱਚ ਰਿਹਾ। ਪੈਟਰੋਲ ਕੀਮਤਾਂ ਵਿੱਚ ਵਾਧੇ ਦੇ ਖ਼ਿਲਾਫ਼ ਅਪੋਜੀਸ਼ਨ ਦੇ ਬੰਦ ਨੇ ਵਿਰੋਧੀ ਸਰਕਾਰਾਂ ਵਾਲੇ ਰਾਜਾਂ ਵਿੱਚ ਤਾਂ ਜ਼ਿੰਦਗੀ ਦੀ ਰਫ਼ਤਾਰ ਹੀ ਰੋਕ ਦਿੱਤੀ। ਬਾਕੀ ਰਾਜਾਂ ਵਿੱਚ ਵੀ ਸਰਕਾਰੀ ਸੰਪਤੀਆਂ ਨੂੰ ਸੱਟ ਲਾਉਣ ਦੇ ਨਾ.ਲ-ਨਾ.ਲ ਬੰਦ ਸਮਰਥਕਾਂ ਨੇ ਜਨਜੀਵਨ ਨੂੰ ਅਸਤ-ਵਿਅਸਤ ਕਰਕੇ ਰੱਖਿਆ। ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਵਿੱਚ ਬੰਦ ਦਾ ਵਿਆਪਕ ਅਸਰ ਰਿਹਾ ਜਿਸ ਦੀ ਵਜ੍ਹਾ ਕਾਰਨ ਰੇਲ ਅਤੇ ਬੱਸ ਸਰਵਿਸ ਬੰਦ ਰਹੀ। ਕਲਕੱਤਾ ਵਿਖੇ ਹਵਾਈ ਉਡਾਨਾਂ ਦਾ ਸੰਚਾਲਨ ਸਵੇਰੇ ਤੋਂ ਹੀ ਪ੍ਰਭਾਵਿਤ ਹੋਇਆ। ਨਵੀਂ ਦਿੱਲੀ ਵਿਚ ਸੀ ਪੀ ਆਈ ਦੇ ਸੀਨੀਅਰ ਆਗੂ ਕਾਮਰੇਡ ਏ ਬੀ ਵਰਧਨ ਅਤੇ ਸੀ ਪੀ ਆਈ ਐਮ ਦੀ ਪੋਲਟ ਬਿਊਰੋ ਮੈਂਬਰ ਬਰਿੰਦਾ ਨੂੰ ਗ੍ਰਿਫਤਾਰ ਕਰੋ ਲਆ ਗਿਆ। ਉੱਤਰ ਪ੍ਰਦੇਸ਼ ਵਿੱਚ ਵੀ ਬੰਦ ਦਾ ਅਸਰ ਰਿਹਾ ਤੇ ਲਖਨਊ ਵਿੱਚ ਭਾਜਪਾ ਦੇ ਵਰਕਰਾਂ ਉੱਪਰ ਪੁਲਿਸ ਦੀਆਂ ਲਾਠੀਆਂ ਵਰ੍ਹੀਆਂ। ਓਰੁਣ ਜੇਟਲੀ ਸਣੇ ਕਈ ਨੇਤਾਵਾਂ ਅਤੇ ਵਰਕਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਝਾਰਖੰਡ ਵਿੱਚ ਆਵਾਜਾਈ ਠੱਪ ਰਹੀ। ਛੱਤੀਸਗੜ੍ਹ ਵਿੱਚ ਰਾਜਧਾਨੀ ਰਾਇਪੁਰ ਵਿੱਚ ਦੁਕਾਨਾਂ, ਸਿਨੇਮਾ ਘਰ, ਪੈਟਰੋਲ ਪੰਪ ਆਦਿ ਬੰਦ ਰਹੇ। ਆਂਧਰਾ ਪ੍ਰਦੇਸ਼ ਵਿੱਚ ਵਿਰੋਧ ਪ੍ਰਦਰਸ਼ਨਾਂ ਵਿੱਚ ਸ਼ਾਮਲ ਭਾਜਪਾ ਦੇ ਸਾਬਕਾ ਪ੍ਰਧਾਨ ਵੈਂਕੇਆ ਨਾਇਡੂ ਅਤੇ ਤੇਲਗੂ ਦੇਸ਼ਮ ਪਾਰਟੀ ਦੇ ਪ੍ਰਧਾਨ ਐਨ. ਚੰਦਰਬਾਬੂ ਨਾਇਡੂ ਸਮੇਤ ਭਾਰੀ ਸੰਖਿਆ ਵਿੱਚ ਬੰਦ ਸਮਰਥਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

## ਬੰਦ ਦਾ ਅਸਰ

13 ਹਜ਼ਾਰ ਕਰੋੜ ਦਾ ਚੂਨਾ
340 ਟ੍ਰੇਨਾਂ ਪ੍ਰਭਾਵਿਤ
400 ਕਰੋੜ ਰੁਪਏ ਦਾ ਦਿੱਲੀ ਦੀਆਂ ਉਦਯੋਗਿਕ ਇਕਾਈਆਂ ਨੂੰ ਨੁਕਸਾਨ।
10 ਰਾਜਾਂ ਵਿੱਚ ਆਵਾਜਾਈ ਠੱਪ
90 ਉਡਾਨਾਂ ਮੁਬੰਈ ਵਿੱਚ ਰੱਦ
200 ਕਰੋੜ ਦਾ ਰਗੜਾ ਮੁਬੰਈ ਵਿੱਚ
291 ਬੱਸਾਂ ਮਹਾਂਰਾਸ਼ਟਰ ਵਿੱਚ ਬੰਦ
55 ਹਜ਼ਾਰ ਟੈਕਸੀਆਂ ਸੜ੍ਹਕਾਂ ਤੋਂ ਦੂਰ
40,000 ਜਵਾਨ ਸਨ ਮੋਰਚੇ 'ਤੇ
700 ਬੱਸਾਂ ਉੱਤੇ ਆਂਧਰਾ ਵਿੱਚ ਪਿਆ ਅਸਰ
20,000 ਕਰੋੜ ਦਾ ਨੁਕਸਾਨ, ਵਪਾਰੀ ਸੰਘਾਂ ਦਾ ਦਾਅਵਾ।
3000 ਕਰੋੜ ਦਾ ਰੈਵਨਿਊ ਨੁਕਸਾਨ।
52ਫਸਿਦੀ ਕਾਰੋਬਾਰ ਡਿੱਗਿਆ, ਬੰਬੇ ਸ਼ੇਅਰ ਬਾਜ਼ਾਰ ਵਿੱਚ ਕੁੱਲ 3143 ਕਰੋੜ ਰੁਪਏ ਘੱਟ ਕਾਰੋਬਾਰ ਹੋਇਆ।
62 ਲੱਖ ਤੋਂ ਜ਼ਿਆਦਾ ਵਪਾਰਕ ਵਾਹਨ ਨਹੀਂ ਚੱਲੇ।
9000 ਲੋਕ ਬਿਹਾਰ ਵਿਖੇ ਹਿਰਾਸਤ ਵਿੱਚ
10,000 ਮਹਾਂਰਾਸ਼ਟਰ ਵਿਖੇ ਹਿਰਾਸਤ ਵਿੱਚ
700 ਝਾਰਖੰਡ ਹਿਰਾਸ ਵਿੱਚ।
10,000 ਭਾਜਪਾ ਵਰਕਰ ਯੂਪੀ ਵਿੱਚ ਗ੍ਰਿਫ਼ਤਾਰ।

# ਤਸਵੀਰਾਂ ਬੋਲਦੀਆਂ








# ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਅਣਪਛਾਤੀਆਂ ਲਾਸ਼ਾਂ ਬਾਰੇ ਪੰਜਾਬ ਸਰਕਾਰ ਦੀ ਕੀਤੀ ਜਵਾਬਤਲਬੀ

**ਦਵਿੰਦਰ ਪਾਲ – ਚੰਡੀਗੜ੍ਹ**

ਪੰਜਾਬ ਵਿੱਚ ਅੱਤਵਾਦ ਦੇ ਸਮੇਂ ਪੁਲਿਸ ਵਲੋਂ 'ਖਪਾਏ' ਅਣਗਿਣਤ ਵਿਅਕਤੀਆਂ ਦੀਆਂ ਲਾਸ਼ਾਂ ਦੀ ਪਛਾਣ ਦੇ ਅਮਲ ਨੂੰ ਠੰਡੇ ਬਸਤੇ ਵਿੱਚ ਪਾਈ ਬੈਠੀ ਪੰਜਾਬ ਸਰਕਾਰ ਦੀ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਜਵਾਬਤਲਬੀ ਕਰ ਲਈ ਹੈ। ਕਮਿਸ਼ਨ ਨੇ ਰਾਜ ਸਰਕਾਰ ਵਲੋਂ ਗਠਿਤ ਤੱਥ ਖੋਜ ਕਮੇਟੀ ਦੇ ਚੇਅਰਮੈਨ ਤੇ ਸੀਨੀਅਰ ਆਈ.ਏ.ਐਸ ਅਧਿਕਾਰੀ ਨਵਰੀਤ ਸਿੰਘ ਕੰਗ ਨੂੰ ਇਸ ਸੰਵੇਦਨਸ਼ੀਲ ਮਾਮਲੇ ਵਿੱਚ ਹਲਫ਼ਨਾਮਾ ਦਾਇਰ ਕਰਨ ਦੀ ਹਦਾਇਤ ਕੀਤੀ ਹੈ। ਕਮਿਸ਼ਨ ਨੇ ਰਾਜ ਸਰਕਾਰ ਦੀ ਜਵਾਬਤਲਬੀ ਕਰਦਿਆਂ ਕਿਹਾ ਕਿ ਰਾਜ ਸਰਕਾਰ ਸਪੱਸ਼ਟ ਕਰੇ ਕਿ ਹੁਣ ਤੱਕ ਇਸ ਮਾਮਲੇ ਵਿੱਚ ਦੇਰੀ ਕਿਉਂ ਹੋਈ ਤੇ ਜੇਕਰ ਕਮੇਟੀ ਵਲੋਂ ਕੁੱਝ ਕੀਤਾ ਗਿਆ ਹੈ ਤਾਂ ਕਿਸ ਤਰ੍ਹਾਂ ਦੀ ਪ੍ਰਗਤੀ ਹੋਈ ਹੈ। ਕਮਿਸ਼ਨ ਨੇ ਸਾਰੀ ਸਥਿਤੀ ਸਪੱਸ਼ਟ ਕਰਨ ਦੀਆਂ ਹਦਾਇਤਾਂ ਦਿੱਤੀਆਂ ਹਨ। ਮਹੱਤਵਪੂਰਨ ਤੱਥ ਇਹ ਹੈ ਕਿ ਰਾਜ ਸਰਕਾਰ ਵਲੋਂ ਗਠਿਤ ਇਹ ਕਮੇਟੀ 'ਸਿਵਿਆਂ ਦਾ ਸੱਚ' ਜਾਨਣਾ ਤਾਂ ਦੂਰ ਦੀ ਗੱਲ, ਅਜੇ ਫਾਈਲਾਂ ਦੀ 'ਧੂੜ ਹੀ ਛਾਣ' ਰਹੀ ਹੈ। ਇਹ ਕਮੇਟੀ ਨੇ ਲੋਕਾਂ ਤੋਂ ਅਰਜ਼ੀਆਂ ਲੈ ਕੇ ਇਹਨਾਂ ਦੀ ਮੁੱਢਲੀ ਪੜਤਾਲ ਤੋਂ ਬਾਅਦ ਮਾਮਲੇ ਨੂੰ ਅਗਾਂਹ ਨਹੀਂ ਤੋਰਿਆ।

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀਆਂ ਹਦਾਇਤਾਂ 'ਤੇ ਰਾਜ ਸਰਕਾਰ ਨੇ ਨਵਰੀਤ ਸਿੰਘ ਦੀ ਅਗਵਾਈ ਹੇਠ 24 ਜੂਨ 2008 ਨੂੰ ਤੱਥ ਖੋਜ ਕਮੇਟੀ ਦਾ ਗਠਨ ਕੀਤਾ ਸੀ। ਇਸ ਕਮੇਟੀ ਦਾ ਕਨਵੀਨਰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਕਾਹਨ ਸਿੰਘ ਪੰਨੂੰ ਨੂੰ ਥਾਪਿਆ ਗਿਆ ਸੀ। ਸੇਵਾ ਮੁਕਤ ਜ਼ਿਲ੍ਹਾ ਤੇ ਸੈਸ਼ਨ ਜੱਜ ਕੇ.ਕੇ.ਗਰਗ ਅਤੇ ਡੀ.ਆਈ.ਜੀ ਪੁਲਿਸ (ਅੰਮ੍ਰਿਤਸਰ ਰੇਂਜ) ਵੀ ਇਸ ਕਮੇਟੀ ਦੇ ਮੈਂਬਰ ਨਾਮਜ਼ਦ ਕੀਤੇ ਗਏ ਸਨ। ਕਮਿਸ਼ਨ ਦੀਆਂ ਸਪੱਸ਼ਟ ਹਦਾਇਤਾਂ ਸਨ ਕਿ ਜਦੋਂ ਕਮੇਟੀ ਕੋਲ ਸਾਰੀਆਂ



ਸ਼ਿਕਾਇਤਾਂ ਪਹੁੰਚ ਜਾਂਦੀਆਂ ਹਨ ਤਾਂ ਇਹਨਾਂ ਦੀ ਪੜਤਾਲ ਕਰਕੇ 4 ਹਫ਼ਤਿਆਂ ਵਿੱਚ ਮੁਕੰਮਲ ਰਿਪੋਰਟ ਕਮਿਸ਼ਨ ਨੂੰ ਸੌਂਪੀ ਜਾਵੇ। ਹੈਰਾਨੀਜਨਕ ਗੱਲ ਇਹ ਹੈ ਕਿ ਕਮੇਟੀ ਦੇ ਗਠਨ ਨੂੰ ਹੋਇਆ ਦੋ ਸਾਲ ਦਾ ਸਮਾਂ ਹੋ ਗਿਆ ਹੈ ਪਰ ਕਮੇਟੀ ਵਲੋਂ ਕਮਿਸ਼ਨ ਨੂੰ ਰਿਪੋਰਟ ਸੌਂਪਣੀ ਤਾਂ ਦੂਰ ਦੀ ਗੱਲ ਸਗੋਂ ਇਹ ਖ਼ੁਦ ਹੀ ਕਿਸੇ ਮੁੱਢਲੇ ਸਿੱਟੇ 'ਤੇ ਵੀ ਨਹੀਂ ਪਹੁੰਚੀ। ਮਾਮਲਾ ਸਿਰਫ਼ ਮੀਟਿੰਗਾਂ ਤੱਕ ਹੀ ਸਿਮਟ ਕੇ ਰਹਿ ਗਿਆ। ਸੂਤਰਾਂ ਦਾ ਦੱਸਣਾ ਹੈ ਕਿ ਇਸ ਮਾਮਲੇ ਵਿੱਚ ਰਾਜ ਸਰਕਾਰ ਦਾ ਰਵੱਈਆ ਵੀ ਨਾਕਾਰਤਮਕ ਹੀ ਰਿਹਾ।

ਪੁਲਿਸ ਵਲੋਂ 900 ਤੋਂ ਵੱਧ ਮਾਮਲਿਆਂ ਵਿੱਚ ਵੈਰੀਫਿਕੇਸ਼ਨ ਕਰਨ ਤੋਂ ਬਾਅਦ ਅਗਲੀ ਪੜਤਾਲ ਦਾ ਕੰਮ ਕਮੇਟੀ ਦੇ ਮੈਂਬਰ ਤੇ ਸੇਵਾ ਮੁਕਤ ਸੈਸ਼ਨ ਜੱਜ ਸ੍ਰੀ ਗਰਗ ਨੂੰ ਸੌਂਪਿਆ ਗਿਆ ਸੀ ਪਰ ਸ੍ਰੀ ਗਰਗ ਦੀ ਇਸੇ ਸਾਲ 6 ਜਨਵਰੀ ਨੂੰ ਮੌਤ ਹੋ ਗਈ। ਇਸ ਤੋਂ ਬਾਅਦ ਤਾਂ ਨਵਰੀਤ ਕੰਗ ਨੇ ਵੀ ਸਰਕਾਰ ਨੂੰ ਲਿਖਤੀ ਰੂਪ ਵਿੱਚ ਬੇਨਤੀ ਕੀਤੀ ਸੀ ਕਿ ਉਸਨੂੰ ਤੱਥ ਖੋਜ ਕਮੇਟੀ ਦੇ ਮੁਖੀ ਦੀ ਜ਼ਿੰਮੇਵਾਰੀ ਤੋਂ ਲਾਂਭੇ ਕਰਕੇ ਕਿਸੇ ਆਜ਼ਾਦ ਜਾਂ ਸੇਵਾ ਮੁਕਤ ਅਧਿਕਾਰੀ ਨੂੰ ਇਹ ਜ਼ਿੰਮੇਵਾਰੀ ਸੌਂਪੀ ਜਾਵੇ ਕਿਉਂਕਿ ਅਣਪਛਾਤੀਆਂ ਲਾਸ਼ਾਂ ਦਾ ਕੰਮ ਪੇਚੀਦਾ ਹੋਣ ਕਾਰਨ ਉਹ ਸਮਾਂ ਨਹੀਂ ਕੱਢ ਪਾ ਰਹੇ।

ਪੰਜਾਬ ਵਿੱਚੋਂ 1015 ਪਰਿਵਾਰਾਂ ਨੇ ਇਸ ਕਮੇਟੀ ਤੱਕ ਪਹੁੰਚ ਕਰਕੇ ਦੋਸ਼ ਲਾਇਆ ਸੀ, ਉਹਨਾਂ ਦੇ ਨੌਜਵਾਨ ਪੁੱਤਰਾਂ ਨੂੰ ਪੰਜਾਬ ਪੁਲਿਸ ਨੇ ਅੱਤਿਵਾਦ ਦੌਰਾਨ ਖਪਾ ਦਿੱਤਾ ਸੀ। ਇਸ ਕਮੇਟੀ ਵਲੋਂ 1015 ਅਰਜ਼ੀਆਂ ਵਿੱਚੋਂ 935 ਦੀ ਸ਼ਨਾਖ਼ਤ ਲਈ ਗ੍ਰਹਿ ਵਿਭਾਗ ਰਾਹੀਂ ਪੰਜਾਬ ਪੁਲਿਸ ਨੂੰ ਲਿਖਿਆ ਗਿਆ ਸੀ। ਪੰਜਾਬ ਪੁਲਿਸ ਦੇ ਲਿਟੀਗੇਸ਼ਨ ਵਿੰਗ ਵਲੋਂ 831 ਕੇਸਾਂ ਦੀ ਪੜਤਾਲ ਕਰ ਦਿੱਤੀ ਗਈ ਹੈ ਜਦੋਂ ਕਿ 54 ਮਾਮਲਿਆਂ ਦੀ ਪੜਤਾਲ ਕਰਨੀ ਅਜੇ ਤੱਕ ਬਾਕੀ ਹੈ।

ਸੂਤਰਾਂ ਦਾ ਦੱਸਣਾ ਹੈ ਕਿ ਪੁਲਿਸ ਵਲੋਂ ਜਿਹਨਾਂ 831 ਕੇਸਾਂ ਦੀ ਪੜਤਾਲ ਕਰਕ ਕਮੇਟੀ ਨੂੰ ਭੇਜੀ ਗਈ ਹੈ, ਉਹਨਾਂ ਮਾਮਲਿਆਂ ਵਿੱਚ ਤਸਵੀਰ ਸਾਫ਼ ਨਾ ਹੋਣ ਕਾਰਨ ਕਮੇਟੀ ਨੂੰ ਕੋਈ ਰਾਹ ਮਿਲਣ ਦੀ ਥਾਂ ਭੰਬਲਭੂਸਾ ਖੜ੍ਹਾ ਹੋ ਗਿਆ ਹੈ। ਕਮੇਟੀ ਵਲੋਂ ਇਕੱਲੇ-ਇਕੱਲੇ ਕੇਸ ਵਿੱਚ ਪੀੜ੍ਹਤ ਵਿਅਕਤੀਆਂ ਅਤੇ ਪੁਲਿਸ ਅਧਿਕਾਰੀਆਂ ਨੂੰ ਵੀ ਸੁਣਿਆ ਜਾਣਾ ਹੈ। ਇਸ ਤਰ੍ਹਾਂ ਲਾਸ਼ਾਂ ਦੀ ਪਛਾਣ ਦਾ ਕੰਮ ਅਜੇ ਵੀ ਦੂਰ ਦੀ ਗੱਲ ਹੈ। ਸ੍ਰੀ ਕੰਗ ਦਾ ਕਹਿਣਾ ਹੈ ਕਿ ਕਮੇਟੀ ਵਲੋਂ ਹੁਣ ਤੱਕ ਜੋ ਕਾਰਵਾਈ ਕੀਤੀ ਗਈ ਹੈ ਉਸ ਸਬੰਧ ਵਿੱਚ ਕਮਿਸ਼ਨ ਨੂੰ ਜਾਣਕਾਰੀ ਭੇਜੀ ਜਾ ਰਹੀ ਹੈ। ਉਹਨਾਂ ਦਾ ਕਹਿਣਾ ਹੈ ਕਿ ਇਹ ਮਾਮਲਾ ਬੜਾ ਸੰਵੇਦਨਸ਼ੀਲ ਅਤੇ ਪੇਚੀਦਾ ਹੈ, ਇਸ ਲਈ ਡੂੰਘੀ ਛਾਣਬੀਣ ਦੀ ਜ਼ਰੂਰਤ ਹੈ। ਉਹਨਾਂ ਕਿਹਾ ਕਿ ਪੁਲਿਸ ਵਲੋਂ ਜੋ ਰਿਪੋਰਟਾਂ ਭੇਜੀਆਂ ਗਈਆਂ ਹਨ ਉਹਨਾਂ ਵਿੱਚ ਤੱਥ ਸਪੱਸ਼ਟ ਨਹੀਂ ਹਨ। ਪੰਜਾਬ 'ਚ ਅੱਤਵਾਦ ਦੌਰਾਨ ਅਣਪਛਾਤੀਆਂ ਲਾਸ਼ਾਂ ਦਾ ਮਾਮਲਾ ਸਭ ਤੋਂ ਪਹਿਲਾਂ ਜਸਵੰਤ ਸਿੰਘ ਖਾਲੜਾ ਨੇ ਚੁੱਕਿਆ ਸੀ। ਅਣਪਛਾਤੀਆਂ ਲਾਸ਼ਾਂ ਨੂੰ ਬੇਪਰਦ ਕਰਨ ਦਾ ਕਾਰਨ ਹੀ ਖਾਲੜਾ ਨੂੰ ਵੀ ਅਪਣੀ ਜਾਨ ਤੋਂ ਹੱਥ ਖੋਹਣੇ ਪਏ ਸਨ। ਸੀ.ਬੀ.ਆਈ ਵਲੋਂ ਪੰਜਾਬ ਨੂੰ ਅਣਪਛਾਤੀਆਂ ਲਾਸ਼ਾਂ ਦੀ ਜਿਹੜੀ ਸੂਚੀ ਦਿੱਤੀ ਗਈ ਹੈ, ਉਸ ਮੁਤਾਬਕ ਅੰਮ੍ਰਿਤਸਰ ਅਤੇ ਤਰਨਤਾਰਨ ਜ਼ਿਲ੍ਹਿਆਂ ਦੇ ਪੁਲਿਸ ਥਾਣਿਆਂ ਝਬਾਲ, ਹਰੀਕੇ, ਸਦਰ ਅਤੇ ਸਿਟੀ ਤਰਨਤਾਰਨ, ਸਰਹਾਲੀ, ਭਿੱਖੀਵਿੰਡ, ਵਲਟੋਹਾ, ਗੋਇੰਦਵਾਲ, ਸਦਰ ਤੇ ਕੋਤਵਾਲੀ ਅੰਮ੍ਰਿਤਸਰ, ਘਰਿੰਡਾ, ਛੇਹਰਟਾ, ਫਤਿਹਗੜ੍ਹ ਚੂੜੀਆਂ, ਸਰਾਏ ਅਮਾਨਤ ਖ਼ਾਨ, ਸੀ.ਆਈ.ਏ ਸਟਾਫ਼ ਅੰਮ੍ਰਿਤਸਰ, ਰਮਦਾਸ, ਡਿਵੀਜ਼ਨ ਬੀ, ਸੀ ਤੇ ਡੀ ਅੰਮ੍ਰਿਤਸਰ, ਰਾਜਾ ਸਾਂਸੀ, ਸੁਲਤਾਨਵਿੰਡ, ਮਹਿਤਾ, ਲੋਪੋਕੇ, ਮਜੀਠਾ, ਜੰਡਿਆਲਾ, ਅਜਨਾਲਾ, ਰਾਮ ਦਾਸ, ਬਿਆਸ, ਖਿਲਚੀਆਂ ਆਦਿ ਥਾਣਿਆਂ ਦੀ ਪੁਲਿਸ ਨੇ 1984 ਤੋਂ ਲੈ ਕੇ 1993 ਤੱਕ ਹਜ਼ਾਰਾਂ ਹੀ ਬੇਪਛਾਣ ਲਾਸ਼ਾਂ ਦਾ ਸਸਕਾਰ ਕੀਤਾ ਸੀ ਜਿਹਨਾਂ ਬਾਰੇ ਅਕਸਰ ਚਰਚਾ ਚੱਲਦੀ ਰਹਿੰਦੀ ਹੈ ਕਿ ਪੁਲਿਸ ਨੇ ਇਹਨਾਂ ਨੌਜਵਾਨਾਂ ਨੂੰ ਕਥਿਤ ਤੌਰ 'ਤੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰ ਮੁਕਾਇਆ ਸੀ।

# 4.5 ਲੱਖ ਬੀ.ਪੀ.ਐਲ. ਪਰਿਵਾਰ, ਪਰ ਹੈ ਕਿਥੇ?

**ਚੰਡੀਗੜ੍ਹ – ਇੰਦਰਪ੍ਰੀਤ ਸਿੰਘ**

ਪੰਜਾਬ ਵਿਚ ਸਾਢੇ ਚਾਰ ਲੱਖ ਪਰਿਵਾਰ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ, ਅਜਿਹਾ ਅੰਕੜਿਆਂ ਵਿਚ ਕਿਹਾ ਜਾ ਰਿਹਾ ਹੈ ਪਰ ਜ਼ਮੀਨੀ ਹਕੀਕਤ ਇਹ ਹੈ ਕਿ ਇਹ ਪਰਿਵਾਰ ਵਿਭਾਗਾਂ ਨੂੰ ਲੱਭਿਆਂ ਨਹੀਂ ਮਿਲ ਰਹੇ ਹਨ। ਜੇਕਰ ਮਿਲਦੇ ਤਾਂ ਕੌਮੀ ਸਿਹਤ ਬੀਮਾ ਯੋਜਨਾ ਵਿਚ ਸਿਰਫ 45 ਫੀਸਦੀ ਪਰਿਵਾਰਾਂ ਨੂੰ ਹੀ ਸਮਾਰਟ ਕਾਰਡ ਨਾ ਮਿਲਦਾ। ਕੁਝ ਦਿਨ ਪਹਿਲਾਂ ਕੇਂਦਰ ਸਰਕਾਰ ਦੇ ਕਿਰਤ ਮੰਤਰੀ ਮਲਿਕਾਰਜੁਨ ਖੜਗੇ ਨੇ ਚੰਡੀਗੜ੍ਹ ਵਿਚ ਉਤਰੀ ਸੂਬਿਆਂ ਦੇ ਸਿਹਤ ਮੰਤਰੀਆਂ ਦੀ ਮੀਟਿੰਗ ਵਿਚ ਇਸ ਯੋਜਨਾ ਦਾ ਜਾਇਜ਼ਾ ਲਿਆ ਤਾਂ ਇਹ ਗੱਲ ਸਾਹਮਣੇ ਆਈ ਕਿ ਪੰਜਾਬ ਵਿਚ ਬੀ.ਪੀ.ਐਲ. ਪਰਿਵਾਰਾਂ ਦੇ ਸਮਾਰਟ ਕਾਰਡ ਬਣਾਉਣ ਦੀ ਯੋਜਨਾ ਸਿਰਫ 45 ਫੀਸਦੀ ਅੰਕੜਾ ਹੀ ਛੂਹ ਸਕੀ ਹੈ। ਪ੍ਰਮੁਖ ਸਿਹਤ ਸਕੱਤਰ ਸਤੀਸ਼ ਚੰਦਰਾ ਨੇ ਵੀ ਇਸ ਦੀ ਪੁਸ਼ਟੀ ਕੀਤੀ ਹੈ।

ਇਸ ਦਾ ਮੁਖ ਕਾਰਨ ਇਹ ਸਾਹਮਣੇ ਆਇਆ ਹੈ ਕਿ ਪੰਜਾਬ ਕੋਲ ਬੀ.ਪੀ.ਐਲ. ਪਰਿਵਾਰਾਂ ਦੀਆਂ ਸੂਚੀਆਂ 2002 ਦੀਆਂ ਹਨ। ਕਿਉਂਕਿ ਇਨ੍ਹਾਂ ਵਿਚੋਂ ਜ਼ਿਆਦਾਤਰ ਦੂਸਰੇ ਰਾਜਾਂ ਤੋਂ ਆਏ ਹੋਏ ਸਨ ਅਤੇ ਉਹ ਪਰਿਵਾਰ ਨਰੇਗਾ ਯੋਜਨਾ ਚੱਲਣ ਕਾਰਨ ਜਾਂ ਤਾਂ ਆਪਣੇ ਪ੍ਰਦੇਸ਼ਾਂ ਵਿਚ ਵਾਪਸ ਚਲੇ ਗਏ ਜਾਂ ਫਿਰ ਉਨ੍ਹਾਂ ਨੇ ਆਪਣੇ ਘਰ ਬਦਲ ਲਏ। 2002 ਵਿਚ ਬੀ.ਪੀ.ਐਲ. ਪਰਿਵਾਰਾਂ ਦਾ ਸਰਵੇਖਣ ਹੋਇਆ ਪਰ ਇਸ ਤੋਂ ਪਹਿਲਾਂ ਕਿ ਇਹ ਸੂਚੀਆਂ ਫਾਈਨਲ ਹੁੰਦੀਆਂ ਜੋ ਲੋਕ ਸੂਚੀ ਤੋਂ ਬਾਹਰ ਰਹਿ ਗਏ ਸਨ ਉਨ੍ਹਾਂ ਨੇ ਅਦਾਲਤ ਦਾ ਦਰਵਾਜ਼ਾ ਖੜਕਾਇਆ। ਸੁਪਰੀਮ ਕੋਰਟ ਨੇ ਹੁਕਮ ਦਿੱਤਾ ਕਿ ਨਵੀਂ ਸੂਚੀ ਵਿਚੋਂ ਕਿਸੇ ਦਾ ਨਾਂ ਵੀ ਕੱਟਿਆ ਨਹੀਂ ਜਾਏਗਾ ਪਰ ਪੇਂਡੂ ਵਿਕਾਸ ਵਿਭਾਗ ਨੇ ਸਮਝਿਆ ਕਿ ਨਵੀਂ ਸੂਚੀ 'ਤੇ ਰੋਕ ਲਗਾ ਦਿੱਤੀ ਗਈ ਹੈ। 2008 ਵਿਚ ਇਕ ਵਾਰ ਫੇਰ ਸੁਪਰੀਮ ਕੋਰਟ ਦੇ ਦਖਲ ਤੋਂ ਬਾਅਦ ਹੀ ਇਨ੍ਹਾਂ ਸੂਚੀਆਂ ਨੂੰ ਫਾਈਨਲ ਕਰਨ ਦੀ ਮੁਹਿੰਮ ਸ਼ੁਰੂ ਹੋਈ। ਪਰ ਇਨ੍ਹਾਂ ਸੂਚੀਆਂ ਦੇ ਜ਼ਿਆਦਾਤਰ ਪਰਿਵਾਰ ਕਿਤੇ ਨਹੀਂ ਮਿਲੇ। ਵਿਭਾਗ ਨੇ ਸਰਕਾਰ ਤੋਂ ਨਵਾਂ ਸਰਵੇਖਣ ਕਰਵਾਉਣ ਦੀ ਸਿਫਾਰਸ਼ ਕੀਤੀ। ਪਰ ਕਮਾਲ ਦੀ ਗੱਲ ਇਹ ਹੈ ਕਿ ਨਵਾਂ ਸਰਵੇਖਣ ਕਰਵਾਉਣ ਬਾਰੇ ਫੈਸਲਾ ਲੈਣ ਲਈ ਸਰਕਾਰ ਨੇ ਦੋ ਸਾਲ ਲਗਾ ਦਿੱਤੇ। ਹੁਣ ਜਦੋਂਕਿ ਨਵਾਂ ਸਰਵੇਖਣ ਹੋਣ ਲੱਗਿਆ ਸੀ ਤਾਂ ਯੋਜਨਾ ਕਮਿਸ਼ਨ ਨੇ ਪੰਜਾਬ ਲਈ ਬੀ.ਪੀ.ਐਲ. ਦੇ ਮਾਪਦੰਡ ਵਿਚ ਛੋਟ ਦੇਣ ਦੀ ਗੱਲ ਮੰਨ ਲਈ। ਇਸ ਨਾਲ ਪੰਜਾਬ ਵਿਚ ਗਰੀਬੀ ਰੇਖਆ ਤੋਂ ਹੇਠਾਂ ਰਹਿਣ ਵਾਲਿਆਂ ਦੀ ਸੰਖਿਆ 9 ਫੀਸਦੀ ਤੋਂ ਵੱਧ ਕੇ 18 ਫੀਸਦੀ ਹੋ ਜਾਵੇਗੀ।



ਕੁਲ ਸੰਸਾਰ ਇਕ ਪਰਿਵਾਰ...

ਨਵੀਂ ਦੁਨੀਆ

## ਸੰਪਾਦਕੀ

# ਹੜ੍ਹ –ਕੁਦਰਤੀ ਆਫ਼ਤ ਜਾਂ...

ਮੌਨਸੂਨ ਦੇ ਪਹਿਲੇ ਮੀਂਹ ਨੇ ਹੀ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਕੁਝ ਹਿੱਸਿਆਂ ਵਿਚ ਕਹਿਰ ਵਰਤਾਅ ਦਿੱਤਾ ਹੈ। ਜਦੋਂ ਮੌਨਸੂਨ ਆਪਣੇ ਪੂਰੇ ਜੋਬਨ 'ਤੇ ਆਈ, ਫਿਰ ਕੀ ਹੋਵੇਗਾ? ਕੀ ਇਹ ਸਿਰਫ਼ ਕੁਦਰਤੀ ਆਫ਼ਤ ਹੀ ਹੈ ਜਾਂ ਮਨੁੱਖ ਦੀ ਆਪਣੀ ਸਹੇੜੀ ਹੋਈ ਬਰਬਾਦੀ? ਇਹ ਸਵਾਲ ਸਾਰੀ ਫਿਜ਼ਾ ਵਿਚ ਗੂੰਜ ਰਿਹਾ ਹੈ ਪਰ ਸਰਕਾਰਾਂ ਅਤੇ ਪ੍ਰਸ਼ਾਸਨ ਨੂੰ ਇਹਦੀ ਆਵਾਜ਼ ਸੁਣਾਈ ਨਹੀਂ ਦੇ ਰਹੀ। ਜੇਕਰ ਇਹ ਆਵਾਜ਼ ਹਕੂਮਤ ਦੇ ਕੰਨੀ ਪੈ ਰਹੀ ਹੁੰਦੀ ਤਾਂ ਹਰਿਆਣਾ ਦੇ ਮੁਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਅਤੇ ਪੰਜਾਬ ਦੇ ਉਪ ਮੁਖ ਮੰਤਰੀ ਸੁਖਬੀਰ ਸਿੰਘ ਬਾਦਲ ਹੜ੍ਹ ਮਾਰੇ ਇਲਾਕਿਆਂ ਦੇ ਦੁਖਿਆਰੇ ਲੋਕਾਂ ਦੇ ਵਿਚਕਾਰ ਹੁੰਦੇ। ਦੁਖਿਆਰੇ ਲੋਕਾਂ ਦੀ ਮਦਦ ਲਈ ਸਰਕਾਰ ਕਿਉਂ ਨਹੀਂ ਬਹੁੜ ਰਹੀ। ਲੋਕ ਆਪਣੇ ਰੈਣ ਬਸੇਰਿਆਂ ਦੀ ਤਬਾਹੀ 'ਤੇ ਹੰਝੂ ਕੇਰਦੇ ਹੋਏ ਸੜਕਾਂ 'ਤੇ ਜਾਮ ਲਾਉਣ ਤੱਕ ਚਲੇ ਗਏ ਹਨ। ਸਰਕਾਰਾਂ ਤਾਂ ਇਨ੍ਹਾਂ ਲਈ ਭੋਜਨ ਪਾਣੀ ਦਾ ਪ੍ਰਬੰਧ ਤੱਕ ਨਹੀਂ ਕਰ ਪਾ ਰਹੀਆਂ। ਭੁੱਖੇ ਤਿਹਾਏ ਲੋਕਾਂ ਨੂੰ ਖਾਣੇ ਦੇ ਪੈਕਟ ਜਾਂ ਤਾਂ ਸਮਾਜਕ ਜਥੇਬੰਦੀਆਂ ਪੁਚਾ ਰਹੀਆਂ ਹਨ ਜਾਂ ਫਿਰ ਗੁਰੂ ਘਰਾਂ ਵਿਚੋਂ ਲੰਗਰ ਆ ਰਿਹਾ ਹੈ ਪਰ ਇਹ ਏਨਾ ਨਾਕਾਫੀ ਹੈ ਕਿ ਬਹੁਤੇ ਲੋਕਾਂ ਨੂੰ ਭੁਖਿਆਂ ਹੀ ਆਪਣੀ ਤੇ ਆਪਣੇ ਮਾਲ-ਡੰਗਰ ਦੀ ਰਾਖੀ ਲਈ ਜੱਦੋਜਹਿਦ ਕਰਨੀ ਪੈ ਰਹੀ ਹੈ।

ਪੰਜਾਬ ਦੀ ਹੀ ਗੱਲ ਕਰੀਏ ਤਾਂ ਜਦੋਂ ਪਟਿਆਲਾ, ਲੁਧਿਆਣਾ, ਮੁਹਾਲੀ ਅਤੇ ਫਤਿਹਗੜ੍ਹ ਸਾਹਿਬ ਦੇ ਪਿੰਡਾਂ ਦੇ ਪਿੰਡ ਪਾਣੀ ਨਾਲ ਭਰ ਗਏ ਤਾਂ ਜਾ ਕੇ ਪੰਜਾਬ ਦੇ ਉਪ ਮੁਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਪਤਾ ਲੱਗਾ ਹੈ ਕਿ ਦਰਿਆਵਾਂ, ਨਹਿਰਾਂ ਅਤੇ ਨਾਲਿਆਂ ਦੇ ਕੰਢਿਆਂ 'ਤੇ ਨਾਜਾਇਜ਼ ਉਸਾਰੀਆਂ ਹਨ, ਜਿਹਦੇ ਕਾਰਨ ਹੜ੍ਹਾਂ ਦੀ ਸ਼ਿੱਦਤ ਹੋਰ ਜ਼ਿਆਦਾ ਵਧੀ ਹੈ। ਹੁਣ ਵੀ ਜੇਕਰ ਸੁਖਬੀਰ ਸਿੰਘ ਬਾਦਲ ਨੂੰ ਇਸ ਸੱਚ ਦਾ ਪਤਾ ਲੱਗਾ ਹੈ ਤਾਂ ਆਪਣੇ ਅਫਸਰਾਂ ਨੂੰ ਇਕ ਮਹੀਨੇ ਵਿਚ ਇਹ ਨਾਜਾਇਜ਼ ਉਸਾਰੀਆਂ ਚੁੱਕਣ ਲਈ ਕਹਿ ਰਹੇ ਹਨ। ਇਹ ਕਿੰਨੀ ਹਾਸੋਹੀਣੀ ਗੱਲ ਹੈ ਕਿ ਸਰਕਾਰ ਦੀ ਨੀਂਦ ਉਦੋਂ ਹੀ ਟੁੱਟਦੀ ਹੈ ਜਦੋਂ ਸਥਿਤੀਆਂ ਬੇਕਾਬੂ ਹੋ ਜਾਂਦੀਆਂ ਹਨ। ਇਹ ਸਰਕਾਰੀ ਨਿਕੰਮੇਪਣ ਤੋਂ ਵੱਧ ਕੁਝ ਨਹੀਂ ਹੈ। ਲੋਕ ਹੈਰਾਨ ਹੁੰਦੇ ਹਨ ਕਿ ਰੌਲਾ ਤਾਂ ਪੈਂਦਾ ਹੈ ਕਿ ਧਰਤੀ ਹੇਠਲੇ ਪਾਣੀ ਦਾ ਪੱਧਰ ਘੱਟ ਰਿਹਾ ਹੈ, ਨਦੀਆਂ ਨਾਲੇ ਸੁੱਕਣ ਦੀ ਜੂਨੇ ਪੈ ਚੁੱਕੇ ਹਨ, ਫਿਰ ਵੀ ਦੋ ਦਿਨ ਦੇ ਮੀਂਹ ਨਾਲ ਹੀ ਨਦੀਆਂ ਨਾਲੇ ਉਛਲਣ ਤੱਕ ਕਿਉਂ ਚਲੇ ਜਾਂਦੇ ਹਨ। ਲੋਕ ਸਦਾ ਹੀ ਅਣਭੋਲ ਹੁੰਦੇ ਹਨ, ਉਨ੍ਹਾਂ ਨੂੰ ਦੱਸਣ ਵਾਲਾ ਕੋਈ ਨਹੀਂ ਹੈ ਕਿ ਨਦੀਆਂ ਨਹਿਰਾਂ, ਨਾਲਿਆਂ ਅਤੇ ਪਾਣੀ ਦੀਆਂ ਸਭ ਰਾਹ ਗੁਜ਼ਰਾਂ ਕਦੇ ਕਿਸੇ ਸਰਕਾਰ ਦੇ ਏਜੰਡੇ 'ਤੇ ਹੀ ਨਹੀਂ ਰਹੀਆਂ। ਇਨ੍ਹਾਂ ਦੀ ਕਦੇ ਸਫਾਈ ਹੋਈ ਹੀ ਨਹੀਂ। ਪੰਜਾਬ ਦਾ ਨਹਿਰੀ ਵਿਭਾਗ ਸਿਰਫ਼ ਨਾਂਅ ਦਾ ਵਿਭਾਗ ਹੀ ਹੈ। ਜਦ ਸਰਕਾਰ ਸੁੱਤੀ ਪਈ ਹੈ ਤਾਂ ਅਫਸਰਾਂ ਦੀਆਂ ਤਾਂ ਪੌਂ ਬਾਰਾਂ ਹੀ ਹਨ ਤੇ ਫੇਰ ਹੇਠਲੇ ਮੁਲਾਜ਼ਮਾਂ ਤੋਂ ਕਾਹਦੀ ਤਵੱਕੋ? ਇਸ ਸਿਰੇ ਦੀ ਨਾਲਾਇਕੀ ਦੀ ਵਜ੍ਹਾ ਨਾਲ ਨਦੀਆਂ, ਨਹਿਰਾਂ, ਨਾਲਿਆਂ ਵਿਚ ਏਨਾ ਗੰਦ-ਮੰਦ, ਕੂੜਾ ਕਰਕਟ ਭਰ ਚੁੱਕਾ ਹੈ ਕਿ ਇਨ੍ਹਾਂ ਦੀ ਹੇਠਲੀ ਸਤਹ ਕਈ-ਕਈ ਫੁੱਟ ਉੱਚੀ ਹੋ ਗਈ ਹੈ। ਨਹਿਰਾਂ ਅਤੇ ਹੋਰ ਪਾਣੀ ਦੀਆਂ ਰਾਹ ਗੁਜ਼ਰਾਂ ਹੌਲੀ ਹੌਲੀ ਸੌੜੀਆਂ ਹੋ ਰਹੀਆਂ ਹਨ, ਅਜਿਹੀ ਹਾਲਤ ਵਿਚ ਥੋੜ੍ਹੇ ਮੀਂਹ ਨਾਲ ਹੀ ਨਦੀਆਂ ਨਾਲੇ ਉਛਲਣ ਲੱਗਦੇ ਹਨ ਤੇ ਹੜ੍ਹਾਂ ਦੀ ਸਥਿਤੀ ਬਣ ਜਾਂਦੀ ਹੈ।

ਹੁਣ ਹੜ੍ਹ ਪੀੜਤ ਨੂੰ ਮੁਆਵਜ਼ੇ ਦੀ ਸਿਆਸਤ ਚਲੱਣੀ ਹੈ। ਇਸ ਮੁਆਵਜ਼ਾ ਵੰਡ ਵਿਚ ਵੀ ਕਰੋੜਾਂ ਰੁਪਏ ਛਕਣ-ਛੁਕਾਉਣ ਦਾ ਪ੍ਰਬੰਧ ਅਫਸਰਾਂ ਅਤੇ ਸਤਾਧਾਰੀ ਸਿਆਸੀ ਆਗੂਆਂ ਨੇ ਕਰ ਲੈਣਾ ਹੈ। ਭਾਵ ਇਹ ਹੈ ਕਿ ਹੜ੍ਹ ਜਾਂ ਕੋਈ ਵੀ ਕੁਦਰਤੀ ਆਫ਼ਤ ਲੋਕਾਂ ਲਈ ਤਾਂ ਮੌਤ ਦਾ ਫਰਮਾਨ ਲੈ ਕੇ ਆਉਂਦੀ ਹੈ ਪਰ ਸਰਕਾਰੀ ਅਫਸਰਾਂ ਅਤੇ ਹਕੂਮਤੀ ਆਗੂਆਂ ਲਈ ਪੈਸੇ ਇਕੱਠੇ ਕਰਨ ਦਾ ਮੌਕਾ ਮੁਹੱਈਆ ਹੋ ਜਾਂਦਾ ਹੈ। ਇਹੀ ਆਪਣੇ ਪੰਜਾਬ ਦੀ ਹੋਣੀ ਹੈ ਤੇ ਇਹੀ ਸਾਰੇ ਮੁਲਕ ਦੀ।

ਮੁੱਕਦੀ ਗੱਲ ਇਹੀ ਹੈ ਕਿ ਭਾਰਤ ਯੋਜਨਾਵਾਂ ਦਾ ਮੁਲਕ ਹੈ। ਇਥੇ ਸਿਰਫ਼ ਯੋਜਨਾਵਾਂ ਘੜੀਆਂ ਜਾਂਦੀਆਂ ਹਨ, ਇਨ੍ਹਾਂ 'ਤੇ ਅਮਲ ਕਦੇ ਨਹੀਂ ਹੁੰਦਾ। ਮੌਨਸੂਨ ਕੋਈ ਅਚਨਚੇਤ ਆਉਣ ਵਾਲਾ ਮੌਸਮ ਨਹੀਂ ਹੈ। ਸਭ ਜਾਣਦੇ ਹਨ ਕਿ ਇਨ੍ਹਾਂ ਦਿਨਾਂ ਵਿਚ ਮੀਂਹ ਵਰ੍ਹਦੇ ਹਨ ਫਿਰ ਵੀ ਕਿਉਂ ਪਹਿਲਾਂ ਤੋਂ ਹੀ ਅਜਿਹੇ ਪ੍ਰਬੰਧ ਨਹੀਂ ਕਰ ਲਏ ਜਾਂਦੇ ਕਿ ਨੁਕਸਾਨ ਦੀ ਸ਼ਿੱਦਤ ਘਟੇ। ਨਦੀਆਂ, ਨਹਿਰਾਂ, ਨਾਲਿਆਂ ਅਤੇ ਡਰੇਨਾਂ ਦੀ ਸਫਾਈ ਲਈ ਬਜਟ ਵਿਚ ਰੱਖੇ ਕਰੋੜਾਂ ਰੁਪਏ ਕਿਥੇ ਚਲੇ ਜਾਂਦੇ ਹਨ? ਇਹ ਪਹਿਲੀ ਵਾਰ ਨਹੀਂ ਹੈ। ਹਰ ਵਰ੍ਹੇ ਹੀ ਇਉਂ ਹੁੰਦਾ ਹੈ। ਹਜ਼ਾਰਾਂ ਏਕੜਾਂ ਵਿਚ ਕਿਸਾਨੀ ਦਾ ਬੀਜਿਆ ਲਹੂ-ਪਸੀਨਾ ਹਰ ਵਰ੍ਹੇ ਹੀ ਪਾਣੀ ਹੋ ਜਾਂਦਾ ਹੈ ਪਰ ਹਕੂਮਤੀ ਆਗੂ ਕਦੇ ਪਾਣੀ-ਪਾਣੀ ਕਿਉਂ ਨਹੀਂ ਹੁੰਦੇ? ਏਨੀ ਬੇਸ਼ਰਮੀ ਦਾ ਇਲਾਜ ਕਿਹਦੇ ਕੋਲ ਹੈ? ਇਲਾਜ ਉਨ੍ਹਾਂ ਲੋਕਾਂ ਕੋਲ ਹੀ ਹੈ ਜਿਹੜੇ ਸ਼ਹਿਰਾਂ ਦੀਆਂ ਨੀਵੀਆਂ ਕਲੋਨੀਆਂ ਵਿਚ ਆਪਣੀਆਂ ਛੱਤਾਂ ਉਪਰ ਖੜੇ ਸਰਕਾਰੀ ਹੈਲੀਕਾਪਟਰਾਂ ਵਲ ਇਕ ਖਾਣੇ ਦੇ ਪੈਕਟ ਵੱਲ ਝਾਕ ਰਹੇ ਹਨ ਜਾਂ ਪਿੰਡਾਂ ਵਿਚ ਆਪਣੇ ਬੱਚਿਆਂ ਅਤੇ ਮਾਲ-ਡੰਗਰਾਂ ਨਾਲ ਬੇਬੱਸੀ ਦੀ ਜੂਨ ਹੰਢਾ ਰਹੇ ਹਨ। ਇਨ੍ਹਾਂ ਕੋਲ ਹੀ ਹਰ ਬਿਮਾਰੀ ਦਾ ਇਲਾਜ ਹੈ ਪਰ ਇਹ ਜਾਗਣ ਤਾਂ ਨਾ?

ਸੰਪਾਦਕੀ ਬੋਰਡ — ਨਵਤੇਜ, ਦਲਬੀਰ ਸਾਂਗਿਆਣ (ਕੈਨੇਡਾ)
ਸੁਸ਼ੀਲ ਦੁਸਾਂਝ (ਭਾਰਤ)
ਸਲਾਹਕਾਰ ਬੋਰਡ — ਡਾ. ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ. ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਜੈਸੀ ਸਿੰਘ (ਕੈਲਗਿਰੀ)

2nd Floor 3448 – 93 Street NW,
Edmonton T6E 6A4, Alberta (Canada)
Phone: 780 465 9118 Fax: 780 465 0661
e-mail: info@nawidunia.com

# ਕੁਆਲਿਟੀ ਐਜੂਕੇਸ਼ਨ; ਭਰਮ ਤੇ ਯਥਾਰਥ



**ਪ੍ਰੋ. ਰਾਕੇਸ਼ ਰਮਨ**

ਕੁਆਲਿਟੀ ਐਜੂਕੇਸ਼ਨ ਜਾਂ ਗੁਣਾਤਮਿਕ ਸਿੱਖਿਆ ਅਜੋਕੀ ਸਿੱਖਿਆ ਸਨਅਤ ਦਾ ਨਵੀਨਤਮ ਬਰਾਂਡ ਹੈ। ਪਹਿਲਾਂ, ਜਦੋਂ ਸਿੱਖਿਆ ਸਨਅਤ ਦੇ ਰੂਪ ਵਿੱਚ ਨਹੀਂ ਸੀ ਉੱਭਰੀ, ਸਥਿਤੀ ਇਸ ਤਰ੍ਹਾਂ ਨਹੀਂ ਸੀ। ਇਹ ਵੀ ਸੰਭਵ ਹੈ ਕਿ ਸਿੱਖਿਆ ਦੇ ਖੇਤਰ ਵਿੱਚ ਜੋ ਹਨ੍ਹੇਰਗਰਦੀ ਇਸ ਸਮੇਂ ਮੱਚੀ ਹੋਈ ਹੈ ਉਸ ਕਾਰਨ ਸਾਨੂੰ ਪਹਿਲੀ ਸਥਿਤੀ ਵੱਲ ਹੀ ਵਾਪਸ ਪਰਤਣਾ ਪਵੇ। ਇਸ ਸਥਿਤੀ ਵਿੱਚ ਸਿੱਖਿਆ ਇਕ ਚੰਗੇਰੇ, ਨਰੋਏ ਅਤੇ ਸੱਭਿਆ ਸਮਾਜ ਨੂੰ ਸਿਰਜਣ ਦਾ ਜ਼ਰੀਆ ਸੀ। ਨਿਰਸੰਦੇਹ, ਪੜ੍ਹੇ-ਲਿਖੇ ਲੋਕਾਂ ਲਈ ਸਰਕਾਰੀ ਸੇਵਾਵਾਂ ਦੀ ਵਿਵਸਥਾ ਵੀ ਸੀ ਜਿਸ ਕਰਕੇ ਉਹਨਾਂ ਦੀ ਆਰਥਕ ਹਾਲਤ ਬਿਹਤਰ ਹੁੰਦੀ ਸੀ, ਪਰੰਤੂ ਪੜ੍ਹਿਆਂ-ਲਿਖਿਆਂ ਦੀਆਂ ਸੇਵਾਵਾਂ ਵੀ ਸਮਾਜਿਕ ਹਿੱਤਾਂ ਲਈ ਹਾਸਲ ਕੀਤੀਆਂ ਜਾਂਦੀਆਂ ਸਨ। ਉਹ ਜਾਂ ਤਾਂ ਅਧਿਆਪਨ ਰਾਹੀਂ ਸਿੱਖਿਆ ਦੇ ਪਾਸਾਰ ਵਿੱਚ ਯੋਗਦਾਨ ਪਾਉਂਦੇ ਸਨ ਜਾਂ ਰਾਜ-ਪ੍ਰਬੰਧ ਵਿੱਚ ਸਰਕਾਰ ਵਲੋਂ ਕਈ ਤਰ੍ਹਾਂ ਦੇ ਲੋਕ-ਭਲਾਈ ਦੇ ਕਾਰਜਾਂ ਨੂੰ ਨਿਭਾਉਂਦੇ ਸਨ। ਸਰਕਾਰ ਲਈ ਪ੍ਰਾਥਮਿਕਤਾ ਰੱਖਣ ਵਾਲੇ ਖੇਤਰਾਂ ਵਿੱਚ ਸਿੱਖਿਆ ਦਾ ਸਥਾਨ ਪ੍ਰਮੁੱਖ ਸੀ ਤੇ ਸਰਕਾਰ ਉੱਪਰ ਹਮੇਸ਼ਾ ਇਹ ਦਬਾਅ ਰਹਿੰਦਾ ਸੀ ਜਾਂ ਅਹਿਸਾਸ ਕਰਾਇਆ ਜਾਂਦਾ ਸੀ ਕਿ ਸਿੱਖਿਆ ਦੇ ਕਲਿਆਣਕਾਰੀ ਕਾਰਜ ਨੂੰ ਉਹ ਅਪਣੇ ਅਧਿਕਾਰ ਹੇਠ ਰੱਖਕੇ ਹਰ ਇਕ ਨਾਗਰਿਕ ਨੂੰ ਸਿੱਖਿਆ ਪ੍ਰਦਾਨ ਕਰਨ ਦੇ ਅਵਸਰ ਪੈਦਾ ਕਰੇ। ਸਿੱਖਿਆ ਦੇ ਸਨਅਤ ਦਾ ਰੂਪ ਅਖ਼ਤਿਆਰ ਕਰਨ ਤੱਕ ਇਹ ਪ੍ਰਕਿਰਿਆ ਕਿਸੇ ਹੱਦ ਤੱਕ ਇਸੇ ਤਰ੍ਹਾਂ ਚੱਲਦੀ ਰਹੀ। ਸਿੱਖਿਆ ਵਿੱਚ ਕਈ ਤਰ੍ਹਾਂ ਦੀ, ਵਿਸ਼ਿਆਂ ਅਤੇ ਪੜਾਵਾਂ ਨੂੰ ਲੈ ਕੇ, ਵੰਡ ਤਾਂ ਮੌਜੂਦ ਰਹੀ ਪਰ ਸਧਾਰਣ ਸਿੱਖਿਆ ਤੇ ਗੁਣਾਤਮਿਕ ਸਿੱਖਿਆ ਵਰਗੀ ਕੋਈ ਵਰਗ ਵੰਡ ਨਹੀਂ ਸੀ। ਉਦੋਂ ਜਾਂ ਤਾਂ ਸਾਰੀ ਸਧਾਰਣ ਸਿੱਖਿਆ ਹੀ ਸੀ ਜਾਂ ਫਿਰ ਸਾਰੀ ਸਿੱਖਿਆ ਗੁਣਾਤਮਿਕ ਸਿੱਖਿਆ ਸੀ।

ਸਧਾਰਣ ਸਿੱਖਿਆ ਤੇ ਗੁਣਾਤਮਿਕ ਸਿੱਖਿਆ ਨੂੰ ਅੱਡੋ-ਅੱਡ ਕਰਨ ਦੇ ਉਦੇਸ਼ ਨਾਲ਼ ਇਹਨਾਂ ਵਿਚਕਾਰ ਵੰਡ ਦੀ ਪਹਿਲੀ ਲਕੀਰ ਮਾਧਿਅਮ ਰਾਹੀਂ ਖਿੱਚੀ ਗਈ। ਪ੍ਰਾਇਮਰੀ ਪੱਧਰ ਤੋਂ ਹੀ ਸਿੱਖਿਆ ਹਾਸਲ ਕਰਨ ਦਾ ਭਾਸ਼ਾਈ ਮਾਧਿਅਮ ਮਾਤਭਾਸ਼ਾ ਦੀ ਥਾਂ ਅੰਗਰੇਜ਼ੀਕਰਨ ਨੂੰ ਗੁਣਾਤਮਿਕ ਸਿੱਖਿਆ ਦਾ ਪ੍ਰਤੀਕ ਸਮਝਿਆ ਗਿਆ। ਇਹ ਮਿੱਥ ਸਥਾਪਤ ਕੀਤੀ ਗਈ ਕਿ ਮੁੱਢ ਤੋਂ ਹੀ ਅੰਗਰੇਜ਼ੀ ਮਾਧਿਅਮ ਵਿੱਚ ਤਾਲੀਮ ਹਾਸਲ ਕਰਨ ਵਾਲੇ ਬੱਚੇ ਬਾਅਦ ਵਿੱਚ ਅੰਗਰੇਜ਼ੀ ਮਾਧਿਅਮ ਵਿੱਚ ਵਿਗਿਆਨ ਦੀ ਉਚੇਰੀ ਸਿੱਖਿਆ ਹਾਸਲ ਕਰਨ ਸਮੇਂ ਔਖਿਆਈ ਮਹਿਸੂਸ ਨਹੀਂ ਕਰਦੇ। ਕੁਆਲਿਟੀ ਐਜੂਕੇਸ਼ਨ ਦੀ ਇਸ ਮਾਧਿਅਮ-ਮੁਖੀ ਵਿਆਖਿਆ ਨੇ ਆਮ ਲੋਕਾਂ ਦਾ ਹਰ ਪੱਧਰ 'ਤੇ ਸ਼ੋਸ਼ਣ ਕੀਤਾ। ਮੁੱਢਲੀ ਸਿੱਖਿਆ ਦੇ ਮਾਮਲੇ ਵਿੱਚ, ਮਾਤਭਾਸ਼ਾ ਦੀ ਮਨੋਵਿਗਿਆਨਿਕ ਅਹਿਮੀਅਤ ਨੂੰ ਨਜ਼ਰਅੰਦਾਜ਼ ਕਰਕੇ, ਅਪਣਾਇਆ ਗਿਆ ਅੰਗਰੇਜ਼ੀ ਭਾਸ਼ਾ ਦਾ ਮਾਧਿਅਮ ਬਿਲਕੁਲ ਕਾਰਗਾਰ ਸਾਬਤ ਨਹੀਂ ਹੋਇਆ। ਮਾਪਿਆਂ ਵਲੋਂ ਵਧੇਰੇ ਆਰਥਕ ਬੋਝ ਸਹਿਣ ਕਰਕੇ ਅਪਣੇ ਬੱਚਿਆਂ ਦੀ ਅੰਗਰੇਜ਼ੀ ਮਾਧਿਅਮ ਵਿੱਚ ਕਰਵਾਈ ਪੜ੍ਹਾਈ ਕੋਈ ਵਧੇਰੇ ਰਾਸ ਨਾ ਆਈ ਤੇ ਜਦੋਂ ਉਹ ਪੜ੍ਹ-ਲਿਖ ਕੇ ਸਮਾਜਕ ਹਕੀਕਤਾਂ ਦੇ ਸਨਮੁੱਖ ਹੋਏ ਤਾਂ ਉਹਨਾਂ ਦੇ ਬਹੁਤ ਸਾਰੇ ਭਰਮ-ਭੁਲੇਖੇ ਦੂਰ ਹੋ ਗਏ। ਇਕ ਪਾਸੇ ਤਾਂ ਉਹ ਪਰਾਏ ਮਾਧਿਅਮ ਦੇ ਬੋਝ ਕਰਕੇ ਅਪਣੀ ਸਿੱਖਣ ਸਮਰੱਥਾ ਦਾ ਭਰਪੂਰ ਲਾਭ ਨਹੀਂ ਉਠਾ ਸਕੇ, ਦੂਜੇ ਪਾਸੇ ਅੰਗਰੇਜ਼ੀ ਭਾਸ਼ਾ ਨੇ ਉਹਨਾਂ ਦੀਆਂ ਵਿਦਿਅਕ ਖੇਤਰ ਵਿੱਚ ਕੁਝ ਖ਼ਾਸ ਸੀਮਾਵਾਂ ਮਿੱਥ ਦਿੱਤੀਆਂ ਜਿਹਨਾਂ ਦੇ ਅੰਦਰ-ਬਾਹਰ ਰਹਿਣਾ ਵੀ ਉਹਨਾਂ ਲਈ ਔਖਾ ਸੀ ਤੇ ਬਾਹਰ ਨਿਕਲਣਾ ਵੀ। ਰੁਚੀ ਤੇ ਮਾਲੀ ਸਾਧਨਾਂ ਪੱਖੋਂ ਉਹਨਾਂ ਦਾ ਅੰਗਰੇਜ਼ੀ ਮਾਧਿਅਮ ਵਾਲੀ ਉਚੇਚੀ ਸਿੱਖਿਆ 'ਚ ਟਿਕੇ ਰਹਿਣਾ ਅਸੰਭਵ ਸੀ ਤੇ ਅੰਗਰੇਜ਼ੀ ਮਾਧਿਅਮ ਤੋਂ ਬਾਹਰ ਵਾਲੀ ਪੜ੍ਹਾਈ ਦੇ ਮਾਮਲੇ 'ਚ ਉਹ ਅਪਣਾ ਵਕਤ ਪਹਿਲਾਂ ਹੀ ਖੁੰਝਾ ਚੁੱਕੇ ਸਨ। ਇਉਂ ਕੁਆਲਿਟੀ ਸਿੱਖਿਆ ਦੀ ਭਾਸ਼ਾਈ ਕਸਵੱਟੀ ਨੇ ਸਿੱਖਿਆ ਦੇ ਖੇਤਰ ਵਿੱਚ ਅਪਣਾ ਦੁਰਪ੍ਰਭਾਵ ਹੀ ਪਿੱਛੇ ਛੱਡਿਆ ਹੈ, ਪਰ ਇਸਨੇ ਕੁੱਝ ਸ਼ਾਤਰ ਲੋਕਾਂ ਦੇ ਕੱਖਾਂ ਤੋਂ ਲੱਖ ਜ਼ਰੂਰ ਬਣਾ ਦਿੱਤੇ ਤੇ ਉਹ ਨਿੱਜੀ ਅੰਗਰੇਜ਼ੀ ਸਕੂਲਾਂ ਦੇ ਮਾਲਕ, ਲੋਕਾਂ ਤੋਂ ਅੰਗਰੇਜ਼ੀ ਦੇ ਨਾਂ 'ਤੇ ਭਾਰੀ ਕਮਾਈ ਕਰਨ 'ਚ ਸਫ਼ਲ ਹੋ ਗਏ।

ਸਿੱਖਿਆ ਨੂੰ ਕੁਆਲਿਟੀ ਦੀ ਉਚੇਚੀ ਪੁੱਠ ਚਾੜ੍ਹਨ ਲਈ ਸਿੱਖਿਆ ਦੀਆਂ ਨਵੀਆਂ ਤਕਨੀਕਾਂ ਤੇ ਵਿਧੀਆਂ ਦਾ ਸਹਾਰਾ ਸਿੱਖਿਆ ਸਨਅਤ ਦਾ ਨਵਾਂ ਤਜਾਰਤੀ ਔਜ਼ਾਰ ਬਣਕੇ ਪ੍ਰਗਟ ਹੋਇਆ ਕਿਉਂਕਿ ਹੁਣ ਕੇਵਲ ਮਾਧਿਅਮ ਨੂੰ ਹੀ ਕੁਆਲਿਟੀ ਦਾ ਮਾਪਦੰਡ ਪ੍ਰਵਾਨ ਕਰਨਾ ਔਖਾ ਹੋ ਗਿਆ ਸੀ। ਸਿੱਖਿਆ ਪ੍ਰਦਾਨ ਕਰਨ ਦੀਆਂ ਨਵੀਆਂ ਤਕਨੀਕਾਂ ਤੇ ਵਿਧੀਆਂ ਵਜੋਂ ਇਲੈਕਟ੍ਰੌਨਿਕ ਸਾਧਨਾਂ ਨੂੰ ਪ੍ਰਾਥਮਿਕਤਾ ਹਾਸਲ ਹੋਈ ਤੇ ਕੰਪਿਊਟਰ ਨੂੰ ਨਵੀਂ ਕੁਆਲਿਟੀ ਸਿੱਖਿਆ ਦਾ ਇਕ ਜ਼ਰੂਰੀ ਅੰਗ ਬਣਾ ਦਿੱਤਾ ਗਿਆ ਤੇ ਕੰਪਿਊਟਰ ਦਾ ਉਪਲੱਭਦ ਪ੍ਰੋਗਰਾਮਾਂ ਰਾਹੀਂ ਵਿਦਿਆਰਥੀ ਨੂੰ ਸਿੱਖਿਅਤ ਕਰਨ ਦਾ ਉਪਰਾਲਾ ਕੁਆਲਿਟੀ ਐਜੂਕੇਸ਼ਨ ਹੋ ਨਿੱਬੜਿਆ। ਇਹ ਪ੍ਰਣਾਲੀ ਕਿਉਂਕਿ ਆਮ ਵਿਦਿਆਰਥੀਆਂ ਲਈ ਆਮ ਸਕੂਲਾਂ ਵਿੱਚ ਮੌਜੂਦ ਨਹੀਂ ਸੀ, ਇਸ ਕਰਕੇ ਕੰਪਿਊਟਰ ਦੀ ਸੁਵਿਧਾ ਜਾਂ ਪ੍ਰਬੰਧ ਵਾਲੇ ਸਕੂਲ 'ਵਿਸ਼ੇਸ਼ ਸਕੂਲ' ਜਾਂ 'ਵਿਸ਼ੇਸ਼ ਵਿਦਿਅਕ ਸੰਸਥਾਵਾਂ' ਦਾ ਦਰਜਾ ਪ੍ਰਾਪਤ ਕਰ ਗਏ ਤੇ ਇਸ ਪ੍ਰਕਾਰ ਸਧਾਰਣ ਤੇ ਕੁਆਲਿਟੀ ਸਿੱਖਿਆ ਵਿਚਕਾਰ ਕੰਪਿਊਟਰ ਜਾਂ ਕੰਪਿਊਟਰੀਕ੍ਰਿਤ ਸਿੱਖਿਆ ਤਕਨੀਕਾਂ ਨੇ ਲਕੀਰ ਖਿੱਚ ਦਿੱਤੀ। ਇਕ ਵਾਰ ਫੇਰ ਆਮ ਜਨਤਾ ਨੂੰ ਨਿੱਜੀ ਖੇਤਰ ਦੀ ਸਿੱਖਿਆ ਸਨਅਤ ਖਿੱਚਣ ਵਿੱਚ ਸਫ਼ਲ ਹੋ ਗਈ, ਪਹਿਲੀ ਵਾਰ ਮਾਧਿਅਮ ਦੇ ਨਾਂ 'ਤੇ ਹੁਣ ਤਕਨੀਕ (ਕੰਪਿਊਟਰ) ਦੇ ਨਾਂ 'ਤੇ।

ਇਸ ਵਿੱਚ ਕੋਈ ਸੰਦੇਹ ਨਹੀਂ ਕਿ ਸਿੱਖਿਆ ਦੇ ਖੇਤਰ ਵਿੱਚ ਕੰਪਿਊਟਰ ਦਾ ਪ੍ਰਵੇਸ਼ ਬੜਾ ਕ੍ਰਾਂਤੀਕਾਰੀ ਸਾਬਤ ਹੋਇਆ ਤੇ ਇਸਦੀ ਸਹਾਇਤਾ ਨਾ਼ਲ ਪੜ੍ਹਾਈ ਦਾ ਕੰਮ ਆਸਾਨ ਹੋ ਗਿਆ, ਪਰ ਵਿਡੰਬਨਾਂ ਇਹ ਰਹੀ ਕਿ ਪੜ੍ਹਾਈ ਦੀ 'ਪੁਰਾਣੀ ਤਕਨੀਕ' ਨੂੰ 'ਨਵੀਂ ਤਕਨੀਕ' ਨਾ਼ਲ ਤਬਦੀਲ ਕਰਨ ਦੀ ਥਾਂ ਕੁਆਲਿਟੀ ਐਜੂਕੇਸ਼ਨ ਦੇ ਨਾਂ 'ਤੇ ਸਿੱਖਿਆ ਨੂੰ ਹੀ ਨਵੀਂ ਤਕਨੀਕ ਨਾ਼ਲ ਬਦਲ ਲਿਆ ਗਿਆ। ਇਸ ਨਵੇਂ ਰੁਝਾਨ ਸਦਕਾ ਥਾਂ-ਥਾਂ ਕੰਪਿਊਟਰ ਸੈਂਟਰ ਖੁੱਲ੍ਹ ਗਏ। ਨਿੱਜੀ ਵਿੱਦਿਅਕ ਅਦਾਰਿਆਂ ਨੇ ਅਪਣੇ ਸਕੂਲਾਂ-ਕਾਲਜਾਂ ਵਿੱਚ ਕੰਪਿਊਟਰ ਨੂੰ ਪ੍ਰਮੁੱਖਤਾ ਦੇਣੀ ਸ਼ੁਰੂ ਕਰ ਦਿੱਤੀ। ਵਿਦਿਆਰਥੀ ਮਾਮੂਲੀ ਜੋੜ ਘਟਾਓ ਤੋਂ ਲੈ ਕੇ ਹਰ ਤਰ੍ਹਾਂ ਦੇ ਗਿਆਨ ਲਈ ਕੰਪਿਊਟਰ ਉੱਪਰ ਨਿਰਭਰ ਹੋ ਗਏ। ਇਹ ਸਾਰਾ ਕੁੱਝ ਕੰਪਿਊਟਰ 'ਤੇ ਛੱਡ ਕੇ ਉਹਨਾਂ ਨੇ ਅਪਣਾ ਦਿਮਾਗ਼ ਵਿਹਲਾ ਕਰ ਲਿਆ। ਇਸ ਬਾਰੇ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਪੁਸਤਕ ਪੜ੍ਹਨ, ਗਣਿਤਕ ਸਵਾਲ ਹੱਲ ਕਰਨ, ਚੰਗੀ ਲਿਖਾਈ ਕਰਨ ਤੇ ਚਿੰਤਨ ਕਰਨ ਦੀਆਂ ਮਸ਼ਕਾਂ ਵਿੱਚੋਂ ਬੌਧਿਕ ਵਿਕਾਸ ਕਰਨ ਦਾ ਜੋ ਅਵਸਰ ਪਹਿਲਾਂ ਵਿਦਿਆਰਥੀ ਨੂੰ ਪ੍ਰਾਪਤ ਸੀ, ਕੁਆਲਿਟੀ ਐਜੂਕੇਸ਼ਨ ਦੇ ਅੰਤਰਗਤ ਉਹ ਉਸਤੋਂ ਵੱਡੀ ਹੱਦ ਤੱਕ ਵੰਚਿਤ ਹੋ ਗਿਆ।



'ਕੁਆਲਿਟੀ ਐਜੂਕੇਸ਼ਨ' ਦੇ ਨਾਂ 'ਤੇ ਸਿੱਖਿਆ ਦੇ ਖੇਤਰ 'ਚ ਪੇਸ਼ਾਵਰ ਕੋਰਸਾਂ ਦਾ ਇਕ ਤਰ੍ਹਾਂ ਨਾ਼ਲ ਵਿਸਫ਼ੋਟ ਹੀ ਹੋ ਗਿਆ ਹੈ। ਇਹਨਾਂ ਕੋਰਸਾਂ ਲਈ ਨਵੇਂ ਪਾਠ-ਕ੍ਰਮ ਲੋੜੀਂਦੇ ਹਨ। ਪ੍ਰਭਾਵ ਤਾਂ ਇਹੋ ਦਿੱਤਾ ਜਾ ਰਿਹਾ ਹੈ ਜਿਵੇਂ ਇਹਨਾਂ ਕੋਰਸਾਂ ਦੇ ਪਾਠ-ਕ੍ਰਮ ਕੋਈ ਅਸਮਾਨੋਂ ਉੱਤਰੇ ਹੋਏ, ਕੋਈ ਨਵੇਂ-ਨਕੋਰ ਪਾਠ-ਕ੍ਰਮ ਹੋਣ, ਪਰੰਤੂ ਅਸਲੀਅਤ ਇਹ ਹੈ ਕਿ ਵੱਖ-ਵੱਖ ਨਵੇਂ ਹੋਂਦ ਵਿੱਚ ਆਏ ਕੋਰਸਾਂ ਦੇ ਪਾਠ-ਕ੍ਰਮ, ਪਹਿਲਾਂ ਤੋਂ ਚੱਲੇ ਆ ਰਹੇ ਕੋਰਸਾਂ ਦੇ ਕੁੱਝ ਹਿੱਸੇ ਕੱਟ ਕੇ ਬਣਾਏ ਗਏ ਹਨ।

'ਕੁਆਲਿਟੀ ਐਜੂਕੇਸ਼ਨ' ਦੇ ਨਾਂ 'ਤੇ ਸਿੱਖਿਆ ਦੇ ਖੇਤਰ 'ਚ ਪੇਸ਼ਾਵਰ ਕੋਰਸਾਂ ਦਾ ਇਕ ਤਰ੍ਹਾਂ ਨਾ਼ਲ ਵਿਸਫ਼ੋਟ ਹੀ ਹੋ ਗਿਆ ਹੈ। ਇਹਨਾਂ ਕੋਰਸਾਂ ਲਈ ਨਵੇਂ ਪਾਠ-ਕ੍ਰਮ ਲੋੜੀਂਦੇ ਹਨ। ਪ੍ਰਭਾਵ ਤਾਂ ਇਹੋ ਦਿੱਤਾ ਜਾ ਰਿਹਾ ਹੈ ਜਿਵੇਂ ਇਹਨਾਂ ਕੋਰਸਾਂ ਦੇ ਪਾਠ-ਕ੍ਰਮ ਕੋਈ ਅਸਮਾਨੋਂ ਉੱਤਰੇ ਹੋਏ, ਕੋਈ ਨਵੇਂ-ਨਕੋਰ ਪਾਠ-ਕ੍ਰਮ ਹੋਣ, ਪਰੰਤੂ ਅਸਲੀਅਤ ਇਹ ਹੈ ਕਿ ਵੱਖ-ਵੱਖ ਨਵੇਂ ਹੋਂਦ ਵਿੱਚ ਆਏ ਕੋਰਸਾਂ ਦੇ ਪਾਠ-ਕ੍ਰਮ, ਪਹਿਲਾਂ ਤੋਂ ਚੱਲੇ ਆ ਰਹੇ ਕੋਰਸਾਂ ਦੇ ਕੁੱਝ ਹਿੱਸੇ ਕੱਟ ਕੇ ਬਣਾਏ ਗਏ ਹਨ। ਉਦਾਹਰਣ ਵਜੋਂ ਕਮਰਸ ਦਾ ਪਾਠ-ਕ੍ਰਮ ਕੁਝ ਹਿੱਸਾ (ਮਾਮੂਲੀ ਜਿਹਾ) ਅਰਥ-ਸ਼ਾਸਤਰ ਵਿੱਚੋਂ, ਕੁੱਝ ਗਣਿਤ ਵਿੱਚੋਂ ਤੇ ਕੁੱਝ ਥੋੜ੍ਹਾ ਬਹੁਤ ਹੋਰ ਏਧਰੋਂ-ਉਧਰੋਂ ਜੋੜ ਕੇ ਤਿਆਰ ਕਰ ਲਿਆ ਗਿਆ ਹੈ। ਬਾਕੀ ਦੇ ਕੋਰਸਾਂ ਲਈ ਪਾਠ-ਕ੍ਰਮ ਵੀ ਲਗਭੱਗ ਇਸੇ ਵਿਧੀ ਨਾ਼ਲ ਤਿਆਰ ਕੀਤੇ ਜਾਂਦੇ ਹਨ। ਇਹਨਾਂ ਨੂੰ ਅਸੀਂ ਬੁੱਤਾ ਸਾਰੂ ਜਾਂ ਡੰਗ ਟਪਾਊ ਪਾਠ-ਕ੍ਰਮ ਵੀ ਕਹਿ ਸਕਦੇ। ਅਸੀਂ ਇਹ ਅੰਦਾਜ਼ਾ ਸਹਿਜੇ ਹੀ ਲਗਾ ਸਕਦੇ ਹਾਂ ਕਿ ਵਿਗਿਆਨਕ ਵਿਧੀ ਨਾ਼ਲ ਤਿਆਰ ਕੀਤੇ ਪਾਠ-ਕ੍ਰਮ ਹੋਣਗੇ ਤੇ ਵਿਦਿਆਰਥੀ ਦੇ ਸਰਬਪੱਖੀ ਵਿਕਾਸ ਲਈ ਕਿੰਨੇ ਕੁ ਲਾਹੇਵੰਦ ਹੋਣਗੇ। ਹਾਲ ਦੀ ਘੜੀ ਤਕਨੀਕ ਤੇ, ਵਣਿਜ ਹੀ ਕੁਆਲਿਟੀ ਐਜੂਕੇਸ਼ਨ ਦਾ ਸਾਰ ਹੈ। ਇਹ ਗੱਲ ਧਿਆਨ 'ਚ ਰੱਖਣ ਵਾਲੀ ਹੈ ਕਿ ਕੇਵਲ ਇਹਨਾਂ ਦੋਵਾਂ ਸਹਾਰੇ ਬਿਹਤਰ ਸਮਾਜ ਦੀ ਸਿਰਜਣਾ ਸੰਭਵ ਨਹੀਂ। ਬਿਹਤਰ ਸਮਾਜ ਦੀ ਉਸਾਰੀ ਲਈ ਲੋਕ ਪੱਖੀ ਵਿਚਾਰਧਾਰਾ ਤੇ ਸਿਰਜਣਸ਼ੀਲਤਾ ਦਾ ਹੋਣਾ ਬਹੁਤ ਜ਼ਰੂਰੀ ਹੈ, ਜਦ ਕਿ ਇਹਨਾਂ ਦੋਵਾਂ ਤੱਤਾਂ ਨੂੰ ਅਖਾਉਤੀ ਕੁਆਲਿਟੀ ਐਜੂਕੇਸ਼ਨ ਤੋਂ ਵੱਖ ਕਰ ਦਿੱਤਾ ਗਿਆ ਹੈ।

## ਸਮਕਾਲੀ ਲਿਖਦੇ ਹਨ

### ਭਗਤਾਂ ਦਾ ਗਮਗੀਤ

ਸਦੀਆਂ ਤੋਂ ਲਾਹੌਰ ਦੇ ਦਿਲ ਦੇ ਵਿੱਚ ਵਿਚਾਲੇ ਦਾਤਾ ਦਰਬਾਰ ਦਰਗਾਹ ਖੜ੍ਹੀ ਹੋਈ ਹੈ, ਪਰੰਤੂ ਉਸਨੇ ਅਜਿਹਾ ਕੁੱਝ ਨਹੀਂ ਦੇਖਿਆ ਸੀ। ਜਿਹਨਾਂ ਆਤਮਘਾਤੀਆਂ ਨੇ ਉੱਥੇ ਵਿਸਫ਼ੋਟ ਕੀਤਾ, ਉਹਨਾਂ 40 ਜ਼ਿੰਦਗੀਆਂ ਖੋਹ ਲਈਆਂ ਹਨ। ਉਹਨਾਂ ਨੇ ਅਮਨ ਦਾ ਉਹ ਜ਼ਜਬਾ ਵੀ ਖੋਹ ਲਿਆ ਜੋ ਸੂਫ਼ੀ ਦਰਗਾਹ ਦੀ ਨਿਸ਼ਾਨੀ ਹੈ। ਪੰਜਾਬ ਦੀ ਇਸ ਸਭ ਤੋਂ ਵੱਡੀ ਦਰਗਾਹ ਵਿੱਚ ਅਮਨ ਚਾਰੇ ਪਾਸੇ ਨਜ਼ਰ ਆਉਂਦਾ ਅਤੇ ਉੱਥੇ ਰਵਾਇਤੀ ਸਮਾਰੋਹ ਦੌਰਾਨ ਉਸ ਵਿਅਕਤੀ ਨੂੰ ਖ਼ਿਰਾਜੇ-ਅਕੀਦਤ ਪੇਸ਼ ਕਰਨ ਦੀ ਸ਼ਰਧਾ ਨਾ਼ਲ ਹਜ਼ਾਰਾਂ ਸ਼ਰਧਾਲੂ ਇਕੱਠੇ ਹੋਏ ਸਨ ਜਿਸ ਵਿਅਕਤੀ ਨੇ ਇਸ ਇਲਾਕੇ ਵਿੱਚ ਇਸਲਾਮ ਫੈਲਾਉਣ ਵਿੱਚ ਵੱਡੀ ਭੂਮਿਕਾ ਨਿਭਾਈ ਸੀ। ਇਹ ਕਹਿ ਸਕਣਾ ਮੁਸ਼ਕਿਲ ਹੈ ਕਿ ਇਹ ਫਿਦਾਈਨ ਕਿਸ ਧੜੇ ਨਾ਼ਲ ਸਬੰਧ ਰੱਖਦੇ ਹਨ। ਉਹ ਕੋਈ ਵੀ ਹੋਣ ਪਰ ਇਸ ਤਰ੍ਹਾਂ ਦੇ ਹਮਲਿਆਂ ਦਾ ਇਰਾਦਾ ਉਸ ਜੀਵਨ ਢਾਂਚੇ ਨੂੰ ਬਦਲਣਾ ਹੈ ਜਿਸ ਨੂੰ ਲੋਕਾਂ ਨੇ ਅਪਣਾਇਆ ਹੋਇਆ ਹੈ ਅਤੇ ਸੱਦਭਾਵ ਦੇ ਉਸ ਸੰਦੇਸ਼ ਨੂੰ ਮਿਟਾਉਣਾ ਹੈ ਜੋ ਸੂਫ਼ੀ ਦਰਸ਼ਨ ਦੀ ਪਹਿਚਾਣ ਹੈ।

**ਦ ਨਿਊਜ਼, ਪਾਕਿਸਤਾਨ।**

### ਚੋਣ ਸੁਧਾਰ

ਕੀ ਬ੍ਰਿਟੇਨ ਦੀ ਸੰਸਦੀ ਚੋਣ ਪ੍ਰਣਾਲੀ ਬੇਹਤਰ ਹੈ? ਇਹ ਕਿਸ ਤਰ੍ਹਾਂ ਹੁੰਦਾ ਹੈ ਕਿ ਤੁਹਾਨੂੰ ਲੇਬਰ ਪਾਰਟੀ ਦਾ ਐਮ ਪੀ ਹੋਣ ਲਈ ਸਿਰਫ਼ 33000 ਵੋਟਾਂ, ਕਨਜ਼ਰਵੇਟਿਵ ਐਮ ਪੀ ਹੋਣ ਲਈ 35000 ਵੋਟਾਂ ਪਰ ਲਿਬਰਲ ਡੈਮੋਕ੍ਰੇਟ ਐਮ ਪੀ ਬਣਨ ਲਈ 12000 ਹਜ਼ਾਰ ਵੋਟਾਂ ਚਾਹੀਦੀਆਂ ਹਨ। ਕੀ ਇਸ ਪ੍ਰਣਾਲੀ ਨੂੰ ਜ਼ਿਆਦਾ ਪ੍ਰਤੀਨਿਧਤਾ ਵਾਲੀ ਪ੍ਰਣਾਲੀ ਬਣਾਇਆ ਜਾ ਸਕਦਾ ਹੈ। ਚੁਣੇ ਗਏ ਹਰ ਤਿੰਨ ਸਾਂਸਦਾਂ ਵਿੱਚੋਂ ਘੱਟ ਤੋਂ ਘੱਟ ਦੋ ਸਾਂਸਦ ਅਜਿਹੇ ਹਨ ਜਿਹੜੇ 50 ਪ੍ਰਤੀਸ਼ਤ ਤੋਂ ਵੀ ਘੱਟ ਵੋਟਾਂ ਦੁਆਰਾ ਚੁਣੇ ਗਏ ਅਤੇ ਇਕ ਵੀ ਅਜਿਹਾ ਸਾਂਸਦ ਨਹੀਂ ਚੁਣਿਆ ਗਿਆ ਜਿਸਨੂੰ 50 ਪ੍ਰਤੀਸ਼ਤ ਦਾ ਸਮਰਥਨ ਮਿਲਿਆ। ਕੀ ਬਦਲਵੀਂ ਮੱਤਦਾਨ ਪ੍ਰਣਾਲੀ ਨਾ਼ਲ ਇਸ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ? ਬਿਲਕੁਲ, ਕਿਉਂਕਿ ਇਸ ਨਾ਼ਲ ਘਟਗਿਣਤੀ ਲੋਕ ਫਤਵੇ ਤੋਂ ਛੁਟਕਾਰਾ ਮਿਲ ਸਕਦਾ ਹੈ, ਹਾਲਾਂਕਿ ਇਹ ਵੀ ਸੰਪੂਰਨ ਨਹੀਂ ਹੋਵੇਗਾ। ਕੀ ਇਸ ਨਵੀਂ ਪ੍ਰਣਾਲੀ ਦੇ ਲਈ ਜਨਮਤ ਸੰਗ੍ਰਹਿ ਕਰ ਲੈਣਾ ਚਾਹੀਦਾ ਹੈ? ਬਿਲਕੁਲ।

**ਗਾਰਜੀਅਨ, ਬ੍ਰਿਟੇਨ**

# ਕੁਰਾਹੇ ਪਈ ਸਿੱਖਿਆ ਨੀਤੀ

## ਸਿੱਖਿਆ ਪ੍ਰਣਾਲੀ ਦਰਾਮਦ ਨਹੀਂ ਕੀਤੀ ਜਾ ਸਕਦੀ



**ਪ੍ਰੋ. ਮਨਜੀਤ ਸਿੰਘ**

ਵਿਸ਼ਵੀਕਰਨ ਦੇ ਦੌਰ ਵਿੱਚ ਬਾਜ਼ਾਰ ਦੀਆਂ ਸ਼ਕਤੀਆਂ ਦਾ ਦਬਾਅ ਇਸ ਤੱਥ ਨੂੰ ਸਾਹਮਣੇ ਲਿਆਇਆ ਹੈ ਕਿ ਸਿੱਖਿਅਕ ਤੇ ਨਿਪੁੰਨ ਮਨੁੱਖੀ ਸ਼ਕਤੀ ਬਗ਼ੈਰ ਨਾ ਤਾਂ ਮੌਜੂਦਾ ਘਰੇਲੂ ਮੰਡੀ ਨੂੰ ਵਿਸਥਾਰਿਆ ਜਾ ਸਕਦਾ ਹੈ ਅਤੇ ਨਾ ਹੀ ਕੁੱਲ ਘਰੇਲੂ ਉਤਪਾਦਨ ਦੀ ਗਤੀ ਨੂੰ ਕਾਇਮ ਰੱਖਿਆ ਜਾ ਸਕਦਾ ਹੈ। ਕੁੱਝ ਵੀ ਹੋਵੇ, ਉਚੇਰੀ ਸਿੱਖਿਆ ਦੀ ਗੁਣਵੱਤਾ ਵੱਡੇ ਪੱਧਰ 'ਤੇ ਉਹਨਾਂ ਵਿਦਿਆਰਥੀਆਂ 'ਤੇ ਨਿਰਭਰ ਕਰਦੀ ਹੈ, ਜਿਹੜੇ ਉਚੇਰੀ ਸਿੱਖਿਆ ਦੇ ਪ੍ਰਵੇਸ਼ ਪੜਾਅ 'ਤੇ ਉਪਲੱਬਦ ਹੁੰਦੇ ਹਨ।

ਇੱਕ ਮਜ਼ਬੂਤ ਸਕੂਲੀ ਸਿੱਖਿਆ ਪ੍ਰਣਾਲੀ, ਉਚੇਰੀ ਸਿੱਖਿਆ ਦੇ ਪੱਧਰ 'ਤੇ, ਵਿੱਦਿਅਕ ਸੰਸਥਾਵਾਂ ਦੀ ਕਾਰਗੁਜ਼ਾਰੀ ਦੀ ਮੁੱਢਲੀ ਸ਼ਰਤ ਹੈ। ਸਿੱਖਿਆ ਦਾ ਅਧਿਕਾਰ ਬਹੁਤ ਜ਼ਿਆਦਾ ਅਨਪੜ੍ਹ, ਭਾਰਤੀ ਸਮਾਜ, ਜਿੱਥੇ ਆਬਾਦੀ ਦਾ ਅੱਧਾ ਭਾਗ ਹਰ ਰੋਜ਼ ਦੋ ਵਰਗ ਮੀਲ ਦੂਰ ਧਕੇਲਿਆ ਜਾ ਰਿਹਾ ਹੈ, ਉਦੋਂ ਤੱਕ ਕੁਆਲਿਟੀ ਸਿੱਖਿਆ ਦੀ ਸਮੱਸਿਆ ਨੂੰ ਹੱਲ ਨਹੀਂ ਕਰ ਸਕਦਾ ਜਦੋਂ ਤੱਕ ਉਸਨੂੰ ਭੋਜਨ ਤੇ ਕੰਮ ਦਾ ਅਧਿਕਾਰ ਨਹੀਂ ਮਿਲਦਾ।

ਕੁਆਲਿਟੀ ਸਿੱਖਿਆ ਮੁਹੱਈਆ ਕਰਵਾਉਣ ਦੇ ਵਿਚਾਰ ਨਾ.ਲ ਉਚੇਰੀ ਸਿੱਖਿਆ ਦੇ ਖੇਤਰ ਵਿੱਚ ਕੁਸ਼ਲ ਪ੍ਰਸ਼ਾਸਨ, ਵਡੇਰੀ ਜਵਾਬਦੇਹੀ ਤੇ ਪਾਰਦਰਸ਼ਤਾ ਨੂੰ ਮੁੱਖ ਰੱਖਕੇ ਕੇਂਦਰੀ ਮਾਨਵ ਸ੍ਰੋਤ ਵਿਕਾਸ ਮੰਤਰਾਲੇ ਨੇ 3 ਮਈ, 2010 ਨੂੰ ਲੋਕ ਸਭਾ ਵਿੱਚ ਚਾਰ ਨਵੇਂ ਬਿਲ ਪੇਸ਼ ਕੀਤੇ ਹਨ। ਅਜੇ ਵਿਦੇਸ਼ੀ ਵਿਦਿਅਕ ਸੰਸਥਾਵਾਂ ( ਦਾਖ਼ਲੇ ਤੇ ਕੰਮ ਕਰਨ ਦੇ ਨੇਮ) ਬਿਲ ਨੇ ਉਚੇਰੀ ਸਿੱਖਿਆ ਦੀ ਸਮੁੱਚੀ ਬਹਿਸ ਦਾ ਧਿਆਨ ਹੀ ਆਕਰਸ਼ਿਤ ਕੀਤਾ ਹੈ।

ਦੇਸ਼ ਨੇ, ਦੇਸ਼ ਦੇ ਚੰਗੇਰੇ ਸਮਾਜ ਦੀ ਉਸਾਰੀ ਲਈ ਕੁਆਲਿਟੀ ਸਿੱਖਿਆ ਦੇ ਮਹੱਤਵ ਦਾ ਅਹਿਸਾਸ ਕਰਨ ਲਈ ਚਾਰ ਦਹਾਕਿਆਂ ਤੋਂ ਵੀ ਵੱਧ ਸਮਾਂ ਲਿਆ। ਅੱਜ ਭਾਰਤ ਸਿੱਖਿਆ ਦੇ ਖੇਤਰ ਵਿੱਚ ਜਿਹੜੀਆਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ, ਉਹ ਸਭ ਤੋਂ ਪਹਿਲਾਂ 1966 ਵਿੱਚ ਕੋਠਾਰੀ ਕਮਿਸ਼ਨ ਦੀ ਰਿਪੋਰਟ ਵਿੱਚ ਵਿਸਥਾਰ ਪੂਰਵਕ ਦਰਜ ਕੀਤੀਆਂ ਗਈਆਂ ਸਨ। ਕਿਸੇ ਨੇ ਵੀ ਇਹਨਾਂ ਸਿਫ਼ਾਰਸ਼ਾਂ ਨੂੰ ਗੰਭੀਰਤਾ ਨਾ.ਲ ਨਹੀਂ ਲਿਆ ਅਤੇ ਸਿੱਖਿਆ ਦੀ ਪ੍ਰਣਾਲੀ ਦਾ ਉੱਪਰ ਤੋਂ ਹੇਠਾਂ ਤੱਕ ਪਤਨ ਹੋਣ ਦਿੱਤਾ ਗਿਆ। ਅਚਾਨਕ ਪਤਾ ਲੱਗਾ ਕਿ ਦੇਸ਼ ਤਾਂ ਆਮ ਸਿੱਖਿਆ ਦਾ ਟੀਚਾ ਹਾਸਲ ਕਰਨ ਵਿੱਚ ਵੀ ਅਸਫ਼ਲ ਰਿਹਾ ਹੈ, ਕੁਆਲਿਟੀ ਸਿੱਖਿਆ ਦੀ ਗੱਲ ਤਾਂ ਕਰਨੀ ਹੀ ਕੀ ਹੋਈ।

ਸਰਕਾਰ ਵਿੱਚ ਵਿਆਪਕ ਪੱਧਰ 'ਤੇ ਇਹ ਵਿਸ਼ਵਾਸ ਪਾਇਆ ਜਾ ਰਿਹਾ ਹੈ ਕਿ ਸਰਬ ਰੋਗ ਦਾ ਔਖਧ ਬਾਜ਼ਾਰ ਦੇ ਮੰਤਰ ਵਿੱਚ ਪਿਆ ਹੈ। ਨਿੱਜੀ ਯੂਨੀਵਰਸਿਟੀਆਂ ਤੇ ਪੇਸ਼ਾਵਰ ਸੰਸਥਾਵਾਂ ਨੂੰ ਖੁੰਬਾਂ ਵਾਂਗ ਉੱਗਣ ਦੀ ਆਗਿਆ ਮਿਲੀ ਹੋਈ ਹੈ। ਇਸ ਕਰਕੇ ਬਾਜ਼ਾਰ ਵਿੱਚ ਪੇਸ਼ਾਵਰਾਂ ਦੀ ਭਰਮਾਰ ਤਾਂ ਹੋ ਗਈ ਹੈ ਇਹ ਅਜੇ ਤੱਕ ਲੈਮੀਨੇਟਿਡ ਸਰਟੀਫਿਕੇਟਾਂ ਤੋਂ ਬਿਨਾਂ ਹੋਰ ਕੁੱਝ ਵੀ ਪੈਦਾ ਨਹੀਂ ਕਰ ਸਕੇ।

ਇਸੇ ਚਿੰਤਾ ਨੇ ਮਾਨਵੀ ਸ੍ਰੋਤ ਵਿਕਾਸ ਮੰਤਰਾਲੇ ਨੂੰ ਯੂ.ਐਸ.ਏ. ਜਾਣ ਲਈ ਪ੍ਰੇਰਿਤ ਕੀਤਾ ਤਾਂ ਕਿ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਫੜਿਆ ਜਾਵੇ, ਤਾਂ ਕਿ ਜਿਹੜੀਆਂ ਸਾਨੂੰ ਚੱਲ ਰਹੇ ਸੰਕਟ ਤੋਂ ਬਚਾ ਸਕਦੀਆਂ ਹੋਣ। ਦਰਅਸਲ, ਉਹ ਇੱਕ ਕਦਮ ਹੋਰ ਅਗਾਂਹ ਚਲਿਆ ਗਿਆ ਅਤੇ ਉਸਨੇ ਤਜਵੀਜ਼ ਕੀਤਾ ਕਿ ਭਾਰਤ-ਸੰਯੁਕਤ ਰਾਜ ਦੀ ਸਾਂਝੀ ਸਿੱਖਿਆ ਪ੍ਰੀਸ਼ਦ ਗਠਿਤ ਕੀਤੀ ਜਾਵੇ ਤਾਂ ਕਿ ਸਾਂਝੇ ਤੌਰ 'ਤੇ 2020 ਤੱਕ ਉਚੇਰੀ ਸਿੱਖਿਆ ਵਿੱਚ 30ਗ ਦਾਖ਼ਲੇ ਦੀ ਦਰ ਹਾਸਲ ਕੀਤੀ ਜਾ ਸਕੇ।

ਭਾਰਤ ਸਰਕਾਰ ਦੀ ਇਹ ਤਜਵੀਜ਼ ਹੈ ਕਿ ਵਿਗਿਆਨ ਨਾ.ਲ ਵਿਸ਼ੇਸ਼ ਤੌਰ 'ਤੇ ਸਬੰਧਤ 700 ਨਵੀਆਂ ਯੂਨੀਵਰਸਿਟੀਆਂ ਤੇ 3500 ਨਵੇਂ ਕਾਲਜ ਆਈ ਆਈ ਟੀ ਅਤੇ ਆਈ ਆਈ ਐਮ ਤੋਂ ਇਲਾਵਾ ਖੋਲ੍ਹੇ ਜਾਣ। ਪਰੰਤੂ ਕਿਸੇ ਨੇ ਵੀ ਇਹ ਸੋਚਣ ਦੀ ਤਕਲੀਫ਼ ਨਹੀਂ ਕੀਤੀ ਕਿ ਪ੍ਰਸਤਾਵਿਤ ਉਚੇਰੀ ਸਿੱਖਿਆ ਸੰਸਥਾਵਾਂ ਨੂੰ ਚਲਾਉਣ ਵਾਲੀ ਸਮਰੱਥ ਅਧਿਆਪਕ ਕਿੱਥੋਂ ਆਉਣਗੇ।

ਹੁਣ ਤੱਕ ਤਿੰਨ ਅਮਰੀਕੀ ਯੂਨੀਵਰਸਿਟੀਆਂ ਨੇ ਭਾਰਤ ਵਿੱਚ ਦਿਲਚਸਪੀ ਦਿਖਾਈ ਹੈ। ਸਿਫ਼ਰ ਤੋਂ ਸੌ ਤੱਕ ਦੇ ਪੈਮਾਨੇ 'ਤੇ ਮਾਪਿਆਂ 84ਵਾਂ ਦਰਜਾ ਰੱਖਣ ਵਾਲੀ ਅਮਰੀਕਨ ਯੂਨੀਵਰਸਿਟੀ, 71ਵਾਂ ਦਰਜਾ ਰੱਖਣ ਵਾਲੀ ਵਰਜੀਨੀਆ ਟੈੱਕ, ਅਤੇ 23ਵਾਂ ਦਰਜਾ ਰੱਖਣ ਵਾਲੀ ਜਿਓਰਜੀਟਾਊਨ ਨੇ ਭਾਰਤ ਦੇ ਉਚੇਰੀ ਸਿੱਖਿਆ ਖੇਤਰ ਪ੍ਰਤੀ ਝੁਕਾਅ ਦਿਖਾਇਆ ਹੈ। ਪਹਿਲੀਆਂ ਦੋ ਯੂਨੀਵਰਸਿਟੀਆਂ ਦਾ ਦਰਜਾ ਦਰਸਾਉਂਦਾ ਹੈ ਕਿ ਉਹਨਾਂ ਨੂੰ ਅਮਰੀਕਨ ਵਿਦਿਆਰਥੀਆਂ ਦੁਆਰਾ ਤਰਜੀਹ ਨਹੀਂ ਦਿੱਤੀ ਜਾਂਦੀ। ਜਿਓਰਜੀਟਾਊਨ ਯੂਨੀਵਰਸਿਟੀ ਬੁਨਿਆਦੀ ਤੌਰ 'ਤੇ ਕੈਥੋਲਿਕਾਂ ਅਤੇ ਯਹੂਦੀਆਂ ਦੁਆਰਾ 1787 ਵਿੱਚ ਧਰਮ ਅਧਿਐਨ ਦੇ ਨਿਸ਼ਾਨੇ ਨੂੰ ਮੁੱਖ ਰੱਖ ਕੇ ਸਥਾਪਤ ਕੀਤੀ ਗਈ ਸੀ। ਇੱਥੇ ਅਜੇ ਵੀ ਧਰਮ ਦਾ ਇੱਕ ਲਾਜ਼ਮੀ ਵਿਸ਼ਾ ਹੈ, ਜਿਹੜਾ ਹਰ ਵਿਦਿਆਰਥੀ ਨੂੰ ਅਪਣੇ ਪਾਠਕ੍ਰਮ ਦੇ ਹਿੱਸੇ ਵਜੋਂ ਪਾਸ ਕਰਨਾ ਪੈਂਦਾ ਹੈ। ਇਹ ਕਲਪਨਾ ਕਰਨੀ ਕਠਿਨ ਨਹੀਂ ਕਿ ਭਾਰਤ ਦੀ ਉਚੇਰੀ ਸਿੱਖਿਆ ਵਿੱਚ ਕਿਹੋ ਜਿਹੀਆਂ ਯੂਨੀਵਰਸਿਟੀਆਂ ਦਿਲਚਸਪੀ ਦਿਖਾ ਰਹੀਆਂ ਹਨ।

ਭਾਰਤ ਵਿੱਚ ਉਚੇਰੀ ਸਿੱਖਿਆ ਦੀਆ ਚੁਣੌਤੀਆਂ ਬਹੁਪੱਖੀ ਹਨ। ਭਾਵੇਂ ਦੇਸ਼ ਵਿੱਚ ਫੰਡਾਂ ਦਾ ਕੋਈ ਕਾ.ਲ ਨਹੀਂ ਪਿਆ ਹੋਇਆ, ਫਿਰ ਵੀ ਸਾਨੂੰ ਕਦੇ ਵੀ ਕੁੱਲ ਘਰੇਲੂ ਉਤਪਾਦਨ (ਜੀ ਡੀ ਪੀ) ਦੇ 6 ਪ੍ਰਤੀਸ਼ਤ ਦੇ ਬਰਾਬਰ ਫੰਡ ਹਾਸਲ ਨਹੀਂ ਹੋਇਆ, ਜਿਵੇਂ ਕਿ ਕੋਠਾਰੀ ਕਮਿਸ਼ਨ ਦੀ ਰਿਪੋਰਟ ਵਿੱਚ ਸਿਫ਼ਾਰਸ ਕੀਤੀ ਗਈ ਸੀ ਤੇ ਨਾ.ਲ ਹੀ 1986 ਦੀ ਕੌਮੀ ਸਿੱਖਿਆ ਨੀਤੀ ਵਿੱਚ ਵੀ। ਸਿੱਖਿਆ ਲਈ ਰਾਖਵਾਂ ਫੰਡ ਜੀ ਡੀ ਪੀ ਦੇ ਤਿੰਨ ਪ੍ਰਤੀਸ਼ਤ ਭਾਗ ਦੇ ਨੇੜੇ-ਤੇੜੇ ਘੁੰਮਦਾ ਰਿਹਾ ਹੈ, ਜਪਾਨ ਸਮੇਤ ਦੂਜੇ ਵਿਕਸਿਤ ਦੇਸ਼ਾਂ ਦੀ ਤੁਲਨਾ ਵਿੱਚ ਜਿੱਥੇ ਇਹ ਫੰਡਜ਼ ਦਸ ਪ੍ਰਤੀਸ਼ਤ ਤੇ ਇਸਤੋਂ ਉੱਪਰ ਵੀ ਹਨ।

ਕੁਆਲਿਟੀ ਉਚੇਰੀ ਸਿੱਖਿਆ ਲਈ ਸਭ ਤੋਂ ਅਹਿਮ ਫੈਕਟਰ ਹਨ; ਮੁੱਢਲੇ ਪੜਾਅ 'ਤੇ ਸਮਰੱਥ ਵਿਦਿਆਰਥੀਆਂ ਦਾ ਭੇਜਿਆ ਜਾਣਾ, ਵੱਡੀ ਪੱਧਰ 'ਤੇ ਸਮਰੱਥ ਅਧਿਆਪਕ ਪੈਦਾ ਕਰਨਾ ਤੇ ਉਹਨਾਂ ਦੀ ਭਰਤੀ ਕਰਨਾ, ਆਧੁਨਿਕ ਅਧਿਆਪਨ ਤੇ ਖੋਜ ਸੁਵਿਧਾਵਾਂ ਦਾ ਹੋਣਾ ਤੇ ਦੇਸ਼ ਦੀਆਂ ਸਮਾਜਕ, ਰਾਜਸੀ, ਆਰਥਕ ਤੇ ਹੋਰ ਵਿਕਾਸ ਦੀਆਂ ਲੋੜਾਂ ਨੂੰ ਸਿੱਧੇ ਸੰਬੋਧਿਤ ਪਾਠਕ੍ਰਮ ਦਾ ਹੋਣਾ।

ਵਿਦੇਸ਼ੀ ਯੂਨੀਵਰਸਿਟੀਆਂ ਨੂੰ ਭਾਰਤ ਵਿੱਚ ਅਪਣੇ ਕੈਂਪਸ ਸਥਾਪਤ ਕਰਨ ਲਈ ਕਹਿਣ ਤੋਂ ਜ਼ਿਆਦਾ ਉਹਨਾਂ ਦੀ ਬੇਹੱਦ ਸਫ਼ਲ ਨੇਬਰਹੁਡ ਸਕੂਲ ਪ੍ਰਣਾਲੀ ਨੂੰ ਅਪਨਾਉਣ ਦੀ ਲੋੜ ਹੈ, ਜਿਸ ਅਧੀਨ ਕੋਈ ਬੱਚਾ ਦਿੱਤੇ ਗਏ ਨਿਸ਼ਚਿਤ ਇਲਾਕੇ ਤੋਂ ਬਾਹਰਲੇ ਸਕੂਲ ਵਿੱਚ ਦਾਖ਼ਲ ਨਹੀਂ ਹੋ ਸਕਦਾ। ਨੇਬਰਹੁਡ ਸਕੂਲਾਂ ਦੇ ਸਿੱਟੇ ਵਜੋਂ ਜਾਤ ਤੇ ਜਮਾਤ ਤੋਂ ਅੱਗੇ ਜਾ ਕੇ ਵਿਦਿਆਰਥੀਆਂ ਦੀ ਸੱਭਿਆਚਾਰਕ ਅਮੀਰੀ ਵਿੱਚ ਵਾਧਾ ਹੋਵੇਗਾ ਤੇ ਖੁੰਬਾਂ ਵਾਂਗ ਉੱਗੇ ਅਖਾਉਤੀ ਅੰਗਰੇਜ਼ੀ ਸਕੂਲਾਂ ਉੱਤੇ ਰੋਕ ਲੱਗੇਗੀ, ਜਿਹੜੇ ਸ਼ੁਰੂ ਵਿੱਚ ਹੀ ਬੱਚਿਆਂ ਵਿੱਚ ਸ੍ਰੇਸ਼ਟਤਾ ਦੇ ਅਲਹਿਦਗੀ ਦੀਆਂ ਭਾਵਨਾਵਾਂ ਪੈਦਾ ਕਰ ਦਿੰਦੇ ਹਨ।

ਜਿੱਥੇ ਆਮ ਸਕੂਲ ਪ੍ਰਣਾਲੀ ਅਤੇ ਨੇਬਰਹੁਡ ਸਕੂਲਾਂ ਬਾਰੇ ਕਾਫ਼ੀ ਕੁੱਝ ਕਿਹਾ ਜਾ ਚੁੱਕਾ ਹੈ ਉੱਥੇ ਇਹ ਰਾਸ਼ਟਰੀ ਸਿੱਖਿਆ ਨੀਤੀ ਦੇ ਨਿਰੀਖਣ ਤੇ ਇਸਨੂੰ ਇਸਦੇ ਸਹੀ ਅਰਥਾਂ ਵਿੱਚ ਲਾਗੂ ਕਰਨ ਦਾ ਢੁਕਵਾਂ ਵੇਲਾ ਹੈ। ਜਦੋਂ ਤੱਕ ਅਸੀਂ ਗਰੀਬ ਮਾਪਿਆਂ ਦੇ ਬੱਚਿਆਂ ਦੇ ਸਕੂਲ ਤੋਂ ਰਟਣ ਦੇ ਰੁਝਾਨ ਨੂੰ ਨਹੀਂ ਰੋਕਦੇ ਉਦੋਂ ਤੱਕ ਅਸੀਂ ਸਕੂਲੀ ਸਿੱਖਿਆ ਵਿੱਚ ਸੁਧਾਰ ਨਹੀਂ ਕਰ ਸਕਦੇ। ਮਹਿਜ਼ ਬਾਜ਼ਾਰ ਦੇ ਰਹਿਮ 'ਤੇ ਛੱਡਣ ਲਈ ਸਕੂਲ ਪ੍ਰਣਾਲੀ ਨੂੰ ਦੇਰ-ਸਵੇਰ ਤਹਿਸ-ਨਹਿਸ ਕੀਤਾ ਜਾ ਰਿਹਾ ਹੈ, ਇਸੇ ਪ੍ਰਸੰਗ ਵਿੱਚ 12ਵੀਂ ਸ਼੍ਰੇਣੀ ਨੂੰ ਪ੍ਰੀਖਿਆ ਮੁਕਤ ਕਰਨ ਲਈ ਨਵੀਂ ਨੀਤੀ ਦਾ ਧੰਨਵਾਦ ਕਰਨਾ ਬਣਦਾ ਹੈ।

**(ਲੇਖਕ ਪੰਜਾਬ ਯੂਨੀਵਰਸਿਟੀ ਦੇ ਸਮਾਜ ਵਿਗਿਆਨ ਵਿਭਾਗ ਵਿੱਚ ਪ੍ਰੋਫ਼ੈਸਰ ਹੈ)**

# ਤੇਲ ਦੀਆਂ ਉੱਚੀਆਂ ਕੀਮਤਾਂ ਸਰਕਾਰੀ ਚਾਲ

**ਦੀਪਾਂਕਰ ਮੁਖਰਜੀ**



ਭਾਰਤ ਸਰਕਾਰ ਦੇ ਪੈਟਰੋਲੀਅਮ ਮੰਤਰਾਲੇ ਨੇ ਪੈਟਰੋਲ, ਡੀਜ਼ਲ, ਐਲ ਪੀ ਜੀ ਅਤੇ ਕੈਰੋਸੀਨ ਦੀ ਕੀਮਤ ਵਧਾਏ ਜਾਣ ਦੇ ਪੱਖ ਵਿੱਚ ਜਨ ਸਮਰਥਨ ਜੁਟਾਉਣ ਲਈ ਅਖਬਾਰਾਂ ਵਿੱਚ ਇਸ਼ਤਿਹਾਰ ਦਿੱਤਾ ਹੈ। ਇਹ ਜਨਤਾ ਦੇ ਪੈਸੇ ਨਾ.ਲ ਛਪਿਆ ਜਨਤਾ ਨੂੰ ਹੀ ਮੂਰਖ਼ ਬਣਾਉਣ ਵਾਲਾ ਧੋਖੇ ਨਾ.ਲ ਭਰਿਆ ਦਸਤਾਵੇਜ਼ ਹੈ। ਇਸ਼ਤਿਹਾਰ ਕਹਿੰਦਾ ਹੈ ਕਿ ਦੇਸ਼ ਦੀ ਕੁੱਲ ਲੋੜ ਦਾ 80 ਫੀਸਦੀ ਤੇਲ ਅਯਾਤ ਤੋਂ ਪੂਰਾ ਹੁੰਦਾ ਹੈ। ਸੁਭਾਵਿਕ ਹੈ ਕਿ ਕੌਮਾਂਤਰੀ ਬਾਜ਼ਾਰ ਦੀ ਅਸਥਿਰਤਾ ਦਾ ਤੇਲ ਕੀਮਤਾਂ ਉੱਪਰ ਪ੍ਰਭਾਵ ਪਵੇਗਾ ਹੀ।

ਇਕ ਤਰਕ ਇਹ ਵੀ ਹੈ ਕਿ ਕੈਰੋਸੀਨ ਦੀਆਂ ਕੀਮਤਾਂ ਵਿੱਚ ਵਾਧਾ ਵਾਤਾਵਰਣ ਲਈ ਲਾਭਦਾਇਕ ਹੈ। ਇਹ ਤਰਕ ਬਿਲਕੁਲ ਬੇਬੁਨਿਆਦ ਅਤੇ ਮੂਰਖ਼ਤਾਪੂਰਨ ਹੈ ਕਿਉਂਕਿ ਕੈਰੋਸੀਨ ਦੇ ਭਾਅ ਵਧ ਜਾਣ ਨਾ.ਲ ਗਰੀਬ, ਮਜ਼ਦੂਰ, ਕਿਸਾਨ ਖਾਣਾ ਬਣਾਉਣ ਲਈ ਲੱਕੜੀ ਦਾ ਇਸਤੇਮਾਲ ਕਰਨਗੇ, ਇਸ ਨਾ.ਲ ਜੰਗਲ ਤੇ ਵਾਤਾਵਰਣ ਨੂੰ ਜ਼ਿਆਦਾ ਨੁਕਸਾਨ ਹੋਵੇਗਾ।

ਬਾਜ਼ਾਰ ਵਿੱਚ ਜਾਣ ਤੋਂ ਪਹਿਲਾਂ ਤੇਲ ਸੋਧ ਕਾਰਖ਼ਾਨੇ ਵਿੱਚ ਸੋਧੇ ਤੇਲ ਦੀ ਸੁਧਾਈ ਕਰਕੇ ਪੈਟਰੋਲ, ਡੀਜ਼ਲ ਆਦਿ ਬਣਾਇਆ ਜਾਂਦਾ ਹੈ। ਭਾਰਤ ਕੱਚਾ ਤੇਲ ਅਯਾਤ ਕਰਦਾ ਹੈ, ਜੋ ਦੇਸ਼ ਦੀਆਂ ਲੋੜਾਂ ਦਾ 75 ਤੋਂ 80 ਫੀਸਦੀ ਹੁੰਦਾ ਹੈ। ਭਾਰਤ ਇਸ ਕੱਚੇ ਤੇਲ ਦੀ ਸੁਧਾਈ ਦੇ ਕੰਮ ਵਿੱਚ ਪੂਰੀ ਤਰ੍ਹਾਂ ਸਵੈਨਿਰਭਰ ਹੈ ਅਤੇ ਘਰੇਲੂ ਲੋੜਾਂ ਤੋਂ ਜ਼ਿਆਦਾ ਉਤਪਾਦ ਤਿਆਰ ਕਰਦਾ ਹੈ। ਸਾਲ 2009-10 ਵਿੱਚ ਭਾਰਤ ਨੇ 100 ਲੱਖ ਟਨ ਪੈਟਰੋ ਉਤਪਾਦ ਅਯਾਤ ਕਰਨ ਦੇ ਇਵਜ਼ ਵਿੱਚ 280 ਲੱਖ ਟਨ ਤੇਲ ਨਿਰਯਾਤ ਕੀਤਾ ਸੀ।

ਜਿੱਥੋਂ ਤੱਕ ਅੰਤਰਰਾਸ਼ਟਰੀ ਤੇਲ ਬਾਜ਼ਾਰ ਦੀ ਅਸਥਿਰਤਾ ਦਾ ਸਵਾਲ ਹੈ, ਤਾਂ ਸਾਲ 2009 ਵਿੱਚ ਜਦ ਯੂਪੀਏ ਸਰਕਾਰ ਦੂਜੀ ਵਾਰ ਸੱਤਾ ਵਿੱਚ ਆਈ ਤਾਂ ਉਸ ਸਮੇਂ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਤੇਲ ਦੀ ਕੀਮਤ 70 ਡਾਲਰ (1 ਡਾਲਰ-49 ਰੁਪਏ) ਪ੍ਰਤੀ ਬੈਰਲ ਅਰਥਾਤ 22.13 ਰੁਪਏ ਪ੍ਰਤੀ ਲੀਟਰ ਸੀ। ਮੋਟੇ ਤੌਰ 'ਤੇ ਇਕ ਬੈਰਲ ਦਾ ਅਰਥ ਹੈ 160 ਲੀਟਰ ਤੇਲ। ਫਿਰ ਅੰਤਰਰਾਸ਼ਟਰੀ ਤੇਲ ਕੀਮਤ ਵਿੱਚ 70 ਪੈਸੇ ਪ੍ਰਤੀ ਲੀਟਰ ਦਾ ਵਾਧਾ ਹੋਇਆ ਹੈ। ਕੀ ਅੰਤਰਰਾਸ਼ਟਰੀ ਕੀਮਤ ਵਿੱਚ ਇਹ ਵਾਧਾ ਇਸ ਗੱਲ ਦਾ ਤਰਕਸੰਗਤ ਜਵਾਬ ਹੈ ਕਿ ਪੈਟਰੋਲ ਵਿੱਚ 6.44, ਡੀਜ਼ਲ ਵਿੱਚ 4.55 ਅਤੇ ਕੈਰੋਸੀਨ ਵਿੱਚ 3 ਰੁਪਏ ਪ੍ਰਤੀ ਲੀਟਰ ਦਾ ਵਾਧਾ ਕਰ ਦਿੱਤਾ ਜਾਵੇ? ਕੀਮਤਾਂ 'ਚ ਹੋਏ ਵਾਧੇ ਦਾ ਅੰਤਰਰਾਸ਼ਟਰੀ ਕੀਮਤਾਂ ਨਾ.ਲ ਕੋਈ ਲਾਗਾ-ਦੇਗਾ ਨਹੀਂ ਹੈ।

ਪੈਟਰੋਲੀਅਮ ਮੰਤਰੀ ਮੁਰਲੀ ਦੇਵੜਾ ਇਕ ਇੰਟਰਵਿਊ ਵਿੱਚ ਤੇਲ ਕੀਮਤਾਂ ਦੇ ਵਾਧੇ ਨੂੰ ਨਿਆਂ ਸੰਗਤ ਠਹਿਰਾਉਂਦੇ ਹੋਏ ਕਹਿੰਦੇ ਹਨ, 'ਸਰਕਾਰ ਨੇ ਸਰਕਾਰੀ ਕੰਪਨੀਆਂ ਦੀ ਰੱਖਿਆ ਕਰਨ ਲਈ ਬੇਹੱਦ ਰਾਸ਼ਟਰੀ ਹਿੱਤ ਵਿੱਚ ਇਹ ਕਦਮ ਉਠਾਇਆ ਹੈ ਤਾਂ ਕਿ ਉਹਨਾਂ ਨੂੰ ਦਿਵਾਲੀਆ ਹੋਣ ਤੋਂ ਬਚਾਇਆ ਜਾ ਸਕੇ।' ਕੀ ਸੱਚਮੁੱਚ ਇਵੇਂ ਹੀ ਹੈ? ਮੰਤਰਾਲਾ 2009-10 ਦੀ ਇੰਡੀਅਨ ਆਇਲ ਕਾਰਪੋਰੇਸ਼ਨ (ਆਈ ਓ ਸੀ) ਦੇ ਬਾਰੇ ਵਿੱਚ ਅਪਣੀ ਰਿਪੋਰਟ ਵਿੱਚ ਕਹਿੰਦਾ ਹੈ; '2008-09 ਵਿੱਚ ਆਈ ਓ ਸੀ ਨੇ 2,85,337 ਕਰੋੜ ਰੁਪਏ ਦਾ ਟਰਨਓਵਰ ਅਤੇ 2,950 ਕਰੋੜ ਰੁਪਏ ਦਾ ਮੁਨਾਫ਼ਾ ਦਰਜ ਕੀਤਾ ਅਤੇ ਉਹ ਵੀ ਪੈਟਰੋਲ, ਡੀਜ਼ਲ, ਕੈਰੋਸੀਨ ਤੇ ਘਰੈਲੂ ਗੈਸ ਦੀ ਕੀਮਤ ਵਿੱਚ ਵਾਧਾ ਕੀਤੇ ਬਗ਼ੈਰ। 2009-10 ਵਿੱਚ ਮੁਨਾਫ਼ਾ 4663.78 ਕਰੋੜ ਰੁਪਏ ਅਤੇ ਟਰਨਓਵਰ 208289.46 ਕਰੋੜ ਰੁਪਏ ਸੀ। ਆਈ ਓ ਸੀ ਨੇ ਸਰਕਾਰ ਨੂੰ 2007-08 ਵਿੱਚ 656 ਕਰੋੜ ਅਤੇ 2008-09 ਵਿੱਚ 910 ਕਰੋੜ ਲਾਭਅੰਸ਼ ਦੇ ਦਿੱਤੇ ਅਤੇ 2009-10 ਵਿੱਚ ਉਸਨੇ ਲਗਭਗ 3000 ਕਰੋੜ ਰੁਪਏ ਦੇਣੇ ਹਨ। ਇਸਦੇ ਬਾਵਜੂਦ ਮੰਤਰੀ ਇਹਨਾਂ ਕੰਪਨੀਆਂ ਨੂੰ ਦਿਵਾਲੀਆ ਕਹਿ ਰਹੇ ਹਨ। ਦਰਅਸਲ ਇਹ ਸਰਕਾਰ ਦਾ ਦੀਵਾਲੀਆਪਣ ਹੈ, ਜੋ ਅਪਣੇ ਛੁਪੇ ਹਿੱਤਾਂ ਦੀ ਪੂਰਤੀ ਲਈ ਅਪਣੀਆਂ ਹੀ ਕੰਪਨੀਆਂ ਨੂੰ ਘਟਾ ਕੇ ਪੇਸ਼ ਕਰ ਰਹੀ ਹੈ। ਦਿਲਚਸਪ ਗੱਲ ਇਹ ਹੈ ਕਿ ਇਹਨਾਂ ਦੀਵਾਲੀਆ ਕੰਪਨੀਆਂ ਨੂੰ ਰਾਇਬਰੇਲੀ ਵਿੱਚ ਰਾਜੀਵ ਗਾਂਧੀ ਪੈਟਰੋਲੀਅਮ ਇੰਸਟੀਚਿਊਟ ਲਈ 250 ਕਰੋੜ ਰੁਪਏ ਦੇਣ ਲਈ ਕਿਹਾ ਗਿਆ ਹੈ।

ਵਿਦੇਸ਼ੀ ਕੰਪਨੀਆਂ ਦਾ ਰਾਸ਼ਟਰੀਕਰਣ ਹੋਣ ਤੱਕ ਪੈਟਰੋਲੀਅਮ ਉਤਪਾਦਾਂ ਦੀ ਕੀਮਤ ਅੰਤਰਰਾਸ਼ਟਰੀ ਕੀਮਤ ਤੋਂ ਤੈਅ ਹੁੰਦੀ ਸੀ। ਇਸ ਨੂੰ 'ਇੰਪੋਰਟ ਪੈਰਿਟੀ ਪ੍ਰਾਈਸ ਸਿਸਟਮ' ਕਹਿੰਦੇ ਸਨ। 1976 ਵਿੱਚ ਘਰੇਲੂ ਸੁਧਾਈ ਸਮਰੱਥਾ ਵਿਕਸਤ ਹੋਣ ਦੇ ਨਾ.ਲ ਇਸਨੂੰ ਖ਼ਤਮ ਕਰਕੇ 'ਐਡਮਨੈਸਟ੍ਰੇਟਿਵ ਪ੍ਰਾਈਸਿੰਗ ਮੈਕੇਨਿਜਮ' (ਏਪੀਐਮ) ਲਿਆਂਦਾ ਗਿਆ। ਏਪੀਐਮ ਦੇ ਅੰਤਰਗਤ ਕੱਚੇ ਤੇਲ ਵਿੱਚ ਉਸਦੀ ਸੁਧਾਈ ਦਾ ਅਨੁਮਾਨ ਲਾ ਕੇ ਕੰਪਨੀਆਂ ਦੇ ਲਈ ਮੁਨਾਫ਼ੇ ਦੀ ਉਚਿੱਤ ਸੀਮਾ ਤੈਅ ਕਰਕੇ ਉਸੇ ਅਨੁਸਾਰ ਤੇਲ ਉਤਪਾਦਾਂ ਦੀ ਕੀਮਤ ਤੈਅ ਹੋ ਜਾਂਦੀ ਹੈ। 1991 ਵਿੱਚ ਘਰੇਲੂ ਤੇ ਵਿਦੇਸ਼ੀ ਖੇਤਰ ਦੇ ਨਿਵੇਸ਼ਕਾਂ ਦੇ ਆਉਣ ਨਾ.ਲ ਸਰਕਾਰ ਉੱਪਰ ਦਬਾਅ ਵਧਦਾ ਗਿਆ ਕਿ ਉਹ ਏਪੀਐਮ ਨੂੰ ਖ਼ਤਮ ਕਰ ਦੇਵੇ ਕਿਉਂਕਿ ਇਸ ਨਾ.ਲ ਤੇਲ ਉਤਪਾਦਾਂ ਦੀਆਂ ਕੀਮਤਾਂ ਵਿੱਚ ਨਿਯੰਤਰਣ ਬਣਿਆ ਰਹਿੰਦਾ ਸੀ। 2002 ਵਿੱਚ ਏਪੀਐਮ ਨੂੰ ਖ਼ਤਮ ਕਰਕੇ ਫਿਰ ਤੋਂ 'ਇਪੋਰਟ ਪੈਰਿਟੀ ਪ੍ਰਾਈਸ ਸਿਸਟਮ' ਲਾਗੂ ਕਰ ਦਿੱਤਾ ਗਿਆ, ਜਿਸਦੇ ਤਹਿਤ ਫਿਰ ਤੋਂ ਕੀਮਤਾਂ ਅੰਤਰਰਸ਼ਟਰੀ ਬਾਜ਼ਾਰ ਦੇ ਮੁਤਾਬਕ ਤੈਅ ਹੋਣ ਲੱਗੀਆਂ। ਲੇਕਿਨ ਕੁੱਝ ਦਬਾਵਾਂ ਦੇ ਚਲਦਿਆਂ, ਪੈਟਰੋਲ, ਡੀਜ਼ਲ, ਐਲ ਪੀ ਜੀ ਅਤੇ ਕੈਰੋਸੀਨ ਉੱਪਰ ਏਪੀਐਮ ਲਾਗੂ ਨਹੀਂ ਕੀਤਾ ਗਿਆ। ਲੇਕਿਨ ਨਿੱਜੀ ਕੰਪਨੀਆਂ ਸਰਕਾਰ 'ਤੇ ਇਹ ਦਬਾਅ ਪਾ ਰਹੀਆਂ ਹਨ ਕਿ ਇਹਨਾਂ ਉਤਪਾਦਾਂ ਦੀ ਕੀਮਤ ਉੱਪਰੋਂ ਵੀ ਨਿਯੰਤਰਣ ਹਟਾ ਲਿਆ ਜਾਵੇ।

ਮੁਰਲੀ ਦੇਵੜਾ ਅਪਣੀ ਇੰਟਰਵਿਊ 'ਚ ਵੀ ਇਹ ਕਹਿੰਦੇ ਹੋਏ ਅਸਲੀ ਏਜੰਡੇ ਨੂੰ ਸਪੱਸ਼ਟ ਕਰ ਦਿੰਦੇ ਹਨ-'ਮੁਕਤ ਬਾਜ਼ਾਰ ਪ੍ਰਣਾਲੀ ਨਾ.ਲ ਨਿੱਜੀ ਅਤੇ ਜਨਤਕ ਕੰਪਨੀਆਂ ਵਿੱਚ ਮੁਕਾਬਲਾ ਹੋਵੇਗਾ। ਇਸ ਨਾ.ਲ ਸੇਵਾ ਦੀ ਗੁਣਵੱਤਾ 'ਚ ਵਾਧਾ ਹੋਵੇਗਾ ਅਤੇ ਕੀਮਤਾਂ ਦੀ ਲੜਾਈ ਵੀ ਹੋਵੇਗੀ।

ਸਰਕਾਰ ਜਿਸ ਖੇਤਰ ਦੀਆਂ ਕੰਪਨੀਆਂ ਲਈ ਮਗਰਮੱਛ ਦੇ ਹੰਝੂ ਵਹਾ ਰਹੀ ਹੈ, ਕੀਮਤ ਦੀ ਲੜਾਈ ਵਿੱਚ ਸਭ ਤੋਂ ਵੱਧ ਨੁਕਸਾਨ ਉਹਨਾਂ ਨੂੰ ਹੀ ਹੋਵੇਗਾ। ਸਰਕਾਰ ਤੇ ਕਾਰਪੋਰੇਟ ਮੀਡੀਆ ਦੇ ਸਹਿਯੋਗ ਨਾ.ਲ ਘਰੇਲੂ ਨਿੱਜੀ ਤੇਲ ਕੰਪਨੀਆਂ ਅਤੇ ਬਹੁ ਕੌਮੀ ਕੰਪਨੀਆਂ ਪੈਟਰੋਲੀਅਮ ਉਦਯੋਗ ਉੱਪਰ ਰਾਜ ਕਰਨਗੀਆਂ। ਇਹ ਉਦੋਂ ਹੁੰਦਾ ਹੈ ਜਦੋਂ ਸਰਕਾਰ ਕਾਰਪੋਰੇਟ ਦੀ, ਕਾਰਪੋਰੇਟ ਦੇ ਲਈ ਅਤੇ ਕਾਰਪੋਰੇਟ ਦੁਆਰਾ ਹੋ ਜਾਂਦੀ ਹੈ।

(ਲੇਖਕ ਪ੍ਰਸਿੱਧ ਮਾਰਕਸਵਾਦੀ ਚਿੰਤਕ ਹੈ)

## ਧੁਖ਼ਦਾ ਕਾਲਮ

**ਸੁਸ਼ੀਲ ਦੁਸਾਂਝ**

ਭਾਰਤ 'ਮਹਾਨ' ਦਾ ਭਵਿੱਖ ਭਾਵ ਬਾਲਪਨ ਅੱਜ ਚੌਤਰਫਾ ਸੰਕਟ ਨਾਲ ਦੋ-ਚਾਰ ਹੈ। ਬਾਹਰੀ ਸੰਕਟ ਤਾਂ ਹਨ ਹੀ ਪਰ ਜਿਸ ਸੰਕਟ ਦੀ ਗੱਲ ਇਥੇ ਕੀਤੀ ਜਾ ਰਹੀ ਹੈ, ਉਹ ਤਾਂ ਹਰ ਵਕਤ ਸਾਡੇ ਬੱਚਿਆਂ ਦੇ ਇਰਦ-ਗਿਰਦ ਘੁੰਮ ਰਿਹਾ ਹੈ। ਗੱਲ ਕੀ ਹਰ ਥਾਂ ਮੌਜੂਦ ਹੈ ਇਹ ਸੰਕਟ 'ਤੇ ਇਹ ਸੰਕਟ ਹੈ ਯੋਨ ਸ਼ੋਸ਼ਣ। ਕਈ ਵਾਰ ਤਾਂ ਇਹ ਜਿਨਸੀ ਸ਼ੋਸ਼ਣ ਅਜਿਹੀ ਸਿਖਰ 'ਤੇ ਪਹੁੰਚਦਾ ਹੈ ਕਿ ਬੱਚੇ/ਬੱਚੀਆਂ ਨੂੰ ਜਾਨ ਤੋਂ ਵੀ ਹੱਥ ਧੋਣਾ ਪੈਂਦਾ ਹੈ। ਇਨ੍ਹੀਂ ਦਿਨੀਂ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚੋਂ ਆ ਰਹੀਆਂ ਖ਼ਬਰਾਂ ਮੁਤਾਬਕ ਬਲਾਤਕਾਰ ਤੋਂ ਬਾਅਦ ਮੌਤ ਦੀ ਨੀਂਦ ਸੁਆ ਦਿੱਤੇ ਗਏ ਬਹੁਤੇ ਬੱਚੇ ਨਾਬਾਲਗ ਹੀ ਸਨ। ਕੁੱਝ ਮਾਮਲਿਆਂ ਵਿਚ ਤਾਂ ਬੱਚਿਆਂ ਦੀ ਉਮਰ 4 ਤੋਂ 8 ਸਾਲ ਦਰਮਿਆਨ ਸੀ। ਪਿੱਛੇ ਜਿਹੇ ਜਲੰਧਰ ਵਿਚ ਗ੍ਰਿਫਤਾਰ ਕੀਤੇ ਗਏ ਬੇਬੀ ਕਿਲਰ ਦੀਆਂ ਹੈਵਾਨੀ ਕਰਤੂਤਾਂ ਤਾਂ ਧੁਰ ਅੰਦਰ ਤੀਕ ਦਰਿਸ਼ਤਜ਼ਦਾ ਕਰ ਦੇਣ ਵਾਲੀਆਂ ਸਨ।

ਸਰਵੇ ਮੁਤਾਬਕ 76 ਫੀਸਦੀ ਇਸਤਰੀਆਂ ਆਪਣੇ ਬਚਪਨ ਵਿਚ ਹੀ ਯੋਨ-ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਹਨ, ਇਨ੍ਹਾਂ ਵਿਚੋਂ 31 ਫੀਸਦੀ ਨਾਲ ਕੁਕਰਮ ਉਨ੍ਹਾਂ ਦੇ ਨੇੜਲੇ ਲੋਕਾਂ ਵਲੋਂ ਕੀਤਾ ਜਾਂਦਾ ਹੈ ਜਦਕਿ 40 ਕੁ ਫੀਸਦੀ ਕੁਕਰਮੀ ਉਨ੍ਹਾਂ ਦੇ ਆਪਣੇ ਹੀ ਪਰਿਵਾਰ ਵਿਚੋਂ ਹੁੰਦੇ ਹਨ। 1999 ਵਿਚ ਟਾਟਾ ਵਿਗਿਆਨ ਸੰਸਥਾ ਨੇ ਵੀ ਮੁੰਬਈ ਵਿਚ 150 ਨਾਬਾਲਿਗ ਲੜਕੀਆਂ ਦੇ ਸਰਵੇਖਣ ਵਿਚ ਇਹ ਦਰਸਾਇਆ ਸੀ ਕਿ ਇਨ੍ਹਾਂ ਵਿਚੋਂ 58 ਅਜਿਹੀਆਂ ਸਨ, ਜਿਨ੍ਹਾਂ ਨਾਲ 10 ਸਾਲ ਦੀ ਉਮਰ ਤੋਂ ਪਹਿਲਾਂ ਹੀ ਜਬਰਦਸਤੀ ਕੀਤੀ ਗਈ ਸੀ। ਇਨ੍ਹਾਂ ਦੋਵਾਂ ਸਰਵੇਖਣਾਂ ਵਿਚ ਜੋ ਗੱਲ ਉਭਰਵੇਂ ਰੂਪ ਵਿਚ ਸਾਹਮਣੇ ਆਈ, ਉਹ ਇਹ ਹੈ ਕਿ 90 ਫੀਸਦੀ ਮਾਮਲਿਆਂ ਵਿਚ ਬੱਚਿਆਂ ਨਾਲ ਦੁਰਾਚਾਰ ਉਨ੍ਹਾਂ ਦੇ ਹੀ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਤੇ ਜਾਂ ਫਿਰ ਉਨ੍ਹਾਂ ਦੇ ਸਮਾਜਕ ਘੇਰੇ ਵਿਚੋਂ ਹੀ ਕਿਸੇ ਨਾ ਕਿਸੇ ਹੈਵਾਨ ਵਲੋਂ ਕੀਤਾ ਜਾਂਦਾ ਹੈ।

ਇਸੇ ਸਮਾਜਕ ਬਣਤਰ ਦੇ ਚਲਦਿਆਂ ਹੀ ਬੱਚਿਆਂ ਦੀ ਕੋਈ ਵੀ ਗੱਲ ਨਾ ਸੁਣਨ ਦੀ ਪ੍ਰਵਿਰਤੀ ਸਾਡੇ ਸਮਾਜ ਦੇ ਧੁਰ-ਅੰਦਰ ਤੀਕ ਬਿਮਾਰੀ ਵਾਂਗ ਬੈਠੀ ਹੋਈ ਹੈ। ਬੱਚਿਆਂ ਨਾਲ ਹੁੰਦੇ ਕੁਕਰਮਾਂ ਦੀ ਗਾਥਾ ਅੰਤਹੀਣ ਇਸ ਕਰਕੇ ਵੀ ਹੈ ਕਿਉਂਕਿ ਕਈ ਮਾਮਲਿਆਂ ਵਿਚ ਤਾਂ ਦਹਿਸ਼ਤ ਵਿਚ ਆਕੇ ਬੱਚੇ ਖੁਦ ਹੀ ਕਿਸੇ ਨੂੰ ਆਪਣੀ ਪੀੜਾ ਦੱਸਣ ਦੀ ਸਥਿਤੀ ਵਿਚ ਨਹੀਂ ਹੁੰਦੇ ਪਰ ਕਈ ਮਾਮਲੇ ਅਜਿਹੇ ਵੀ ਹੁੰਦੇ ਹਨ ਕਿ ਬੱਚੇ ਦੱਸਦੇ ਹਨ ਪਰ ਕੋਈ ਉਨ੍ਹਾਂ ਦੀ ਸੁਣਦਾ ਹੀ ਨਹੀਂ।

ਭਾਵੇਂ ਬੱਚਿਆਂ ਦਾ ਸਭ ਕੁੱਝ ਜ਼ਰ ਲੈਣ ਦਾ ਇਕ ਕਾਰਣ ਤਾਂ ਕੁਕਰਮੀਆਂ ਵਲੋਂ ਮਾਰ ਦੇਣ ਦੀਆਂ ਧਮਕੀਆਂ ਵੀ ਹੁੰਦਾ ਹੈ ਪਰ ਇਕ ਸਭ ਤੋਂ ਮਹੱਤਵਪੂਰਨ ਕਾਰਣ ਬੱਚਿਆਂ ਨੂੰ ਸੈਕਸ ਸਿਖਿਆ ਤੋਂ ਮਹਿਰੂਮ ਰੱਖਣਾ ਵੀ ਹੈ। ਦਰਅਸਲ ਖੁਦ ਮਾਪੇ ਵੀ ਉਸੇ ਸਮਾਜਕ ਬਣਤਰ ਵਿਚ ਹੀ ਰਹਿ ਰਹੇ ਹਨ, ਜਿਥੇ ਸੈਕਸ ਸਿਖਿਆ ਨੂੰ 'ਹੋਰ-ਹੋਰ' ਨਜ਼ਰ ਨਾਲ ਹੀ ਦੇਖਿਆ ਜਾਂਦਾ ਹੈ। ਇਸੇ ਕਾਰਣ ਹੀ ਬਹੁਤੇ ਬੱਚੇ ਇਸ ਸਬੰਧੀ ਆਪਣੇ ਮਾਪਿਆਂ ਨਾਲ ਗੱਲ ਕਰਨ ਤੋਂ ਵੀ ਝਿਜਕਦੇ ਹਨ। ਕਿਸੇ ਵੀ ਬੱਚੇ ਨਾਲ ਹੋਇਆ ਕੁਕਰਮ ਉਸਦੇ ਮਨ ਅਤੇ ਸਰੀਰ 'ਤੇ ਅਜਿਹੇ ਜ਼ਖ਼ਮ ਲਾ ਜਾਂਦਾ ਹੈ, ਜੋ ਉਮਰ ਭਰ ਨਹੀਂ ਭਰਦੇ। ਸਾਡੇ ਬੇਤਰਤੀਬੇ ਸਮਾਜ ਦੇ ਠੇਕੇਦਾਰ ਵੀ ਇਨ੍ਹਾਂ ਜ਼ਖ਼ਮਾਂ 'ਤੇ ਮਲ੍ਹਮ ਲਾਉਣ ਦੀ ਥਾਂ ਇਨ੍ਹਾਂ 'ਤੇ ਹੋਰ-ਹੋਰ ਲੂਣ ਪਾਉਣ ਦਾ ਕੰਮ ਕਰਦੇ ਹਨ। ਸਾਡੇ ਆਲੇ-ਦੁਆਲੇ ਵਿਚਰਦੇ ਲੋਕਾਂ, ਇਥੋਂ ਤੱਕ ਪਰਿਵਾਰਕ ਮੈਂਬਰਾਂ ਦੀ ਨਜ਼ਰ ਵਿਚ ਵੀ ਪੀੜਤ ਬੱਚਾ ਗੁਨਾਹਗਾਰ ਬਣ ਜਾਂਦਾ ਹੈ। ਇਹ ਅਜਿਹੇ ਜ਼ਖ਼ਮ ਹਨ, ਜੋ ਹਾਦਸੇ ਦੇ ਸ਼ਿਕਾਰ ਬੱਚਿਆਂ ਨੂੰ ਮਾਨਸਿਕ ਅਤੇ ਸ਼ਰੀਰਕ ਬਿਮਾਰੀਆਂ ਵੱਲ ਧੱਕ ਦਿੰਦੇ ਹਨ ਤੇ ਇਸਦਾ ਸਿਖ਼ਰ ਕਈ ਵਾਰ ਖੁਦਕੁਸ਼ੀ ਦੇ ਰੂਪ ਵਿਚ ਵੀ ਸਾਹਮਣੇ ਆਉਂਦਾ ਹੈ। ਇਹ ਜ਼ਰੂਰੀ ਹੈ ਕਿ ਆਪਣੇ ਨੇੜੇ-ਤੇੜੇ ਹੀ ਆਪਣੇ ਬੱਚਿਆਂ 'ਤੇ ਹੈਵਾਨੀ ਨਜ਼ਰਾਂ ਟਿਕਾਈ ਬੈਠੇ ਮਨੁੱਖੀ ਭੇੜੀਆਂ ਦੀ ਪਛਾਣ ਕੀਤੀ ਜਾਵੇ। ਨਾਲ ਦੀ ਨਾਲ ਆਪਣੇ ਬੱਚਿਆਂ ਨਾਲ ਦੋਸਤਾਨਾ ਸਬੰਧ ਵੀ ਬੇਹੱਦ ਲੋੜੀਂਦੇ ਹਨ। ਬੱਚਿਆਂ ਦੀਆਂ ਲੋੜਾਂ ਸਮਝਣਾ ਅਤੇ ਉਨ੍ਹਾਂ ਦਾ ਵਾਜਿਬ ਹੱਲ ਕਰਨਾ ਬੇਹੱਦ ਜ਼ਰੂਰੀ ਹੈ। ਇਹ ਇਸ ਕਰਕੇ ਵੀ ਜ਼ਰੂਰੀ ਹੈ ਕਿ ਕੋਈ ਵੀ ਤੁਹਾਡੇ ਬੱਚੇ ਨੂੰ ਮਾਮੂਲੀ ਜਿਹੀ ਚੀਜ਼ ਦਾ ਲਾਲਚ ਦੇ ਕੇ ਵਰਗਲਾ ਸਕਦਾ ਹੈ ਤੇ ਇਸਦਾ ਸਿੱਟਾ ਭਿਅੰਕਰ ਹਾਦਸੇ ਵਿਚ ਨਿਕਲ ਸਕਦਾ ਹੈ। ਇਹ ਗੱਲ ਧਿਆਨ ਰੱਖਣ ਵਾਲੀ ਹੈ ਕਿ ਅੱਜ ਜਿਸ ਮਾਹੌਲ ਵਿਚ ਸਾਡੇ ਬੱਚੇ ਪਲ ਰਹੇ ਹਨ, ਉਹ ਅੱਤ-ਆਧੁਨਿਕਤਾ ਦਾ ਅਜਿਹਾ ਮਾਹੌਲ ਹੈ, ਜਿੱਥੇ ਸਾਡੇ ਘਰਾਂ ਦੇ ਅੰਦਰ ਤੀਕ ਬਹੁਤ ਕੁੱਝ ਕਾਮ-ਉਕਸਾਊ ਸੁਟਿਆ ਜਾ ਰਿਹਾ ਹੈ। ਇਹੀ ਕਾਰਣ ਹੈ ਕਿ ਬਾਲਪਨ ਵਿਚ ਹੀ ਜਵਾਨੀ ਦੀ ਦਸਤਕ ਵੀ ਸੁਣਾਈ ਦੇਣ ਲੱਗੀ ਹੈ। ਅਜਿਹੀ ਸਥਿਤੀ ਵਿਚ ਇਹ ਬਹੁਤ ਜ਼ਰੂਰੀ ਹੈ ਕਿ ਬੱਚਿਆਂ ਨੂੰ ਹਰ ਉਸ ਗੱਲ ਤੋਂ ਸਹੀ ਤਰੀਕੇ ਨਾਲ ਜਾਣੂ ਕਰਵਾਇਆ ਜਾਵੇ ਜੋ ਕਿਸੇ ਵੀ ਸਮੇਂ ਉਨ੍ਹਾਂ ਦੇ ਜੀਵਨ ਵਿਚ ਖਤਰਨਾਕ ਰੁਖ ਅਖ਼ਤਿਆਰ ਕਰ ਸਕਦੀ ਹੈ। ਇਨ੍ਹਾਂ ਹਾਲਤਾਂ ਵਿਚ ਜਿੱਥੇ ਸਾਡੀ ਸਕੂਲੀ ਸਿਖਿਆ 'ਚ ਬਹੁਤ ਕੁੱਝ ਅਜਿਹਾ ਜੋੜਨਾ ਜ਼ਰੂਰੀ ਹੈ, ਜੋ ਹਰ ਚੰਗੇ-ਮਾੜੇ ਦੀ ਪਛਾਣ ਕਰਨ ਦਾ ਗੁਣ ਬੱਚਿਆਂ ਵਿਚ ਵਿਕਸਤ ਕਰਦਾ ਹੋਵੇ ਉਥੇ ਨਾਲ ਹੀ ਮਾਪਿਆਂ ਦਾ ਆਪਣੇ ਬੱਚਿਆਂ ਪ੍ਰਤੀ ਵਧੇਰੇ ਸੰਵੇਦਨਸ਼ੀਲ ਅਤੇ ਜ਼ਿੰਮੇਵਾਰ ਹੋਣਾ ਵੀ ਅਤਿ ਲੋੜੀਂਦਾ ਹੈ।

ਅਖ਼ੀਰ ਵਿਚ ਇਹ ਜ਼ਰੂਰ ਹੀ ਨੋਟ ਕਰਨਾ ਪਵੇਗਾ ਕਿ ਯੋਨ ਸ਼ੋਸ਼ਣ ਦੇ ਮਾਮਲੇ ਭਾਰਤ ਵਿਚ ਹੀ ਸਭ ਤੋਂ ਵਧੇਰੇ ਦਰਜ ਹੁੰਦੇ ਹਨ, ਜਿਹੜੇ ਕਿਤੇ ਦਰਜ ਹੀ ਨਹੀਂ ਹੁੰਦੇ, ਉਹਦਾ ਅੰਦਾਜ਼ਾ ਵੀ ਸਹਿਜ ਹੀ ਲਾਇਆ ਜਾ ਸਕਦਾ ਹੈ ਪਰ ਵੱਡੇ ਦੁਖਾਂਤ ਦੀ ਗੱਲ ਹੈ ਕਿ ਬੱਚਿਆਂ 'ਤੇ ਹੁੰਦੇ ਇਨ੍ਹਾਂ ਅਤਿਆਚਾਰਾਂ ਨਾਲ ਸਿਝੱਣ ਲਈ ਵੱਖਰੇ ਤੌਰ 'ਤੇ ਕੋਈ ਵੀ ਕਨੂੰਨ ਨਹੀਂ ਹੈ। ਸਰਕਾਰ ਨੂੰ ਇਸ ਪਾਸੇ ਵੱਲ ਵਧੇਰੇ ਸੰਜੀਦਾ ਵਤੀਰਾ ਅਪਨਾਉਣ ਦੀ ਲੋੜ ਹੈ।

# ਕਿਸਾਨ ਦੀ ਹੋਣੀ



**ਚਰਨਜੀਤ ਭੁੱਲਰ, ਬਠਿੰਡਾ**

ਖੇਤਾਂ ਦਾ 'ਜੱਗਾ ਜੱਟ' ਸੁੰਨ ਹੈ। ਮਰਿਆ ਨਹੀਂ ਤਾਂ ਜਿਉਂਦਾ ਵੀ ਨਹੀਂ। ਭਾਣਾ ਰਾਤੋ-ਰਾਤ ਨਹੀਂ ਵਾਪਰਿਆ। ਕਈ ਵਰ੍ਹੇ ਲੱਗੇ ਹਨ। ਆਖਰ ਖੇਤਾਂ 'ਚੋਂ ਤਕਦੀਰ ਫਰੋਲਦਾ ਉਹ ਖ਼ੁਦ ਮਿੱਟੀ ਬਣ ਗਿਆ ਹੈ। ਰੁੱਸੇ ਹੋਏ ਖੇਤ ਹੁਣ ਫਸਲਾਂ ਦਾ ਨਹੀਂ, 'ਖ਼ੁਦਕਸ਼ੀ' ਦਾ ਝਾੜ ਦਿੰਦੇ ਹਨ। ਕਪਾਹੀ ਦੇ ਫੁੱਲਾਂ ਨਾਲ਼ ਲੱਦੇ ਹੋਏ ਖੇਤ ਖੁਸ਼ੀ ਨਹੀਂ, ਸ਼ਾਹੂਕਾਰ ਦੀ ਵਹੀ ਦਾ ਲੇਖਾ ਚੇਤੇ ਕਰਾਉਂਦੇ ਹਨ। ਦੇਖਦਿਆਂ-ਦੇਖਦਿਆਂ 'ਧੰਨੇ ਭਗਤ' ਦੇ ਹੱਥੋਂ ਜ਼ਮੀਨ ਇੰਝ ਕਿਰ ਗਈ ਜਿਵੇਂ ਮੁੱਠੀ 'ਚੋਂ ਰੇਤ। ਜਮਾਂਬੰਦੀਆਂ 'ਚ ਤਾਂ ਹੁਣ 'ਸ਼ਾਹੂਕਾਰਾਂ' ਦੇ ਨਾਮ ਵੀ ਬੋਲਣ ਲੱਗੇ ਹਨ। ਇੱਥੇ ਤਾਂ ਜੰਮਦਿਆਂ ਬੱਚਿਆਂ ਸਿਰ ਕਰਜ਼ੇ ਹਨ। ਖੇਤਾਂ ਦੇ ਮਾਲਕ 'ਲੇਬਰ ਚੌਂਕਾਂ''ਚ ਖੜਨ ਲੱਗੇ ਹਨ। ਖੇਤ ਮੁੱਕ ਗਏ ਹਨ, ਕਰਜ਼ਾ ਨਹੀਂ ਮੁੱਕਿਆ। ਡੋਲੀ 'ਚ ਬੈਠਣ ਵਾਲੀ ਮੁਟਿਆਰ ਧੀ ਇਕੱਲੀ ਨਹੀਂ, ਬਾਪ ਦੇ ਦੁੱਖਾਂ ਦੀ ਪੰਡ ਨੂੰ ਵੀ ਨਾਲ਼ ਲਿਜਾਂਦੀ ਹੈ। ਖੇਤਾਂ 'ਚੋਂ ਇਹ ਸੁਨੇਹੇ ਕਦੋਂ ਤੱਕ ਮਿਲਣਗੇ 'ਜੈਲਾ ਸਿਓਂ ਨੇ ਏਉਂ ਨਹੀਂ ਸੀ ਕਰਨੀ'। ਫਿਰ ਕੀ ਕਰਦਾ ਜੈਲਾ ਸਿਓਂ, ਸੁਆਲ ਇਹ ਹੈ। ਸਫ਼ਰ ਮੁੱਕਾ ਨਹੀਂ, ਸ਼ੁਰੂ ਹੋਇਆ ਹੈ। ਲੋੜ ਪਹਿਚਾਣ ਦੀ ਹੈ, ਇਹ ਉਹੀ 'ਜੱਗਾ ਜੱਟ' ਹੈ, ਜਿਸਦੀ ਵਡਿਆਈ 'ਹਰੀ ਕ੍ਰਾਂਤੀ ਦਾ ਮੋਹਰੀ' ਕਹਿ ਕੇ ਹੋਈ ਸੀ। ਅੱਜ ਕੋਈ ਬਾਂਹ ਫੜਨ ਨੂੰ ਤਿਆਰ ਨਹੀਂ। 'ਅੰਨ' ਦੀ ਥੁੜ ਪਈ ਤਾਂ ਪੂਰਾ ਮੁਲਕ ਰਜਾ ਦਿੱਤਾ। ਹੁਣ ਖ਼ੁਦ ਦਾ ਢਿੱਡ ਇੱਕ ਸਮੱਸਿਆ ਬਣ ਗਿਆ ਹੈ। ਦੁੱਖ ਇਕੱਲਾ ਖੇਤਾਂ ਦਾ ਨਹੀਂ, ਚੁੱਲੇ ਚੌਂਕੇ ਵਾਲੀ ਦਾ ਵੀ ਹੈ, ਜਿਸ ਨੂੰ ਕੈਂਸਰ ਨੇ ਮੌਤ ਦੇ ਨੇੜੇ ਕਰ ਦਿੱਤਾ ਹੈ। ਫ਼ਿਕਰ ਮੁੰਡਿਆਂ ਦਾ ਵੀ ਹੈ ਜੋ ਪੜ੍ਹ ਲਿਖ ਕੇ ਵੀ 'ਨਾ ਘਰ ਦੇ ਰਹੇ ਨਾ ਘਾਟ ਦੇ'।

ਪੰਜਾਬ ਵਿੱਚ ਮਾਲਵਾ ਪੱਟੀ ਦੇ ਖੇਤ ਐਵੇਂ ਨਹੀਂ ਰੁੱਸੇ। ਬੱਸ ਕਿਸੇ ਨੇ ਮਨਾਉਣ ਬਾਰੇ ਸੋਚਿਆ ਹੀ ਨਹੀਂ। ਇਹੋ ਆਖ ਕੇ ਪੱਲਾ ਝਾੜ ਦੇ ਰਹੇ 'ਖੇਤੀ ਮੁਨਾਫ਼ੇ ਵਾਲਾ ਧੰਦਾ ਨਹੀਂ ਰਹੀ।' ਕਹਿਣ ਵਾਲਿਆਂ ਨੇ ਵੇਲੇ ਸਿਰ ਬਾਂਹ ਫੜੀ ਹੁੰਦੀ ਤਾਂ ਮਾਲਵੇ ਦੇ ਕਿਸਾਨ ਨੂੰ ਆਹ ਦਿਨ ਨਹੀਂ ਦੇਖਣੇ ਪੈਣੇ ਸਨ। ਖੇਤੀ ਸੰਕਟ ਦਾ ਮੁੱਢ ਵੀ ਇਸੇ ਮਾਲਵੇ 'ਚੋਂ ਬੱਝਾ ਹੈ, ਜਿਸ ਦੇ ਵੱਡੇ ਰਕਬੇ 'ਚ ਕਪਾਹਾਂ ਦੇ ਫੁੱਲ ਖਿੜ੍ਹਦੇ ਹਨ। ਇਹਨਾਂ ਫੁੱਲਾਂ 'ਤੇ ਪਹਿਲਾ ਹੱਲਾ ਅਮਰੀਕਨ ਸੁੰਡੀ ਨੇ ਹੀ ਬੋਲਿਆ, ਜਿਸਨੇ ਪੂਰੇ ਮਾਲਵੇ ਦਾ ਅਰਥਚਾਰਾ ਹਿਲਾ ਕੇ ਰੱਖ ਦਿੱਤਾ। ਇੱਕੋ ਸੁੰਡੀ ਦਾ ਇਲਾਜ ਨਹੀਂ ਹੋ ਸਕਿਆ। ਖੇਤੀ ਪ੍ਰਧਾਨ ਸੂਬੇ 'ਚ ਖੇਤੀ ਖੋਜ ਤੇ ਖੇਤੀ ਵਿਭਿੰਨਤਾ ਵਾਸਤੇ ਕੋਈ ਉਪਰਾਲਾ ਹੁੰਦਾ ਤਾਂ ਸ਼ਾਇਦ 'ਜੱਗਾ ਜੱਟ' ਸੁੰਨ ਨਾ ਹੁੰਦਾ। ਕੋਈ ਵੀ ਸਰਕਾਰ ਕੋਈ ਵੀ ਬਦਲ ਪੇਸ਼ ਨਹੀਂ ਕਰ ਸਕੀ। ਹੈਰਾਨੀ ਵਾਲੀ ਗੱਲ ਹੈ ਕਿ ਜਿਸ ਸੂਬੇ ਦਾ ਪੂਰਾ ਤਾਣਾ-ਬਾਣਾ ਖੇਤੀ 'ਤੇ ਟਿਕਿਆ ਹੋਵੇ, ਉਥੋਂ ਦੇ ਹਾਕਮ ਇੰਝ ਚੁੱਪ ਬੈਠੇ ਰਹਿਣ, ਸਧਾਰਣ ਗੱਲ ਨਹੀਂ ਹੈ। ਠੀਕ ਹੈ ਕਿ ਕੇਂਦਰ ਵਾਲਿਆਂ ਨੂੰ ਇਕੱਲਾ 'ਵਿਦਰਭਾ' ਦਿੱਸਦਾ ਹੈ, ਮਾਲਵਾ ਨਹੀਂ। ਸੂਬਾ ਸਰਕਾਰ ਦੇ ਵੀ ਫਰਜ਼ ਹੁੰਦੇ ਹਨ। ਜਾਅਲੀ ਬੀਜ, ਜਾਅਲੀ ਖਾਦਾਂ ਤੇ ਜਾਅਲੀ ਕੀਟਨਾਸ਼ਕ ਕਈ ਵਰ੍ਹੇ ਵਿਕਦੇ ਰਹੇ। ਖੇਤੀ ਮਹਿਕਮਾ ਖ਼ੁਦ ਦੱਸਦਾ ਹੈ ਕਿ ਜਾਅਲੀ ਕਾਰੋਬਾਰ ਵਾਲੇ ਫੜੇ ਬਹੁਤ ਪਰੰਤੂ ਹਜ਼ਾਰਾਂ 'ਚੋਂ ਸਜਾ ਇਕੱਲੇ ਇੱਕ-ਦੋ ਡੀਲਰਾਂ ਨੂੰ ਹੋਈ ਹੈ, ਬਾਕੀ ਸਭ ਬਚ ਗਏ। ਕਿਵੇਂ ਬਚ ਗਏ, ਹਰ ਨਿਆਣਾ-ਸਿਆਣਾ ਜਾਣਦਾ ਹੈ। ਸਫ਼ਰ ਦੀ ਸ਼ੁਰੂਆਤ ਹਰੀ ਕ੍ਰਾਂਤੀ ਤੋਂ ਹੀ ਸ਼ੁਰੂ ਹੁੰਦੀ ਹੈ। ਸੱਤਰ ਦੇ ਦਹਾਕੇ 'ਚ ਜਦੋਂ ਕੌਮਾਂਤਰੀ ਪੱਧਰ ਦੇ ਅੰਨ ਦੀ ਸੁਰੱਖਿਆ ਦਾ ਮਸਲਾ ਖੜਾ ਹੋਇਆ ਤਾਂ ਮੁਲਕਾਂ ਦੇ ਸਿਰ ਇਕੱਠੇ ਹੋਏ। ਇਸ 'ਚੋਂ ਹਰੀ ਕ੍ਰਾਂਤੀ ਨਿਕਲੀ। ਹਰੀ ਕ੍ਰਾਂਤੀ ਸੱਚਮੁੱਚ ਖੇਤੀ ਦੀ ਕ੍ਰਾਂਤੀ ਸੀ, ਜਿਸਨੇ ਇੱਕਦਮ ਖੇਤਾਂ 'ਚੋਂ ਸੋਨਾ ਪੈਦਾ ਕਰ ਦਿੱਤਾ। ਰੂੜੀ ਦੀ ਖਾਦ ਦੀ ਥਾਂ ਰਸਾਇਣਿਕ ਖਾਦਾਂ ਨੇ ਲੈ ਲਈ। ਜਿਸਨੇ ਫ਼ਸਲਾਂ ਦੇ ਝਾੜ ਨੂੰ ਹਲੂਣ ਦਿੱਤਾ। ਹਲ ਪੰਜਾਲੀ ਦੀ ਥਾਂ ਟਰੈਕਟਰਾਂ ਨੇ ਲੈ ਲਈ। ਦਿਨਾਂ ਦੇ ਕੰਮ ਘੰਟਿਆਂ 'ਚ ਹੋਣ ਲੱਗ ਪਏ। ਨਵੀਂ ਤਕਨੀਕ ਤੇ ਨਵੇਂ ਬੀਜਾਂ ਨੇ ਸਭ ਕੁੱਝ ਬਦਲ ਕੇ ਰੱਖ ਦਿੱਤਾ। ਖੇਤਾਂ 'ਚ ਖੁਸ਼ੀਆਂ ਖੇੜਿਆਂ ਦੀ ਸਰਦਾਰੀ ਹੋ ਗਈ। ਫ਼ਸਲਾਂ ਦੇ ਮੁਨਾਫ਼ੇ ਵੱਧ ਗਏ। ਸਾਲ 1970-80 ਵਾਲਾ ਦਹਾਕਾ ਇੱਕ ਖੁਸ਼ਹਾਲੀ ਦਾ ਦਹਾਕਾ ਸੀ। ਇਸ ਸਮੇਂ ਦੌਰਾਨ ਫ਼ਸਲਾਂ ਦਾ ਝਾੜ ਨਹੀਂ, ਫਸਲਾਂ ਦੇ ਭਾਅ ਵੀ ਕਾਫ਼ੀ ਸਨ। ਲਾਗਤ ਖ਼ਰਚੇ ਨਿਗੂਣੇ ਸਨ। ਬੱਚਤ ਹੀ ਬੱਚਤ ਸੀ। ਸਾਲ 1980-90 ਦਾ ਸਮਾਂ ਸਥਿਰਤਾ ਦਾ ਸੀ। ਇਸ ਸਮੇਂ ਦੌਰਾਨ ਫ਼ਸਲਾਂ ਦੇ ਝਾੜ ਸਥਿਰ ਹੋਣ ਲੱਗ ਪਏ। ਉੱਪਰੋਂ ਲਾਗਤ ਖ਼ਰਚੇ ਵੱਧਣੇ ਸ਼ੁਰੂ ਹੋ ਗਏ। ਨਤੀਜੇ ਵਜੋਂ ਬੱਚਤ ਘੱਟਣੀ ਸ਼ੁਰੂ ਹੋ ਗਈ। ਇਹ ਮਾੜਾ ਨਹੀਂ ਸੀ ਪਰੰਤੂ ਸਰਕਾਰਾਂ ਦਾ ਇੱਥੋਂ ਹੀ ਸੋਚਣਾ ਬਣਦਾ ਸੀ। ਸਾਲ 1990-2000 ਦਾ ਸਮਾਂ 'ਸੰਕਟਾਂ' ਦਾ ਸੀ। ਝਾੜ ਵੀ ਘਟਿਆ, ਫ਼ਸਲਾਂ ਦੇ ਭਾਅ ਨੂੰ ਵੀ ਬਰੇਕ ਲੱਗ ਗਈ ਤੇ ਉਪਰੋਂ ਲਾਗਤ ਖ਼ਰਚੇ ਇੱਕਦਮ ਵੱਧ ਗਏ।

ਮਾਲਵੇ ਨੂੰ ਇੱਕੋ-ਇੱਕ ਨਰਮੇ-ਕਪਾਹ ਦੀ ਫ਼ਸਲ ਨੇ ਵੱਡੀ ਸੱਟ ਮਾਰੀ। ਕੋਈ ਦਿਨ ਸਨ ਜਦੋਂ ਕਿਸਾਨਾਂ ਦੇ ਘਰ ਫ਼ਸਲ ਰੱਖਣ ਵਾਸਤੇ ਛੋਟੇ ਪੈ ਜਾਂਦੇ ਸਨ। ਕਪਾਹ ਮੰਡੀਆਂ 'ਚ ਚਿੱਟੇ ਸੋਨੇ ਦੇ ਢੇਰ ਦੂਰੋਂ ਸਨੋ ਫਾਲ ਦਾ ਭੁਲੇਖਾ ਪਾਉਂਦੇ ੧ਓਨ। ਇਸ ਸਮੇਂ 'ਚ ਸਾਲ 1995 ਦੇ ਆਸ-ਪਾਸ ਚਿੱਟੀਆਂ ਫੁੱਟੀਆਂ ਨੂੰ ਅਮਰੀਕਨ ਸੁੰਡੀ ਪੈ ਗਈ। ਅਸਲ 'ਚ ਇਹ ਸੁੰਡੀ 'ਜੱਗੇ ਜੱਟ' ਦੀ ਕਿਸਮਤ ਨੂੰ ਹੀ ਪਈ। ਵਪਾਰਿਕ ਫ਼ਸਲ ਹੋਣ ਕਰਕੇ ਕਿਸਾਨਾਂ ਦਾ ਇਹੋ ਫ਼ਸਲ ਘਰ ਪੂਰਾ ਕਰਦੀ ਸੀ। ਚਾਰ ਪੈਸਿਆਂ ਦੀ ਬੱਚਤ ਇਹੋ ਫ਼ਸਲ ਕਰਦੀ ਸੀ। ਵਪਾਰਿਕ ਫ਼ਸਲ ਹੋਣ ਕਰਕੇ ਸਰਕਾਰਾਂ ਨੂੰ ਇਸ ਫ਼ਸਲ ਦੇ ਸਰਕਾਰੀ ਭਾਅ ਵਧਾਉਣ 'ਚ ਕੋਈ ਮੁਸ਼ਕਲ ਵੀ ਨਹੀਂ ਸੀ ਪਰੰਤੂ ਭਾਅ ਵਧੇ ਨਹੀਂ। ਸੁੰਡੀ ਨੇ ਕਿਸਾਨਾਂ ਸਿਰ ਕਰਜ਼ੇ ਚਾੜ੍ਹ ਦਿੱਤੇ। ਫ਼ਸਲਾਂ ਨੂੰ ਬਚਾਉਣ ਵਾਸਤੇ ਕਿਸਾਨਾਂ ਨੇ ਸਪਰੇਆਂ ਵਾਸਤੇ ਕਰਜ਼ੇ ਚੁੱਕੇ। ਵੀਹ-ਵੀਹ ਸਪਰੇਆਂ ਇੱਕੋ ਫ਼ਸਲ 'ਤੇ ਹੋਣ ਲੱਗੀਆਂ। ਇਕੱਲੀ ਕਪਾਹ ਪੱਟੀ 'ਚ ਕੰਪਨੀਆਂ ਦੀ ਹਰ ਸਾਲ 400 ਕਰੋੜ ਰੁਪਏ ਦੀ ਸਪਰੇਅ ਵਿਕਣ ਲੱਗੀ। ਸ਼ਾਹੂਕਾਰਾਂ ਨੇ ਵਿਆਜ ਦਰਾਂ ਵਧਾ ਲਈਆਂ। ਸਾਲ 2002 ਤੱਕ ਕਰਜ਼ੇ ਦੀ ਪੰਡ ਵੱਧਦੀ ਹੀ ਗਈ। ਮੁਨਾਫ਼ੇ ਦੀ ਥਾਂ ਹਰ ਸਾਲ ਨਰਮੇ ਕਪਾਹ ਦੀ ਫ਼ਸਲ ਨਵਾਂ ਕਰਜ਼ਾ ਸਿਰ ਚੜ੍ਹਾ ਦਿੰਦੀ। ਇਸ ਸਮੇਂ 'ਚ ਕਿਸਾਨ ਕਰਜੇ ਉਤਾਰਨ ਵਾਸਤੇ ਜ਼ਮੀਨ ਵੇਚਣ ਲੱਗ ਪਏ। ਸ਼ਾਹੂਕਾਰ ਵੀ ਵੱਡੇ ਪੱਧਰ 'ਤੇ ਖੇਤਾਂ ਦੇ ਮਾਲਕ ਬਣ ਗਏ। ਕਰਜ਼ਿਆਂ 'ਚ ਫਸੇ ਕਿਸਾਨ ਨੇ ਭੌਂ ਦੇ ਭਾਅ ਅਪਣੇ ਖੇਤ ਵੇਚ ਦਿੱਤੇ।

ਸਰਕਾਰ ਅਪਣੀ ਜ਼ਿੰਮੇਵਾਰੀ ਤੋਂ ਭੱਜ ਗਈ। ਸਾਲ 1990 ਤੋਂ ਮਗਰੋਂ ਖੇਤੀ ਖੋਜਾਂ ਦੇ ਕੰਮਾਂ 'ਚ ਖੜੋਤ ਆ ਗਈ। ਹੁਣ ਤਾਂ ਪੰਜਾਬ ਖੇਤੀ 'ਵਰਸਿਟੀ ਦਾ ਕੁੱਲ ਬਜਟ 'ਚੋਂ ਇਕੱਲਾ ਤਨਖ਼ਾਹਾਂ ਆਦਿ 'ਤੇ ਹੀ 90 ਫੀਸਦੀ ਬਜਟ ਲੱਗ ਜਾਂਦਾ ਹੈ। ਸਰਕਾਰਾਂ ਨੇ ਖੇਤੀ ਖੋਜ ਦੇ ਖੇਤਰ 'ਚ ਵਾਧਾ ਤਾਂ ਕੀ ਕਰਨਾ ਸੀ। ਖੇਤੀ ਖੋਜਾਂ ਵਾਸਤੇ ਜੋ ਬਠਿੰਡਾ 'ਚ 25 ਏਕੜ ਜ਼ਮੀਨ ਪਈ ਸੀ, ਉਹ ਕੌਮਾਂਤਰੀ ਕ੍ਰਿਕਟ ਸਟੇਡੀਅਮ ਵਾਸਤੇ ਦੇ ਦਿੱਤੀ। ਅਖੀਰ ਹੁਣ ਖੋਜਾਂ ਦਾ ਕੰਮ ਤਾਂ ਸਰਕਾਰਾਂ ਨੇ ਬਹੁਕੌਮੀ ਕੰਪਨੀਆਂ ਸਿਰ ਹੀ ਪਾ ਦਿੱਤਾ ਹੈ। ਇਹਨਾਂ ਕੰਪਨੀਆਂ ਵੱਲੋਂ ਹੀ ਬੀ.ਟੀ. ਬੀਜ ਲਿਆਂਦਾ ਗਿਆ। ਜਿਸ ਨੇ ਮਾਲਵੇ ਦੇ ਕਿਸਾਨਾਂ ਨੂੰ ਵੱਡਾ ਠੁੰਮਣਾ ਦਿੱਤਾ। ਸਾਲ 2002 'ਚ ਗ਼ੈਰ ਕਾਨੂੰਨੀ ਤੌਰ 'ਤੇ ਬੀ.ਟੀ. ਬੀਜ ਆਉਣ ਲੱਗਾ ਅਤੇ ਸਾਲ 2005 'ਚ ਕਾਨੂੰਨੀ ਤੌਰ 'ਤੇ ਬੀ.ਟੀ. ਬੀਜ ਆ ਗਿਆ ਸੀ। ਇਸ ਨਾਲ਼ ਸਪਰੇਆਂ ਦੀ ਗਿਣਤੀ ਘਟੀ। ਕੰਪਨੀਆਂ ਦਾ ਸਪਰੇਆਂ ਦਾ ਕਾਰੋਬਾਰ 400 ਕਰੋੜ ਰੁਪਏ ਤੋਂ ਘੱਟ ਕੇ 250 ਕਰੋੜ ਰੁਪਏ ਦਾ ਰਹਿ ਗਿਆ। ਲਾਗਤ ਖ਼ਰਚੇ ਘੱਟ ਗਏ ਤੇ ਝਾੜ ਵੱਧ ਗਏ। ਕੁੱਝ ਹੱਦ ਤੱਕ ਦਰਮਿਆਨੇ ਕਿਸਾਨਾਂ ਨੇ ਤਾਂ ਕਰਜ਼ੇ ਮੋੜਨ ਦਾ ਵੀ ਉਪਰਾਲਾ ਕੀਤਾ। ਇਸਦੇ ਬਾਵਜੂਦ ਕਿਸਾਨਾਂ ਦੇ ਕਰਜ਼ੇ ਦੀ ਪੰਡ ਹੌਲ਼ੀ ਨਹੀਂ ਹੋਈ। ਇਹਨਾਂ ਸੰਕਟਾਂ 'ਚੋਂ ਬਹੁਕੌਮੀ ਕੰਪਨੀਆਂ ਨੇ ਅਪਣੇ ਮੁਨਾਫ਼ੇ 'ਚ ਲੰਮਾ ਚੌੜਾ ਵਾਧਾ ਕਰ ਲਿਆ ਹੈ। ਜੈਵਿਕ ਖੇਤੀ ਵਾਲੇ ਤਾਂ ਆਖਦੇ ਹਨ ਕਿ ਬੀ.ਟੀ. ਵਾਲੀ ਫ਼ਸਲ ਬਹੁਤੀ ਦੇਰ ਟਿਕਣ ਵਾਲੀ ਨਹੀਂ, ਆਖਰ ਇਸੇ ਫ਼ਸਲ ਨੇ ਕਿਸਾਨਾਂ ਨੂੰ ਲੈ ਡੁੱਬਣਾ ਹੈ। ਉਹਨਾਂ ਦੇ ਵੱਖੋ-ਵੱਖਰੇ ਤਰਕ ਹਨ। ਉਹ ਬੀ.ਟੀ. ਦੀ ਫ਼ਸਲ ਨੂੰ ਪਈ ਮਿੱਲੀ ਬੱਗ ਦਾ ਹਵਾਲਾ ਵੀ ਦਿੰਦੇ ਹਨ। ਕਿਸਾਨ ਨੂੰ ਫਿਰ ਫ਼ਿਕਰ ਸਤਾਉਣ ਲੱਗਾ ਹੈ।

ਮਾਲਵੇ ਦੇ ਕਿਸਾਨ ਨੂੰ ਵੱਡੀ ਸਮੱਸਿਆ ਪਿਛਲੇ ਸਮੇਂ ਤੋਂ ਮੰਡੀਕਰਨ ਦੀ ਵੀ ਬਣਨ ਲੱਗੀ ਹੈ। ਪਤਾ ਨਹੀਂ ਲੱਗਦਾ ਕਦੋਂ ਕਿਸਾਨ ਨੂੰ ਅਪਣੀ ਫ਼ਸਲ ਮਿੱਟੀ ਦੇ ਭਾਅ ਸੁੱਟਣੀ ਪੈ ਜਾਏ। ਜਿਣਸ ਵੇਚਣ ਵਾਸਤੇ ਕਿਸਾਨਾਂ ਨੂੰ ਮੰਡੀਆਂ ਵਿੱਚ ਹੀ ਰੁਲਣਾ ਪਿਆ ਹੈ। ਕਿਸਾਨ ਧਿਰਾਂ ਮੰਗ ਕਰਦੀਆਂ ਆ ਰਹੀਆਂ ਹਨ ਕਿ ਸਰਕਾਰ ਮੰਡੀਕਰਨ ਨੂੰ ਯਕੀਨੀ ਬਣਾਵੇ ਅਤੇ ਸੂਦਖੋਰੀ ਨੂੰ ਨਿਯਮਤ ਕਰੇ। ਪਿਛਲੇ ਕੁੱਝ ਸਾਲਾਂ ਤੋਂ ਕਿਸਾਨਾਂ ਨੂੰ ਅਪਣੀਆਂ ਜ਼ਮੀਨਾਂ ਖੁੱਸਣ ਦਾ ਡਰ ਵੀ ਬਣਿਆ ਹੈ। ਕਿਸਾਨੀ ਜ਼ਮੀਨਾਂ ਐਕਵਾਇਰ ਕਰਨ ਦੇ ਰਾਹ ਪਈ ਹੈ, ਜਿਸਦਾ ਕਿਸਾਨ ਧਿਰਾਂ ਵੱਲੋਂ ਵਿਰੋਧ ਹੋਇਆ ਹੈ। ਅਗਰ ਕਿਸਾਨਾਂ ਦੀਆਂ ਮੁਸ਼ਕਲਾਂ ਦੇ ਮਾਮਲੇ 'ਚ ਸਰਕਾਰੀ ਪੱਖ ਦੇਖੀਏ ਤਾਂ ਕੇਂਦਰ ਸਰਕਾਰ ਵੱਲੋਂ ਕੌਮੀ ਕਿਸਾਨ ਕਮਿਸ਼ਨ ਬਣਾਇਆ ਗਿਆ, ਜਿਸ ਦੀ ਰਿਪੋਰਟ ਡਾ. ਐਮ.ਐਸ ਸਵਾਮੀਨਾਥਨ ਵੱਲੋਂ ਦਿੱਤੀ ਗਈ। ਪੰਜਾਬ ਸਰਕਾਰ ਵੱਲੋਂ ਪੰਜਾਬ ਸਟੇਟ ਫਾਰਮਰ ਕਮਿਸ਼ਨ ਬਣਾਇਆ ਗਿਆ ਜਿਸਦੀ ਰਿਪੋਰਟ ਡਾ. ਜੀ.ਐਸ. ਕਾਲਕਟ ਵੱਲੋਂ ਦਿੱਤੀ ਗਈ। ਕਮਿਸ਼ਨਾਂ ਨੇ ਜੋ ਸਿਫ਼ਾਰਸ਼ ਕੀਤਾ, ਉਹ ਨਾ ਕੇਂਦਰ ਸਰਕਾਰ ਨੇ ਅਤੇ ਨਾ ਹੀ ਰਾਜ ਸਰਕਾਰ ਨੇ ਲਾਗੂ ਕੀਤਾ। ਕੇਵਲ ਇੱਕ ਦੁੱਕਾ ਸਿਫ਼ਾਰਸ਼ਾਂ ਲਾਗੂ ਹੋ ਸਕੀਆਂ ਹਨ। ਕੇਂਦਰ ਵੱਲੋਂ ਕਰਜ਼ਾ ਮੁਆਫ਼ੀ ਦਿੱਤੀ ਗਈ, ਜਿਸ ਦਾ ਲਾਹਾ ਲੈਣ ਤੋਂ ਪੰਜਾਬ ਦੇ ਕਿਸਾਨ ਵਾਂਝੇ ਰਹਿ ਗਏ ਹਨ।



ਸਰਕਾਰਾਂ ਅਲਾਮਤਾਂ ਦੇ ਝੰਬੇ ਕਿਸਾਨ ਵਾਸਤੇ ਨਵੇਂ ਸਿਰਿਓ ਵਿਉਂਤਬੰਦੀ ਕਰਨ। ਇਹ ਯੋਜਨਾਬੰਦੀ ਕੋਈ ਡੰਗ ਟਪਾਊ ਨਹੀਂ ਹੋਣੀ ਚਾਹੀਦੀ ਹੈ। ਕਰਜ਼ਿਆਂ ਦਾ ਮਸਲਾ ਹੱਲ ਹੋਣਾ ਚਾਹੀਦਾ ਹੈ, ਮੰਡੀਕਰਨ ਦੇ ਪ੍ਰਬੰਧਾਂ ਤੋਂ ਬਿਨਾਂ ਜਿਣਸਾਂ ਦੇ ਵਾਜਬ ਭਾਅ ਮਿਲਣੇ ਚਾਹੀਦੇ ਹਨ। ਸਾਹੂਕਾਰਾਂ ਦਾ ਕਰਜ਼ਾ ਨਿਯਮਿਤ ਹੋਣਾ ਚਾਹੀਦਾ ਹੈ। ਕਿਸਾਨਾਂ ਦੇ ਲਾਗਤ ਖ਼ਰਚੇ ਘਟਾਉਣ ਵਾਸਤੇ ਨਵੀਂਆਂ ਸਕੀਮਾਂ ਬਣਨੀਆਂ ਚਾਹੀਦੀਆਂ ਹਨ। ਮਾਲਵੇ 'ਚ ਕਿਸਾਨਾਂ ਨੂੰ ਕਈ ਤਰ੍ਹਾਂ ਦੇ ਸੰਕਟ ਝੱਲਣੇ ਪੈ ਰਹੇ ਹਨ। ਕਰਜ਼ੇ ਦੀ ਸਮੱਸਿਆ, ਸ਼ਾਹੂਕਾਰਾ ਲੁੱਟ, ਫ਼ਸਲਾਂ ਦੀ ਵੇਚ ਵੱਟਤ, ਕੈਂਸਰ ਵਰਗੀ ਅਲਾਮਤ 'ਚ ਵਾਧਾ, ਡੂੰਘੇ ਹੋ ਰਹੇ ਪਾਣੀ, ਬਿਜਲੀ ਪਾਣੀ ਦਾ ਸੰਕਟ, ਘੱਟ ਰਹੀਆਂ ਜੋਤਾਂ, ਬੇਕਾਰੀ ਦੀ ਸਮੱਸਿਆ, ਨਸ਼ਿਆਂ ਦਾ ਪਸਾਰਾ ਤੇ ਅਣਪੜ੍ਹਤਾ ਆਦਿ ਹਨ। ਮਾਲਵੇ ਦਾ ਕਿਸਾਨ ਇਸ ਵਕਤ ਹਾਲੋਂ ਬੇਹਾਲ ਹੈ ਅਤੇ ਉਹ ਇਸ ਵੇਲੇ ਕਿਸੇ ਅਜਿਹੇ ਸਰ ਛੋਟੂ ਰਾਮ ਦੀ ਉਡੀਕ 'ਚ ਹੈ ਜੋ ਕਿ ਉਸ ਦੇ ਦੁੱਖਾਂ ਦਰਦਾਂ ਦੀ ਦਵਾ ਬਣ ਸਕਦਾ ਹੋਵੇ।

## ਨਿਲਾਮ ਹੋ ਰਹੇ ਖੇਤ

ਪੰਜਾਬ 'ਚ ਕਰੀਬ 10 ਲੱਖ ਕਿਸਾਨ ਪਰਿਵਾਰ ਹਨ ਜਿਹਨਾਂ 'ਚੋਂ ਪੰਜ ਲੱਖ ਛੋਟੇ ਕਿਸਾਨ ਹਨ। ਪਿਛਲੇ ਕੁੱਝ ਅਰਸੇ 'ਚ ਛੋਟੇ ਕਿਸਾਨ ਤਾਂ ਖੇਤੀ ਦੇ ਧੰਦੇ 'ਚੋਂ ਹੀ ਬਾਹਰ ਹੋ ਗਏ ਹਨ। ਖੇਤੀ ਮਾਹਰਾਂ ਦੀ ਰਿਪੋਰਟ ਹੈ ਕਿ ਦੋ ਲੱਖ ਕਿਸਾਨ ਖੇਤੀ ਛੱਡ ਗਏ ਹਨ, ਜਿਹਨਾਂ 'ਚ ਵੱਡਾ ਹਿੱਸਾ ਮਾਲਵਾ ਖਿੱਤੇ ਦਾ ਹੈ। ਪਿਛਲੇ ਸਮੇਂ ਦੌਰਾਨ ਕਰੀਬ 72 ਹਜ਼ਾਰ ਕਿਸਾਨਾਂ ਦੀ ਪੂਰੀ ਦੀ ਪੂਰੀ ਜ਼ਮੀਨ ਨਿਲਾਮ ਹੋ ਗਈ ਹੈ। ਸਾਲ 1991 ਦੀ ਜਨਗਣਨਾ ਵੇਲੇ 11.17 ਲੱਖ ਕਿਸਾਨ ਪਰਿਵਾਰ ਸਨ, ਜਿਹਨਾਂ ਵਿੱਚੋਂ ਪੰਜ ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਦੀ ਗਿਣਤੀ ਪੰਜ ਲੱਖ ਦੇ ਕਰੀਬ ਸੀ। ਅਗਲੀ 2001 ਦੀ ਜਨਗਣਨਾ ਵੇਲੇ 9.7 ਲੱਖ ਕਿਸਾਨ ਪਰਿਵਾਰ ਰਹਿ ਗਏ ਸਨ ਅਤੇ ਪੰਜ ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਦੀ ਗਿਣਤੀ 3 ਲੱਖ ਰਹਿ ਗਈ ਸੀ। ਸਾਲ 1997 'ਚ ਪ੍ਰੋ. ਐਸ.ਐਚ. ਸ਼ੇਰਗਿੱਲ ਦੀ ਰਿਪੋਰਟ ਅਨੁਸਾਰ ਪੰਜਾਬ ਦੇ ਕਿਸਾਨਾਂ ਸਿਰ 5700 ਕਰੋੜ ਦਾ ਕਰਜ਼ਾ ਸੀ। ਪੰਜਾਬ ਖੇਤੀ 'ਵਰਸਿਟੀ ਲੁਧਿਆਣਾ ਵੱਲੋਂ ਸਾਲ 2003 'ਚ ਕੀਤੇ ਸਰਵੇ ਅਨੁਸਾਰ ਕਿਸਾਨਾਂ ਸਿਰ ਕਰਜ਼ਾ ਵੱਧ ਕੇ ਕਰੀਬ 9800 ਕਰੋੜ ਰੁਪਏ ਦਾ ਹੋ ਗਿਆ ਸੀ। ਪੰਜਾਬ ਖੇਤੀ 'ਵਰਸਿਟੀ ਦੇ ਸੀਨੀਅਰ ਅਰਥਸਾਸ਼ਤਰੀ ਡਾ. ਸੁਖਪਾਲ ਸਿੰਘ ਵੱਲੋਂ ਜੋ ਸਾਲ 2007 'ਚ ਕਰਜ਼ਿਆਂ ਦੀ ਸਟੱਡੀ ਕੀਤੀ ਹੈ, ਉਸ ਅਨੁਸਾਰ ਪੰਜਾਬ ਦੇ ਕਿਸਾਨਾਂ ਸਿਰ ਕਰਜ਼ਾ ਵੱਧ ਕੇ 21064 ਹੋ ਗਿਆ ਹੈ। ਜੋ ਤਾਜਾ ਅਨੁਮਾਨ ਹੈ, ਉਸ ਅਨੁਸਾਰ ਸਾਲ 2010 'ਚ ਪੰਜਾਬ ਦੇ ਕਿਸਾਨਾਂ ਸਿਰ ਇਹ ਕਰਜ਼ੇ ਦੀ ਪੰਡ 30 ਹਜ਼ਾਰ ਕਰੋੜ ਰੁਪਏ ਦੀ ਹੋ ਗਈ ਹੈ।

ਡਾ. ਸੁਖਪਾਲ ਸਿੰਘ ਦੀ ਰਿਪੋਰਟ ਅਨੁਸਾਰ ਕਿਸਾਨਾਂ ਸਿਰ 62 ਫੀਸਦੀ ਕਰਜ਼ਾ ਤਾਂ ਬੈਂਕਾਂ ਦਾ ਹੈ ਜਦੋਂ ਕਿ 38 ਫੀਸਦੀ ਪ੍ਰਾਈਵੇਟ ਕਰਜ਼ਾ ਹੈ, ਜਿਸ ਵਿੱਚੋਂ 32 ਫੀਸਦੀ ਕਰਜ਼ਾ ਇਕੱਲਾ ਆੜਤੀਆਂ ਦਾ ਹੈ। ਰਿਪੋਰਟ ਅਨੁਸਾਰ ਮਾਲਵੇ ਦੇ 93 ਫੀਸਦੀ ਕਿਸਾਨਾਂ ਸਿਰ ਕਰਜ਼ਾ ਹੈ ਜਦੋਂ ਕਿ ਪੰਜਾਬ ਦੇ 89 ਫੀਸਦੀ ਕਿਸਾਨ ਕਰਜ਼ਾਈ ਹਨ। ਬੈਂਕਾਂ ਦੇ ਕਰਜ਼ੇ ਦੀ ਗੱਲ ਕਰੀਏ ਤਾਂ ਇਕੱਲੇ ਖੇਤੀ ਵਿਕਾਸ ਬੈਂਕਾਂ ਦੇ ਡਿਫਾਲਟਰ ਕਿਸਾਨਾਂ ਦੀ ਗਿਣਤੀ 70 ਹਜ਼ਾਰ ਇਕੱਲੇ ਮਾਲਵੇ 'ਚ ਹੈ। ਇਸੇ ਕਰਜ਼ੇ ਕਾਰਨ ਐਤਕੀ ਤਾਂ 75 ਕਿਸਾਨਾਂ ਨੂੰ ਜੇਲ੍ਹ ਦੀ ਹਵਾ ਵੀ ਖਾਣੀ ਪਈ ਹੈ। ਪਹਿਲਾਂ ਸਾਲ 2004 'ਚ ਕਰਜ਼ਾਈ ਕਿਸਾਨਾਂ ਨੂੰ ਹੱਥਕੜੀ ਲੱਗੀ ਸੀ। ਸਰਹੱਦੀ ਜ਼ਿਲ੍ਹੇ ਫਿਰੋਜ਼ਪੁਰ ਦੇ ਕਿਸਾਨਾਂ ਸਿਰ ਭਾਰੀ ਕਰਜਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜੱਦੀ ਜ਼ਿਲ੍ਹੇ ਮੁਕਤਸਰ 'ਚ ਕਿਸਾਨਾਂ ਸਿਰ ਕਰਜ਼ਾ ਘੱਟ ਨਹੀਂ ਹੈ। ਇਸ ਜ਼ਿਲ੍ਹੇ 'ਚ ਕਿਸਾਨਾਂ ਨੂੰ ਸੇਮ ਦੀ ਸਮੱਸਿਆ ਨੇ ਝੰਬ ਰੱਖਿਆ ਹੈ। ਕਰਜ਼ੇ ਕਾਰਨ ਬਠਿੰਡਾ ਜ਼ਿਲ੍ਹੇ ਦਾ ਪਿੰਡ ਹਰਕਿਸ਼ਨਪੁਰਾ ਵਿਕਾਊ ਹੋ ਚੁੱਕਾ ਹੈ। ਮਾਨਸਾ ਜ਼ਿਲ੍ਹੇ 'ਚੋਂ ਵੀ ਇਹੋ-ਜਿਹੀ ਖ਼ਬਰ ਆਉਂਦੀ ਹੈ।

ਖੁਦਕਸ਼ੀ ਦੀ ਫ਼ਸਲ ਮਾਲਵਾ ਪੱਟੀ ਲਈ ਖੁਦਕਸ਼ੀ ਤੇ ਕਰਜ਼ਾ ਸ਼ਬਦ ਓਪਰੇ ਨਹੀਂ ਹਨ। ਕਰਜ਼ੇ ਦੇ ਜਾਲ ਨੇ ਹੀ ਸਾਲ 1995 ਤੋਂ ਖੁਦਕਸ਼ੀ ਦੇ ਰਾਹ ਤੁਰਨ ਵਾਸਤੇ ਮਜ਼ਬੂਰ ਕੀਤਾ। ਸਰਕਾਰਾਂ ਹੁਣ ਤੱਕ ਖੁਦਕਸ਼ੀ ਕਰਨ ਵਾਲੇ ਕਿਸਾਨਾਂ ਦੇ ਸਰਵੇ 'ਚ ਉਲਝੀਆਂ ਹੋਈਆਂ ਹਨ। ਮੱਦਦ ਕਰਨੀ ਤਾਂ ਦੂਰ ਦੀ ਗੱਲ, ਖੁਦਕਸ਼ੀ ਕਰਨ ਵਾਲੇ ਪਰਿਵਾਰਾਂ ਦੀ ਗਿਣਤੀ ਦੀ ਗੱਲ ਸਿਰੇ ਨਹੀਂ ਚੜ੍ਹ ਰਹੀ ਹੈ। ਖੁਦਕਸ਼ੀ ਕਰਨ ਵਾਲੇ ਕਿਸਾਨਾਂ ਦਾ ਜਮਹੂਰੀ ਅਧਿਕਾਰ ਸਭਾ ਤਰਫੋਂ ਡਾ. ਸੁੱਚਾ ਸਿੰਘ ਗਿੱਲ ਹੋਰਾਂ ਨੇ ਸਟੱਡੀ ਕੀਤੀ ਸੀ। ਸਾਲ 2002 ਅਤੇ ਸਾਲ 2006 'ਚ ਆਈ.ਡੀ.ਸੀ. ਵੱਲੋਂ ਖੁਦਕਸ਼ੀ ਵਾਲੇ ਪਰਿਵਾਰਾਂ ਦਾ ਸਰਵੇ ਕੀਤਾ ਗਿਆ। ਸਾਲ 2001 'ਚ ਪੰਜਾਬ ਸਰਕਾਰ ਤਰਫੋਂ ਪਹਿਲੀ ਦਫ਼ਾ ਖੁਦਕਸ਼ੀ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਦੀ ਮੱਦਦ ਵਾਸਤੇ 2 ਲੱਖ ਰੁਪਏ ਪ੍ਰਤੀ ਪਰਿਵਾਰ ਦੇਣ ਦੀ ਵਿਵਸਥਾ ਕੀਤੀ ਗਈ ਸੀ। ਮਗਰੋਂ ਕਾਂਗਰਸ ਸਰਕਾਰ ਆ ਗਈ, ਜਿਸ ਨੇ ਕੁੱਝ ਨਾ ਕੀਤਾ। ਸਾਲ ਕੁ ਪਹਿਲਾਂ ਮੌਜੂਦਾ ਸਰਕਾਰ ਤਰਫੋਂ ਡਿਪਟੀ ਕਮਿਸ਼ਨਰਾਂ ਰਾਹੀਂ ਖੁਦਕਸ਼ੀ ਕਰਨ ਵਾਲੇ ਕਿਸਾਨਾਂ ਦੀ ਇੱਕ ਸਾਲ ਦੀ ਰਿਪੋਰਟ ਲਈ ਗਈ ਜੋ ਕਿ ਕਰੀਬ 129 ਕਿਸਾਨਾਂ ਦੀ ਸੀ। ਆਖ਼ਰ ਪੰਜਾਬ ਸਰਕਾਰ ਨੇ ਪੰਜਾਬ ਖੇਤੀ 'ਵਰਸਿਟੀ ਤੋਂ ਸਾਲ 2009 'ਚ ਬਠਿੰਡਾ ਤੇ ਸੰਗਰੂਰ ਜ਼ਿਲ੍ਹੇ ਦੇ ਖੁਦਕਸ਼ੀ ਕਰਨ ਵਾਲੇ ਕਿਸਾਨ ਤੇ ਮਜ਼ਦੂਰ ਪਰਿਵਾਰਾਂ ਦਾ ਸਰਵੇ ਕਰਾਇਆ। ਡਾ. ਸੁਖਪਾਲ ਨੇ ਦੱਸਿਆ ਕਿ ਇਸ ਰਿਪੋਰਟ ਅਨੁਸਾਰ ਦੋਹਾਂ ਜ਼ਿਲ੍ਹਿਆਂ 'ਚ 2890 ਕਿਸਾਨਾਂ ਤੇ ਮਜ਼ਦੂਰਾਂ ਨੇ ਸਾਲ 2000 ਤੋਂ 2008 ਤੱਕ ਖੁਦਕਸ਼ੀ ਕੀਤੀ ਹੈ। ਸਰਕਾਰ ਤਰਫੋਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਹਨਾਂ ਪ੍ਰਭਾਵਿਤ ਪਰਿਵਾਰਾਂ ਮਾਲੀ ਮੱਦਦ ਦੇਣ ਦੀ ਕੋਸ਼ਿਸ਼ ਵੀ ਕੀਤੀ ਸੀ। ਚੋਣ ਕਮਿਸ਼ਨ ਨੇ ਰੋਕ ਦਿੱਤਾ। ਚੋਣਾਂ ਮਗਰੋਂ ਸਰਕਾਰ ਨੇ ਕੁੱਝ ਟਾਵੇਂ ਪਰਿਵਾਰਾਂ ਦੀ ਮੱਦਦ ਕੀਤੀ ਅਤੇ ਫਿਰ ਚੁੱਪ ਵੱਟ ਲਈ।

## ਅਸਾਂ ਜੀਣਾ ਹੈ, ਮਰਨਾ ਨਹੀਂ

ਮਾਲਵੇ ਦੇ ਬਹੁਤੇ ਪਿੰਡਾਂ 'ਚ ਵਿਧਵਾ ਔਰਤਾਂ ਦੀ ਗਿਣਤੀ ਵੱਧਣ ਲੱਗੀ ਹੈ। ਜਿਹਨਾਂ ਪਿੰਡਾਂ 'ਤੇ 'ਖੁਦਕਸ਼ੀ' ਦਾ ਪਹਾੜ ਡਿੱਗਾ ਹੈ, ਉਹਨਾਂ 'ਚ ਦੁੱਖਾਂ ਦੇ ਦਰਿਆ ਵੱਗਦੇ ਹਨ। ਫਿਰ ਵੀ ਇਹਨਾਂ ਔਰਤਾਂ ਨੇ ਹਾਰ ਨਹੀਂ ਮੰਨੀ ਹੈ। ਪਿੰਡ ਚੱਠੇਵਾਲਾ ਦੀ ਵਿਧਵਾ ਔਰਤ ਬਲਵਿੰਦਰ ਕੌਰ ਦੀ ਅੱਖ ਦੇ ਹੰਝੂ ਕਦੇ ਮੁੱਕੇ ਹੀ ਨਹੀਂ। ਪਤੀ ਦੀ ਕੁਦਰਤੀ ਮੌਤ ਹੋ ਗਈ ਤੇ ਫਿਰ ਵੱਡਾ ਲੜਕਾ ਮੌਤ ਦੇ ਮੂੰਹ ਚਲਾ ਗਿਆ। ਜਦੋਂ ਦੂਸਰੇ ਨੌਜਵਾਨ ਲੜਕੇ ਦਲਜੀਤ ਸਿੰਘ ਨੇ ਪੰਜ ਸਾਲ ਪਹਿਲਾਂ ਘਰ ਦੀ ਤੰਗੀ ਤੁਰਸ਼ੀ ਤੋਂ ਹਾਰ ਕੇ ਖੁਦਕਸ਼ੀ ਕਰ ਲਈ ਤਾਂ ਘਰ 'ਤੇ ਮੁਸੀਬਤਾਂ ਦੀ ਝੜੀ ਲੱਗ ਗਈ। ਦਲਜੀਤ ਦੀ ਵਿਧਵਾ ਪਤਨੀ ਰਣਜੀਤ ਕੌਰ ਤੇ ਉਸਦੇ ਦੋ ਬੱਚਿਆਂ ਦੀ ਪਰਵਰਿਸ਼ ਦਾ ਵੱਡਾ ਸੁਆਲ ਬਣ ਗਿਆ। ਬੈਂਕਾਂ ਦੇ ਨਿਲਾਮੀ ਵਾਲੇ ਨੋਟਸਾਂ ਨੇ ਹਾਲੇ ਵੀ ਖਹਿੜਾ ਨਹੀਂ ਛੱਡਿਆ। ਵਿਧਵਾ ਔਰਤ ਬਲਵਿੰਦਰ ਕੌਰ ਭਾਵੇਂ ਸੰਕਟਾਂ 'ਚੋਂ ਉੱਭਰ ਤਾਂ ਨਹੀਂ ਸਕੀ ਪਰੰਤੂ ਉਸਨੇ ਸੂਤ ਅਟੇਰਨ ਦਾ ਕੰਮ ਕਰਕੇ ਪਰਿਵਾਰ ਤੋਰਨਾ ਸ਼ੁਰੂ ਕਰ ਦਿੱਤਾ। ਨੂੰਹ ਰਣਜੀਤ ਕੌਰ ਮਿੱਟੀ ਦੇ ਚੁੱਲ੍ਹੇ ਬਣਾਉਣ ਲੱਗ ਪਈ। ਇਹਨਾਂ ਔਰਤਾਂ ਨੇ ਦੱਸਿਆ ਕਿ ਇੱਕ ਚੁੱਲ੍ਹੇ ਤੋਂ 25 ਰੁਪਏ ਦੀ ਕਮਾਈ ਹੁੰਦੀ ਹੈ। ਵਿਧਵਾ ਨੂੰਹ ਰਣਜੀਤ ਕੌਰ ਨੇ ਦੱਸਿਆ ਕਿ ਪ੍ਰਵਾਰ ਤਾਂ ਚੱਲ ਪਿਆ ਹੈ ਪਰ ਸਾਡੇ ਕੋਲ ਬੱਚਿਆਂ ਦੀ ਫੀਸ ਭਰਨ ਜੋਗੇ ਪੈਸੇ ਨਹੀਂ।

ਜ਼ਿਲ੍ਹਾ ਮਾਨਸਾ ਦੇ ਪਿੰਡ ਬੁਰਜ ਹਰੀ ਦੀ ਵਿਧਵਾ ਗੁਰਮੇਲ ਕੌਰ ਸਾਹਮਣੇ ਬੱਚਿਆਂ ਦੀ ਪੜ੍ਹਾਈ ਦਾ ਵੱਡਾ ਫ਼ਿਕਰ ਹੈ। ਜਦੋਂ ਕਰਜਾ ਸਿਰ ਚੜ੍ਹ ਗਿਆ ਤੇ ਜਵਾਨ ਧੀ ਦੇ ਵਿਆਹ ਦਾ ਚੇਤਾ ਆਇਆ ਤਾਂ ਗੁਰਮੇਲ ਕੌਰ ਦੇ ਪਤੀ ਨੇ ਅਪਣੀ ਜ਼ਿੰਦਗੀ ਦੀ ਲੀਲਾ ਖ਼ਤਮ ਕਰ ਲਈ। ਰਿਸ਼ਤੇਦਾਰਾਂ ਦੀ ਮੱਦਦ ਨਾਲ਼ ਧੀਅ ਬੂਹੇ ਤੋਂ ਤਾਂ ਉੱਠੀ ਪਰ ਉਦੋਂ ਡੋਲੀ ਤੋਰਨ ਵੇਲੇ ਬਾਬਲ ਨਹੀਂ ਸੀ। ਵਿਧਵਾ ਗੁਰਮੇਲ ਕੌਰ ਦੇ ਦੋ ਲੜਕੇ ਹਨ, ਜੋ ਸਰਕਾਰੀ ਸਕੂਲ ਵਿੱਚ ਪੜ੍ਹਦੇ ਹਨ। ਗੁਰਮੇਲ ਕੌਰ ਦੱਸਦੀ ਹੈ ਕਿ ਇੱਕ ਦਿਨ ਬੱਚਿਆਂ ਨੇ ਮੈਨੂੰ ਆਖਿਆ, ''ਮਾਂ ਸਾਨੂੰ ਵੀ ਮਰ ਜਾਣਾ ਚਾਹੀਦਾ ਹੈ, ਅਸੀਂ ਤਾਂ ਚੱਪਲਾਂ ਵੀ ਖਰੀਦ ਨਹੀਂ ਸਕਦੇ।'' ਮਾਂ ਨੇ ਢਾਰਸ ਦਿੱਤੀ, ਨਹੀਂ, ਅਸੀਂ ਮਰਨਾ ਨਹੀਂ, ਜੀਣਾ ਹੈ।

ਜ਼ਿਲ੍ਹਾ ਬਠਿੰਡਾ ਦੇ ਪਿੰਡ ਕੋਟਸ਼ਮੀਰ ਦੀ ਵਿਧਵਾ ਕੁਲਦੀਪ ਕੌਰ



ਵੀ ਇਹੋ ਸੱਚ ਰੱਖਦੀ ਹੈ। ਉਸਦੇ ਹਿੱਸੇ ਵੀ ਕੋਈ ਥੋੜ੍ਹੇ ਦੁੱਖ ਨਹੀਂ ਆਏ ਸਨ। ਪੂਰੇ ਨੌਂ ਸਾਲ ਪਹਿਲਾਂ ਜਦੋਂ ਪਤੀ ਸਪਰੇਅ ਪੀ ਗਿਆ ਤੇ ਉਹ ਇਕੱਲੀ ਹੋ ਗਈ। ਕੁਲਦੀਪ ਕੌਰ ਸਾਹਮਣੇ ਬੱਚਿਆਂ ਦੀ ਪਰਵਰਿਸ਼ ਤੇ ਸਿਰ ‘ਤੇ ਖੜ੍ਹਾ ਲੱਖਾਂ ਕਰਜ਼ਾ ਚੁਣੌਤੀ ਸੀ। ਇਸ ਵਿਧਵਾ ਔਰਤ ਨੇ ਘਰ ਦੀ ਚਾਰ ਏਕੜ ‘ਚੋਂ ਦੋ ਏਕੜ ਜ਼ਮੀਨ ਵੇਚੀ ਤੇ ਨਾਲ਼ ਟਰੈਕਟਰ ਵੇਚ ਕੇ ਕਾਫ਼ੀ ਕਰਜ਼ਾ ਉਤਾਰ ਦਿੱਤਾ। ਬਾਕੀ ਜ਼ਮੀਨ ਠੇਕੇ ‘ਤੇ ਦੇ ਦਿੱਤੀ। ਹੱਥ ਖੱਡੀ ਦਾ ਕੰਮ ਸ਼ੁਰੂ ਕਰ ਲਿਆ। ਮੱਝਾਂ ਦਾ ਦੁੱਧ ਵੇਚਣਾ ਸ਼ੁਰੂ ਕਰ ਦਿੱਤਾ ਤਾਂ ਜੋ ਬੱਚਿਆਂ ਨੂੰ ਪੜ੍ਹਾ ਸਕੇ।

ਤਲਵੰਡੀ ਸਾਬੋ ਇਲਾਕੇ ਦੀ ਚਿਤਿੰਨ ਕੌਰ ਅਪਣੀ ਜ਼ਿੰਦਗੀ ਦੇ ਆਖ਼ਰੀ ਪੜਾਅ ‘ਤੇ ਹੈ। ਉਸਦਾ ਆਸਰਾ ਇੱਕੋ-ਇੱਕ ਚਰਖਾ ਹੈ, ਜਿਸ ‘ਤੇ ਕੱਤ-ਕੱਤ ਕੇ ਅਪਣੇ ਪੋਤਿਆਂ ਨੂੰ ਪਾਲ ਰਹੀ ਹੈ। ਜਦੋਂ ਜਵਾਨ ਪੁੱਤ ਨੇ ਖ਼ੁਦਕਸ਼ੀ ਕਰ ਲਈ ਤਾਂ ਉਸਦੀ ਜ਼ਿੰਦਗੀ ਦੀ ਆਖ਼ਰੀ ਤੰਦ ਵੀ ਟੁੱਟ ਗਈ। ਪਹਿਲਾਂ ਉਸਦੀ ਨੂੰਹ ਇਸ ਦੁਨੀਆਂ ਤੋਂ ਚਲੀ ਗਈ ਸੀ। ਦੋ ਬੱਚਿਆਂ ਲਈ ਹੁਣ ਦਾਦੀ ਹੀ ਵਾਰਸ ਹੈ। ਇਸ ਪਰਿਵਾਰ ਦੀ ਕਰਜ਼ਿਆਂ ਵਿੱਚ ਸਾਰੀ ਜ਼ਮੀਨ ਵਿਕ ਚੁੱਕੀ ਹੈ। ਵਿਆਜ ਨਾਲੋਂ ਮੂਲ ਪਿਆਰਾ, ਸ਼ਾਇਦ ਇਸ ਅਖਾਣ ‘ਤੇ ਪਹਿਰਾ ਦੇ ਰਹੀ ਦਾਦੀ ਮਾਂ ਹੁਣ ਮੂਲ ਨੂੰ ਹੱਥੋਂ ਕਿਰਦਾ ਨਹੀਂ ਦੇਖਣਾ ਚਾਹੁੰਦੀ। ਬਜ਼ੁਰਗ ਔਰਤ ਹੁਣ ਮਰਨਾ ਨਹੀਂ ਚਾਹੁੰਦੀ, ਜੀਣਾ ਚਾਹੁੰਦੀ ਹੈ ਤਾਂ ਜੋ ਉਹ ਅਪਣੇ ਪੋਤਿਆਂ ਦਾ ਸਹਾਰਾ ਬਣੀ ਰਹਿ ਸਕੇ। ਹਜ਼ਾਰਾਂ ਘਰਾਂ ਦੀ ਇਸੇ ਤਰ੍ਹਾਂ ਦੀ ਕਹਾਣੀ ਹੈ, ਜਿਹਨਾਂ ਦੇ ਕਮਾਊ ਜੀਅ ਖ਼ੁਦਕਸ਼ੀਆਂ ਦੇ ਰਾਹ ਤੁਰ ਗਏ ਹਨ।

## ਕਰਜ਼ਦਾਰ ਹੋਣ ਲਈ ਖ਼ਰਾਬ ਫ਼ਸਲ ਤੋਂ ਜ਼ਿਆਦਾ ਦਹੇਜ ਵਰਗੀ ਬੁਰਾਈ ਜ਼ਿੰਮੇਵਾਰ

ਪੰਜਾਬ ਵਿੱਚ ਫ਼ਸਲਾਂ ਹੋਣਾ ਹੀ ਨਹੀਂ ਬਲਕਿ ਸਮਾਜ ਵਿੱਚ ਗਹਿਰਾਈ ਤੱਕ ਪਹੁੰਚ ਚੁੱਕੀ ਦਹੇਜ ਵਰਗੀ ਬੁਰਾਈ ਵੀ ਕਿਸਾਨਾਂ ਨੂੰ ਖ਼ੁਦਕਸ਼ੀਆਂ ਕਰਨ ਲਈ ਮਜ਼ਬੂਰ ਕਰ ਰਹੀ ਹੈ। ਦਿੱਲੀ ਦੀ ਇੱਕ ਮਹਿਲਾਵਾਦੀ ਅਤੇ ਮੋਹਰੀ ਕਿਸਾਨ ਜਥੇਬੰਦੀ ਦੇ ਸਾਂਝੇ ਅਧਿਐਨ ਵਿੱਚ ਇਹ ਖੁਲਾਸਾ ਹੋਇਆ। ਅਧਿਐਨ ਵਿੱਚ ਪਾਇਆ ਗਿਆ ਹੈ ਕਿ ਅਪਣੇ ਪਰਿਵਾਰ ਦੇ ਕਿਸੇ ਵੀ ਮੈਂਬਰ ਵੱਲੋਂ ਖ਼ੁਦਕਸ਼ੀ ਕਰਨ ਪਿੱਛੇ ਅਜਿਹੇ ਹੀ ਕਾਰਨ ਹੁੰਦੇ ਹਨ। ‘ਇੰਪੈਕਟ ਆਫ਼ ਐਗਰੋਰੀਅਨ ਕ੍ਰਾਈਸਿਸ ਆਨ ਪੇਜੈਂਟ ਵੂਮਨ’ ਨਾਂ ਦੀ ਸੰਸਥਾਂ ਵੱਲੋਂ ਕੀਤੇ ਅਧਿਐਨ ਵਿੱਚ ਫਿਰੋਜ਼ਪੁਰ, ਮੁਕਤਸਰ, ਬਠਿੰਡਾ, ਮੋਗਾ, ਮਾਨਸਾ, ਲੁਧਿਆਣਾ, ਸੰਗਰੂਰ, ਪਟਿਆਲਾ, ਬਰਨਾਲਾ ਅਤੇ ਫਰੀਦਕੋਟ ਜ਼ਿਲ੍ਹਿਆਂ ਦੇ 47 ਪਿੰਡਾਂ ਵਿੱਚ ਖ਼ੁਦਕਸ਼ੀਆਂ ਕਰਨ ਵਾਲੇ ਵਿਅਕਤੀਆਂ ਦੇ 125 ਪਰਿਵਾਰਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਕਰਜ਼ਾ ਤਾਂ ਉਹਨਾਂ ਨੇ ਖੇਤੀ ਲਈ ਲਿਆ ਸੀ ਪਰ ਇਹ ਪੈਸਾ ਉਹਨਾਂ ਨੂੰ ਦਹੇਜ ਦੇਣ ਜਾਂ ਬਿਮਾਰੀ ਆਦਿ ਦੇ ਇਲਾਜ ਲਈ ਖ਼ਰਚ ਕਰਨਾ ਪਿਆ। 46 ਫੀਸਦੀ ਵਿਧਵਾ ਔਰਤਾਂ ਦਾ ਮੰਨਣਾ ਹੈ ਕਿ ਉਹਨਾਂ ਨੇ ਫ਼ਸਲ ਲਈ, ਲਈ ਰਕਮ ਲੜਕੀਆਂ ਦੇ ਵਿਆਹ ’ਤੇ ਖ਼ਰਚ ਕੀਤੀ। ਓਧਰ 36 ਫੀਸਦੀ ਦਾ ਕਹਿਣਾ ਹੈ ਕਿ ਕਰਜ਼ੇ ਦਾ ਪੈਸਾ ਪਰਿਵਾਰ ਦੇ ਕਿਸੇ ਮੈਂਬਰ ਦੀ ਬਿਮਾਰੀ ਦੇ ਇਲਾਜ ’ਤੇ ਖ਼ਰਚ ਕਰਨਾ ਪਿਆ। ਖ਼ੁਦਕਸ਼ੀਆਂ ਦੇ ਜ਼ਿਆਦਾਤਰ ਮਾਮਲੇ ਖੇਤੀ ਸੰਕਟ ਨਾਲ਼ ਪ੍ਰਭਾਵਤ ਮਾਲਵਾ ਖੇਤਰ ਤੋਂ ਹਨ। ਅਧਿਐਨ ਵਿੱਚ ਸ਼ਾਮਲ ਕੀਤੀਆਂ ਗਈਆਂ ਵਿਧਵਾਵਾਂ ਨੇ ਦੱਸਿਆ ਕਿ ਅੱਜ ਇੱਕ ਆਮ ਜੱਟ ਸਿੱਖ ਪਰਿਵਾਰ ਵਿੱਚ ਦਹੇਜ ਦੀ ਰਕਮ ਦਾ ਖ਼ਰਚਾ ਘੱਟੋ-ਘੱਟ ਦੋ ਲੱਖ ਰੁਪਏ ਹੈ। ਜਦਕਿ ਭੂਮੀਹੀਣ ਕਿਸਾਨ ਤੋਂ ਘੱਟ ਤੋਂ ਘੱਟ 60 ਹਜ਼ਾਰ ਰੁਪਏ ਤੱਕ ਦੇ ਦਹੇਜ ਦੀ ਆਸ ਰੱਖੀ ਜਾਂਦੀ ਹੈ। ਅਧਿਐਨ ਟੀਮ ਦੀ ਮੁਖੀ ਰੰਜਨਾ ਪਾਧੀ ਨੇ ਦੱਸਿਆ ਕਿ ਇਹਨਾਂ ਔਰਤਾਂ ਨੇ ਸਪੱਸ਼ਟ ਤੌਰ ’ਤੇ ਮੰਨਿਆ ਹੈ ਕਿ ਸਮਾਜ ਵਿੱਚ ਲੜਕੀਆਂ ਨੂੰ ਦੇਣਦਾਰੀ ਦੇ ਤੌਰ ’ਤੇ ਦੇਖਿਆ ਜਾ ਰਿਹਾ ਹੈ ਅਤੇ ਦਹੇਜ ਦੇਣ ਦੇ ਕਾਰਨ ਕਰਜ਼ਦਾਰ ਵਧ ਰਹੇ ਹਨ। ਸੁਤੰਤਰ ਇਸਤਰੀ ਅੰਦੋਲਨ ਨਾਲ਼ 1986 ਤੋਂ ਜੁੜੀ ਰੰਜਨਾ ਨੇ ਪੰਜਾਬ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ, ਪੰਜਾਬ ਕਿਸਾਨ ਯੂਨੀਅਨ ਅਤੇ ਭਾਕਿਊ ਏਕਤਾ ਨਾਲ਼ ਮਿਲਕੇ ਇਹ ਅਧਿਐਨ ਕੀਤਾ। ਅਧਿਐਨ ਵਿੱਚ 40 ਪ੍ਰਤੀਸ਼ਤ ਦਲਿਤ ਅਤੇ ਬਾਕੀ ਛੋਟੇ ਕਿਸਾਨ ਪਰਿਵਾਰਾਂ ਨੂੰ ਸ਼ਾਮਲ ਕੀਤਾ ਗਿਆ। ਖ਼ੁਦਕਸ਼ੀਆਂ ਕਰਨ ਵਾਲਿਆਂ ਵਿੱਚ 80 ਪ੍ਰਤੀਸ਼ਤ 21-50 ਸਾਲ ਦੀ ਉਮਰ ਦੇ ਸਨ। 70 ਫੀਸਦੀ ਨੇ ਖ਼ੁਦਕਸ਼ੀ ਕਰਨ ਲਈ ਕੀਟਨਾਸ਼ਕਾਂ ਦੀ ਵਰਤੋਂ ਕੀਤੀ। 14 ਫੀਸਦੀ ਔਰਤਾਂ ਨੇ ਕਿਹਾ ਕਿ ਉਹਨਾਂ ਦੇ ਸਹੁਰੇ ਪਰਿਵਾਰ ਜਾਂ ਪੇਕੇ ਪਰਿਵਾਰ ਵੱਲੋਂ ਮੱਦਦ ਮਿਲ ਰਹੀ ਹੈ ਜਦੋਂ ਕਿ 86 ਫੀਸਦੀ ਔਰਤਾਂ ਨੂੰ ਕਿਸੇ ਪਾਸਿਓਂ ਵੀ ਮੱਦਦ ਨਸੀਬ ਨਹੀਂ ਹੋਈ।



### ਅੱਖਾਂ ਖੋਲ੍ਹਣ ਵਾਲੇ ਤੱਥ

1 ਖ਼ੁਦਕਸ਼ੀ ਕਰਨ ਵਾਲਿਆਂ ਵਿੱਚੋਂ 74 ਫੀਸਦੀ ਪਰਿਵਾਰ ਦਹੇਜ ਜਾਂ ਫਿਰ ਕਿਸੇ ਹੋਰ ਸਮਾਜਿਕ ਜ਼ਿੰਮੇਵਾਰੀ ਕਾਰਨ ਕਰਜ਼ੇ ਹੇਠ ਦਬੇ ਪਾਏ ਗਏ।

2 ਜੱਟ ਸਿੱਖ ਪਰਿਵਾਰ ਵਿੱਚ ਦਹੇਜ ਦੀ ਘੱਟ ਤੋਂ ਘੱਟ ਮੰਗ 2 ਲੱਖ ਰੁਪਏ ਹੁੰਦੀ ਹੈ, ਜਦੋਂ ਕਿ ਭੂਮੀਹੀਨ ਕਿਸਾਨਾਂ ਵਿੱਚ 60 ਹਜ਼ਾਰ ਰੁਪਏ।

3 ਖ਼ੁਦਕਸ਼ੀਆਂ ਕਰਨ ਵਾਲਿਆਂ ਵਿੱਚ 80 ਫੀਸਦੀ ਲੋਕ 21 ਤੋਂ 50 ਸਾਲ ਦੀ ਉਮਰ ਦੇ ਸਨ। ਇਹ ਉਮਰ ਜ਼ਿੰਦਗੀ ਵਿੱਚ ਸਭ ਤੋਂ ਵੱਧ ਉਤਪਾਦਕ ਮੰਨੀ ਜਾਂਦੀ ਹੈ।

4 ਜੱਟ ਦੀ ਟੁਟਦੀ ਹੈਂਕੜ ਖ਼ੁਦਕਸ਼ੀਆਂ ਲਈ ਜ਼ਿੰਮੇਵਾਰ।







# ਮਨਫੀ ਹੋ ਰਹੀਆਂ ਕੁਦਰਤੀ ਬਰਕਤਾਂ

ਵਿਜੈ ਬੰਬੇਲੀ

ਭੌਤਿਕ ਵਿਗਿਆਨੀ ਐਲਬਰਟ ਆਈਨਸਟਾਇਨ ਨੇ ਵੀਹਵੀਂ ਸਦੀ ਦੇ ਦੂਸਰੇ ਦਹਾਕੇ 'ਚ ਹੀ ਚੇਤਾਵਨੀ ਦੇ ਦਿੱਤੀ ਸੀ, "ਜੇਕਰ ਮਨੁੱਖ ਜਾਤੀ ਨੇ ਬਚਣਾ ਹੈ ਤਾਂ ਸਾਨੂੰ ਵੱਡੇ ਪੈਮਾਨੇ ਉੱਤੇ ਸੋਚਣ ਦੀ ਨਵੀਂ ਸ਼ੈਲੀ ਵਿਕਸਿਤ ਕਰਨੀ ਹੋਵੇਗੀ।" ਇਹ ਨਵੀਂ ਸ਼ੈਲੀ ਸਾਨੂੰ ਕੁਦਰਤ ਪ੍ਰਤੀ ਨਵਾਂ ਨਾਤਾ ਤੇ ਨਵਾਂ ਵਤੀਰਾ ਅਪਨਾਉਣ ਲਈ ਕਹੇਗੀ। ਸ਼ਾਇਦ ਏਸੇ ਗੱਲ ਨੂੰ ਅੱਗੇ ਤੋਰਦੇ ਹੋਏ ਓਸ਼ੋ ਰਜਨੀਸ਼ ਨੇ ਕਿਹਾ ਹੋਵੇਗਾ, "ਇਸ ਸਮੇਂ ਸੰਸਾਰ ਵਿੱਚ ਪਰਿਆਵਰਣ ਉੱਤੇ ਜਿਹੜੀ ਬਹਿਸ ਹੋ ਰਹੀ ਹੈ ਉਹ ਇੱਕ ਗ਼ਲਤ ਫਹਿਮੀ ਉੱਪਰ ਆਧਾਰਤ ਹੈ। ਜਦੋਂ ਵੀ ਵਾਤਾਵਰਣੀ ਸੰਕਟ ਦੀ ਗੱਲ ਹੁੰਦੀ ਹੈ ਤਾਂ ਲੋਕ ਰੁੱਖਾਂ ਦੀ ਕਟਾਈ, ਜੰਗਲੀ ਜੀਵਾਂ ਦੀ ਨਸਲਕੁਸ਼ੀ ਅਤੇ ਵਧਦੇ ਪ੍ਰਦੂਸ਼ਣ ਆਦਿ ਦੀ ਹੀ ਗੱਲ ਕਰਦੇ ਹਨ। ਇਹ ਕੋਈ ਨਹੀਂ ਕਹਿੰਦਾ ਕਿ ਇਸ ਸਾਰੀ ਭੂਗੋਲਿਕ ਬਿਪਤਾ ਦਾ ਕੇਂਦਰ ਬਿੰਦੂ ਖ਼ੁਦ ਮਨੁੱਖ ਹੈ।"

ਵਡੇਰੇ ਸੰਦਰਭ 'ਚ ਅਸੀਂ ਮੌਜੂਦਾ ਸਿਸਟਮ, ਧੜਵੈਲ ਮੁਲਕਾਂ ਅਤੇ ਮੁਨਾਫ਼ਾ ਵਟੋਰ ਸਰਗਰਮੀਆਂ ਨੂੰ ਜ਼ਿਆਦਾ ਦੋਸ਼ੀ ਠਹਿਰਾ ਸਕਦੇ ਹਾਂ, ਜਿਹੜੇ ਕੁਦਰਤੀ ਵਸੀਲਿਆਂ ਅਤੇ ਵਾਤਾਵਰਣ ਸੰਗ ਨਾਂਹ-ਪੱਖੀ ਰੋਲ ਨਿਭਾਉਂਦੇ ਹਨ, ਪਰੰਤੂ ਮਨੁੱਖ ਦੀਆਂ ਅਚੇਤ-ਸੁਚੇਤ ਸਰਗਰਮੀਆਂ ਦੀ ਸਿਫ਼ਤੀ ਭੂਮਿਕਾ ਨੂੰ ਵੀ ਤਾਂ ਮਨਫ਼ੀ ਨਹੀਂ ਕੀਤਾ ਜਾ ਸਕਦਾ ਜਿਹੜੀ ਕੁਦਰਤ ਦੇ ਸਾਰੇ ਵਸੀਲੇ ਮੁਕਾਉਣ ਤੁਰ ਪਈ ਹੈ।

ਪ੍ਰਿਥਵੀ ਦੇ ਬੁਨਿਆਦੀ ਵਸੀਲੇ ਜਿਹਨਾਂ ਸਹਾਰੇ ਅਸੀਂ ਦੂਰ ਅੰਬਰਾਂ ਤੱਕ ਗਏ, ਉਹ ਵਸੀਲੇ ਜਿਹਨਾਂ ਦੀ ਦੁਨੀਆ ਉਪਰੋਂ ਭੁੱਖ ਵਰਗੀ ਬਿਮਾਰੀ ਕੱਢਣ ਦੀ ਜ਼ਾਮਨੀ ਹੈ, ਅਰਥਾਤ ਭੌਂ, ਜੰਗਲ, ਜਲ-ਸੋਮੇ ਅਤੇ ਖਣਿਜ ਪਦਾਰਥ ਜਿਹੜੇ ਸਾਡੀ ਸਾਰੀ ਸਮਾਜਿਕਤਾ, ਆਰਥਿਕਤਾ ਅਤੇ ਰਾਜਨੀਤਿਕਤਾ ਦੇ ਆਧਾਰ ਹਨ, ਮਰ-ਮੁੱਕ ਰਹੇ ਹਨ। ਸਾਡੀ ਪ੍ਰਿਥਵੀ ਕੋਲ ਕੁੱਝ ਤਾਂ ਅਜਿਹੇ ਸੋਮੇ ਹਨ, ਜਿਹੜੇ ਮੁੜ ਗੇੜੇ ਵਿੱਚ ਆ ਕੇ ਵਾਰ-ਵਾਰ ਸਾਡੇ ਭੰਡਾਰੇ ਭਰਦੇ ਰਹਿੰਦੇ ਹਨ ਜਿਵੇਂ ਪਾਣੀ, ਹਵਾ, ਰੋਸ਼ਨੀ ਅਤੇ ਲਹਿਰਾਂ ਆਦਿ। ਪਰ ਇਹਨਾਂ ਸਾਧਨਾਂ ਨੂੰ ਅਜੇ ਅਸੀਂ ਵਿਕਸਤ ਨਹੀਂ ਕੀਤਾ ਜਾਂ ਅਜੇ ਸਾਨੂੰ ਲੋੜ ਹੀ ਨਹੀਂ ਪਈ। ਹਾਂ, ਜਲ-ਸਰੋਤਾਂ ਨੂੰ ਜ਼ਰੂਰ ਅਸੀਂ ਕਾਫ਼ੀ ਹੱਦ ਉੱਨਤ ਅਤੇ ਹੂੰਝ-ਖ਼ਰਚ ਕਰ ਲਿਆ ਹੈ। ਦੂਜੇ ਉਹ ਰਵਾਇਤੀ ਸਾਧਨ ਹਨ, ਜਿਹਨਾਂ ਦੇ ਜ਼ਖ਼ੀਰੇ ਘੱਟ ਰਹੇ ਹਨ। ਜੇ ਭੰਡਾਰਾਂ ਵੱਲ ਨਜ਼ਰ ਮਾਰੀਏ ਤਾਂ ਇਹ ਬੜੇ ਵੱਡੇ ਲੱਗਦੇ ਹਨ ਪਰ ਜਿਸ ਬੇਕਿਰਕ ਤੀਬਰ ਦਰ ਨਾਲ ਇਹਨਾਂ ਦੀ ਵਰਤੋਂ ਹੋ ਰਹੀ ਹੈ, ਅੰਤ ਬੜਾ ਦੁਖਦਾਈ ਹੋਵੇਗੀ।

### ਬਰਕਤਾਂ ਦੇ ਕਿਆਫੇ

**ਇੱਕ** ਅੰਦਾਜ਼ੇ ਅਨੁਸਾਰ ਖੇਤੀਬਾੜੀ ਲਈ ਪ੍ਰਾਪਤ ਭੂਮੀ ਦਾ ਕਰੀਬ 70 ਫੀਸਦੀ, ਦਰਿਆਵਾਂ ਦਾ ਲੱਗਭੱਗ 10 ਫੀਸਦੀ ਅਤੇ ਜੰਗਲਾਂ ਦਾ ਤਕਰੀਬਨ 50 ਫੀਸਦੀ ਅਸੀਂ ਹੁਣ ਵਰਤ ਰਹੇ ਹਾਂ। ਮੂਲ ਜ਼ਖੀਰਿਆਂ ਦਾ ਵੀ ਅਸੀਂ 70 ਫੀਸਦੀ ਵਿਕਾਸ ਕਰ ਲਿਆ ਹੈ। ਇਹ ਸਭੇ ਬਦਲਣ ਯੋਗ ਅਤੇ ਮੁੜ-ਨਵਿਆਉਣ ਯੋਗ ਸਾਧਨ ਹਨ, ਜਿਹਨਾਂ ਦੀ ਵਰਤੋਂ ਵਿੱਚ ਅਸੀਂ ਸਿਖਰਾਂ ਛੂਹ ਰਹੇ ਹਾਂ ਇਸ ਤੋਂ ਅੱਗੇ ਤਾਂ ਨੀਵਾਣ ਹੈ। ਸੋਵੀਅਤ ਖੋਜੀ ਮਿ.ਵ.ਉ. ਕੋਵਕਾ ਅਨੁਸਾਰ ਵਰਤਮਾਨ ਦੁਨੀਆ 150 ਕਰੋੜ ਹੈਕਟਰ (11 ਫੀਸਦੀ) ਜ਼ਮੀਨ ਵਿੱਚ ਖੇਤੀ ਕਰ ਰਹੀ ਹੈ। ਜੇ ਇਸ ਵਿੱਚ ਚਰਾਂਦਾ ਵੀ ਸ਼ਾਮਲ ਕਰ ਲਈਆਂ ਜਾਣ ਤਾਂ ਇਹ 23 ਤੋਂ 30 ਫੀਸਦੀ ਬਣ ਜਾਂਦਾ ਹੈ। ਹੁਣ ਜੰਗਲਾਂ ਨੂੰ ਵੀ ਖੇਤੀ ਦਾ ਅੰਗ ਹੀ ਮੰਨਿਆ ਗਿਆ ਹੈ। ਭੌਂ-ਉਪਯੋਗ ਵਿੱਚ ਇਸ ਦੀ ਵਿਸ਼ੇਸ਼ ਮਹੱਤਤਾ ਹੈ। ਜੇ ਇਹ ਹਿੱਸਾ ਵੀ ਸ਼ਾਮਲ ਕਰ ਲਿਆ ਜਾਵੇ ਤਾਂ ਅੰਕੜੇ 50-55 ਫੀਸਦੀ ਬਣ ਜਾਣਗੇ। ਸਾਡੀ ਭੂਮੀ ਦਾ ਕਰੀਬ 50ਫੀਸਦੀ ਖਿੱਤਾ ਅਣ-ਉਪਜਾਊ ਹੈ। ਇਹ ਭੂਮੀ ਤੀਖਣ ਜਲਵਾਯੂ ਵਿੱਚ ਹੈ ਯਥ ਠੰਡੀ, ਅਤੀ ਖੁਸ਼ਕ ਜਾਂ ਗਰਮ। ਮਨੁੱਖ ਇਸ ਗ੍ਰਹਿ ਦੀ ਖੁਸ਼ਕ ਪਰਤ ਨੂੰ ਪੂਰੀ ਤਰ੍ਹਾਂ ਵਰਤ ਰਿਹਾ ਹੈ, ਇਸ ਵਿੱਚ ਹੁਣ ਹੋਰ ਬਹੁਤੀ ਗੁੰਜਾਇਸ਼ ਨਹੀਂ।

ਏਸੇ ਤਰ੍ਹਾਂ ਖਣਿਜ ਪਦਾਰਥਾਂ ਦੀ ਵੀ ਖਪਤ ਵਧੀ ਹੈ। ਮਾਹਿਰਾਂ ਅਨੁਸਾਰ ਇਸ ਸਦੀ ਦੇ ਅੰਤ ਤੀਕ ਖਣਿਜਾਂ ਦੀ ਪੁਟਾਈ 60,00,000 ਲੱਖ ਟਨ ਪ੍ਰਤੀ ਸਾਲ ਵਧ ਜਾਵੇਗੀ। ਇਸ ਸਮੇਂ ਇਹ ਦਰ ਕਰੀਬ 10,00,000 ਲੱਖ ਟਨ ਹੈ। ਇਹ ਅਬਦਲ ਸਾਧਨ ਹੋਰ ਕਿੰਨਾ ਕੁ ਚਿਰ ਸਾਡਾ ਸਾਥ ਦੇ ਸਕਦੇ ਹਨ? ਸਾਰੇ ਸੰਭਾਵੀਂ ਸਾਧਨਾਂ ਦੇ ਪ੍ਰਾਪਤੀ ਅਤੇ ਵਰਤੋਂ ਦੇ ਕੱਢੇ ਗਏ ਅੰਕੜਿਆਂ ਅਨੁਸਾਰ ਐਲੂਮੀਨੀਅਮ 570 ਸਾਲ, ਕੱਚਾ ਲੋਹਾ 250 ਵਰ੍ਹੇ, ਕਲਈ 35, ਤਾਂਬਾ 29, ਜਿਸਤ 23 ਅਤੇ ਸਿੱਕਾ 19 ਸਾਲ ਤੀਕ ਹੀ ਪ੍ਰਾਪਤੀ ਯੋਗ ਹੈ।

ਕੁੱਝ ਵਿਗਿਆਨੀਆਂ ਅਨੁਸਾਰ ਸੰਨ 2500 ਤੱਕ ਸਾਰੀਆਂ ਧਾਤਾਂ ਦੇ ਖੋਜੇ ਗਏ ਜ਼ਖ਼ੀਰੇ ਖ਼ਤਮ ਹੋ ਜਾਣਗੇ। ਜਦੋਂ ਕਿ ਸਿੱਕਾ, ਜਿਸਤ, ਕਲੀ, ਚਾਂਦੀ ਸੋਨਾ ਤੇ ਪਲਾਟੀਨਮ ਦੀਆਂ ਖਾਨਾਂ ਏਸੇ ਸਦੀ ਵਿੱਚ ਮੁੱਕ ਜਾਣਗੀਆਂ। ਨਿਕਲ ਅਤੇ ਤਾਂਬਾ 21 ਵੀਂ ਸਦੀ ਦੇ ਤੀਜੇ ਦਹਾਕੇ ਤੀਕ ਅਤੇ ਮੈਗਜ਼ੀਨ ਅਤੇ ਐਲੂਮੀਨੀਅਮ 22 ਵੀਂ ਸਦੀ ਤੀਕ। ਇੱਕ ਮਾਰੂ ਪੱਖ ਹੋਰ, ਅਸੀਂ ਖਾਨਾਂ ਅਤੇ ਪੁਟਾਈ ਨਾਲ ਧਰਤੀ ਪੋਲੀ ਕਰ ਰਹੇ ਹਾਂ ਜਿਸ ਨਾਲ ਧਰਤੀ ਦਾ ਸੰਤੁਲਨ; ਜਲ-ਸੋਮਾ ਅਤੇ ਪਰਿਆਵਣ ਵਿਗੜੇਗਾ ਫਲਸਰੂਪ ਹੋਰ ਅਲਾਮਤਾਂ ਪੈਦਾ ਹੋਣਗੀਆਂ।

ਕਹਿਣ ਨੂੰ ਸਾਡੇ ਕੋਲ ਰਸਾਇਣ ਬਾਲਣਾਂ ਦੇ ਬੜੇ ਵੱਡੇ ਭੰਡਾਰ ਹਨ। ਮੌਜੂਦਾ ਅੰਦਾਜ਼ਿਆਂ ਅਨੁਸਾਰ ਇਹਨਾਂ ਦਾ ਕੁੱਲ ਜੋੜ ਮਿਆਰੀ ਬਾਲਣ ਟਨਾਂ (ਮਿ.ਬਾ.ਟ) ਮੁਤਾਬਕ ਲੱਗਭੱਗ 12 ਕਰੋੜ 40 ਦਹਿ ਹਜ਼ਾਰ ਲੱਖ ਟਨ ਹੈ। ਇਹਨਾਂ ਵਿੱਚ ਕੋਲਾ 11,20,00,000 ਮਿ.ਬਾ.ਟ., ਖਣਿਜ ਤੇਲ 74,00,000 ਲੱਖ ਮਿ.ਬਾ.ਟ ਅਤੇ ਕੁਦਰਤੀ ਗੈਸ 64,00,000 ਲੱਖ ਮਿ.ਬਾ.ਟ ਹੈ। ਇਹਨਾਂ ਅਨੁਮਾਨਾਂ ਵਿੱਚੋਂ ਕੱਢਣ ਯੋਗ, ਪਦਾਰਥ ਦੀ ਮਿਕਦਾਰ ਅਤੇ ਸੰਕੋਚਮਈ ਹੈ। ਜਿਸਦਾ ਕੁੱਲ ਜੋੜ 3 ਕਰੋੜ 80 ਦਹਿ ਹਜ਼ਾਰ ਲੱਖ ਟਨ ਹੈ ਜਿਵੇਂ ਕੋਲਾ 2,90,00,000 ਲੱਖ ਮਿ.ਬਾ.ਟ, ਤੇਲ 37,00,000 ਲੱਖ ਮਿ.ਬਾ.ਟ (ਅਨੁਮਾਨਿਤ ਭੰਡਾਰ ਦਾ ਅੱਧ) ਅਤੇ ਗੈਸ ਕਰੀਬ 50,00,000 ਲੱਖ ਮਿ.ਬਾ.ਟ ਟਨ ਹੈ, ਪਰੰਤੂ ਜੇ ਖਪਤ ਵੇਖੀਏ? ਸੰਨ 1973 ਵਿੱਚ ਪ੍ਰਿਥਵੀ ਦੀ ਕੁੱਲ ਊਰਜਾ ਖਪਤ 90 ਹਜ਼ਾਰ ਲੱਖ ਮਿ.ਬਾ.ਟ, ਤੱਕ ਪੁੱਜ ਜਾਣੀ ਹੈ। ਅਰਥਾਤ, ਸੰਨ 2010 ਤੀਕ ਸਾਡੇ ਕੋਲ ਸਿਰਫ਼ 50 ਵਰ੍ਹਿਆਂ ਲਈ ਰਸਾਇਣਕ ਬਾਲਣ ਹੋਵੇਗਾ। ਬਦਲ ਸਾਨੂੰ ਹੁਣੇ ਤੋਂ ਤਲਾਸ਼ਣੇ ਪੈਣਗੇ।

### ਊਰਜਾ ਦੀ ਖਪਤ

1950 ਪਿੱਛੋਂ ਇਸ ਊਰਜਾ ਵਿੱਚ ਇੱਕ ਹੋਰ ਤਬਦੀਲੀ ਵੀ ਆਈ ਹੈ। ਅਸੀਂ ਬਾਲਣ, ਕੋਲੇ ਤੋਂ ਹੱਟ ਕੇ ਤੇਲ ਅਤੇ ਗੈਸ ਵੱਲ ਜ਼ਿਆਦਾ ਹੋ ਗਏ ਹਾਂ। 1950 ਤੋਂ 1970 ਤੱਕ ਗੈਸ ਦੀ ਖਪਤ ਵਿੱਚ 450 ਫੀਸਦੀ ਵਾਧਾ, ਤੇਲ ਖਪਤ ਵਿੱਚ 350 ਫੀਸਦੀ ਵਾਧਾ ਜਦਕਿ ਕੋਲੇ ਦੀ ਖਪਤ ਵਿੱਚ ਸਿਰਫ਼ 60 ਫੀਸਦੀ ਵਾਧਾ ਨੋਟ ਹੋਇਆ। ਇਸ ਸਮੇਂ ਬਾਲਣ ਊਰਜਾ ਲੋੜਾਂ ਵਿੱਚ ਤੇਲ 44 ਫੀਸਦੀ ਕੁਦਰਤੀ ਗੈਸ 18 ਫੀਸਦੀ ਅਤੇ ਕੋਲਾ 35ਗ਼ ਹੈ। ਇਹ ਅੰਕੜੇ ਕੁੱਲ ਦੁਨੀਆ ਦੀ ਔਸਤ ਹਨ। ਇਸ ਰੁਝਾਨ ਸਦਕਾ ਹੀ ਤੇਲਕਸ਼ੀ ਇਸ ਸਦੀ ਦੇ ਮੁੱਢਲੇ ਦਹਾਕੇ ਤੱਕ ਅਪਣੀ ਚਰਮ-ਸੀਮਾ 'ਤੇ ਪੁੱਜ ਜਾਵੇਗੀ। ਇੰਜ 2930 ਤੱਕ ਸੰਸਾਰ ਭਰ ਦੇ ਲੱਭੇ ਜਾ ਚੁੱਕੇ ਤੇਲ ਅਤੇ ਗੈਸ ਦੇ ਸਾਧਨ ਪੂਰਨ ਰੂਪ 'ਚ ਸੱਖਣੇ ਹੋ ਜਾਣਗੇ। ਫਿਰ ਕੀ ਹੋਵੇਗਾ? ਸਮਾਂ ਭਾਵੇਂ ਲੰਬਾ ਹੈ, ਅਸੀਂ ਨਹੀਂ ਵੀ ਰਹਾਂਗੇ ਪਰੰਤੂ ਬਦਲਵੇਂ ਹੱਲਾਂ ਲਈ ਫ਼ਿਕਰਮੰਦੀ ਦਾ ਅਜ਼ਹਾਰ ਤੁਰੰਤ ਪੈਰੀਂ ਸ਼ੁਰੂ ਕਰਨਾ ਪਵੇਗਾ।

ਇਹਨਾਂ ਅੰਕੜਿਆਂ ਨੂੰ ਵਸੋਂ ਪਰਿਵਰਤਨਾਂ ਅਨੁਸਾਰ ਵੀ ਵੇਖਣ ਦੀ ਲੋੜ ਹੈ। ਅਜੋਕੀਆਂ ਪੇਸ਼ਨਗੋਈਆਂ ਅਨੁਸਾਰ ਊਰਜਾ ਖੋਜੀ ਮਿ. ਸਾਪਤੇਵ ਸੰਨ 2010 ਤੀਕ ਸੰਸਾਰ ਵਸੋਂ ਸੱਤ ਸੌ ਕਰੋੜ ਅਤੇ 2025 ਤੀਕ 900 ਕਰੋੜ ਅੰਗਦਾ ਹੈ। ਅਸੀਂ ਜੇ ਇਹ ਵੀ ਮੰਨ ਲਈਏ ਕਿ ਊਰਜਾ ਦੀ ਪ੍ਰਤੀ ਜੀਅ ਖਪਤ ਵਰਤਮਾਨ ਪੱਧਰ 'ਤੇ ਹੀ ਰਹੇਗੀ, ਤਦ ਵੀ 'ਜੀਆਂ' ਦੀ ਗਿਣਤੀ ਵਿੱਚ ਵਾਧਾ ਗਈ ਗੁਣਾ ਵੱਧ ਊਰਜਾ ਦੀ ਮੰਗ ਗਰੇਗਾ। ਓਧਰ ਵਾਹੀ ਯੋਗ ਭੂਮੀ ਘਟ ਰਹੀ ਹੈ। ਕੁੱਲ ਦੁਨੀਆ ਦੀ ਉਦਾਹਾਰਣ ਹਿੱਤ ਪੰਜਾਬ ਦੀ ਉਦਾਹਾਰਣ ਦੇਣੀ ਹੀ ਕਾਫ਼ੀ ਹੈ ਜਿੱਥੇ ਹਰ ਵਰ੍ਹੇ ਕਰੀਬ 10,000 ਏਕੜ ਰਕਬਾ ਵੱਖ-ਵੱਖ ਉਸਾਰੀਆਂ ਹੇਠ ਆ ਰਿਹਾ ਹੈ। ਜੇ ਅਨਾਜ ਕੋਠੜੀ ਦਾ ਇਹ ਹਾਲ ਹੈ ਤਾਂ ਗ਼ੈਰ ਉਪਜਾਊ ਰਕਬਿਆਂ ਤੋਂ ਭਲੀ ਨਹੀਂ ਸੋਚੀ ਜਾ ਸਕਦੀ। ਇੱਕ ਖ਼ਤਰਨਾਕ ਪ੍ਰਵਿਰਤੀ ਹੋਰ, ਅਸੀਂ ਹਰ ਸਾਲ ਸੰਸਾਰ ਦੀ 70 ਲੱਖ ਹੈਕਟਰ ਭੂਮੀ ਹੜ੍ਹਾਂ ਤੇ ਖੋਰ ਕਾਰਨ ਗਵਾ ਰਹੇ ਹਾਂ। ਜ਼ਮੀਨ ਦੇ ਕੇਵਲ ਉਪਜਾਊ ਅੰਸ਼ ਹੀ ਨਹੀਂ ਰੁੜ੍ਹ ਰਹੇ ਸਗੋਂ ਹਰ ਸਾਲ ਢਾਹ ਲੱਗਣ ਕਰਕੇ ਲੱਖਾਂ ਹੈਕਟਰ ਭੂਮੀ ਉੱਕਾ-ਪੁੱਕਾ ਰੁੜ੍ਹ ਕੇ ਸਾਡੇ ਹੱਥੋਂ ਖਿਸਕ ਰਹੀ ਹੈ। ਇਹ ਘਾਟਾ ਪੂਰਾ ਹੋਣ ਵਾਲਾ ਨਹੀਂ, ਭੌਂਅ ਦੀ ਇਸ ਤਰ੍ਹਾਂ ਦੀ ਮੁੜ-ਸੁਰਜੀਤੀ ਨੂੰ ਕਈ ਯੁੱਗ ਲੱਗ ਜਾਂਦੇ ਹਨ। ਮਿੱਟੀ ਦੀ ਇੱਕ ਪਰਤ ਤਿਆਰ ਹੋਣ ਨੂੰ ਇੱਕ ਹਜ਼ਾਰ ਵਰ੍ਹਾ ਲੱਗ ਜਾਂਦਾ ਹੈ ਜਦਕਿ ਜਰਖੇਜ਼ ਹੋਣ ਨੂੰ ਤਿੰਨ ਸਦੀਆਂ। ਜੰਗਲ ਮਿੱਟੀ ਨੂੰ ਸਾਂਭਣ ਅਤੇ ਘੜਨ ਅਤੇ ਕਾਰਖਾਨੇ ਹਨ। ਇਹ ਵਰਖਾ ਅਤੇ ਜਲ-ਸਰੋਤਾਂ ਦੇ ਵੀ ਬਾਨ੍ਹਣੂੰ ਹਨ। ਲੱਗਪੱਗ 110 ਲੱਖ ਹੈਕਟਅਰ ਭੂਮੀ ਹਰ ਸਾਲ ਜੰਗਲਾਂ ਕੋਲੋਂ ਖੋਹੀ ਜਾ ਰਹੀ ਹੈ। ਹਰ ਸਾਲ 25 ਅਰਬ ਟਨ ਅਮੀਰ ਮਿੱਟੀ, ਸਹੀ ਖੇਤੀ ਢੰਗਾਂ ਅਤੇ ਦਰੱਖਤਾਂ ਦੀ ਅਣਹੋਂਦ ਖ਼ਾਸ ਕਰਕੇ ਭੂਮੀ ਦੇ ਜਲ-ਸੰਭਾਲ ਵਿਧੀਆਂ ਦੀ ਅਣ-ਵਰਤੋਂ ਕਾਰਨ, ਰੁੜ੍ਹ-ਖੁਰ ਰਹੀ ਹੈ। ਮਾਰੂਥਲੀਕਰਨ 60 ਲੱਖ ਹੈਕਟਰ ਪ੍ਰਤੀ ਸਾਲ ਦੀ ਦਰ ਨਾਲ ਵਧ ਰਹੇ ਹਨ। ਰੁੱਤ ਵਿਗਾੜ ਭੈੜੇ ਸਿੱਟੇ ਦੇਣ ਲੱਗ ਪਿਆ ਹੈ।



> ਪ੍ਰਿਥਵੀ ਦੇ ਬੁਨਿਆਦੀ ਵਸੀਲੇ ਜਿਹਨਾਂ ਸਹਾਰੇ ਅਸੀਂ ਦੂਰ ਅੰਬਰਾਂ ਤੱਕ ਗਏ, ਉਹ ਵਸੀਲੇ ਜਿਹਨਾਂ ਦੀ ਦੁਨੀਆ ਉਪਰੋਂ ਭੁੱਖ ਵਰਗੀ ਬਿਮਾਰੀ ਕੱਢਣ ਦੀ ਜ਼ਾਮਨੀ ਹੈ, ਅਰਥਾਤ ਭੌਂ, ਜੰਗਲ, ਜਲ-ਸੋਮੇ ਅਤੇ ਖਣਿਜ ਪਦਾਰਥ ਜਿਹੜੇ ਸਾਡੀ ਸਾਰੀ ਸਮਾਜਿਕਤਾ, ਆਰਥਿਕਤਾ ਅਤੇ ਰਾਜਨੀਤਿਕਤਾ ਦੇ ਆਧਾਰ ਹਨ, ਮਰ-ਮੁੱਕ ਰਹੇ ਹਨ। ਸਾਡੀ ਪ੍ਰਿਥਵੀ ਕੋਲ ਕੁੱਝ ਤਾਂ ਅਜਿਹੇ ਸੋਮੇ ਹਨ, ਜਿਹੜੇ ਮੁੜ ਗੇੜੇ ਵਿੱਚ ਆ ਕੇ ਵਾਰ-ਵਾਰ ਸਾਡੇ ਭੰਡਾਰੇ ਭਰਦੇ ਰਹਿੰਦੇ ਹਨ ਜਿਵੇਂ ਪਾਣੀ, ਹਵਾ, ਰੋਸ਼ਨੀ ਅਤੇ ਲਹਿਰਾਂ ਆਦਿ। ਪਰ ਇਹਨਾਂ ਸਾਧਨਾਂ ਨੂੰ ਅਜੇ ਅਸੀਂ ਵਿਕਸਤ ਨਹੀਂ ਕੀਤਾ ਜਾਂ ਅਜੇ ਸਾਨੂੰ ਲੋੜ ਹੀ ਨਹੀਂ ਪਈ। ਹਾਂ, ਜਲ-ਸਰੋਤਾਂ ਨੂੰ ਜ਼ਰੂਰ ਅਸੀਂ ਕਾਫ਼ੀ ਹੱਦ ਉੱਨਤ ਅਤੇ ਹੂੰਝ-ਖ਼ਰਚ ਕਰ ਲਿਆ ਹੈ। ਦੂਜੇ ਉਹ ਰਵਾਇਤੀ ਸਾਧਨ ਹਨ, ਜਿਹਨਾਂ ਦੇ ਜ਼ਖ਼ੀਰੇ ਘੱਟ ਰਹੇ ਹਨ। ਜੇ ਭੰਡਾਰਾਂ ਵੱਲ ਨਜ਼ਰ ਮਾਰੀਏ ਤਾਂ ਇਹ ਬੜੇ ਵੱਡੇ ਲੱਗਦੇ ਹਨ ਪਰ ਜਿਸ ਬੇਕਿਰਕ ਤੀਬਰ ਦਰ ਨਾਲ ਇਹਨਾਂ ਦੀ ਵਰਤੋਂ ਹੋ ਰਹੀ ਹੈ, ਅੰਤ ਬੜਾ ਦੁਖਦਾਈ ਹੋਵੇਗੀ।

### ਅੰਤਰ ਨਿਰਭਰਤਾ

**ਕੁਦਰਤ** ਚਿੰਤਕ ਜੂਲੀਅਨ ਹਕਸਲੇ ਨੇ ਕਿਹਾ ਸੀ, ''ਸਾਡਾ ਗ੍ਰਹਿ ਤਾਂ ਇੱਕ ਜੀਵੰਤ ਪ੍ਰਣਾਲੀ ਹੈ। ਜਲ, ਭੂਮੀ, ਖਣਿਜ, ਬਨਸਪਤੀ, ਪੌਣ ਅਤੇ ਪ੍ਰਾਣੀ ਸਭ ਇੱਕ ਦੂਜੇ ਉੱਪਰ ਪ੍ਰਸਪਰ ਅਧਾਰਤ ਹਨ ਤੇ ਇੱਕੋ ਹੀ ਤਾਣੇ-ਬਾਣੇ ਵਿੱਚ ਜੁੜੇ ਹੋਏ। ਜੇ ਇੱਕ ਵੀ ਹਿਲ ਗਿਆ ਤਾਂ ਸਮੁੱਚੀ ਤਾਣੀ ਉਲਝ ਜਾਵੇਗੀ। ਇਸ ਤਾਣੀ ਨੂੰ ਬੇਰੋਕ ਵਸੋਂ ਵੀ ਉਲਝਾ ਰਹੀ ਹੈ। ਜਲਵਾਯੂ ਬਦਲ ਗਈ ਹੈ, ਭੋਜਨ ਉਪਜਾਉਣ ਵਾਲੀ ਮਿੱਟੀ ਦੀਆਂ ਜਰਖੇਜ਼ ਪਰਤਾਂ ਰੁੜ੍ਹ ਚੁੱਕੀਆਂ ਹਨ। ਬੀਤੀ ਸਦੀ ਵਿੱਚ ਮਨੁੱਖ ਮੂਲ-ਸਾਧਨਾਂ ਕੋਲਾ, ਤੇਲ ਅਤੇ ਹੋਰ ਖਣਿਜਾਂ ਉੱਪਰ ਹੀ ਨਿਰਭਰ ਰਿਹਾ ਹੈ। ਇਹਨਾਂ ਵਸਤਾਂ ਦੀ ਸਿਰਜਣਾ ਵਿੱਚ ਕੁਦਰਤ ਨੂੰ ਕਰੋੜਾਂ ਸਾਲ ਲੱਗ ਪਏ ਸਨ ਪਰ ਮਨੁੱਖ ਉਹਨਾਂ ਨੂੰ ਕੁੱਝ ਕੁ ਪੀੜ੍ਹੀਆਂ ਵਿੱਚ ਹੀ ਮੁਕਾ ਚੱਲਿਆ ਹੈ।'' ਧੜਵੈਲ ਮੁਲਕਾਂ ਨੇ 'ਵਿਕਾਸ' ਦੇ ਨਾਂ 'ਤੇ ਬੜਾ ਕੁੱਝ ਹੂੰਝਿਆਂ ਅਤੇ ਲੁੱਟਿਆ ਹੈ, ਪਰੰਤੂ ਵਿਕਾਸਸ਼ੀਲ ਦੇਸ਼ਾਂ ਅੰਦਰ ਵੀ ਇੱਕ ਗ਼ਲਤ ਮਿੱਥ ਚੱਲ ਰਹੀ ਹੈ ਕਿ ਵਿਕਾਸ ਯੋਜਨਾਵਾਂ ਦੀ ਹਰੇਕ ਬਿਮਾਰੀ ਦਾ ਹੱਲ ਹਨ। ਇਹਨਾਂ ਵਿਕਾਸ ਯੋਜਨਾਵਾਂ ਦੀ ਘਾਤਕ ਸਮੇਂ ਵਾਤਾਵਰਣੀ ਪੱਖ ਤਾਂ ਹਮੇਸ਼ਾ ਹੀ ਨਜ਼ਰ ਅੰਦਾਜ਼ ਹੁੰਦੇ ਹਨ। ਏਸੇ ਲਈ ਔਸ਼ਧੀ ਦੀ ਥਾਂ ਤੇ ਸਰਾਪ ਬਣਦੀਆਂ ਜਾ ਰਹੀਆਂ ਹਨ। ਇਹ ਵਿਕਾਸ ਦੇ ਨਾਂ ਹੇਠ ਕੀਤੀ ਜਾ ਰਹੀ ਸਾਧਨਾਂ ਦੀ ਬੇਕਿਰਕ ਪ੍ਰਾਪਤੀ ਕੁਦਰਤ ਦਾ ਸ਼ੋਸ਼ਣ ਹੈ। ''ਵਿਕਾਸ ਕਿਸੇ ਵੀ ਕੀਮਤ ਤੇ'' ਗ਼ਲਤ ਧਾਰਨਾ ਹੈ। ਵਿਕਾਸਸ਼ੀਲ ਦੇਸ਼ਾਂ ਵਿੱਚ ਵੀ ਸਿਰਫ਼ ਚੌਥੇ ਹਿੱਸੇ ਤੋਂ ਵੀ ਘੱਟ ਲੋਕ ਹੀ ਇਹਨਾਂ ਯੋਜਨਾਵਾਂ ਦਾ ਲਾਭ ਉਠਾ ਸਕਦੇ ਹਨ। ਜਦਕਿ ਸੰਤਾਪ ਸਭ ਨੂੰ ਭੁਗਤਣਾ ਪੈਣਾ ਹੈ।

### ਸੰਵਾਦ ਰਚਾਉਣ ਦੀ ਲੋੜ

ਫਿਰ ਇਹ ਸਾਰਾ ਕੁੱਝ ਉਸ ਸਮੇਂ ਵਾਪਰ ਰਿਹਾ ਹੈ ਜਦੋਂ ਸੰਸਾਰ 50 ਕਰੋੜ ਲੋਕਾਂ ਨੂੰ ਢਿੱਡ ਭਰਵਾਂ ਭੋਜਨ ਵੀ ਨਹੀਂ ਦੇ ਰਿਹਾ। 'ਦੂਜੀ ਸੰਸਾਰ ਖ਼ੁਰਾਕ ਕਾਨਫਰੰਸ', ਜਿਹੜੀ ਹੇਗ ਵਿੱਚ 1970 ਨੂੰ ਹੋਈ ਸੀ, ਅਨੁਸਾਰ ਦੁਨੀਆ ਵਿੱਚ 100 ਕਰੋੜ ਤੋਂ ਵੱਧ ਲੋਕ ਭੁੱਖਮਰੀ ਦੀ ਸੀਮਾ ਉੱਪਰ ਖੜ੍ਹੇ ਹਨ। ਚਾਰ ਦਹਾਕਿਆਂ ਉੱਪਰ ਵੀ ਇਹ ਗਿਣਤੀ ਘਟੀ ਨਹੀਂ ਸਗੋਂ ਵਧੀ ਹੈ। ਹਰ ਰੋਜ਼ 42 ਹਜ਼ਾਰ ਬੱਚੇ ਪੌਸ਼ਟਿਕ ਅਹਾਰ ਅਤੇ ਮਿਆਰੀ ਰੱਖ ਰਖਾਅ ਤੋਂ ਵਾਂਝੇ ਰਹਿਣ ਕਾਰਨ ਮੌਤ ਦਾ ਸ਼ਿਕਾਰ ਹੋ ਰਹੇ ਹਨ। ਦੁਨੀਆ ਦੀ 35ਗ਼ ਸ਼ਹਿਰੀ ਵਸੋਂ ਵਾਤਾਵਰਣ ਪੱਖੋਂ ਨਿਰੇ ਨਰਕ ਵਿੱਚ ਰਹਿ ਰਹੀ ਹੈ। ਇਹ ਸਭ ਕੀ ਹੈ? ਮੌਜੂਦਾ ਸਿਸਟਮ ਦੀ ਦੁਸ਼ਵਾਰੀ ਹੈ ਇਹ। ਧੰਨ ਕੁਬੇਰੀ ਸੱਭਿਅਤਾ, ਅਣਸਾਂਵੀਆਂ ਯੋਜਨਾਵਾਂ ਅਤੇ ਪਦਾਰਥੀ ਸਹੂਲਤਾਂ ਦੀ ਹਾਫਲੀ-ਦੌੜ ਵਿੱਚ ਕੁਦਰਤ ਨੂੰ ਭੁੱਲ-ਭਲਾਅ ਜਾਣਾ ਫਿਰ ਵਧਦੀ ਵਸੋਂ ਕਾਰਨ, ਮੁੱਕਦੇ ਸਾਧਨਾਂ ਦੀ ਕਹਾਣੀ ਦਾ ਦੁਖਦਾਈ ਅੰਤ ਏਸੇ ਤਰ੍ਹਾਂ ਹੀ ਤਾਂ ਹੁੰਦਾ ਹੈ। ਇਸ ਲਈ ਭਾਵੇਂ ਸਾਡੇ ਕਾਰਜ ਅਤੇ ਸਰਗਰਮੀਆਂ ਸਥਾਨਕ ਰੂਪੀ ਹੋਣ ਪਰ ਸਾਡੀ ਸੋਚਣੀ ਵਿਸ਼ਵ-ਵਿਆਪੀ ਹੋਣੀ ਚਾਹੀਦੀ ਹੈ। ਇਹੋ ਕਥਾ ਦੂਸ਼ਿਤ ਹੋ ਰਹੇ, ਘੱਟ ਰਹੇ ਅਤੇ ਰੂਪ ਤੇ ਸਥਾਨ ਬਦਲ ਰਹੇ ਪਾਣੀ ਦੀ ਹੈ। ਜਿਹੜਾ ਅੱਜਕੱਲ੍ਹ ਤਿੱਖੇ ਸੰਵਾਦ ਦਾ ਵਿਸ਼ਾ ਹੈ।

### ਚੁਣੌਤੀ

ਸਿਰਮੌਰ ਖੇਤੀ ਅਰਥ ਸ਼ਾਸਤਰੀ ਐਮ.ਐਸ. ਸਵਾਮੀਨਾਥਨ ਨੇ ਚੇਤਾਵਨੀ ਦਿੱਤੀ ਹੈ, ''ਇੱਕੀਵੀਂ ਸਦੀ ਵਿੱਚ ਖ਼ੁਰਾਕ ਦੀ ਸੁਰੱਖਿਅਤਾ ਸਬੰਧੀ ਦੋ ਚੁਣੌਤੀਆਂ ਉਭਰਨਗੀਆਂ-ਆਰਥਕ ਤੇ ਇਕਲੌਜੀਕਲ! ਇੱਕ ਪਾਸੇ ਲੋਕਾਂ ਕੋਲ ਖਰੀਦਣ ਦੀ ਸਮਰੱਥਾ ਨਹੀਂ ਹੋਵੇਗੀ, ਦੂਜੇ ਪਾਸੇ ਵਾਤਾਵਰਣੀ ਨਿਘਾਰ ਹੋ ਰਿਹਾ ਹੋਵੇਗਾ।'' ਕੁਦਰਤੀ ਸਾਧਨਾਂ ਉੱਪਰ ਜੇਕਰ ਸਭ ਦੀ ਮਾਲਕੀ ਮੰਨ ਲਈ ਜਾਵੇ ਤਾਂ ਚੌਗਿਰਦੇ ਅਤੇ ਕੁਦਰਤੀ ਸੋਮਿਆਂ ਦੀ ਸਾਂਭ-ਸੰਭਾਲ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਜਾ ਸਕਦੀ ਹੈ। 'ਸਭ ਕੁੱਝ ਮਨੁੱਖ ਲਈ ਤੇ ਸਭ ਕੁੱਝ ਮਨੁੱਖ ਵਾਸਤੇ' ਦੀ ਧਾਰਨਾ ਨੇ ਸਾਨੂੰ ਬੜਾ ਨੁਕਸਾਨ ਪਹੁੰਚਾਇਆ ਹੈ। ਇਹ ਨਾਅਰਾ ਸੰਸਾਰ-ਪੱਧਰੀ ਮਹੱਤਤਾ ਤਾਂ ਰੱਖਦਾ ਹੈ ਪਰੰਤੂ ਹੁਣ ਇਸ ਵਿੱਚ 'ਸਮੁੱਚੀ ਕਾਇਨਾਤ ਵਾਸਤੇ' ਨੂੰ ਵੀ ਸ਼ਾਮਲ ਕਰ ਲੈਣਾ ਚਾਹੀਦਾ ਹੈ। ਹਰ ਕੌਮ ਨੂੰ ਅਪਣੇ ਅਰਥਚਾਰੇ ਦੀ ਵਿਉਂਤਬੰਦੀ ਦਾ ਵਿਕਾਸ ਵਾਤਾਵਰਣੀ ਪਿੱਠ-ਭੂਮੀ ਉੱਪਰ ਕਰਨਾ ਹੋਵੇਗਾ। ਕੁਦਰਤੀ ਸਹਿਹੋਂਦ ਦੀ ਦ੍ਰਿਸ਼ਟੀ ਪੱਖੋਂ ਇਹ ਗੱਲ ਬਹੁਤ ਮਹੱਤਤਾ ਰੱਖਦੀ ਹੈ। ਇਸੇ ਵਿੱਚ ਹੀ ਸਮੁੱਚੇ ਜੀਵਤ-ਸੰਸਾਰ ਦਾ ਭਲਾ ਲੁਕਿਆ ਹੋਇਆ ਹੈ। ਇਸ ਖ਼ਾਤਰ ਸਾਨੂੰ ਮੌਜੂਦਾ ਨਿਜ਼ਾਮ ਵੀ ਬਦਲਣੇ ਪੈਣਗੇ ਕਿਉਂਕਿ ਨਾ-ਪੱਖੀ ਢਾਂਚਾ ਕੁਦਰਤ ਵਿਰੁੱਧ ਵੀ ਭੁਗਤਦਾ ਹੈ। ਕੁਦਰਤ ਪ੍ਰਤੀ ਨਾਂਹ-ਪੱਖੀ ਵਤੀਰਾ ਅੰਤ ਸਭ ਨੂੰ ਲੈ ਬੈਠੇਗਾ।

### ਸੋਚ ਵਿੱਚ ਤਬਦੀਲੀ ਦੀ ਲੋੜ

ਹਰ ਵੇਲੇ ਇਹੋ ਹੀ ਧਿਆਨ ਵਿੱਚ ਨਾ ਰੱਖੋ ਕਿ ਅਸੀਂ ਧਰਤੀ ਤੋਂ ਕੀ ਹਾਸਲ ਕਰ ਰਹੇ ਹਾਂ, ਸਗੋਂ ਇਹ ਵੀ ਕਿ ਅਸੀਂ ਇਸ ਨੂੰ ਕੀ ਮੋੜ ਰਹੇ ਹਾਂ। ਉਦੇਸ਼ ਸਿਰਫ਼ ਕੁਦਰਤ ਦੀ ਅਜੋਕੀ ਸਥਿਤੀ ਵਿੱਚ ਰੱਖ-ਰਖਾਅ ਦਾ ਹੀ ਨਹੀਂ ਸਗੋਂ ਮੁੜ-ਭਰਪਾਈ, ਸੁਰਜੀਤੀਕਰਨ ਅਤੇ ਨਵਿਆਉਣ ਦਾ ਵੀ ਹੈ, ਜਿਸ ਨਾਲ ਧਰਤੀ ਦੀ ਖ਼ੂਬਸੂਰਤੀ ਦੀ ਸੁਰੱਖਿਆ ਕੀਤੀ ਜਾ ਸਕੇ। ਮੁੱਕਦੀ ਗੱਲ, ਮਨੁੱਖੀ ਹੋਂਦ ਦੀ ਗਰੰਟੀ-ਕੁਦਰਤੀ ਵਸੀਲਿਆਂ ਦੀ ਸੁਰੱਖਿਆ ਅਤੇ ਇਸ ਦੀ ਸੰਜਮੀ ਵਰਤੋਂ ਵਿੱਚ ਹੀ ਹੈ। ਸਾਨੂੰ ਬਦਲ ਵੀ ਲੱਭਣੇ ਪੈਣਗੇ ਅਤੇ ਮੁੜ ਭਰਪਾਈ ਵੀ ਕਰਨੀ ਪਵੇਗੀ। ਤੁਸੀਂ ਕੁਦਰਤ ਪਾਸੋਂ ਓਨਾ ਚਿਰ ਹੀ ਕੁੱਝ ਲੈ ਸਕਦੇ ਹੋ ਜਿੰਨਾ ਕੁ ਤੁਸੀਂ ਉਸਨੂੰ ਮੋੜ ਰਹੇ ਹੋ, ਬੇ ਸ਼ਰਤ ਕਿ ਉਹ ਸਾਵਾਂ ਅਤੇ ਨਰੋਆ ਹੋਵੇ। ਬਰਕਤਾਂ ਤਦ ਹੀ ਰਹਿਣਗੀਆਂ।



# ਜੈ ਧਰਤੀ ਮਾਤਾ

ਡਾ. ਦਲਜੀਤ ਸਿੰਘ

ਇਨਸਾਨ ਅਤੇ ਹੈਵਾਨ ਅੰਦਰ ਦੁਨੀਆਵੀ ਫ਼ਰਕ ਇਹ ਹੈ ਕਿ ਪਹਿਲੇ ਨੂੰ ਪੇਟ ਪੂਜਾ ਲਈ ਕਿਤੇ ਨਾ ਕਿਤੇ ਟਿਕ ਕੇ ਲਗਾਤਾਰ ਦਿਮਾਗੀ ਜਾਂ ਸਰੀਰਕ ਮਿਹਨਤ ਕਰਨੀ ਪੈਂਦੀ ਹੈ, ਜਦਕਿ ਦੂਸਰੇ ਨੂੰ ਕੁਦਰਤ ਦੇ, ਧਰਤੀ ਮਾਂ ਦੇ ਵਿਸ਼ਾਲ ਭੰਡਾਰ ਅੰਦਰੋਂ ਬਣੀ ਖ਼ੁਰਾਕ ਮਿਲ ਜਾਂਦੀ ਹੈ।

**ਕੁੱਝ** ਇਨਸਾਨੀ ਆਬਾਦੀ ਮਿਹਨਤ ਲਈ ਤਤਪਰ ਹੈ। ਮਿਹਨਤ ਦੇ ਅਵਸਰ ਸਭ ਥਾਂ ਇੱਕੋ-ਜਿਹੇ ਨਹੀਂ ਹਨ। ਸਿਆਸੀ ਸਰਹੱਦਾਂ ਦੇ ਅੰਦਰ ਬੇਅੰਤ ਫ਼ਰਕ ਹਨ। ਸਰਹੱਦਾਂ ਦੇ ਅੰਦਰ ਪੁਲਿਸ ਅਤੇ ਫ਼ੌਜਾਂ ਹਨ। ਵੱਖ-ਵੱਖ ਨਿਜ਼ਾਮ ਹਨ। ਸਰਹੱਦਾਂ ਦੇ ਆਰ-ਪਾਰ ਬੇਅੰਤ ਸਾਂਝਾਂ ਹਨ ਅਤੇ ਦੁਸ਼ਮਣੀਆਂ ਵੀ। ਕਿਸੇ ਪਾਸੇ ਸਰਮਾਏਦਾਰੀ ਨਿਜ਼ਾਮ ਸਿਖ਼ਰਾਂ ਨੂੰ ਟੱਪ ਕੇ ਕੁੱਲ ਦੁਨੀਆ ਉੱਤੇ ਛਾ ਜਾਣ ਅਤੇ ਹੜੱਪਣ ਦੀਆਂ ਗੋਂਦਾਂ ਗੁੰਦਦਾ ਹੈ ਅਤੇ ਦੂਜੇ ਪਾਸੇ ਠੱਗੀ, ਫ਼ਰੇਬ ਅਤੇ ਸਾਮਰਾਜੀ ਘੁਸਪੈਠ ਜਾਂ ਖੁੱਲ੍ਹੇ ਧਾਵੇ ਤੋਂ ਜਾਨ ਬਚਾਉਣ ਲਈ ਬੇਅੰਤ ਦੇਸ਼ ਅਤੇ ਲੋਕ ਜਤਨਸ਼ੀਲ ਹਨ।

ਦੂਜੀ ਵਿਸ਼ਵ ਜੰਗ ਤੋਂ ਪਿੱਛੋਂ ਦੋ ਮਹਾਂਸ਼ਕਤੀਆਂ ਉੱਭਰ ਕੇ ਆਈਆਂ। ਇੱਕ ਧੜਾ ਅਮਰੀਕੀ ਨਿੱਜੀ ਮਲਕੀਅਤ ਸਰਮਾਏਦਾਰੀ ਨਿਜ਼ਾਮ ਦਾ ਅਤੇ ਦੂਜਾ ਧੜਾ ਕੁੱਲ ਸਰਕਾਰੀ ਮਲਕੀਅਤ ਜਾਂ ਸਮਾਜਵਾਦੀ ਸੋਵੀਅਤ ਸੰਘ ਦਾ। 1939-45 ਦੀ ਵਿਸ਼ਵ ਜੰਗ ਵਿੱਚ 13 ਫੀਸਦੀ ਰੂਸੀ ਲੋਕ ਮਾਰੇ ਗਏ ਸਨ ਅਤੇ ਉਸ ਦਾ ਯੋਰਪੀ ਭਾਗ ਲੜਾਈ ਨਾ਼ਲ ਤਹਿਸ-ਨਹਿਸ ਹੋ ਚੁੱਕਿਆ ਸੀ। ਅਮਰੀਕਨ ਅਤੇ ਰੂਸੀ ਧੜਿਆਂ ਵਿਚਕਾਰ ਖਿੱਚੋਤਾਣ ਅਤੇ ਹਥਿਆਰਾਂ ਦੀ ਦੌੜ ਚਾਲੂ ਹੋ ਗਈ। ਅਮਰੀਕਾ ਨੇ ਅਮਲੀ ਤੌਰ ਉੱਤੇ ਜਾਪਾਨ ਦੇ ਦੋ ਸ਼ਹਿਰ ਐਟਮ ਬੰਬ ਦੇ ਨਾ਼ਲ ਉਡਾਏ ਹੋਏ ਸਨ। ਉਸਦੇ ਫ਼ੌਜੀ ਅਤੇ ਸਿਆਸੀ ਨੇਤਾ ਹਰਦਮ ਸੋਵੀਅਤ ਸੰਘ ਨੂੰ ਮਿਟਾਉਣਾ ਮੰਗਦੇ ਸਨ, ਪਰ ਅੱਜ ਦੇ ਗਰੀਬ ਦੇਸ਼ ਉੱਤਰੀ ਕੋਰੀਆ ਵਾਂਗ ਉਸ ਸਮੇਂ ਦੇ ਕੰਗਾਲ ਸੋਵੀਅਤ ਸੰਘ ਨੇ ਵੀ ਐਟਮ ਬੰਬ (1949) ਅਤੇ ਅਮਰੀਕਾ ਤੋਂ ਇੱਕ ਸਾਲ ਪਿੱਛੋਂ 1953 ਵਿੱਚ ਹਾਈਡ੍ਰੋਜਨ ਬੰਬ ਦਾ ਸਫ਼ਲ ਟੈਸਟ ਕਰ ਦਿੱਤਾ। ਸੋਵੀਅਤ ਸੰਘ ਨੇ ਸਭ ਤੋਂ ਪਹਿਲਾਂ ਧਰਤੀ ਦਾ ਉਪ-ਗ੍ਰਹਿ ਛੱਡ ਦਿੱਤਾ। 1949 ਵਿੱਚ ਜਾਪਾਨ ਤੋਂ ਮੁਕਤੀ ਹਾਸਲ ਕਰਨ ਵਾਲੇ ਉੱਤਰੀ ਕੋਰੀਆ ਉੱਤੇ ਅਮਰੀਕੀ ਹਮਲਾ ਕੀਤਾ ਗਿਆ। ਜਦੋਂ ਅਮਰੀਕਾ ਸਫ਼ਲਤਾ ਦੇ ਬਹੁਤ ਨੇੜੇ ਸੀ ਤਾਂ ਯਾਲੂ ਦਰਿਆ ਪਾਰੋਂ ਚੀਨੀ ਫ਼ੌਜਾਂ ਦਾਖ਼ਲ ਹੋਈਆਂ ਅਤੇ ਹਮਲਾਵਰ ਦੇ ਛੱਕੇ ਛੁਡਾ ਦਿੱਤੇ। ਅਮਰੀਕਨ ਲੋਕਾਂ ਨੂੰ ਇਹ ਜੰਗ ਕਮਿਊਨਿਜ਼ਮ ਨੂੰ ਰੋਕਣ ਲਈ ਦੱਸੀ ਗਈ ਸੀ। 1953 ਤੋਂ ਕੋਰੀਆ ਵਿੱਚ ਜੰਗਬੰਦੀ ਹੈ, ਪਰ ਫ਼ੌਜਾਂ ਦੋ ਪਾਸੇ ਤਿਆਰ-ਬਰ-ਤਿਆਰ ਖੜੀਆਂ ਹਨ। ਵੀਅਤਨਾਮ ਵਿੱਚ ਫ਼ਰਾਂਸ ਦਾ ਚਿਰਾਂ ਤੋਂ ਕਬਜ਼ਾ ਸੀ। ਦੂਜੀ ਵਿਸ਼ਵ ਜੰਗ ਪਿੱਛੋਂ ਫ਼ਰਾਂਸ ਨੇ ਅਪਣਾ ਕਬਜ਼ਾ ਜਾਰੀ ਰੱਖਿਆ ਜਦ ਕਿ ਸਭ ਪਾਸੇ ਬਸਤੀਵਾਦ ਦਾ ਖ਼ਾਤਮਾ ਹੋ ਰਿਹਾ ਸੀ। ਹੋਚੀ ਮਿੰਨ੍ਹ ਦੀ ਕਿਸਾਨ ਗੁਰੀਲਾ ਫ਼ੌਜ ਨੇ ਫ਼ਰਾਂਸੀਸੀ ਫ਼ੌਜ ਦੇ ਗੋਡੇ ਲਵਾ ਦਿੱਤੇ ਅਤੇ ਵੀਅਤਨਾਮ ਆਜ਼ਾਦ ਕਰ ਲਿਆ। 1964 ਵਿੱਚ ਅਮਰੀਕਾ ਨੇ ਫ਼ਰਾਂਸੀਸੀ ਹਾਰ ਨੂੰ ਸਰਮਾਏਦਾਰੀ ਧੜ੍ਹੇ ਦੀ ਹੇਠੀ ਮੰਨ ਕੇ ਅਪਣੇ ਸਿੰਗ ਫਸਾ ਦਿੱਤੇ। ਕਰੀਬ ਦਸ ਸਾਲ ਵੀਅਤਨਾਮ ਅੰਦਰ ਅਮਰੀਕੀ ਹਮਲਾ ਜਾਰੀ ਰਿਹਾ। ਅਖ਼ੀਰ ਉਸਨੂੰ ਧੱਕੇ ਖਾ ਕੇ ਨਿਕਲਣਾ ਪਿਆ। ਹੋ ਚੀ ਮਿੰਨ੍ਹ ਦੀ ਪੇਂਡੂ ਕਿਸਾਨੀ ਫ਼ੌਜ ਕੀ ਸੀ, ਜੇ ਉਸਦੇ ਪਿੱਛੇ ਰੂਸੀ ਮੱਦਦ ਨਾ ਹੁੰਦੀ। ਅਮਰੀਕਨ ਦੈਂਤ ਨੇ ਤਾਂ ਕੇਵਲ ਹਾਰ ਹੀ ਖਾਧੀ ਅਤੇ ਉਹ ਵਾਪਸ ਅਪਣੇ ਖ਼ੁਸ਼ਹਾਲ ਦੇਸ਼ ਅਮਰੀਕਾ ਪਰਤ ਗਿਆ, ਪਰ ਗ਼ਰੀਬ ਸੋਵੀਅਤ ਸੰਘ ਮੱਦਦ ਕਰਦਾ ਹੋਇਆ ਆਪ ਖ਼ੋਖਲਾ ਹੋ ਗਿਆ।

ਵੀਅਤਨਾਮੀ ਦ਼ਲਦ਼ਲ ਵਿੱਚੋਂ ਮਾਰ ਖਾ ਕੇ ਅਮਰੀਕਾ ਨੇ ਅਗਲੀ ਚਾਲ ਸੋਵੀਅਤ ਅਸਰ ਰਸੂਖ ਵਾਲੇ ਦੇਸ਼ ਅਫ਼ਗਾਨਿਸਤਾਨ ਦੇ ਅੰਦਰ ਚੱਲੀ। ਪਾਕਿਸਤਾਨ ਦੇ ਅੰਦਰ ਸਿਖਲਾਈ ਪਾਏ 'ਦੇਸ਼ ਭਗਤਾਂ' ਨੇ ਅਫ਼ਗਾਨੀ ਸਰਕਾਰ ਨਾ਼ਲ ਲੋਹਾ ਲੈਣਾ ਸ਼ੁਰੂ ਕੀਤਾ। ਰੂਸੀਆਂ ਨੂੰ ਮਜ਼ਬੂਰ ਹੋ ਕੇ ਅਪਣੀਆਂ ਫ਼ੌਜਾਂ ਅਫ਼ਗਾਨਿਸਤਾਨ ਅੰਦਰ ਘੱਲਣੀਆਂ ਪਈਆਂ। ਅਮਰੀਕਾ ਦੇ ਤਿਆਰ ਤੇ ਲੈਸ ਕੀਤੇ ਦੇਸ਼ ਭਗਤਾਂ ਨੇ ਵੀਅਤਨਾਮ ਦਾ ਬਦਲਾ ਲੈ ਲਿਆ ਅਤੇ ਸੋਵੀਅਤ ਸੰਘ ਨੂੰ ਬੇਇੱਜ਼ਤ ਹੋ ਕੇ ਓਥੋਂ ਨਿਕਲਣਾ ਪਿਆ। ਦਰਅਸਲ ਅਫ਼ਗਾਨਿਸਤਾਨ ਦੀ ਜੰਗ ਨੇ ਸੋਵੀਅਤ ਦਾ ਵਿੱਤੀ ਲਹੂ ਚੂਸ ਲਿਆ। ਅਮਰੀਕਾ ਲਈ ਵੀਅਤਨਾਮੀ ਖ਼ਰਚਾ ਮਾਮੂਲੀ ਚੀਜ਼ ਸੀ।

ਅੱਜ ਤੋਂ ਵੀਹ ਸਾਲ ਪਹਿਲਾਂ ਸੋਵੀਅਤ ਸੰਘ ਖੇਰੂੰ-ਖੇਰੂੰ ਹੋ ਗਿਆ। ਆਰਥਕ ਮੰਦੀ ਨੇ ਮੁਸੀਬਤਾਂ ਪਾਈਆਂ। ਉਸਦਾ ਅਰਥਚਾਰਾ ਬੇਅੰਤ ਸਰਮਾਏਦਾਰੀ ਗਿੱਧਾਂ ਨੋਚ ਕੇ ਲੈ ਗਈਆਂ। ਉਸਦੇ ਇੱਕ ਤਿਹਾਈ ਚੋਟੀ ਦੇ ਸਾਇੰਸਦਾਨ ਦੂਜਿਆਂ ਦੇਸ਼ਾਂ ਨੂੰ ਚਲੇ ਗਏ। ਇਸ ਨਿਘਾਰ ਵਿੱਚ ਨਵੀਂ ਰੂਸੀ-ਸਾਂਝ ਦੇ ਗੁਟ ਨੇ ਜਨਮ ਲਿਆ, ਜਿਸ ਨੇ ਜਿਵੇਂ ਕਿਵੇਂ ਇੱਕ ਵਾਰ ਫਿਰ ਲੱਕ ਸਿੱਧਾ ਕੀਤਾ ਅਤੇ ਬੇਅੰਤ ਔਖੀਆਂ ਘਾਟੀਆਂ ਵਿੱਚੋਂ ਲੰਘ ਕੇ ਮਸਾਂ ਹੁਣ ਜਾ ਕੇ ਸੁਰੱਖਿਅਤ ਮਹਿਸੂਸ ਕੀਤਾ ਹੈ।

ਸੋਵੀਅਤ ਸੰਘ ਦਾ ਢਹਿ ਢੇਰੀ ਹੋਣਾ ਅਤੇ ਅਸੰਭਵ ਜਿਹੀਆਂ ਸਥਿਤੀਆਂ ਵਿੱਚ ਉਸ ਦਾ ਕੁੱਲ ਅਮਰੀਕਨ ਦਬਾਅ ਦੇ ਬਾਵਜੂਦ ਇੱਕ ਨਵੇਂ ਰੂਪ ਵਿੱਚ ਮੁੜ ਉੱਭਰ ਕੇ ਖੜ੍ਹੇ ਹੋ ਜਾਣਾ, ਇੱਕ ਬੇਅੰਤ ਅਚੰਭੇ ਵਾਲੀ ਗੱਲ ਹੈ।

1991 ਵਿੱਚ ਸੋਵੀਅਤ ਰੂਸ ਦੇ ਬਖ਼ੀਏ ਉਧੇੜਣ ਵਿੱਚ ਅਮਰੀਕਾ ਦਾ ਅੰਦਰਖ਼ਾਤੇ ਬਹੁਤ ਵੱਡਾ ਹੱਥ ਸੀ ਅਤੇ ਇੱਕ ਬਹੁਤ ਵੱਡੀ ਜਿੱਤ ਸੀ, ਜਿਸ ਨੇ ਉਸ ਦੇ ਪਿਛਲੇ ਸਾਰੇ ਧੋਣੇ ਧੋ ਦਿੱਤੇ ਅਤੇ ਉਹ ਧਰਤੀ ਉੱਤੇ ਕੱਲਮ-ਕੱਲੀ ਮਹਾਂਸ਼ਕਤੀ ਬਣ ਕੇ ਰਹਿ ਗਿਆ। ਏਸ ਮਹਾਂਸ਼ਕਤੀ ਦੇ ਅੰਦਰ ਸੰਭਾਵਨਾ ਸੀ ਕਿ ਉਹ ਵਿਸ਼ਵ ਦੀ ਸਰਦਾਰੀ, ਅਮਨ ਅਤੇ ਬਰਾਬਰੀ ਦੇ ਭਾਈਚਾਰੇ ਅਤੇ ਸਰਬੱਤ ਦੇ ਭਲੇ ਲਈ ਵਰਤਦਾ। ਮੰਦੇ ਭਾਗਾਂ ਨੂੰ ਇਸਦੀ ਮਨੋਬਿਰਤੀ ਸਾਮਰਾਜੀ ਕਬਜ਼ੇ ਅਤੇ ਲੁੱਟ ਖਸੁੱਟ ਦੀਆਂ ਲੀਹਾਂ ਦੇ ਉੱਤੇ ਹੀ ਟਿਕੀ ਰਹੀ। ਇਸ ਦੀਆਂ ਤਾਂ ਗੋਂਦਾਂ ਹੀ ਹੋਰ ਸਨ।

ਅਮਰੀਕਾ ਪਤਾ ਨਹੀਂ ਕਿਹੜੇ ਭੂਤ ਦੇ ਵੱਸ ਹੈ? ਜਿੰਨੇ ਓਥੋਂ ਦੇ ਲੋਕ ਮਿਹਨਤੀ ਅਤੇ ਅਮਨ ਪਸੰਦ ਜਾਪਦੇ ਹਨ, ਓਨੀਆਂ ਹੀ ਓਥੋਂ ਦੀਆਂ ਸਰਕਾਰਾਂ ਨੇ ਪਿਛਲੇ ਡੇਢ ਸੌ ਸਾਲ ਅੰਦਰ ਸੌ ਤੋਂ ਵੱਧ ਦੇਸਾਂ ਅੰਦਰ ਦਖ਼ਲ ਅੰਦਾਜ਼ੀ ਕਰਕੇ ਜਾਂ ਰਾਜ ਪਲਟੇ ਕੀਤੇ ਹਨ ਜਾਂ ਆਪ ਸਿੱਧੀ ਤਬਾਹੀ ਕੀਤੀ ਹੈ ਜਾਂ ਅਪਣੇ ਥਾਪੇ ਹੋਏ ਹੱਥ ਠੋਕਿਆਂ ਤੋਂ ਨਰ-ਸੰਘਾਰ ਕਰਵਾਇਆ ਹੈ। ਹਰ ਥਾਂ ਨਿਸ਼ਾਨਾ ਇੱਕੋ ਹੀ ਰਿਹਾ ਹੈ-ਉਹਨਾਂ ਦੇਸਾਂ ਦੇ ਧਰਤੀ ਮਾਂ ਦੇ ਵਸੀਲਿਆਂ ਅਤੇ ਵੱਸੋਂ ਉੱਤੇ ਅਮਰੀਕਨ ਕੰਪਨੀਆਂ ਦਾ ਪੂਰਾ ਦਬਦਬਾ ਹੋਵੇ ਤਾਂ ਜੋ ਉਹ ਕੁਦਰਤ ਦੀਆਂ ਨਾਯਾਬ ਦਾਤਾਂ ਦੀ ਪੂਰੀ ਤਰ੍ਹਾਂ ਲੁੱਟ ਕਰ ਸਕਣ। ਸਿੱਧੀਆਂ ਬਸਤੀਆਂ ਬਣਾ ਕੇ ਸਿਰ ਦਰਦੀ ਮੁੱਲ ਲੈਣ ਦੀ ਥਾਂ ਅਜਿਹੀ ਖ਼ੁਦਮੁਖਤਿਆਰੀ ਬਖ਼ਸ਼ ਦੇਣ ਜਿਸ ਦੀਆਂ ਤਣਾਵਾਂ ਅਪਣੇ ਹੱਥ ਅੰਦਰ ਰਹਿਣ। ਏਸ ਤਰ੍ਹਾਂ ਦੇ ਨਿਜ਼ਾਮਾਂ ਦੇ ਸਿਸਟਮ ਨੂੰ 'ਨਵ-ਬਸਤੀਵਾਦ' ਕਿਹਾ ਜਾਂਦਾ ਹੈ। ਤੀਜੀ ਦੁਨੀਆ ਦੇ ਤਾਜ਼ਾ ਆਜ਼ਾਦ ਹੋਏ ਬਹੁਤੇ ਦੇਸ਼ ਏਸ ਚੂਹਾ-ਕੜਿੱਕੀ ਵਿੱਚ ਫਸੇ ਹੋਏ ਹਨ।

ਏਸੇ ਸਿਲਸਿਲੇ ਨੂੰ ਲੰਬੇ ਸਮੇਂ ਤੋਂ ਜਾਰੀ ਰੱਖਦੇ ਹੋਏ ਰੂਸ ਦੇ ਢਿੱਲੇ ਮੱਠੇ ਹੁੰਦਿਆਂ ਹੀ ਪ੍ਰਸਾਰ ਦੀ ਇੱਕ ਨਵੀਂ ਨੀਤੀ ਖੁੱਲ੍ਹ ਕੇ ਬੇਖੌਫ਼ ਹੋ ਕੇ ਜ਼ਾਹਿਰ ਕਰ ਦਿੱਤੀ ਗਈ। ਇਹ ਸੀ ਨਵੀਂ ਸੈਂਚਰੀ ਲਈ ਨਵੀਂ ਅਮਰੀਕਨ ਨੀਤੀ। ਇਸ ਅਨੁਸਾਰ ਸਾਲ 2020 ਤੱਕ ਅਮਰੀਕਾ ਨੇ ਧਰਤੀ, ਸਮੁੰਦਰ, ਹਵਾ ਅਤੇ ਖ਼ਲਾਅ ਦੇ ਅੰਦਰ ਮੁਕੰਮਲ ਸਰਦਾਰੀ ਕਰਨੀ ਹੈ ਅਤੇ ਕੁੱਲ ਦੁਨੀਆ ਦੇ ਦੇਸ਼ਾਂ ਨੂੰ ਅਪਣੇ ਅੰਗੂਠੇ ਹੇਠਾਂ ਰੱਖਣਾ ਹੈ। ਇੱਕ ਸਵਾਲ ਪੈਦਾ ਹੋਇਆ ਜਿਵੇਂ ਕਿ ਹਰ ਨਵੀਂ ਸ਼ੁਰੂ ਕੀਤੀ ਜਾਣ ਵਾਲੀ ਜੰਗ ਸਮੇਂ ਹੁੰਦਾ ਹੈ ਕਿ ਅਮਰੀਕੀ ਜਨ ਸਾਧਾਰਨ ਨੂੰ ਏਸ ਨੀਤੀ ਉੱਤੇ ਰਜ਼ਾਮੰਦ ਕਰ ਕੇ ਨਾ਼ਲ ਕਿਵੇਂ ਤੋਰਿਆ ਜਾਵੇ?

ਸਾਮਰਾਜੀ ਨੀਤੀਆਂ ਨੂੰ ਚਾਲੂ ਕਰਨ ਅਤੇ ਸਿਰੇ ਚੜ੍ਹਾਉਣ ਲਈ ਨਿਰੇ-ਪੁਰੇ ਪ੍ਰਧਾਨ ਦੇ ਬਿਆਨ ਕੰਮ ਨਹੀਂ ਆਉਂਦੇ।ੁਹ ਤਾਂ ਕੁੱਝ ਸਾਲਾਂ ਲਈ ਸਾਮਰਾਜ ਦਾ ਅਪਣਾ ਥਾਪਿਆ ਇੱਕ ਮੁਹਰਾ ਹੁੰਦਾ ਹੈ। ਨੀਤੀਆਂ ਪ੍ਰਧਾਨ ਨਹੀਂ ਬਣਾਉਂਦਾ,ੳਸ ਲਈ ਪਹਿਲਾਂ ਹੀ ਬਣਾਈਆਂ ਜਾਂ ਬਣ ਰਹੀਆਂ ਹੁੰਦੀਆਂ ਹਨ। ਉਸਦੇ ਬਿਆਨ ਓਪਰੀ ਸ਼ੋਅ-ਬਾਜ਼ੀ ਦਾ ਹਿੱਸਾ ਹੁੰਦੇ ਹਨ। ਕੁੱਲ ਅਮਰੀਕਨ ਲੋਕ ਅਤੇ ਸੰਸਾਰ ਜਾਣਦਾ ਹੈ ਕਿ ਪ੍ਰਧਾਨ ਬੁਸ਼ ਜਿਹੇ ਬੇਥਵੇ ਅਤੇ ਝੂਠੇ ਬਿਆਨ ਸਦਾ ਅਚੰਭੇ ਦਾ ਕਾਰਨ ਬਣੇ ਰਹਿੰਦੇ ਸਨ। ਸਾਮਰਾਜੀ ਭਾਈਵਾਲ ਮੀਡੀਆ ਆਪੇ ਹੀ ਸਭ ਅੱਛਾ ਕਰਕੇ ਠੀਕ-ਠਾਕ ਕਰ ਲੈਂਦਾ ਹੈ।

ਹਰ ਅਮਰੀਕਨ ਪ੍ਰਧਾਨ ਦਰਜਾ-ਬਦਰਜਾ ਮਿੱਥੀ ਯੋਜਨਾ ਅਨੁਸਾਰ ਸਾਮਰਾਜੀ ਏਜੰਡਾ ਵੱਖ-ਵੱਖ ਦੇਸ਼ਾਂ ਅੰਦਰ ਵੱਖ-ਵੱਖ ਪੜ੍ਹਾਵਾਂ ਉੱਤੇ ਵਧਾਈ ਜਾਂਦਾ ਸੀ। ਪਿਛਲੇ ਸਭ ਪ੍ਰਧਾਨਾਂ ਅਤੇ ਉਹਨਾਂ ਦੇ ਨਿਕਟੀਆਂ ਨੂੰ ਤਰੱਕੀ ਦੀ ਸੜਕ ਦਾ ਪੂਰਾ ਗਿਆਨ ਸੀ ਅਤੇ ਭੇਤ ਸੰਭਾਲ ਕੇ ਰੱਖਣ ਲਈ ਸਹੁੰ-ਬੱਧ ਸਨ। ਜਦੋਂ ਪ੍ਰਧਾਨ ਬੁਸ਼ ਆਇਆ ਤਾਂ ਉਸਦੇ ਹਿੱਸੇ ਸੀ ਵਿਸ਼ਵ ਵਪਾਰ ਕੇਂਦਰ ਦੀ ਤਬਾਹੀ ਦੀ ਘਟਨਾ, ਜਿਸਦੇ ਨਾ਼ਲ ਸਭ ਅਮਨ ਪਸੰਦ ਅਮਰੀਕਨ ਲੋਕਾਂ ਦੇ ਅੰਦਰ ਅਤਿਅੰਤ ਡਰ ਅਤੇ ਨਾ਼ਲ ਹੀ ਬਦਲੇ ਦੀ ਭਾਵਨਾ ਉਜਾਗਰ ਹੋ ਜਾਵੇ। ਇਹ ਹਾਦਸਾ ਕੋਈ ਇੱਕ ਦਿਨ ਵਿੱਚ ਨਹੀਂ ਤਿਆਰ ਕੀਤਾ ਗਿਆ। ਲੰਮੀ ਸਾਮਰਾਜੀ ਸਕੀਮ ਅੰਦਰ ਇਸਨੂੰ ਤਿਆਰ ਕਰਨ ਅਤੇ ਸਿਖ਼ਰ 'ਤੇ ਪਹੁੰਚਾਉਣ ਲਈ ਕਰੀਬ 25 ਸਾਲ ਲੱਗ ਗਏ ਸਨ। ਜਦੋਂ ਇਹ ਹਾਦਸਾ ਕੀਤਾ ਗਿਆ ਅਤੇ ਬਾਰ-ਬਾਰ ਟੀ.ਵੀ. ਉੱਤੇ ਵਿਖਾਇਆ ਗਿਆ ਤਾਂ ਦੋਸ਼ ਮੱਧ ਏਸ਼ੀਆ ਦੇ ਵਾਸੀਆਂ ਉੱਤੇ ਸੁੱਟਿਆ ਗਿਆ। ਨਾ਼ਲ ਹੀ ਨਾ਼ਲ ਅਫਗਾਨਿਸਤਾਨ ਅਤੇ ਫਿਰ ਇਰਾਕ ਦੇ ਉੱਤੇ ਜੰਗ ਸ਼ੁਰੂ ਕਰ ਦਿੱਤੀ ਗਈ, ਜੋ ਅੱਠ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਜਾਰੀ ਹੈ। ਪਾਕਿਸਤਾਨ ਅੰਦਰ ਵੀ ਸੇਕ ਪਹੁੰਚਣਾ ਸ਼ੁਰੂ ਹੋ ਗਿਆ ਹੈ। ਇਰਾਨ ਦੇ ਉੱਤੇ ਹਮਲੇ ਦੀਆਂ ਤਿਆਰੀਆਂ ਹੋ ਰਹੀਆਂ ਹਨ।

ਸਾਮਰਾਜੀ ਜੰਗਬਾਜ਼ਾਂ ਨੂੰ ਨਕੇਲ ਪਾ ਸਕਣ ਵਾਲੀ ਅਮਰੀਕਨ ਪਬਲਿਕ ਨੂੰ ਆਪ ਬੇਅੰਤ ਕਾਨੂੰਨਾਂ ਦੇ ਨਾ਼ਲ ਨਕੇਲ ਪਾ ਦਿੱਤੀ ਗਈ ਹੈ।

ਅੱਠ ਸਾਲਾਂ ਦੀਆਂ ਜੰਗਾਂ ਅਤੇ ਅੱਗੋਂ ਆਉਂਦੀਆਂ ਜ਼ੰਗਾਂ ਦੀਆਂ ਤਿਆਰੀਆਂ ਨੇ ਅਮਰੀਕਾ ਵਰਗੀ ਮਹਾਨ ਆਰਥਕ ਸ਼ਕਤੀ ਨੂੰ ਖ਼ੋਖਲਾ ਕਰਕੇ ਰੱਖ ਦਿੱਤਾ ਹੈ। ਅਮਰੀਕਾ ਦੇ ਨਾ਼ਲ-ਨਾ਼ਲ ਬੇਅੰਤ ਦੇਸ਼ ਆਰਥਕ ਮੰਦੀ ਦਾ ਸ਼ਿਕਾਰ ਹੋ ਰਹੇ ਹਨ। ਹਾਲਾਂ ਤਾਂ ਸ਼ੁਰੂਆਤ ਹੈ, ਅੱਗੋਂ ਵੇਖਣਾ ਕੀ ਹੁੰਦਾ ਹੈ? ਬੜੇ ਦੇਸ਼ ਜਿਹਨਾਂ ਵਿੱਚ ਖ਼ਾਸ ਕਰ ਰੂਸ ਮੋਢੀ ਹੋਵੇਗਾ, ਇਹ ਦਿਲੋਂ ਚਾਹੁੰਦੇ ਹੋਣਗੇ ਕਿ ਅਮਰੀਕਾ ਅਪਣੀਆਂ ਜੰਗਾਂ ਵਿੱਚ ਲਗਾਤਾਰ ਉਲਝਿਆ ਰਹੇ ਅਤੇ ਹੋਰ ਹੀ ਹੋਰ ਨਿਤਾਣਾ ਹੁੰਦਾ ਜਾਵੇ। ਰੂਸ ਨੇ ਤਾਂ ਫ਼ੌਜੀ ਸਮਾਨ ਅਫਗਾਨਿਸਤਾਨ ਅੰਦਰ ਲਿਜਾਣ ਲਈ ਅਪਣੇ ਦੇਸ਼ ਅੰਦਰੋਂ ਲਾਂਘਾ ਵੀ ਦਿੱਤਾ ਹੋਇਆ ਹੈ। ਯਾਦ ਰਹੇ ਕਿ ਅੱਜ ਦਾ ਰੂਸ ਪਹਿਲਾਂ ਵਾਲੇ ਸੋਵੀਅਤ ਸੰਘ ਨਾਲੋਂ ਵੱਖਰਾ ਹੈ। ਇਹ ਦੇਸ਼ ਕਿਸੇ ਹੋਰ ਦੇਸ਼ ਦੀ ਰੱਖਿਆ ਕਰਨ ਲਈ ਅਪਣੀ ਗਰਦਨ ਅੱਗੇ ਕਰਨ ਵਾਲਾ ਨਹੀਂ ਹੈ।

ਬਹੁਬਲੀ ਸਮਰਾਟ ਲਈ ਅਪਣੇ ਲੋਹ ਲਸ਼ਕਰ ਨਾ਼ਲ ਕੁੱਲ ਧਰਤੀ ਨੂੰ ਰੌਂਦ ਦੇਣਾ, ਕੋਈ ਮੁਸ਼ਕਲ ਗੱਲ ਨਹੀਂ ਹੈ। ਧਰਤੀ ਤੋਂ ਜੀਵਨ ਦਾ ਸਦਾ ਲਈ ਬੀਜ ਨਾਸ਼ ਕਰਨ ਦੀ ਸ਼ਕਤੀ ਹੈ, ਪਰ ਕੁਰਸੀਆਂ ਉੱਤੇ ਧਰਤੀ ਦੀ ਕਿਸਮਤ ਦਾ ਫ਼ੈਸਲਾ ਕਰਨ ਵਾਲਿਆਂ ਨੂੰ ਇਹ ਖ਼ਿਆਲ ਨਹੀਂ ਕਿ ਹਰ ਦੇਸ਼ ਦਾ ਇਨਸਾਨ ਸੋਚਣ ਦੀ ਸ਼ਕਤੀ ਰੱਖਦਾ ਹੈ। ਨਾ਼ਲ ਹੀ ਕੁੱਲ ਸਾਮਰਾਜੀ ਸਕੀਮਾਂ ਉੱਤੇ ਪਾਣੀ ਫੇਰ ਦੇਣ ਲਈ ਉਸਦੇ ਅੰਦਰ ਅਪਣੀ ਜਾਨ ਵੀ ਨਿਛਾਵਰ ਕਰਨ ਦਾ ਸਾਹਸ ਰੱਖਦਾ ਹੈ। ਸਾਮਰਾਜੀ ਕਾਰੇ ਜਿਸ ਨੂੰ ਕਾਮਯਾਬੀ ਉੱਤੇ ਕਾਮਯਾਬੀ ਦੇ ਸਿਹਰੇ ਪਾਏ ਜਾ ਰਹੇ ਹਨ, ਪੂਰਨ ਛਲਾਵਾ ਹਨ। ਅਸਲੀਅਤ ਇਹ ਹੈ ਕਿ ਸਾਮਰਾਜੀ ਫ਼ੌਜਾਂ ਜਾਨ ਉੱਤੇ ਖੇਡ ਜਾਣ ਵਾਲੀ ਲੋਕਾਈ ਦੀ ਦ਼ਲਦ਼ਲ ਵਿੱਚ ਫਸ ਗਈਆਂ ਹਨ, ਜਿੱਥੋਂ ਇਹ ਬਚ ਕੇ ਨਹੀਂ ਨਿਕਲ ਸਕਦੀਆਂ। ਏਥੇ ਓਹੀ ਕੁੱਝ ਹੋਣ ਵਾਲਾ ਹੈ, ਜੋ ਵੀਅਤਨਾਮ ਵਿੱਚ ਹੋਇਆ ਸੀ। ਸ਼ਾਇਦ ਓਸ ਤੋਂ ਵੀ ਬੁਰਾ ਹੋਵੇ।

ਇੱਕ ਵੱਡਾ ਸਵਾਲ ਉੱਠਦਾ ਹੈ, ਜੰਗਾਂ ਨੂੰ ਹਵਾ ਦੇਣ ਵਾਲੇ ਨੇਤਾ ਅਮਰੀਕਾ ਦੇ ਦੇਸ਼ ਭਗਤ ਜਾਂ ਦੇਸ਼ ਧ੍ਰੋਹੀ? ਉਹ ਅੰਤਰਰਾਸ਼ਟਰੀ ਕਾਨੂੰਨ ਦੇ ਰਖਵਾਲੇ ਹਨ ਜਾਂ ਅੰਤਰਰਾਸ਼ਟਰੀ ਕਾਤਲ ਮੁਜਰਮ?

ਧਰਤੀ ਸਭ ਦੀ ਹੈ। ਏਸ ਮਾਂ ਉੱਤੇ ਲੋਕ ਲਕੀਰਾਂ ਨਹੀਂ ਹਨ, ਲਕੀਰਾਂ ਕੇਵਲ ਨਕਸ਼ਿਆਂ ਉੱਤੇ ਹਨ। ਮਾਂ ਦੇ ਦੁੱਧ ਦੇ ਖ਼ਜ਼ਾਨੇ ਹਰ ਜਾਨਦਾਰ ਜੀਵ ਲਈ ਹਨ, ਸਾਮਰਾਜਾਂ ਕਾਰਪੋਰੇਸ਼ਨਾਂ ਦੀ ਮਲਕੀਅਤ ਨਹੀਂ। ਮਾਂ ਦੇ ਬੇਅੰਤ ਬੱਚਿਆਂ ਨੇ ਮਾਂ ਦੇ ਦੁੱਧ ਦੀ ਲਾਜ ਰੱਖ ਲੈਣੀ ਹੈ। ਮਾਂ ਦੀ ਕੁੱਖ ਨੋਚੀ ਨਹੀਂ ਜਾ ਸਕੇਗੀ। ਜੈ ਮਾਤਾ ਦੀ।


Ace Immigration Services

Bring your relatives to Canada in 6-12 months*

*Nurses, College & Polytechnic Teachers, Restaurant Managers and many more occupations eligible*

**Competent Services • Reasonable Fee**



**Avail our services for:**

Family Sponsorship • Work Permit
Point System • Business & Investor Class
Provincial Nominee • Study Permit • Nanny

**Shamsher Buttar**

Certified Canadian Immigration Consultant
Member CSIC

**Edmonton 780-465-6900**
**Toronto 1-416-740-3186**
**Email: ss_buttar@yahoo.com**

*some conditions apply

# ਜਿਹਨਾਂ ਕਾਰਨਾਂ ਅਤੇ ਪਿੱਠਭੂਮੀ ਨੇ ਨੀਲਾ ਤਾਰਾ ਸਾਕਾ ਕਰਵਾਇਆ ਸੀ; ਉਹਨਾਂ ਵਿੱਚ ਕੋਈ ਵੱਡੀ ਤਬਦੀਲੀ ਨਹੀਂ

**ਜਸਪਾਲ ਸਿੰਘ ਸਿੱਧੂ**



ਭਾਵੇਂ ਚੌਥਾ ਹਿੱਸਾ ਸਦੀ ਗੁਜ਼ਰਨ ਤੋਂ ਬਾਅਦ, ਦਰਬਾਰ ਸਾਹਿਬ, ਅੰਮ੍ਰਿਤਸਰ ਉੱਤੇ ਹੋਏ ਫ਼ੌਜੀ ਹਮਲੇ ਵਿੱਚੋਂ ਉਪਜੀਆਂ ਵਿਅਕਤੀਗਤ ਅਤੇ ਸਮੂਹਕ ਪੀੜਾਂ ਦੀ ਸ਼ਿੱਦਤ ਹੁਣ ਮੱਠੀ ਜ਼ਰੂਰ ਹੋ ਗਈ ਹੈ, ਪਰ ਨੀਲਾ ਤਾਰਾ ਸਾਕਾ ਦੀ ਬਰਬਰਤਾ, ਕਰੋਪੀ ਜਿਹੜੀ ਹਜ਼ਾਰਾਂ ਬੇਗੁਨਾਹ ਲੋਕਾਂ ਨੂੰ ਭਸਮ ਕਰ ਗਈ, ਹੁਣ ਸਿੱਖ ਇਤਿਹਾਸਕ ਸਿਮਰਤੀ ਦਾ ਹਿੱਸਾ ਬਣ ਗਈ ਹੈ।

ਯਾਨੀ, ਬਹੁਗਿਣਤੀ ਫਿਰਕੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾ ਕੇ, ਸਿਆਸਤ ਨੂੰ ਫਿਰਕਾਪ੍ਰਸਤੀ ਦੀ ਪੁੱਠ ਚਾੜ੍ਹ ਕੇ, ਘੱਟ ਗਿਣਤੀ ਭਾਈਚਾਰੇ ਅਲੱਗ-ਥਲੱਗ ਕਰਕੇ, ਸਰਕਾਰੀ ਸਾਧਨਾਂ ਅਤੇ ਮੀਡੀਆ ਦੀ ਦੁਰਵਰਤੋਂ ਕਰਕੇ, ਜੂਨ ਦੇ ਪਹਿਲੇ ਹਫ਼ਤੇ, 1984 ਵਿੱਚ ਇੱਕ ਨਾਟਕ ਸਟੇਜ ਕੀਤਾ ਗਿਆ ਸੀ ਤੇ ਸਾਰਾ ਦੇਸ਼ ਉਸ ਸਮੇਂ ਕਾਂਗਰਸ ਵੱਲੋਂ ਅਪਣਾਈਆਂ 'ਹਿੰਦੂਵਾਦੀ' ਨੀਤੀ ਦੀ ਘੁੰਮਣ-ਘੇਰੀ ਵਿੱਚ ਫਸ ਕੇ, ਇੰਦਰਾ ਗਾਂਧੀ ਦੀ ਪਿੱਠ ਉੱਤੇ ਆ ਖੜ੍ਹਿਆ ਸੀ ਪਰ ਮੋਟੇ ਤੌਰ ਉੱਤੇ ਉਹ ਸਾਰੇ 'ਨੱਟ-ਬੋਲਟ' ਅਤੇ ਸਿਆਸੀ ਸਾਜ਼ੋ-ਸਮਾਨ ਅਜੇ ਵੀ ਬਰਕਰਾਰ ਹੈ, ਸਗੋਂ ਭਾਜਪਾ ਉਸਨੂੰ ਸ਼ਿੱਦਤ ਨਾਲ਼ ਹੁਣ ਮੋਢਿਆਂ ਉੱਤੇ ਲੱਦੀ ਫਿਰਦੀ ਹੈ। ਜਿਸ ਕਰਕੇ ਹੁਣ ਵੀ ਲੋੜ ਪੈਣ ਉੱਤੇ ਨੀਲਾ ਤਾਰਾ ਸਾਕਾ ਤੋਂ ਪਹਿਲੀਆਂ ਹਾਲਤਾਂ ਨੂੰ ਫਿਰ ਖੜ੍ਹਾ ਕੀਤਾ ਜਾ ਸਕਦਾ ਹੈ।

ਇਸ ਪੱਖ ਉੱਤੇ ਘੱਟ ਹੀ ਲਿਖਿਆ ਅਤੇ ਵਿਚਾਰਿਆ ਗਿਆ ਹੈ ਭਾਵੇਂ ਬਾਹਲੇ ਵਰਤਾਰੇ ਤਾਂ ਬਹੁਤ ਲੋਕਾਂ ਸਾਹਮਣੇ ਵਾਪਰੇ ਅਤੇ 'ਰਿਕਾਰਡ' ਵੀ ਕੀਤੇ ਗਏ ਹਨ। ਜਿਵੇਂ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਉਹਨਾਂ ਦੀ ਦਮਦਮੀ ਟਕਸਾਲ ਦੀਆਂ ਕਾਰਵਾਈਆਂ, ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਅਕਾਲੀ ਮੋਰਚੇ ਦੌਰਾਨ 'ਮਰਜ਼ੀਵਾੜੇ ਵਲੰਟੀਅਰ' ਤਿਆਰ ਕਰਨਾ ਅਤੇ ਦੂਜੇ ਪਾਸੇ ਹਥਿਆਰਬੰਦ ਕਾਰਕੁੰਨਾ ਨੂੰ ਦਰਬਾਰ ਸਾਹਿਬ ਉੱਤੇ 'ਬਾਹਰੀ ਹਮਲੇ' ਦੇ ਮੁਕਾਬਲੇ ਲਈ ਤਿਆਰ ਕਰਨਾ ਆਦਿ ਸਭ ਨੂੰ ਜ਼ਾਹਰਾ ਵਾਕਿਆਤ ਹਨ ਅਤੇ ਅਭੁੱਲ ਸੱਚਾਈਆਂ ਹਨ, ਜਿਹਨਾਂ ਬਾਰੇ ਕਾਫ਼ੀ ਕੁੱਝ ਲਿਖਿਆ ਜਾ ਚੁੱਕਿਆ ਹੈ ਅਤੇ ਕਈ ਦਸਤਾਵੇਜ਼ੀ ਸਬੂਤ ਵੀ ਮੌਜੂਦ ਹਨ।

ਹਾਂ ਕਾਂਗਰਸ ਪਾਰਟੀ, ਜਿਸ ਨੇ ਬਲਿਊ ਸਟਾਰ ਸਾਕੇ ਤੋਂ 38-40 ਸਾਲ ਪਹਿਲਾਂ ਪੰਜਾਬ ਵਿੱਚ ਤਕਰੀਬਨ ਲਗਾਤਾਰ ਰਾਜ ਕੀਤਾ ਅਤੇ ਜਿਸ ਕਰਕੇ ਸੂਬੇ ਵਿੱਚ ਸਿਆਸੀ ਜਟਿਲਤਾ ਪੈਦਾ ਹੋਈ, ਦੀ ਲੀਡਰ ਸੋਨੀਆ ਗਾਂਧੀ ਨੇ ਫ਼ੌਜੀ ਹਮਲੇ ਤੋਂ 14 ਸਾਲ ਬਾਅਦ ਸਿੱਖ ਭਾਈਚਾਰੇ ਪ੍ਰਤੀ ਕੁੱਝ ਹਮਦਰਦੀ ਜਤਾ ਕੇ, ਮੁੜ ਸਿਆਸੀ ਸਾਂਝ ਪਾਉਣ ਦੀ ਕੋਸ਼ਿਸ਼ ਕੀਤੀ। 27 ਜਨਵਰੀ 1998 ਨੂੰ ਚੰਡੀਗੜ੍ਹ ਵਿਖੇ ਇੱਥੇ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਉਸ ਨੇ ਕਿਹਾ ਸੀ, ''ਜੋ ਕੁੱਝ ਛੇ ਜੂਨ ਕੋ ਹੂਆ ਉਸਕਾ ਮੁਝੇ ਦੁੱਖ ਹੈ।'' ਇਹ ਬੜੇ ਮਿਣੇ-ਤੋਲੇ ਸ਼ਬਦ ਸਨ ਜਿਸਨੂੰ ਕਾਂਗਰਸ ਪਾਰਟੀ ਵੱਲੋਂ ਅਫ਼ਸੋਸ ਦਾ ਪ੍ਰਗਟਾਵਾ ਨਹੀਂ ਕਿਹਾ ਜਾ ਸਕਦਾ। ਇਸ ਪਿੱਛੋਂ 2004 ਵਿੱਚ ਜਦੋਂ ਕਾਂਗਰਸ ਦੀ ਕੇਂਦਰ ਵਿੱਚ ਸਰਕਾਰ ਆਈ ਤਾਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਪਾਰਲੀਮੈਂਟ ਵਿੱਚ ਅਪਣੇ ਭਾਸ਼ਣ ਦੌਰਾਨ, ਨੀਲਾ ਤਾਰਾ ਸਾਕਾ ਦੇ ਸਬੰਧ ਵਿੱਚ 'ਮੁਆਫ਼ੀ ਮੰਗੀ' ਅਤੇ ਦਰਬਾਰ ਸਾਹਿਬ ਵਿੱਚ ਹੋਈਆਂ ਕਾਰਵਾਈਆਂ ਉੱਤੇ ਦੁੱਖ ਪ੍ਰਗਟ ਕੀਤਾ। ਖੈਰ, ਕਾਂਗਰਸ ਵੀ ਇਸ ਮੌਕੇ ਦੀ ਤਾਕ ਵਿੱਚ ਸੀ ਕਿ ਸਮੇਂ ਦੇ ਵਹਿਣ ਨਾਲ਼ ਸਿੱਖ ਭਾਈਚਾਰੇ ਨੂੰ ਲੱਗੀ ਭਾਵਨਾਤਮਕ ਚੋਟ ਕੁੱਝ ਸ਼ਾਂਤ ਹੋ ਜਾਵੇ, ਉਹਨਾਂ ਦੇ ਜ਼ਖਮਾਂ ਦੀ ਟੀਸ ਕੁੱਝ ਮੱਧਮ ਹੋ ਜਾਵੇ ਤਾਂ ਥੋੜ੍ਹੀ-ਬਹੁਤੀ ਮਲ੍ਹਮ ਲਾ ਕੇ, ਸਿਆਸੀ ਲਾਹਾ ਲਿਆ ਜਾ ਸਕਦਾ ਹੈ।

ਮਾਮਲਾ ਤਾਂ ਇਹ ਹੈ ਕਿ ਕਿਉਂ ਡਾ. ਮਨਮੋਹਨ ਸਿੰਘ ਵੱਲੋਂ ਹੀ ਸਿਰਫ਼ ਭਾਸ਼ਣ ਦੌਰਾਨ ਹੀ ਮੁਆਫ਼ੀ ਮੰਗਵਾਈ ਗਈ। ਭਾਵੇਂ ਉਹ ਦੇਸ਼ ਦੇ ਪ੍ਰਧਾਨ ਮੰਤਰੀ ਦੀ ਹੈਸੀਅਤ ਵਿੱਚ ਹੀ ਸੰਸਦ ਵਿੱਚ ਬੋਲ ਰਹੇ ਸਨ ਪਰ ਸਿੱਖ ਹੋਣ ਕਰਕੇ ਡਾ. ਮਨਮੋਹਨ ਸਿੰਘ ਦਾ ਮੁਆਫ਼ੀ ਮੰਗਣਾ ਅਪਣੇ 'ਮਨ' ਦੇ ਭਾਰ ਨੂੰ ਹੌ਼ਲਾ ਕਰਨਾ ਵੀ ਹੋ ਸਕਦਾ ਹੈ। ਇਹ ਐਵੇਂ ਮੀਨ ਮੇਖ ਕੱਢਣਾ ਨਹੀਂ, ਬਲਕਿ ਸਿਆਸੀ ਰਣਨੀਤੀ ਹੈ ਜਿਸ ਕਰਕੇ ਮੁਆਫ਼ੀ ਵੀ ਕਿਸੇ ਗ਼ੈਰ-ਸਿੱਖ ਭਾਰਤੀ ਨੇਤਾ ਤੋਂ ਨਹੀਂ ਮੰਗਵਾਈ ਗਈ। ਇਸ ਤੋਂ ਵੀ ਅੱਗੇ ਦਰਬਾਰ ਸਾਹਬ ਵਿੱਚ ਫ਼ੌਜਾਂ 'ਭਾਰਤੀ ਸਟੇਟ' ਨੇ ਭੇਜੀਆਂ ਸਨ ਭਾਵੇਂ ਸਰਕਾਰ-ਸਟੇਟ ਦੀ ਕਮਾਨ ਉਸ ਸਮੇਂ ਕਾਂਗਰਸ ਕੋਲ ਸੀ।

ਇਸ ਕਰਕੇ 'ਮੁਆਫ਼ੀ' ਸਮੁੱਚੀ ਸਟੇਟ ਵੱਲੋਂ ਮੰਗਣੀ ਬਣਦੀ ਹੈ ਜਾਂ ਇਹ ਕਹਿ ਲਵੋ ਕਿ ਸੰਸਦ ਵਿੱਚ ਕਾਂਗਰਸ ਨੂੰ ਮੁਆਫ਼ੀ ਦਾ ਮਤਾ ਲੈ ਕੇ ਆਉਣਾ ਚਾਹੀਦਾ ਸੀ ਕਿਉਂਕਿ ਪਾਰਲੀਮੈਂਟ ਹੀ ਭਾਰਤੀ ਸਟੇਟ ਦਾ ਅਸਲ ਪ੍ਰਤੀਨਿਧ ਪਲੇਟਫਾਰਮ ਹੈ, ਜਿੱਥੇ ਹਰ ਧਰਮ ਨਾਲ਼ ਸਬੰਧਤ ਰਾਜ ਕਰਨ ਵਾਲੀਆਂ ਅਤੇ ਵਿਰੋਧੀ ਪਾਰਟੀਆਂ ਦੀ ਸਮੁੱਚੀ ਸ਼ਮੂਲੀਅਤ ਹੁੰਦੀ ਹੈ ਅਤੇ ਇਸੇ ਕਿਸਮ ਦੀ ਮੁਆਫ਼ੀ ਦੀ ਦੁਨੀਆ ਵਿੱਚ ਠੋਸ ਉਦਾਹਰਣਾਂ ਹਨ ਜਿਵੇਂ ਜਪਾਨੀ ਬਾਦਸ਼ਾਹ (ਜਪਾਨੀ ਸਟੇਟ ਦਾ ਰਸਮੀ ਮੁਖੀ) ਨੇ ਅਪਣੀ ਫ਼ੌਜ ਵੱਲੋਂ ਦੂਜੇ ਮਹਾਂਯੁੱਧ ਦੌਰਾਨ ਕੋਰੀਆ ਦੀਆਂ ਔਰਤਾਂ ਦੀ ਸਮੂਹਿਕ ਬੇਪਤੀ ਦੀ ਮੁਆਫ਼ੀ ਮੰਗਣਾ ਅਤੇ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਵੱਲੋਂ ਉਸ ਦੇਸ਼ ਦੇ ਮੁੱਢਲੇ ਵਾਸੀਆਂ ਉੱਤੇ ਹੋਏ ਲੰਬੇ ਜਾਤੀ ਤਸ਼ੱਦਦ ਦੀ ਮੁਆਫ਼ੀ ਸੰਸਦ ਰਾਹੀਂ ਮੰਗਣਾ ਆਦਿ।

ਇਸ ਨਾਲ਼ ਇਹ ਜ਼ਿਕਰ ਵੀ ਕਰਨਾ ਬਣਦਾ ਹੈ ਕਿ 1998 ਤੋਂ ਬਾਅਦ ਛੇ ਸਾਲ ਤੱਕ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਨੇ ਕਦੇ ਵੀ ਬਲਿਊ ਸਟਾਰ ਅਪਰੇਸ਼ਨ ਦੀ ਨਿਖੇਧੀ ਸੰਸਦ ਵਿੱਚ ਨਹੀਂ ਕੀਤੀ। ਉਸ ਸਮੇਂ ਅਕਾਲੀ ਐਮ.ਪੀ.ਪ੍ਰੇਮ ਸਿੰਘ ਚੰਦੂਮਾਜਰਾ ਨੇ ਨਵੰਬਰ 1984 ਦੇ ਦਿੱਲੀ ਵਿੱਚ ਹੋਏ ਸਿੱਖ ਕਤਲੇਆਮ ਦੀ ਨਿਖੇਧੀ ਲਈ ਇਥੇ ਪ੍ਰਾਈਵੇਟ ਮੈਂਬਰ ਬਿਲ ਸੰਸਦ ਵਿੱਚ ਲਿਆਂਦਾ ਸੀ। ਬਿਲ ਉੱਤੇ ਗੱਲਬਾਤ ਚੱਲਣ ਤੋਂ ਪਹਿਲਾਂ ਹੀ ਉਸ ਸਮੇਂ ਦੇ ਪਾਰਲੀਮਾਨੀ ਮੰਤਰੀ, ਮਦਨ ਲਾਲ ਖੁਰਾਣਾ ਨੇ ਸ੍ਰੀ ਚੰਦੂਮਾਜਰਾ ਉੱਤੇ ਦਬਾਅ ਪਾ ਕੇ ਬਿਲ ਵਾਪਸ ਕਰਾ ਦਿੱਤਾ ਕਿ ਇਸ ਬਾਰੇ ਐਨ.ਡੀ.ਏ. ਸਰਕਾਰ ਪਹਿਲਾਂ ਇੱਕ ਸਮੁੱਚੀ ਰਾਏ ਬਣਾਏਗੀ। ਦਰਅਸਲ, ਕੇਂਦਰੀ ਸੰਸਦ ਦੀ ਗੱਲ ਛੱਡੋ, ਸਿਆਸੀ ਗਿਣਤੀਆਂ ਮਿਣਤੀਆਂ ਕਰਕੇ, ਬਲਿਊ ਸਟਾਰ ਅਪਰੇਸ਼ਨ ਅਤੇ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਵਿਰੋਧ ਵਿੱਚ ਤਾਂ ਪੰਜਾਬ ਅੰਸੈਂਬਲੀ ਵਿੱਚ ਬਹੁਮਤ ਰੱਖਦਿਆਂ ਸਿਆਸੀ ਪਾਰਟੀਆਂ ਨੇ ਵੀ ਕਿਸੇ ਤਰ੍ਹਾਂ ਦੀ ਕੋਈ ਪਹਿਲ-ਕਦਮੀ ਅੱਜ ਤੱਕ ਨਹੀਂ ਦਿਖਾਈ।

ਸੋਚਣ ਸਮਝਣ ਵਾਲੀ ਗੱਲ ਇਹ ਹੈ ਕਿ ਦਰਬਾਰ ਸਾਹਿਬ ਦੀ 'ਕੰਧ-ਨਾ਼ਲ-ਕੰਧ' ਲੱਗਦੇ ਜਲ੍ਹਿਆਂਵਾਲੇ ਬਾਗ਼ ਵਿੱਚ ਜਦੋਂ ਜਨਰਲ ਡਾਇਰ ਨੇ 1919 ਵਿੱਚ ਫ਼ੌਜੀ ਬਰਬਰਤਾ ਦਾ ਨੰਗਾ ਨਾਚ ਨਚਾਇਆ ਜਿਸ ਵਿੱਚ 400 ਦੇ ਨੇੜੇ-ਤੇੜੇ ਨਿਹੱਥੇ ਬੇ ਕਸੂਰ ਲੋਕ ਮਾਰੇ ਗਏ ਸਨ ਅਤੇ ਸੈਕੜੇ ਜ਼ਖ਼ਮੀ ਹੋ ਗਏ ਸਨ। ਉਸ ਉੱਤੇ ਵਿਦੇਸ਼ੀ ਸਾਮਰਾਜੀ ਅੰਗਰੇਜ਼ੀ ਸਰਕਾਰ ਨੇ, ਸਿਰਫ਼ ਦੁੱਖ ਪ੍ਰਗਟਾਵਾ ਹੀ ਨਹੀਂ ਕੀਤਾ ਸੀ, ਬਲਕਿ ਇੱਕ ਪੜਤਾਲੀਆ ਕਮਿਸ਼ਨ, ਜਿਸ ਨੂੰ ਹੰਟਰ ਪੈਨਲ ਕਿਹਾ ਗਿਆ ਸੀ, ਦਾ ਗਠਨ ਵੀ ਕਰ ਦਿੱਤਾ ਸੀ। ਉਸ ਕਮਿਸ਼ਨ ਨੇ ਬਾਕਾਇਦਾ ਜਨਰਲ ਡਾਇਰ ਨੂੰ ਦੋਸ਼ੀ ਗਰਦਾਨਿਆ ਅਤੇ ਸਜ਼ਾ ਸੁਣਾਈ ਪਰ ਉਹ ਸਜ਼ਾ ਭੁਗਤਣ ਤੋਂ ਪਹਿਲਾਂ ਹੀ ਅਪਣੇ ਪਾਪਾਂ ਦਾ ਸੰਤਾਪ ਨਾ ਝੱਲਦਾ ਹੋਇਆ ਅੱਧਰੰਗ ਦਾ ਸ਼ਿਕਾਰ ਹੋ ਗਿਆ ਅਤੇ ਫਿਰ ਮੁੜ ਬਿਸਤਰ ਤੋਂ ਨਹੀਂ ਉੱਠ ਸਕਿਆ ਸੀ।

ਹਾਂ, ਦਿੱਲੀ ਵਿੱਚ ਜਦੋਂ ਵੀ ਕਦੇ ਦਰਬਾਰ ਸਾਹਿਬ ਉੱਤੇ ਹਮਲੇ ਅਤੇ ਨਵੰਬਰ 1984 ਦੇ ਸਿੱਖ ਕਤਲੇਆਮ ਬਾਰੇ ਗੱਲ ਛਿੜਦੀ ਹੈ ਤਾਂ ਬਹੁਤੇ ਪਾੜ੍ਹੇ ਇੱਥੇ ਗ਼ੈਰ-ਸਿੱਖ 'ਦੋਸਤਾਨਾ' ਸਲਾਹ ਦਿੰਦੇ ਹਨ ''ਭੁੱਲ ਜਾਓ, ਛੱਡੋ ਪੁਰਾਣੀਆਂ ਗੱਲਾਂ ਨੂੰ.....ਅਜਿਹੀਆਂ ਘਟਨਾਵਾਂ ਦੁਬਾਰਾ ਨਹੀਂ ਵਾਪਰਦੀਆਂ।'' ਕੁੱਝ ਪੀੜ੍ਹਤ ਸਿੱਖ ਇਸ ਉੱਤੇ ਪ੍ਰਤੀਕਰਮ ਕਰਦੇ ਹਨ, ''ਕੀ ਨਵੰਬਰ 84 ਦੁਬਾਰਾ ਗੁਜਰਾਤ ਵਿੱਚ ਨਹੀਂ ਵਾਪਰਿਆ.....ਕੀ ਤੁਸੀਂ ਇੱਕ ਹਜ਼ਾਰ ਸਾਲ ਪਹਿਲਾਂ ਸੋਮਨਾਥ ਦੇ ਮੰਦਰ ਉੱਤੇ ਮਹਿਮੂਦ ਗਜ਼ਨਵੀ ਵੱਲੋਂ ਕੀਤੇ ਗਏ ਹਮਲੇ ਨੂੰ ਭੁੱਲ ਗਏ ਹੋ?'' ਖ਼ੈਰ, ਇਹ ਬਹਿਸ ਦਾ ਮਸਲਾ ਬਣਿਆ ਰਹੇਗਾ ਪਰ ਇਹ ਗੱਲ ਸਪੱਸ਼ਟ ਹੈ ਕਿ ਸਿੱਖਾਂ ਦੀ ਮੌਜੂਦਾ ਸਿਆਸੀ ਲੀਡਰਸ਼ਿੱਪ ਨੇ ਉਹਨਾਂ ਸਾਰੀਆਂ ਖੇਤਰੀ ਅਤੇ ਵੱਧ ਅਧਿਕਾਰਾਂ ਦੀਆਂ ਮੰਗਾਂ ਨੂੰ ਠੰਡੇ-ਬਸਤੇ ਵਿੱਚ ਪਾ ਦਿੱਤਾ ਹੈ ਜਿਹਨਾਂ ਦੀ ਪ੍ਰਾਪਤੀ ਲਈ ਵਿੱਢੇ ਜੱਦੋ-ਜਹਿਦ ਵਿੱਚੋਂ ਨੀਲਾ ਤਾਰਾ ਸਾਕਾ ਦਾ ਪਿੜ੍ਹ ਬੱਝਿਆ ਸੀ ਜਾਂ ਇਸ ਦੇ ਉਲਟ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਕੇਂਦਰੀ ਦਿੱਲੀ ਸਰਕਾਰ ਨੇ ਉਹਨਾਂ ਸਾਰੀਆਂ ਮੰਗਾਂ ਨੂੰ ਤਰੋੜ-ਮਰੋੜ ਕੇ ਪੇਸ਼ ਕਰਦਿਆਂ ਬਲਿਊ ਸਟਾਰ ਅਪਰੇਸ਼ਨ ਲਈ ਮਾਹੌਲ ਸਿਰਜਿਆ ਤਾਂ ਕਿ ਸਿੱਖ ਘੱਟ ਗਿਣਤੀ ਭਾਈਚਾਰੇ ਨੂੰ ਰਾਜਭਾਗ ਵਿੱਚ ਬਣਦੀ 'ਸਿਆਸੀ ਸਪੇਸ (ਹਿੱਸੇਦਾਰੀ) ਨਾ ਦਿੱਤੀ ਜਾਵੇ।

ਖ਼ੈਰ, ਕੇਂਦਰੀ ਸਰਕਾਰ ਜਿਹੜੀ ਅਸਲ ਵਿੱਚ ਭਾਰਤੀ ਸਟੇਟ ਦੇ 'ਸਟੀਲ ਫਰੇਮ' ਉੱਤੇ ਅਧਾਰਤ ਹੈ ਨੇ ਅਪਣੀ ਸਿਆਸੀ ਗਿਣਤੀਆਂ-ਮਿਣਤੀਆਂ ਦੀ ਕਾਫ਼ੀ ਹੱਦ ਤੱਕ ਪ੍ਰਾਪਤੀ ਕਰ ਲਈ ਹੈ, ਸਿਵਾਏ ਕੁੱਝ ਅਣਕਿਆਸੀਆਂ ਘਟਨਾਵਾਂ ਦੇ ਵਾਪਰਨ ਤੋਂ। ਸਿੱਖਾਂ ਦੀ ਲੀਡਰਸ਼ਿੱਪ ਕੇਂਦਰੀ ਸਰਕਾਰ ਦੀ ਮਨਸ਼ਾ ਮੁਤਾਬਕ ਦੇਸ਼ ਦੀ 'ਮੁੱਖਧਾਰਾ' ਵਿੱਚ ਸ਼ਾਮਲ ਹੋ ਗਈ ਅਤੇ 'ਬਲਿਊ ਸਟਾਰ', ਨਵੰਬਰ 84 ਦੇ ਕਤਲੇਆਮ' ਤੋਂ ਉੱਠੀਆਂ ਵਿਦਰੋਹੀ ਸੁਰਾਂ ਅਤੇ ਕਾਰਨਾਮਿਆਂ ਦੀ ਦਿਸ਼ਾਹੀਣਤਾ ਨੂੰ ਹੋਰ ਭੜਕਾਊ ਸੁਰ ਵਿੱਚ ਪਾ ਕੇ, ਕੇਂਦਰ ਵੱਲੋਂ ਇੱਕ ਹੋਰ ਦਸ ਸਾਲ ਲੰਬਾ ਖ਼ੂਨੀ ਸਾਕਾ ਪੰਜਾਬ ਵਿੱਚ ਰਚਿਆ ਗਿਆ। ਹੁਣ ਸਿੱਖਾਂ ਦੀ ਸਿਆਸੀ ਜਮਾਤ ਹੀ ਨਹੀਂ, ਸਮੁੱਚਾ ਸਿੱਖ ਭਾਈਚਾਰਾ ਹੀ ਪੰਜਾਬ ਵਿੱਚ ਸ਼ਾਂਤੀ ਅਤੇ ਅਮਨ ਕਾਇਮ ਰੱਖਣ ਦਾ ਇੱਛੁਕ ਹੈ।

ਸਵਾਲ ਤਾਂ ਇਹ ਹੈ ਕਿ ਸਰਕਾਰ ਨੇ ਕਿਹਾ ਸੀ ਕਿ ਦਰਬਾਰ ਸਾਹਿਬ ਵਿੱਚ ਫ਼ੌਜ ਇਸ ਕਰਕੇ ਭੇਜਣੀ ਪਈ ਕਿ 'ਉੱਥੇ ਭਿੰਡਰਾਂਵਾਲੇ ਦੀ ਕਮਾਨ ਹੇਠ ਹਥਿਆਰਬੰਦ ਬਾਗ਼ੀਆਂ ਨੇ ਕਬਜ਼ਾ ਕਰ ਲਿਆ ਸੀ, ਉਸ ਨੂੰ ਮੁਕਤ ਕਰਵਾਉਣਾ ਸੀ।' ਪਰ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਨਾ਼ਲ-ਨਾ਼ਲ ਪੰਜਾਬ ਦੇ ਹੋਰ 38 ਗੁਰਦੁਆਰਿਆਂ ਵਿੱਚ ਕਿਉਂ ਇੱਕੋਂ ਸਮੇਂ ਫ਼ੌਜ ਦਾ ਹਮਲਾ ਹੋਇਆ? ਇਹ ਪ੍ਰਕਿਰਿਆ ਕਿਸੇ ਵੱਡੀ ਸਿਆਸੀ ਸਾਜਿਸ਼ ਵੱਲ ਸੰਕੇਤ ਕਰਦੀ ਹੈ।

ਅਸਲ ਵਿੱਚ ਪ੍ਰਾਈਵੇਟ ਟੀ.ਵੀ. ਚੈਨਲ ਉਸ ਸਮੇਂ ਨਹੀਂ ਸਨ ਅਤੇ ਅਖਬਾਰਾਂ ਨੂੰ ਕੰਟਰੋਲ ਕਰਕੇ ਸਰਕਾਰੀ ਟੈਲੀਵਿਯਨ ਅਤੇ ਰੇਡੀਓ ਨੈੱਟਵਰਕ ਦੀ ਵਰਤੋਂ (ਦੁਰਵਰਤੋਂ) ਕਰਕੇ, ਸਾਰੇ ਦੇਸ਼ ਵਿੱਚ ਸਿੱਖ ਵਿਰੋਧੀ ਫਿਜ਼ਾ ਖੜ੍ਹੀ ਕੀਤੀ ਗਈ, ਦਰਬਾਰ ਸਾਹਿਬ ਨੂੰ ਅੱਤਵਾਦ ਦਾ ਕੇਂਦਰ ਅਤੇ ਸੋਮਾ ਪੇਸ਼ ਕੀਤਾ ਗਿਆ, ਅਕਾਲੀ ਲੀਡਰਾਂ ਨੂੰ ਸ਼ੈਤਾਨ, ਸ਼ਾਤਰ ਅਤੇ ਖ਼ਲਨਾਇਕ ਉਭਾਰਿਆ ਗਿਆ, ਗੁਪਤ ਅਤੇ ਅਦਿੱਖ ਤਰੀਕੇ ਵਰਤ ਕੇ ਹਿੰਦੂ-ਸਿੱਖ ਪਾੜਾ ਵਧਾਇਆ ਗਿਆ। ਪੰਜਾਬ ਵਿੱਚ ਘੱਟ ਗਿਣਤੀ ਨੂੰ ਮਜ਼ਲੂਮ ਅਤੇ ਬਰਬਰਤਾ ਦਾ ਸ਼ਿਕਾਰ ਕਰਾਰ ਦਿੱਤਾ ਗਿਆ। ਇਸ ਤਰ੍ਹਾਂ ਭਾਵੁਕ ਮਾਹੌਲ ਖੜ੍ਹਾ ਕਰਕੇ, ਫ਼ੌਜ ਦੀ ਅਣਮਨੁੱਖੀ ਕਾਰਵਾਈ ਨੂੰ ਉਸ ਸਮੇਂ ਇੰਦਰਾ ਗਾਂਧੀ ਨੇ ਸਿਰਫ਼ ਵੱਡੀ ਪ੍ਰਵਾਨਗੀ ਹਾਸਿਲ ਹੀ ਨਹੀਂ ਕਰਵਾਈ ਬਲਕਿ ਬਹੁ-ਗਿਣਤੀ ਦੇਸ਼-ਵਾਸੀਆਂ ਲਈ ਉਹ 'ਦੁਰਗਾ' ਬਣ ਕੇ ਉੱਭਰੀ।



*1980 ਵੇਂ ਵਿੱਚ, ਸ਼ਾਇਦ ਸੂਝਵਾਨ ਲੋਕਾਂ ਨੂੰ ਵੀ ਇੰਨਾ ਡੂੰਘਾ ਅਹਿਸਾਸ ਨਹੀਂ ਸੀ ਕਿ ਮੀਡੀਆ ਨੂੰ ਸਿਆਸੀ ਮਨੋਰਥਾਂ ਲਈ ਕਿਵੇਂ 'ਪ੍ਰਚਾਰ ਦਾ ਹਥਿਆਰ' ਦੇ ਤੌਰ ਉੱਤੇ ਵਰਤਿਆ ਜਾ ਸਕਦਾ ਹੈ ਪਰ ਅੱਜ ਆਮ ਸਮਝ ਵਿੱਚ ਆ ਗਿਆ ਹੈ ਕਿ ਕਿਵੇਂ ਅਮਰੀਕਾ ਦੇ ਸਾਬਕਾ ਪ੍ਰਧਾਨ ਜਾਰਜ ਬੁੱਸ਼ ਨੇ 2002 ਵਿੱਚ ਮੀਡੀਆ ਦੀ ਤਾਕਤ ਰਾਹੀਂ ਸੱਦਾਮ ਹੁਸੈਨ ਨੂੰ ਪਹਿਲਾਂ ਸ਼ੈਤਾਨ, ਖ਼ਲਨਾਇਕ ਖੜ੍ਹਾ ਕੀਤਾ ਫਿਰ ਦੁਨੀਆ ਨੂੰ ਉਸ ਵਿਰੁੱਧ ਲਾਮਬੰਦ ਕਰਕੇ, ਇਰਾਕ ਉੱਤੇ ਹਮਲਾ ਕਰ ਦਿੱਤਾ।*

1980 ਵੇਂ ਵਿੱਚ, ਸ਼ਾਇਦ ਸੂਝਵਾਨ ਲੋਕਾਂ ਨੂੰ ਵੀ ਇੰਨਾ ਡੂੰਘਾ ਅਹਿਸਾਸ ਨਹੀਂ ਸੀ ਕਿ ਮੀਡੀਆ ਨੂੰ ਸਿਆਸੀ ਮਨੋਰਥਾਂ ਲਈ ਕਿਵੇਂ 'ਪ੍ਰਚਾਰ ਦਾ ਹਥਿਆਰ' ਦੇ ਤੌਰ ਉੱਤੇ ਵਰਤਿਆ ਜਾ ਸਕਦਾ ਹੈ ਪਰ ਅੱਜ ਆਮ ਸਮਝ ਵਿੱਚ ਆ ਗਿਆ ਹੈ ਕਿ ਕਿਵੇਂ ਅਮਰੀਕਾ ਦੇ ਸਾਬਕਾ ਪ੍ਰਧਾਨ ਜਾਰਜ ਬੁੱਸ਼ ਨੇ 2002 ਵਿੱਚ ਮੀਡੀਆ ਦੀ ਤਾਕਤ ਰਾਹੀਂ ਸੱਦਾਮ ਹੁਸੈਨ ਨੂੰ ਪਹਿਲਾਂ ਸ਼ੈਤਾਨ, ਖ਼ਲਨਾਇਕ ਖੜ੍ਹਾ ਕੀਤਾ ਫਿਰ ਦੁਨੀਆ ਨੂੰ ਉਸ ਵਿਰੁੱਧ ਲਾਮਬੰਦ ਕਰਕੇ, ਇਰਾਕ ਉੱਤੇ ਹਮਲਾ ਕਰ ਦਿੱਤਾ। ਸੱਦਾਮ ਹੁਸੈਨ ਨੂੰ ਹਊਆ ਬਣਾ ਕੇ ਪੇਸ਼ ਕਰਨ ਲਈ ਮੀਡੀਆ ਤੋਂ ਲਗਾਤਾਰ ਦੁਹਾਈ ਗਈ ਕਿ ਇਰਾਕੀ ਲੀਡਰ ਕੋਲ ਸੰਸਾਰ-ਮਾਰੂ ਹਥਿਆਰ ਹਨ। ਭਾਵੇਂ ਬਾਅਦ ਵਿੱਚ ਇਹ ਸਭ ਕੁੱਝ ਫੋਕਾ ਪ੍ਰਚਾਰ ਹੋ ਨਿੱਬੜਿਆ ਪਰ ਅਮਰੀਕਾ ਦਾ ਮੰਤਵ ਪੂਰਾ ਹੋ ਗਿਆ ਸੀ। ਇਸੇ ਤਰ੍ਹਾਂ ਫ਼ੌਜ ਨੂੰ ਨਾਟਕੀ ਅੰਦਾਜ਼ ਵਿੱਚ ਦਰਬਾਰ ਸਾਹਿਬ ਉੱਤੇ ਹਮਲਾ ਕਰਨ ਲਈ ਮੀਡੀਆ ਨੂੰ ਵਰਤਿਆ ਗਿਆ। ਨੀਲਾ ਤਾਰਾ ਸਾਕਾ ਦੀਆਂ ਜੜ੍ਹਾਂ ਭਾਰਤ ਉਪ-ਮਹਾਂਦੀਪ ਦੀ ਪਿਛਲੀ ਸਦੀ ਵਿੱਚ ਹੋਈ ਸਿਆਸੀ ਉਥਲ-ਪੁਥਲ ਵਿੱਚ ਪਈਆਂ ਹਨ। ਅੰਗਰੇਜ਼ਾਂ ਨੇ 1857 ਦੀ ਫ਼ੌਜੀ ਬਗਾਵਤ ਤੋਂ ਬਾਅਦ, ਪੂਰਨ ਰੂਪ ਵਿੱਚ ਰਾਜ ਭਾਗ ਮੁਸਲਮਾਨ ਰਾਜਿਆਂ ਅਤੇ ਨਵਾਬਾਂ ਤੋਂ ਖੋਹ ਲਿਆ ਅਤੇ ਅਪਣੇ ਪੱਕੇ ਪੈਰ ਜਮਾਉਣ ਲਈ, 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਅਧੀਨ ਅਮੀਰ, ਗ਼ੈਰ-ਮੁਸਲਮਾਨਾਂ ਅਤੇ ਸਵਰਨ ਜਾਤੀਆਂ ਨਾ਼ਲ ਅੰਗਰੇਜ਼ੀ ਸ਼ਾਸਕਾਂ ਨੇ ਗੁਪਤ-ਜ਼ਾਹਰਾ ਸਾਂਝ-ਭਿਆਲੀ ਕਾਇਮ ਕੀਤੀ ਅਤੇ ਇਸੇ ਪ੍ਰਕਿਰਿਆ ਅਧੀਨ, ਕਾਂਗਰਸ ਦੀ ਨੀਂਹ ਰੱਖੀ ਗਈ। ਇਸ ਨਾ਼ਲ ਹੀ ਉਹ ਕਾਂਗਰਸ ਲੀਡਰਸ਼ਿੱਪ ਨੂੰ ਬਣਾ ਕੇ ਰੱਖਿਆ ਜੋ ਅੰਦਰੋਂ-ਅੰਦਰੀਂ ਅੰਗਰੇਜ਼ੀ ਸ਼ਾਸਨ ਨਾ਼ਲ ਮਿਲ ਕੇ ਚੱਲਦੀ ਸੀ। ਇਸੇ ਪ੍ਰਸੰਗ ਵਿੱਚ ਵਾਚੀਏ ਅੰਗਰੇਜ਼ ਅਪਣੇ ਹਿੱਤਾਂ ਨੂੰ ਪੂਰਨ ਰੂਪ ਵਿੱਚ ਮਹਿਫੂਜ਼ ਰੱਖਦੇ ਹੋਏ, ਬਿਨਾ ਕਿਸੇ ਜ਼ਾਤੀ ਨੁਕਸਾਨ ਦੇ ਰਾਜ ਸੱਤਾ ਕਾਂਗਰਸ ਨੂੰ ਸੌਂਪ ਕੇ ਚਲਦੇ ਬਣੇ। ਅਪਣੀਆਂ ਸਿਆਸੀ ਚਾਲਾਂ ਨੂੰ ਢਕੀਆਂ ਰੱਖਣ ਲਈ ਦੇਸ਼ ਨੂੰ ਵੰਡ ਦਿੱਤਾ, ਹਿੰਦੂ-ਮੁਸਲਮਾਨਾਂ ਨੂੰ ਆਪਸ ਵਿੱਚ ਲੜਾ-ਮਰਵਾ ਦਿੱਤਾ।

ਕਾਂਗਰਸ ਦੀ ਅੰਗਰੇਜ਼ਾਂ ਨਾ਼ਲ ਸਾਂਝ ਭਿਆਲੀ ਨੂੰ ਉਜਾਗਰ ਕਰਨ ਲਈ ਮਸ਼ਹੂਰ ਹਿਸਟੋਰੀਅਨ ਪ੍ਰੋ. ਜੋਆ ਚੈਟਰਜੀ ਇਉਂ ਲਿਖਦੇ ਹਨ, ''ਕਿ ਮੁਸਲਮਾਨ ਬਹੁ-ਗਿਣਤੀ ਇਲਾਕੇ ਨੂੰ ਚੀਰ ਕੇ ਹਿੰਦੋਸਤਾਨ ਤੋਂ ਬਾਹਰ ਕੱਢ ਕੇ, ਫ਼ਿਰਕਾਪ੍ਰਸਤ ਕਾਂਗਰਸੀ ਨੇਤਾ ਅਜਿਹਾ ਖਿੱਤਾ ਅਪਣੇ ਕੋਲ ਰੱਖਣਾ ਚਾਹੁੰਦੇ ਸਨ, ਜਿਸ ਵਿੱਚ ਵੱਡੀ ਧਾਰਮਕ ਬਹੁ-ਗਿਣਤੀ ਨੂੰ ਭਾਵਨਾਤਮਕ ਤੌਰ 'ਤੇ ਇਕੱਠਾ ਰੱਖ ਕੇ ਅਪਣੀ ਮਰਜ਼ੀ ਦਾ ਰਾਜਭਾਗ ਲੰਬੇ ਸਮੇਂ ਤੱਕ ਚਲਾ ਸਕਣ।''

ਇਸੇ ਹੀ ਪ੍ਰਸੰਗ ਵਿੱਚ ਨਾਮਵਰ ਸਮਾਜ ਵਿਗਿਆਨੀ ਜੀ. ਅਲੋਸੀਅਸ ਕਹਿੰਦੇ ਕਿ ''ਅੰਗਰੇਜ਼ੀ ਸ਼ਾਸਕਾਂ ਨਾ਼ਲ ਲੰਬੀ ਸਾਂਝ-ਭਿਆਲੀ ਦੌਰਾਨ ਕਾਂਗਰਸੀ ਨੇਤਾ (ਨਹਿਰੂ-ਗਾਂਧੀ) ਵਿਸ਼ਾਲ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ, ਸਦੀਆਂ ਦੀ ਇਤਿਹਾਸਕ ਪ੍ਰਕਿਰਿਆ ਦੌਰਾਣ ਉੱਭਰੇ ਖ਼ੁਦਮੁਖਤਾਰ ਭਾਈਚਾਰਿਆਂ ਦੀ ਬਾਗ਼ੀਆਨਾ ਤਰਬੀਅਤ ਨੂੰ ਸਾਜ਼ਸ਼ਾਂ ਜਾਂ ਰਾਜਸੱਤਾ ਦੇ ਜ਼ੋਰ ਨਾ਼ਲ ਕਾਬੂ ਕਰਨ ਵਿੱਚ ਮਾਹਿਰ ਹੋ ਗਏ ਸਨ ਅਤੇ ਸਿੱਖ ਘੱਟ-ਗਿਣਤੀ ਉੱਤੇ ਵੀ ਇਹਨਾਂ ਦੋਵਾਂ ਹਥਿਆਰਾਂ ਦੀ ਸਮੇਂ-ਸਮੇਂ ਅਕਸਰ ਵਰਤੋਂ ਕਰਕੇ, ਕੇਂਦਰੀ ਲੀਡਰਾਂ ਨੇ ਆਜ਼ਾਦੀ ਤੋਂ ਬਾਅਦ ਅੱਧੀ ਸਦੀ ਵਿੱਚ, ਸਿੱਖਾਂ ਦੀ ਰਾਜ ਸੱਤਾ ਵਿੱਚ ਬਣਦੀ ਹਿੱਸੇਦਾਰੀ ਹੜੱਪ ਕਰ ਲਈ।''

ਇਸ ਨਾ਼ਲ ਮਸ਼ਹੂਰ ਹਿਸਟੋਰੀਅਨ ਰੋਮੀਲਾ ਥਾਪਰ ਦਾ ਕਥਨ ਵੀ ਪ੍ਰਸੰਗਕ ਹੈ ਕਿ ''ਕਾਂਗਰਸੀ ਨੇਤਾ (ਮਹਾਤਮਾ ਗਾਂਧੀ ਖੁੱਲ੍ਹੇ ਤੌਰ 'ਤੇ) ਵਰਨ-ਆਸ਼ਰਮ (ਜਾਤ-ਪਾਤ ਵਿਵਸਥਾ) ਨੂੰ ਕਾਇਮ ਰੱਖਣਾ ਚਾਹੁੰਦੇ ਸਨ ਅਤੇ ਇਸਨੂੰ, ਸਭ ਤੋਂ ਵੱਡਾ ਖ਼ਤਰਾ ਪਰਜਾਤੰਤਰ ਵਿਵਸਥਾ ਵਿੱਚ, ਲੋਕਾਂ ਵਿੱਚ ਆ ਰਹੇ 'ਬਰਾਬਰੀ ਸੰਕਲਪ' ਤੋਂ ਸੀ। ਇਸ ਕਰਕੇ ਕਾਂਗਰਸ ਨੇ ਆਜ਼ਾਦੀ ਤੋਂ ਪਹਿਲਾਂ ਹੀ ਮੁਸਲਮਾਨਾਂ ਨੂੰ 'ਦੁਸ਼ਮਣ' ਪੱਧਰ 'ਤੇ ਉਭਾਰਿਆ, ਦੇਸ਼ ਦੀ ਵੰਡ ਕਾਰਵਾਈ ਅਤੇ ਆਜ਼ਾਦੀ ਤੋਂ ਬਾਅਦ ਉਸੇ ਧਾਰਮਕ ਉਨਮਾਦ ਜਾਂ ਕੱਟੜਤਾ ਨੂੰ ਸਿਆਸੀ ਲੋੜਾਂ ਮੁਤਾਬਕ ਕਦੇ ਈਸਾਈਆਂ ਅਤੇ ਕਦੇ ਸਿੱਖਾਂ ਵਿਰੁੱਧ ਵਰਤਿਆ।''

(ਕਾਂਗਰਸ ਦੀ ਇਹੀ ਪਿੱਠਭੂਮੀ ਸੀ, ਜਿਸ ਕਰਕੇ ਪੰਜਾਬੀ ਸੂਬੇ ਦੀ ਮੰਗ ਨੂੰ 16 ਸਾਲ ਲਟਕਾਇਆ ਗਿਆ, ਫਿਰ ਲੰਗੜਾ ਪੰਜਾਬੀ ਸੂਬਾ ਦਿੱਤਾ, ਚੰਡੀਗੜ੍ਹ ਅਤੇ ਵਾਟਰ ਵਰਕਸ ਪੰਜਾਬ ਤੋਂ ਬਾਹਰ ਰੱਖੇ ਗਏ ਅਤੇ ਫਿਰ ਨੀਲਾ ਤਾਰਾ ਵਰਗੇ ਘਿਨਾਉਣੇ ਸਾਕੇ ਵਰਤਾਏ ਗਏ।)

ਆਜ਼ਾਦੀ ਤੋਂ ਪਹਿਲਾਂ, ਸਿੱਖ ਲੀਡਰਸ਼ਿੱਪ ਕਾਂਗਰਸ ਲੀਡਰਾਂ ਦੀ ਮਾਨਸਿਕਤਾ ਨੂੰ ਕਿੰਨਾ ਕੁ ਸਮਝਦੀ ਸੀ, ਇਹ ਬਹਿਸ ਦਾ ਵਿਸ਼ਾ ਹੈ ਪਰ ਉਸ ਸਮੇਂ ਵੀ ਸਵਾਮੀ ਰਾਮਤੀਰਥ ਵਰਗੇ 'ਧਾਰਮਿਕ ਮਿਸ਼ਨਰੀ' ਵੀ ਲਾਹੌਰ ਵਿੱਚ ਸਿੱਖ ਲੀਡਰਾਂ ਨੂੰ ਮਿਲਦੇ ਰਹੇ ਜਿਸ ਨੇ ਭਾਰਤੀ ਹਿਸਟਰੀ ਦੀ ਮੁੜ ਵਿਆਖਿਆ ਕਰਕੇ, 'ਵਰਨ-ਆਸ਼ਰਮ ਦੇ ਹਮਾਇਤੀਆਂ ਵੱਲੋਂ ਘੱਟ ਗਿਣਤੀਆਂ ਨੂੰ ਖ਼ਤਰੇ' ਨਾਮ ਦਾ ਇੱਕ ਅਹਿਮ ਦਸਤਾਵੇਜ਼ ਤਿਆਰ ਕੀਤਾ ਸੀ।

# A-WIN Insurance

## ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ








## For Friendly Service and Quick Quotes

- ਕਾਰ ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

- Car, Motorcycle
- Home, Condominium
- Tenant Package, Rental Dwellings
- Trucks: Long Haul & Gravel
- Commercial & Business Insurance
- Travel & Medical Insurance

**Discounts up to 60%**

**Payment options available**

## ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ

**We Provide Service In English, Punjabi, Hindi & Urdu.**

## ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ

ਐਡਮਿੰਟਨ: **780-465-6900**
ਰਾਜੀਵ ਜੌਲੀ, ਜੈਸ ਬਦੇਸ਼ਾ, ਸ਼ਾਲੂ ਬਦੇਸ਼ਾ,
ਮੈਡੀਂ ਹਿਜ਼ਮਾਨ, ਨਵਤੇਜ ਬੈਂਸ, ਸੋਨਮ ਦਿਉਲ
ਅਤੇ ਜਸਵੀਰ ਦਿਉਲ।

ਕੈਲਗਰੀ: **403-775-2100**
ਰੂਪੀ ਚੇਰਾ, ਡੈਨਾ ਨਮਿਥ, ਸੁਭਾਸ਼
ਤਰਨਪ੍ਰੀਤ ਮੈਹਦਵਾਨ ਅਤੇ ਜੈਸੀ ਸਿੰਘ

# ਤੀਜੇ ਸ਼ਹੀਦ ਭਗਤ ਸਿੰਘ ਸੌਕਰ ਟੂਰਨਾਮੈਂਟ ਦੀਆਂ ਝਲਕੀਆਂ

















## ਹੇਠ: ਵੱਖ-ਵੱਖ ਸੰਸਥਾਵਾਂ ਵਲੋਂ ਮਨਾਏ ਗਏ ਕਨੇਡਾ ਦਿਵਸ ਦੀਆਂ ਝਲਕੀਆਂ






ਪੰਜਾਬੀ ਸਾਹਿਤ ਅਕਾਦਮੀ ਦੇ ਜਨਰਲ ਸਕੱਤਰ ਡਾ: ਸੁਖਦੇਵ ਸਿੰਘ ਸਿਰਸਾ ਮੀਟਿੰਗ ਦੌਰਾਨ




ਹੇਠ ਸੱਜੇ: ਹੈਡਵੇਅ ਸਕੂਲ ਦਾ ਸਾਲਾਨਾ ਗਰੈਜੂਏਸ਼ਨ ਸਮਾਗਮ

# Gurkeerat Holding Ltd.



- We Build New Houses
- We Build Basements
- We do Renovations
- Kitchen Cabinets

ਨਵੇਂ ਘਰ, ਨਵੀਆਂ ਬੇਸਮੈਂਟਾਂ ਬਣਵਾਉਣ, ਹਰੇਕ ਤਰ੍ਹਾਂ ਦੀ ਰੈਨੋਵੇਸ਼ਨ ਕਰਵਾਉਣ, ਵਧੀਆ ਕਿਚਨ ਕੈਬਨਿਟਾਂ ਘੱਟ ਕੀਮਤ ਅਤੇ ਤਸੱਲੀਬਖ਼ਸ਼ ਢੰਗ ਨਾਲ ਕਰਵਾਉਣ ਵਾਸਤੇ ਸਾਨੂੰ ਕਾਲ ਕਰੋ

**Ph. 780-996-2873**

Millbourne Road

# Medical Clinic

WALK-INS WELCOME



Dr. B. Jassar

**Dr. Vijay Thapar** (M.D., CCFP)*
Family Physician
By Appointment Only

**Dr. B. Jassar** (M.D., Ph. D, CCFP)*
Family Physician
Cell: 780-918-0516



Dr. Vijay Thapar

131 Millbourne Road East, Lee Ridge Plaza Edmonton, AB. T6K 1P6

**Tel: 780-462-4229 Fax: 780-462-3315** *Professional Corporation

Welcome to

# Maharaja

Banquet Facility & Sultan Banquet Hall

The Maharaja Banquet Facility and The Sultan Banquet Hall.
We Can accomodate all your functions, whether they are small or big. We can accomodate upto 1,000 People.

* Reception,* Birthday Parties,
* Special Occasions,* Christmas Parties,
* Catering Service,* Great Music System,
* Big Dance Floor,* Excellent Bridal Chair




For reservation please contact us at:
9257-34A Ave. Edmonton, AB (Maharaja Banquet Facility)
**Call: (780) 485 8585**
9241-34A Avenue, Edmonton (Sultan Banquet Hall)
**Ph. 780 496-9696, (780) 695-7200**
www.sultanhall.com

# WESTFORK Interiors

## Specializing in Cabinets & Counter tops

Kitchen & Vanities, Custom Cabinets, Staining & Spraying Doors

Endless Options

- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and delivery.
- One Location - Multiple Considerations
- Complete Range of Counter tops including laminate.

Custom Cabinetry
Exceptional Quality Customised Solutions
Premium Construction at Competitive Price.

**ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ**

ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ **ਵੈਸਟਫੋਰਕ ਇੰਟੀਰੀਅਰਜ਼**



Westfork Interiors, 8307 Argyll Road, Edmonton T6C 4B2
Tel: 780-462-5325
Fax: 780-462-2672
www.westforkinteriors.com
info@westforkinteriors.com

Gurmail Matharu : 780-990-9349
Ranjit Matharu : 780-907-9889

# Fancy Doors & Mouldings

Interior & Exterior, Prehung Unit, Locks & Hardware, French Doors, Bi-Folds, Mouldinghs & Accessories





**French Doors**



Cascade with Zinc Bars
Deco Frosted Clear
Heritage V-Groove Fully Sandblasted
Heritage V-Groove Clear
Montana Clear Slab
Pantry Slab

Interior Doors

2-Panel Curved Top
3-Panel MDF Shaker-Slab
3-Panel Shaker-Mission
6-Panel Oak-Slab
Stratos-Slab



Fibreglass Exterior Door



Ask about our finishing packages!

* Interior and Exterior
* Prehung Units
* Locks and Hardware
* French Doors
* Bi-folds
* Mouldings
* MDF Sheet: Oak & Maple
* Plywood
* Bullnose Shelf
* Adhesives
* DAP
* Shims
* Brad Nails
* Fireplace Mantels
* Accessories

We Supply and install Building Materials!

ALEXANDRIA Moulding

## Moulding

Available in MDF, Oak & Maple

| Baseboards | Casings | Crowns | Chair Rails | Architrave |
|---|---|---|---|---|
| 094 Base 5/8" x 4" MDF Primed BDL-6 | 092 Casing 5/8" x 2-1/2" MDF Primed BDL-6 | 47 Crown 9/16" x 4-1/4" MDF Primed BDL-6 | 297 Chair Rail 11/16" x 3" MDF Primed BDL-5 | 5010 Architrave 1-1/4" x 4-3/16" MDF Primed BDL-4 |
| 095 Base 5/8" x 5" MDF Primed BDL-6 | 093 Casing 5/8" x 3-1/4" MDF Primed BDL-6 | 47D Crown 9/16" x 4-3/16" Ultralite BDL-8 | | |
| 238 Base 1/2" x 5" MDF Primed BDL-1 | 338 Casing 5/8" x 3" MDF Primed BDL-6 | 51 Crown 5/8" x 3-1/4" MDF Primed BDL-6 | | |
| 387 Casing 9/16" x 3-1/4" MDF Primed BDL-6 | 386 Base 9/16" x 3-1/4" MDF Primed BDL-6 | 512 Crown 9/16" x 5-1/4" MDF Primed BDL-4 | | |
| 405 Base 1/2" x 4" MDF Primed BDL-10 | 403 Casing 5/8" x 3" MDF Primed BDL-6 | 712 Crown 11/16" x 4-1/2" Ultralite, BDL - 4 11/16" x 4-1/2" MDF Primed BDL - 4 | | |
| 412 Base 5/8" x 4-1/4" MDF Primed BDL-6 | 411 Casing 11/16" x 3" MDF Primed BDL-6 | | | |
| 425 Base 1/2" x 4" MDF Primed BDL-10 | 423 Casing 5/8" x 3" MDF Primed BDL-6 | | | |
| 545 Base 9/16" x 5" Ultralite Primed BDL - 5 5/8 x 5" MDF Primed BDL-4 | 535 Casing 1/16" x 3-1/2" Ultralite BDL - 5 11/16"x3-1/2" MDF Primed BDL-6 | | | |
| 3140 Base 3/8" x 3-1/4" MDF Primed BDL-10 | 8263 Base 9/16" x 6-1/2" Ultralite BDL-4 | | | |
| 356 Casing MDF 356 Casing Oak 356 Casing Maple | 908 Casing 9/16" x 3-1/4" Ultralite BDL-7 | | | |
| | 8063 Casing 11/16" x 3-1/4" Ultralite BDL-8 | | | |

New Stock!



24" White Medallion



24" Coloured Medallion



Bath Fixtures



Pearl
Lux
Ax
A

Door Locks



WEISER LOCK

Alberta Location: 9129-35 Avenue, Edmonton, AB T6E 5Y1
Phone: 780-432-7700 Fax: 780-432-7710

www.fancy-doors.com

**ADVANCED Roofing Systems Ltd.**

RESIDENTIAL COMMERCIAL

- Residential/Commercial Insurance Claims
- Asphalt & Specialty Shingles
- Siding, Soffits,Fascia
- 2 Ply Membranes (SBS)
- Cedar Shakes
- New & Re-Roof Specialists
- Condominums Welcome
- Steep Roofs Welcome
- Licaenced & Insured
- Pine Shake Replacement
- Roof Top Snow removel
- FREE Estimates

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365


GILL Olson (MANAGER)

**HARRY'S EXCAVATING**
Ph 780-918-2252
Specialist in : Digging Basements & All Kind of Services
ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ, ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਜਾਂ ਫਿਰ ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਕੰਮ ਹੋਵੇ ਸਾਡੇ ਨਾਲ ਸੰਪਰਕ ਕਰੋ



**C.J. Auto & Transmission Repair Ltd. & Body Shop**
Specialize in Propane Repair & Body Shop
Nindy Rao (Manager)
Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims



**KOPY CENTRE & PRINTING**
"On Time ~ Every Time"
Digital Printing & Photo Copy
• Business Cards • Letter Heads • Invoices (NCR) • Flyers
• Brochures • Invitation Cards • Tickets
• Binders • PDF Files • Scanning • Lamination
• Internet Service • Fax Service • Computer Service etc...
We do Art Work as well...
Tel: (780) 437-0200
Fax: (780) 437-0227 • kopycent@telus.net
9126B - 51 Ave. Edmonton, AB T6E 5L8

**Sidhu Stucco Ltd.**
Residential & Commercial
ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ।
Stucco is a versatile, beautiful, durable and fire resistant cladding.


Harinder Dhaliwal
All kind of Stucco
Acrylic & Rain Screen (780) 297-9165

**Advance Driving School** Learn to be Collision Free



Misha Sooch DRIVER EDUCATION COUNCILLOR
* Lady Instructor Available * Defensive Training Classes
* Available to Restore Demerits * Free Pick up & Drop off Service

ਵਧੀਆ ਡਰਾਈਵਿੰਗ ਟ੍ਰੇਨਿੰਗ ਲਈ ਹਮੇਸ਼ਾ ਯਾਦ ਰੱਖੋ
ਐਡਵਾਂਸ ਡਰਾਈਵਿੰਗ ਸਕੂਲ

| | | |
|---|---|---|
| #202-3456 91 St. South Side, Edmonton | 16105-Stony Plain Rd.West End, Edmonton | 10211-100 Ave Fort Saskatchewan |

Contact: (780) 660 4090
Sherwood Park, AB, Canada, T8C1H3 www.advancedrivingschool.ca

**Advance Limos Ltd.**
Phone: 780 236 5000, Fax: 780 922 2705
www.advancelimos.ca

The Services we Provide
- Airport Service-Flat Rate
- Weddings Ceremony
- Anniversaries
- Birthday Parties
- Dinner & Theatre Ceremony
- Night On The Town
- Graduation Ceremonies
- Concerts & Sports Events
- Promos & Religious Programs
- & Other Functions

Contact Aman Sooch
Book Your LIMO Now & Enjoy the Luxurious Ride
(780) 236 5000



ਤੇਰੀਆਂ-ਮੇਰੀਆਂ

## ਅਵਤਾਰ ਜੰਡਿਆਲਵੀ ਅਤੇ ਸੁਸ਼ੀਲ ਦੁਸਾਂਝ ਦੀਆਂ ਮੋਹਨ ਭੰਡਾਰੀ ਨਾਲ ਗੱਲਾਂ

*ਮੋਹਨ ਭੰਡਾਰੀ ਦਾ ਨਾਂ ਪੰਜਾਬੀ ਦੇ ਉਹਨਾਂ ਚੋਣਵੇਂ ਵੱਡੇ ਸਾਹਿਤਕਾਰਾਂ ਵਿਚ ਆਉਂਦਾ ਹੈ ਜਿਹਨਾਂ ਨੇ ਇਕੋ ਸਾਹਿਤਕ ਵਿਧਾ ਵਿਚ ਰਚਨਾ ਕਰਕੇ ਉੱਚਾ ਮੁਕਾਮ ਹਾਸਲ ਕੀਤਾ ਹੈ। ਉਹ ਪੰਜਾਬੀ ਕਹਾਣੀਕਾਰਾਂ ਦੀ ਤੀਜੀ ਪੀੜ੍ਹੀ ਦੇ ਸਿਖ਼ਰਲੇ ਕਹਾਣੀਕਾਰਾਂ ਵਿਚੋਂ ਇਕ ਹੈ। ਅਪਣੇ ਕਥਾ-ਪੰਧ ਦੇ ਅਰੰਭਕ ਪੜਾਅ 'ਤੇ ਹੀ 'ਬਾਕੀ ਸਭ ਸੁੱਖ ਸਾਂਦ ਹੈ' ਅਤੇ 'ਮੈਨੂੰ ਟੈਗੋਰ ਬਣਾ ਦੇ ਮਾਂ' ਵਰਗੀਆਂ ਕਹਾਣੀਆਂ ਲਿਖ ਕੇ ਉਹ ਪਾਠਕਾਂ ਦੇ ਮਨਾਂ ਨੂੰ ਧੁਰ ਅੰਦਰ ਤੱਕ ਹਲੂਣ ਗਿਆ। ਸਰਲ ਤੇ ਮਾਸੂਮ ਪਾਤਰਾਂ ਦੀਆਂ ਸਰਲ ਕਥਾਨਕਾਂ ਵਾਲੀਆਂ ਇਹ ਕਹਾਣੀਆਂ ਅਪਣੇ ਅੰਦਰ ਮਨੁੱਖੀ ਯਥਾਰਥ ਦੀਆਂ ਅਨੇਕਾਂ ਪਰਤਾਂ ਸਾਂਭੀ ਬੈਠੀਆਂ ਹਨ। 'ਤਿਲਚੌਲੀ' ਦੇ ਪ੍ਰਕਾਸ਼ਨ ਨਾਲ ਹੀ ਉਹ ਪੰਜਾਬੀ ਕਹਾਣੀ ਦਾ ਇਕ ਜ਼ਿਕਰਯੋਗ ਹਸਤਾਖ਼ਰ ਬਣ ਗਿਆ ਸੀ। ਵਿਚ ਵਿਚਾਲੇ ਕਦੇ-ਕਦੇ ਉਹ ਸੁਸਤਾਉਂਦਾ ਵੀ ਨਜ਼ਰ ਆਇਆ। ਕੁੱਝ ਕੁ ਵਕਫ਼ਿਆਂ ਦੇ ਅੰਤਰ ਨਾਲ ਉਹ ਕਹਾਣੀ ਲਿਖਦਾ ਗਿਆ ਤੇ ਇਸ ਰਚਨਾਤਮਿਕ ਸਫ਼ਰ 'ਚੋਂ ਗੁਜ਼ਰਦਿਆਂ ਉਸਨੇ ਮਨੁੱਖੀ ਮਨ ਦੀਆਂ ਤੈਹਾਂ ਫਰੋਲਣ ਵਾਲੀਆਂ ਕਈ ਸ਼ਾਹਕਾਰ ਕਹਾਣੀਆਂ ਦੀ ਰਚਨਾ ਕੀਤੀ। ਉਸਦੀ ਕਥਾ-ਸ਼ੈਲੀ ਵਿਲੱਖਣ ਹੈ ਤੇ ਇਸ ਉੱਪਰ ਉਸਦੇ ਅਪਣੇ ਵਿਅਕਤੀਤਵ ਦੀ ਗਹਿਰੀ ਛਾਪ ਪ੍ਰਤੱਖ ਦਿਖਾਈ ਦਿੰਦੀ ਹੈ।ਦੁੱਖਾਂ-ਦਰਦਾਂ ਦੇ ਭੰਨੇ ਹੋਏ ਲੋਕਾਂ ਦੀ ਵੇਦਨਾ ਨੂੰ ਮੋਹਨ ਭੰਡਾਰੀ ਨੇ ਜਿਸ ਕਲਾਤਮਿਕਤਾ ਨਾਲ ਅਪਣੀ ਕਹਾਣੀ ਰਚਨਾ ਵਿਚ ਜ਼ੁਬਾਨ ਦਿੱਤੀ ਹੈ ਉਸ ਤੋਂ ਉਹ ਸਹਿਜੇ ਹੀ ਪੰਜਾਬੀ ਕਥਾ ਸਾਹਿਤ ਦਾ ਅੰਤਨ ਚੈਖ਼ੋਵ ਅਖਵਾਉਣ ਦਾ ਯੋਗ ਅਧਿਕਾਰੀ ਬਣ ਜਾਂਦਾ ਹੈ।*



# ਸਾਹਿਤ ਰਚਨਾ ਘੋੜਿਆਂ ਦੀ ਰੇਸ ਨਹੀਂ

**ਮੋਹਨ ਭੰਡਾਰੀ**

### ਕਹਾਣੀ ਦੇ ਬੀਜ

➣ ਅੱਜ ਦੇ ਤਕਨੀਕੀ ਯੁਗ ਵਿਚ ਨਾਵਲ ਦੇ ਫੌਤ ਹੋ ਜਾਣ ਦਾ ਰੌਲਾ ਪੈਂਦਾ ਹੈ ਕਿਉਂਕਿ ਪਾਠਕਾਂ ਕੋਲ ਵਿਹਲ ਨਹੀਂ। ਕੀ ਇਹਦੇ ਨਾਲ ਨਿੱਕੀ ਕਹਾਣੀ ਦੀ ਲੋਕਪ੍ਰਿਅਤਾ ਕੁਝ ਵੱਧ ਨਹੀਂ ਜਾਵੇਗੀ, ਜਿਸ ਨੂੰ ਇਕੋ ਬੈਠਕ ਵਿਚ ਮੁਕਾਇਆ ਜਾ ਸਕਦਾ ਹੈ?

↔ ਇਹ ਗੱਲ ਮੇਰੇ ਦਿਮਾਗ 'ਚ ਕਈ ਵੇਰਾਂ ਆਈ ਐ। ਸਾਤੋਂ ਪਹਿਲੀ ਪੀੜ੍ਹੀ ਦੇ ਵਿਦਵਾਨ ਲੇਖਕ ਕਹਿੰਦੇ ਹੁੰਦੇ ਸਨ ਕਿ ਕਹਾਣੀ ਰੇਲਵੇ ਦੇ ਇਕ ਸਟੇਸ਼ਨ ਤੋਂ ਦੂਜੇ ਸਟੇਸ਼ਨ ਦਾ ਸਫ਼ਰ ਐ, ਪਾਣੀ 'ਚ ਬੁਲਬੁਲਾ ਬਣਨ ਤੇ ਫਟਣ ਦਾ ਅਮਲ ਹੈ, ਮੁਟਿਆਰ ਵਹੁਟੀ ਦਾ ਘੁੰਡ ਚੁੱਕ ਕੇ ਦੇਖਣ ਮਾਤਰ ਦਾ ਨਜ਼ਾਰਾ ਹੈ। ਓਦੋਂ ਅਕਸਰ ਬਹੁਤੀਆਂ ਕਹਾਣੀਆਂ ਹੁੰਦੀਆਂ ਵੀ ਇਕ ਪਰਤੀਆਂ ਸਨ। ਮਨੁੱਖ ਦੇ ਰੁਝੇਵੇਂ ਹੁਣ ਪਹਿਲਾਂ ਨਾਲੋਂ ਵਧ ਗਏ ਨੇ। ਏਨੇ ਕਿ ਸਿਰ ਖੁਰਕਣ ਦੀ ਵਿਹਲ ਨਹੀਂ। ਪਰ ਕਹਾਣੀਆਂ ਲੰਬੀਆਂ ਤੇ ਬਹੁ-ਪਰਤੀ ਛਪਣ ਲੱਗ ਪਈਆਂ। ਪਾਠਕਾਂ ਦੀ ਗਿਣਤੀ ਏਨੀ ਵਧ ਗਈ ਕਿ ਹੈਰਾਨ ਰਹਿ ਜਾਈਦੈ। ਪੰਜਾਬੀ ਬਾਹਰਲੇ ਮੁਲਕਾਂ, ਇੰਗਲੈਂਡ, ਅਮਰੀਕਾ, ਕੈਨੇਡਾ ਤੇ ਹੋਰਨਾਂ ਥਾਵਾਂ 'ਤੇ ਜਾ ਵਸੇ। ਸਾਡੇ ਪਬਲਿਸਰਜ਼ ਓਥੇ ਪੁਸਤਕ-ਮੇਲਿਆਂ 'ਚ ਅਪਣੇ ਸਟਾਲ ਲਾਉਂਦੇ ਨੇ। ਇਹ ਕੋਰੀ ਕਲਪਨਾ ਨਹੀਂ, ਹਕੀਕਤ ਐ। ਜੇ ਹੁਣ ਛੋਟੇ ਪੱਧਰ 'ਤੇ ਹੈ, ਸਮਾਂ ਆਵੇਗਾ ਇਹ ਰੁਝਾਨ ਵਧੇਗਾ ਤੇ ਪੱਧਰ ਵੱਡਾ ਹੋਵੇਗਾ। ਮਨੁੱਖ ਅੰਦਰ ਨਵਾਂ ਕੁਝ ਜਾਣਨ ਦੀ ਜਗਿਆਸਾ ਬਣੀ ਰਹੇਗੀ। ਦਸਤੋਵਸਕੀ ਦੀ ਮੌਤ 1881 ਅਤੇ ਚੈਖਵ ਦੀ 1904 ਵਿਚ ਹੋਈ। ਏਨਾ ਲੰਬਾ ਸਮਾਂ ਬੀਤ ਜਾਣ ਤੋਂ ਪਿੱਛੋਂ ਵੀ ਉਨ੍ਹਾਂ ਦੇ ਪਾਠਕਾਂ ਦੀ ਗਿਣਤੀ ਘਟੀ ਨਹੀਂ, ਵਧੀ ਐ। ਸਮੇਂ ਦਾ ਟੈਸਟ ਲੇਖਕ ਲਈ ਵੰਗਾਰ ਵੀ ਐ। ਯੂਰਪ ਵਿਚ ਤਾਂ ਤਕਨਾਲੋਜੀ ਵਿਕਸਤ ਹੈ, ਓਥੇ ਏਸ਼ੀਆ ਮੂਲ ਦੇ ਅੰਗਰੇਜ਼ੀ 'ਚ ਲਿਖਣ ਵਾਲਿਆਂ ਦੀ ਗਿਣਤੀ ਵਧੀ ਹੈ। ਨਾਵਲ ਲਿਖਣ ਵਾਲਿਆਂ ਦੀ ਵੀ। ਮੈਂ ਟੀ.ਵੀ. ਦਾ ਇਕ ਚੈਨਲ ਲਾਇਆ ਪਿਛਲੇ ਦਿਨੀਂ। ਸ਼ਾਇਦ ਡਿਸਕਵਰੀ ਚੈਨਲ ਸੀ। ਭਾਰਤੀ ਲੇਖਕਾਂ, ਅੰਗਰੇਜ਼ੀ 'ਚ ਲਿਖਣ ਵਾਲਿਆਂ ਦਾ ਉਨ੍ਹਾਂ ਦੀਆਂ ਤਸਵੀਰਾਂ ਸਮੇਤ, ਕਾਫੀ ਲੰਬਾ ਸੀਰੀਅਲ ਟੈਲੀਕਾਸਟ ਹੋ ਰਿਹਾ ਸੀ। ਸਲਮਾਨ ਰਸ਼ਦੀ! ਸਲਮਾਨ ਰਸ਼ਦੀ!! ਬਾਰ ਬਾਰ ਦਿਖਾ ਰਹੇ ਸਨ। ਦੇਖਦਾ ਮੈਂ ਸੋਚ ਰਿਹਾ ਸੀ ਕਿ ਕਦੇ ਪੰਜਾਬੀ 'ਚ ਲਿਖਣ ਵਾਲਿਆਂ ਦਾ ਵੀ ਜ਼ਿਕਰ ਹੋਵੇਗਾ। ਅੰਗਰੇਜ਼ੀ ਭਾਸ਼ਾ ਦਾ ਦਾਬਾ ਬਹੁਤ ਐ, ਅੱਜ ਕੱਲ੍ਹ। ਵਿਸ਼ਵ ਵਿਦਿਆਲਿਆਂ, ਕਾਲਜਾਂ ਦੇ ਪ੍ਰੋਫੈਸਰਾਂ ਨੂੰ ਮੈਂ ਕਹਿੰਦਾ ਹੁੰਨਾਂ ਕਿ ਅੰਗਰੇਜ਼ੀ ਪੜ੍ਹੋ, ਪੜ੍ਹਾਓ ਜ਼ਰੂਰ ਪਰ ਗੁਲਾਮ ਜ਼ਿਹਨੀਅਤ ਤੋਂ ਛੁਟਕਾਰਾ ਪਾਓ। ਪਹਿਲਾਂ ਏਥੇ ਅੰਗਰੇਜ਼ ਰਾਜ ਕਰਦੇ ਸੀ, ਹੁਣ ਅੰਗਰੇਜ਼ੀ ਭਾਸ਼ਾ ਰਾਜ ਕਰਦੀ ਐ। ਟੀ.ਵੀ.-ਇਹ ਬੂਝੜ-ਬਕਸਾ ਸਾਡੀ ਪੇਸ਼ ਨਹੀਂ ਜਾਣ ਦਿੰਦਾ। ਜਾਣਕਾਰ ਦਸਦੇ ਨੇ ਕਿ ਫਰਾਂਸ, ਚੀਨ 'ਚ ਉਹ ਅੰਗਰੇਜ਼ੀ 'ਚ ਨਹੀਂ, ਅਪਣੀ ਭਾਸ਼ਾ ਵਿਚ ਗੱਲ ਕਰਦੇ ਨੇ। ਮੇਰੇ ਕਹਿਣ ਦਾ ਮਤਲਬ ਐ, ਆਪਾਂ ਪੰਜਾਬੀਆਂ ਨੂੰ ਕੀ ਹੋ ਗਿਆ!

ਜੋ ਲੋਕ ਘੰਟਿਆਂ ਵੱਧੀ ਕ੍ਰਿਕਟ ਦਾ ਮੈਚ ਦੇਖਦੇ ਨੇ। ਦਫ਼ਤਰਾਂ 'ਚੋਂ ਖਿਸਕ ਜਾਂਦੇ ਨੇ, ਸਿੱਧੇ ਕ੍ਰਿਕਟ ਦੇ ਮੈਦਾਨ 'ਚ ਜਾਂ ਘਰੇ ਬੂਝੜ-ਬਕਸੇ ਨੂੰ ਚਿਪਕ ਜਾਂਦੇ ਨੇ। ਰੌਲਾ ਪਾਉਣ ਵਾਲਿਆਂ ਨੂੰ ਪੁੱਛੋ ਕਿ ਨਾਵਲ ਦੇ ਫੌਤ ਹੋਣ ਨਾਲ ਕ੍ਰਿਕਟ ਦਾ ਵੀ ਭੋਗ ਪੈ ਜਾਵੇਗਾ। ਮੇਰਾ ਖ਼ਿਆਲ ਐ, ਨਾ ਨਾਵਲ ਮਰੇਗਾ ਨਾ ਕ੍ਰਿਕਟ ਦਾ ਭੋਗ ਪਏਗਾ। ਜਿਨ੍ਹਾਂ ਨੂੰ ਪੜ੍ਹਨ ਦਾ ਸ਼ੌਕ ਐ, ਉਹ ਸੌ ਹੀਲੇ-ਵਸੀਲੇ ਕਰ ਲੈਣਗੇ। ਅੰਬਾਂ ਦੀ ਭੁੱਖ ਅੰਬਾਕੜੀਆਂ ਨਾਲ ਨਹੀਂ ਮਿਟਦੀ। ਹਾਂ, ਨਿੱਕੀ ਕਹਾਣੀ ਦਾ ਬੋਲਬਾਲਾ, ਖੜਕੇ ਦੜਕੇ ਨਾਲ ਕਾਇਮ ਰਹੇਗਾ। ਅੱਗੇ ਭਵਿੱਖ ਦੀਆਂ ਭਵਿੱਖ ਜਾਣੇ।

➣ ਕਿਸੇ ਘਟਨਾ ਦੇ ਕਹਾਣੀ ਬਣਨ ਤੱਕ ਉਹ ਤੁਹਾਡੇ ਅੰਤ੍ਹਕਰਣ ਵਿਚ ਕਿਵੇਂ ਵਿਚਰਦੀ ਹੈ ਇਹਦਾ ਕੋਈ ਵਰਨਣ ਅਪਣੀ ਕਿਸੇ ਪ੍ਰਸਿੱਧ ਰਚਨਾ ਦੇ ਹਵਾਲੇ ਨਾਲ ਕਰ ਸਕੋ ਤਾਂ ਦਿਲਚਸਪ ਹੋਵੇਗਾ। ਨਹੀਂ?

↔ ਹੁਣੇ ਤਾਂ ਮੈਂ ਤੁਹਾਨੂੰ ਦੱਸਿਐ ਕਿ ਮੇਰਾ ਹਿਰਦਾ, ਮਨ ਤੇ ਬਦਨ ਕਿਸੇ ਛੋਟੀ-ਵੱਡੀ ਮਾਰਮਿਕ ਘਟਨਾ ਵਾਪਰਨ ਨਾਲ ਸਿਹਰ ਉਠਦੈ-ਸਾਰੀ ਉਮਰ ਇਹੀ ਹਾਲ ਰਿਹਾ ਕਿ ਆਹ ਕੀ ਹੋ ਗਿਆ! ਕਿਉਂ ਹੋ ਗਿਆ! ਸੋਚਣ ਦੀ ਵਿਹਲ ਕਿੱਥੇ ਮਿਲਦੀ ਐ। ਜੀਵਨ ਦੇ ਟੋਏ-ਟਿੱਬੇ ਈ ਮੱਤ ਮਾਰੀ ਰੱਖਦੇ ਨੇ। ਟਿੱਬੇ ਤੋਂ ਟੋਏ 'ਚ ਟੋਏ ਤੋਂ ਟਿੱਬੇ 'ਤੇ। ਸਾਡੇ ਦਫਤਰ ਹਨੇਰੇ, ਸਿਲ੍ਹੇ-ਰੇਗਿਸਤਾਨ ਦੇ ਟੋਏ ਹੀ ਤਾਂ ਹਨ। ਤੁਸੀਂ ਵਿਚ ਬੈਠ ਕੇ ਦੇਖੋ ਕਦੇ। 'ਇਹੋ ਜਿਹੇ ਹਾਲਾਤ ਵਿਚ ਜਿੱਥੇ ਤਿਲ ਤਿਲ ਕਰਕੇ ਮਰਨ ਦਾ ਅਹਿਸਾਸ ਮਨ ਨੂੰ ਖਾ ਰਿਹਾ ਹੋਵੇ, ਪੀਲੇ ਭੂਕ ਤੇ ਮਾਸੂਮ ਚਿਹਰਿਆਂ ਉੱਤੇ ਮਰਦਨੀ ਹੋਵੇ, ਸਦਾ ਕਿਸੇ ਅਦਿੱਖ ਸਹਿਮ ਦਾ ਪਹਿਰਾ ਹੋਵੇ, ਇਜ਼ਤ ਪਦਵੀ ਦੀ ਚਹੇਤੀ ਗੁਲਾਮ ਹੋਵੇ, ਮਨ ਪਵਿੱਤਰ ਕਿਤਾਬ ਵਾਂਗ ਨਾ ਖੁੱਲ੍ਹਦਾ ਹੋਵੇ, ਝੂਠ ਸੱਚ ਤੇ ਸਵਾਰੀ ਕਰਕੇ ਉਹਨੂੰ ਸਾਹੋਸਾਹ ਕਰ ਦੇਵੇ। ਫਾਈਲਾਂ 'ਚੋਂ ਮਰੇ ਹੋਏ ਚੂਹੇ ਦੀ ਬੋ ਨਿਰੰਤਰ ਆਉਂਦੀ ਰਹੇ ਤਾਂ ਰੌਸ਼ਨ ਤੋਂ ਰੌਸ਼ਨ ਦਿਮਾਗ ਵੀ ਕਹਿ ਉਠੇਗਾ : ਜ਼ਿੰਦਗੀ ਉਦਾਸ ਹਾਦਸਿਆਂ ਦੀ ਜਮ੍ਹਾਂ ਹੈ।

ਇਹੋ ਜਿਹੇ ਵਾਤਾਵਰਣ 'ਚੋਂ ਗੁਜ਼ਰਦਿਆਂ 1984 ਦਾ ਵਰ੍ਹਾ ਆ ਗਿਆ। ਖ਼ਬਰਾਂ ਆਈਆਂ ਕਿ ਇੰਦਰਾ ਗਾਂਧੀ ਦਾ ਕਤਲ ਹੋ ਗਿਆ। ਦਿੱਲੀ 'ਚ ਦੰਗੇ ਭੜਕ ਉੱਠੇ। ਸਿੱਖ ਭਰਾਵਾਂ ਨੂੰ ਚੁਣ ਚੁਣ ਕੇ ਮਾਰਿਆ ਜਾ ਰਿਹੈ। ਮੇਰਾ ਹਿਰਦਾ ਵਲੂੰਧਰਿਆ ਗਿਆ। ਐਡੀ ਵੱਡੀ ਤ੍ਰਾਸਦੀ! ਲੋਕ ਤਾਂ ਗੱਲਾਂ ਕਰਦੇ ਈ ਨੇ। ਕਿਸੇ ਨੇ ਮੈਨੂੰ ਇਕ ਟੱਬਰ 'ਤੇ ਹੋਏ ਜ਼ੁਲਮ ਦੀ ਗੱਲ ਸੁਣਾਈ। ਉਹਦੇ ਲਈ ਸ਼ਾਇਦ ਇਹ ਆਮ ਗੱਲ ਸੀ। ਪਰ ਮੇਰੇ ਮਨ ਅੰਦਰ ਖ਼ਲਬਲੀ ਮੱਚਣ ਲੱਗ ਪਈ। ਪਤਾ ਨਹੀਂ ਕਿੰਨੇ ਦਿਨ ਤੜਫਦਾ ਰਿਹਾ। ਮਾਸੂਮ ਜ਼ਿੰਦਾਂ ਨੂੰ ਉਹਨਾਂ ਨੇ ਕਿੰਨੀ ਬੇਦਰਦੀ ਨਾਲ ਕੋਹਿਆ। ਮਨੁੱਖ ਦਰਿੰਦਾ ਕਿਉਂ ਬਣ ਜਾਂਦੈ? ਮੇਰੇ ਅੰਦਰ ਸੋਚਾਂ ਦਾ ਘੋਲ ਹੋਣ ਲੱਗਿਆ। ਸੁਰਜੀਤ ਰਾਮਪੁਰੀ ਦੇ ਗੀਤ ਦੀਆਂ ਧੁਨਾਂ ਗੂੰਜਣ ਲੱਗੀਆਂ, 'ਮੈਂ ਦਰਦ ਕਹਾਣੀ ਰਾਤਾਂ ਦੀ, ਮੈਨੂੰ ਸੋਨ ਸਵੇਰਾ ਕੀ ਜਾਣੇ!' ਮੇਰੇ ਧੁਰ ਅੰਦਰੋਂ ਬਚਪਨ 'ਚ ਵਾਪਰੀ 1948 ਦੀ ਘਟਨਾ ਉਭਰ ਆਈ। ਜਦੋਂ ਸ਼ਿਕਾਰੀਆਂ ਨੇ ਇਕ ਮੁਟਿਆਰ ਹਿਰਨੀ ਨੂੰ ਮਾਰਿਆ ਸੀ। ਅਸੀਂ ਉਹਨਾਂ ਨੂੰ ਮੂਨਾਂ ਕਹਿੰਦੇ ਹੁੰਦੇ ਸਾਂ। ਓਦੋਂ ਵੀ ਮੇਰੀ ਹਾਲਤ, ਉਸ ਨੂੰ ਤੜਫ਼ਦੀ ਦੇਖ ਕੇ, ਹਾਲੋਂ ਬੇਹਾਲ ਹੋਈ ਸੀ। ਅਜੇ ਸਾਹ ਉਹਦੇ ਚੱਲ ਰਹੇ ਸਨ। ਅੱਖ 'ਚੋਂ ਪਾਣੀ ਦੀ ਤਤੀਰੀ ਨਿਕਲੀ ਸੀ। ਇਕ ਬੰਦੇ ਨੇ ਮੋਢੇ ਚੁੱਕੀ ਹੋਈ। ਓਦੋਂ ਵੀ ਮੇਰੇ ਅੰਦਰੋਂ ਆਹ ਨਿਕਲੀ ਸੀ, 'ਅਜੇ ਜਿਉਂਦੀ ਐ!' ਤਾਂ ਇਕ ਸ਼ਿਕਾਰੀ ਮੈਨੂੰ ਟੁੱਟ ਕੇ ਪਿਆ, 'ਜਾਹ ਭੱਜ ਜਾਹ, ਖੱਤਰੀਆ। ਸਾਲਾ ਬਹੁਤਾ ਤਰਸ ਕਰਨ ਵਾਲਾ! ਹੁਣ ਮੀਟ ਦਾ ਸੁਆਹ ਸੁਆਦ ਆਉਣੈਂ!!' ਇਸ ਘਟਨਾ ਦਾ ਬੀਅ ਮੇਰੇ ਦਿਲ ਦੀ ਜ਼ਮੀਨ 'ਚ ਜਾ ਡਿੱਗਾ। ਹਿੰਦਸੇ ਉਲਟੇ 1948 ਤੋਂ 1984, ਤਾਂ ਕਿਤੇ ਜਾ ਕੇ ਇਹ ਗਾਥਾ ਮੁਕੰਮਲ ਹੋਈ। ਕਹਾਣੀ ਦਾ ਨਾਉਂ 'ਮੂਨ ਦੀ ਅੱਖ' ਏਸੇ ਨਾਉਂ ਦਾ ਕਹਾਣੀ-ਸੰਗ੍ਰਹਿ 1993 ਵਿਚ ਛਪਿਆ। ਜਿਸ ਨੂੰ ਭਾਰਤੀ ਸਾਹਿਤ ਅਕਾਦਮੀ ਨੇ 1998 ਵਿਚ ਪੁਰਸਕਾਰ ਦਿੱਤਾ।

### ਮੈਨੂੰ ਟੈਗੋਰ ਬਣਾ ਦੇ: ਮਾਂ!

➣ ਹੁਣ ਵੱਡੀ ਉਮਰ ਵਿਚ ਪਿਛਾਂਹ ਮੁੜ ਕੇ ਦੇਖੋ ਤਾਂ ਅਪਣੇ ਬਚਪਨ ਦੇ ਆਉਣ ਜਾਣ ਦਾ ਤੁਹਾਡਾ ਅਹਿਸਾਸ ਕਿਹੋ ਜਿਹਾ ਹੈ?

↔ ਮੈਨੂੰ ਦਸਤੋਵਸਕੀ ਦਾ ਇਹ ਫਿਕਰਾ ਬੜਾ ਹਾਂਟ ਕਰਦੈ, 'ਮੈਂ ਸਮਿਆਂ ਦਾ ਬੱਚਾ ਹਾਂ (I am child of the times)। ਹੁਣ ਮੇਰੀ ਤਿਹੱਤਰ ਵਰ੍ਹਿਆਂ ਦੀ ਉਮਰ ਐ। ਕਦੇ ਕਦੇ ਅਜਿਹੀ ਰੌਂ ਆਉਂਦੀ ਐ ਕਿ ਮੈਂ ਬੱਚਿਆਂ ਵਾਂਗ ਨਿਰਛਲ ਜਿਹੇ ਅਮਲ ਕਰਨ ਲੱਗ ਪੈਂਦਾ ਹਾਂ। ਮੇਰੀ ਇਕ ਪੋਤੀ ਦਾ ਨਾਉਂ ਸਾਇਸ਼ਾ ਐ। ਇਕ ਵਿਆਹ 'ਚ ਸ਼ਾਮਲ ਹੋਣ ਦਾ ਮੌਕਾ ਮਿਲਿਆ। ਮੈਂ ਤੇ ਸਾਇਸ਼ਾ ਦੋਵੇਂ ਭੁੰਜੇ ਬੈਠ ਕੇ ਹੱਸਣ-ਖੇਡਣ ਲੱਗ ਪਏ। ਵਿਚਕਾਰਲਾ ਮੇਰਾ ਮੁੰਡਾ ਜਿਸਦੀ ਉਹ ਧੀ ਐ, ਆ ਕੇ ਗੁੱਸੇ ਹੋਣ ਲੱਗ ਪਿਆ, 'ਚੰਗਾ ਲਗਦੈ, ਏਦਾਂ ਦੀਆਂ ਹਰਕਤਾਂ ਕਰਦੇ ਓ ਪਾਪਾ! ਮਹਿਮਾਨ ਕੁਰਸੀਆਂ 'ਤੇ ਬੈਠੇ ਦੇਖ ਰਹੇ ਨੇ। ਮੈਂ ਤਾਬੇਦਾਰਾਂ ਵਾਂਗ ਉੱਠ ਖੜ੍ਹਾ ਤਾਂ ਹੋ ਗਿਆ, ਪਰ ਦਿਲਗੀਰ ਹੋਇਆ। ਜੁਆਨ ਪੁੱਤ ਦੇ ਸਾਹਮਣੇ ਮੈਤੋਂ ਇਹ ਵੀ ਨਾ ਕਹਿ ਹੋਇਆ, 'ਦੇਖਦੇ ਨੇ ਤਾਂ ਦੇਖਦੇ ਰਹਿਣ! ਤੂੰ ਤਾਂ ਸਾਡੀ ਖੇਡ ਈ ਖਰਾਬ ਕਰਤੀ।' ਸਾਡਾ ਨਿੱਕਾ ਜਿਹਾ ਘਰ, ਪਿੰਡ ਦੀ ਲੰਬੀ ਵੀਹੀ 'ਚ ਜੱਟਾਂ ਵਾਲੇ ਪਾਸੇ ਸੀ। ਬਾਕੀ ਬਾਹਮਣਾਂ, ਖੱਤਰੀਆਂ ਦੇ ਘਰ ਦੂਜੇ ਪਾਸੇ। ਜਨਮ ਮੇਰਾ 14 ਫਰਵਰੀ, 1937 ਨੂੰ ਹੋਇਆ। ਸਾਲ ਕੁ ਦਾ ਹੋਇਆ ਤਾਂ ਕੁੜੀਆਂ ਗੋਦੀ ਚੁੱਕੀ ਤੁਰਨ ਫਿਰਨ ਲੱਗੀਆਂ। ਫੇਰ ਪਤਾ ਈ ਨਾ ਲੱਗਿਆ ਕਦੋਂ ਮੈਂ ਆਪ ਤੁਰਨ ਫਿਰਨ ਲੱਗਿਆ। ਮੌਜ ਲੱਗ ਗਈ। ਸਿੱਧੇ ਸਾਦੇ ਲੋਕ। ਹੋਰ ਉਡਾਰ ਹੋਇਆ ਤਾਂ ਲੱਸੀ ਦਾ ਕੋਈ ਅੰਤ ਨਹੀਂ, ਛੰਨਿਆਂ-ਕੌਲਿਆਂ 'ਚ। ਕੁੜੀਆਂ-ਮੁੰਡਿਆਂ ਨੇ ਰਲ ਕੇ ਲੁਕਣ-ਮੀਚੀ ਖੇਡਣੀ। ਕੱਚੇ ਵਿਹੜਿਆਂ ਦੀਆਂ ਕੰਧਾਂ-ਓਟਿਆਂ ਓਹਲੇ। ਵੱਡੇ ਹੋਏ ਤਾਂ ਬਾਹਰ ਨਿਆਈ 'ਚ, ਪੀਰ ਖਾਨੇ, ਬਾਬੇ ਮਿੱਤੇ ਦੀ ਖੂਹੀ ਕੋਲ ਰੇਤਲੀ ਭੋਇੰ। ਖੇਡਾਂ-ਲੱਲ੍ਹੇ, ਹੁੱਬੇ, ਪੀਲ ਪਲਾਂਗੜਾ, ਬਾਂਦਰ-ਕੀਲਾ, ਹੱਟ-ਬੱਲ। ਲੀਰਾਂ ਦੀ ਫੁੱਟਬਾਲ ਜਿੱਡੀ ਖੁੱਦੋ। ਖਰੋਟ ਖੇਡੇ, ਸਿੱਕਾ ਢਾਲ ਕੇ ਪਾਇਆ ਹੋਇਆ। ਵੱਡੇ-ਛੋਟੇ ਘਰ। ਰਾਤਾਂ ਨੂੰ ਭੂਤਾਂ ਪਰੇਤਾਂ ਤੋਂ ਡਰਦੇ ਘਰਾਂ ਨੂੰ ਭੱਜਦੇ। ਕੁੜੀਆਂ ਚੰਦਰਮਾ ਨੂੰ ਅਰਘ ਦੇਂਦੀਆਂ, 'ਸਿਉਂਦੀਓ-ਪਰੋਂਦੀਆਂ-ਚੰਦਾ ਬਾਲਾ ਅਰਘ ਦੇ ਪਾਣੀ ਭਰੀਆਂ ਗੜਵੀਆਂ ਚੰਦਰਮੇ ਵੱਲ ਉਲਾਰ ਕੇ ਡੋਲ੍ਹ ਦਿੰਦੀਆਂ। ਵਿਚ ਮੋਹਨ ਵੀ ਖੜ੍ਹੈ। ਤੀਆਂ 'ਚ ਵੀ ਮੋਹਨ ਤੇ ਉਹਦੇ ਸਾਥੀ ਤੀਮੀਆਂ ਦੇ ਗਿੱਧੇ ਤੇ ਬੋਲੀਆਂ ਸੁਣਦੇ। ਇਕ ਸਾਧਾਂ ਦੀ ਬਹੂ-ਮੈਨੂੰ ਛੇੜਦੀ ਗਾਉਂਦੀ, 'ਮੈਂ ਗੰਗਾ ਨਾਵਾਂ, ਤਾਰੀਆਂ ਲਾਵਾਂ-ਪਿੱਛੇ ਨੱਥੂ ਆਇਆ। ਮੈਂ ਪਾਣੀ ਹੇਠਾਂ, ਉਹ ਉੱਤੇ ਉੱਤੇ... ਡੁਬਕੀ ਲਾਈ ਮੈਂ ਅੱਗੇ ਅੱਗੇ... ਉਹ ਮੇਰੇ ਪਿੱਛੇ। ਨੱਥੂ ਯਾਨੀ ਮੇਰਾ ਬਾਈ। ਅਸੀਂ ਬਾਪ ਨੂੰ ਬਾਈ ਕਹਿੰਦੇ ਹੁੰਦੇ ਸਾਂ। ਕੋਈ ਕੁਆਰੀ ਕੁੜੀ ਪੀਂਘ ਚੜ੍ਹਾਕੇ ਨਿੰਮ ਦੀ ਟੀਸੀ ਤੋਂ ਪੱਤੇ ਤੋੜ ਲਿਆਉਂਦੀ। ਸਾਰੀਆਂ ਹੱਸ ਹੱਸ ਦੂਹਰੀਆਂ ਹੋ ਜਾਂਦੀਆਂ, 'ਸੱਸ ਦਾ ਚੂੰਡਾ ਪੱਟ ਲਿਆਈ!' ਤੀਆਂ ਪਿੱਛੋਂ ਕੁੜੀਆਂ ਰਲ ਕੇ ਗਾਉਂਦੀਆਂ, 'ਸੌਣ ਵੀਰ 'ਕੱਠੀਆਂ ਕਰੇ, ਭਾਦੋਂ ਚੰਦਰੀ ਵਿਛੋੜੇ ਪਾਵੇ। ਤੀਆਂ ਦੇ ਲਵਾਉਣ ਵਾਲਿਆ ਤੇਰਾ ਹੋਵੇ ਸੁਰਗਾਂ ਵਿਚ ਵਾਸਾ-ਤੀਆਂ ਦੇ ਹਟਾਉਣ ਵਾਲਿਆ, ਤੇਰੇ ਨਿੱਕਲੇ ਮੋਗਰੀ ਫੋੜਾ।' ਸ਼ਿਵ ਦਵਾਲੇ ਕਥਾ 'ਚ ਸੀਧ ਫੜਨਾ, ਵਿਹਲ ਵੇਲੇ ਓਥੇ ਪੜ੍ਹਨਾ। ਠਾਕਰ ਦੁਆਰੇ ਜਾਣਾ ਠਾਕਰਾਂ ਨੂੰ ਝੂਟੇ ਦੇਣੇ। ਮੁੰਡਿਆਂ ਨੇ ਰਲ ਕੇ ਸੰਗਰਾਂਦ ਨੂੰ ਗੁਰਦੁਆਰੇ ਜਾਣਾ ਤੇ ਪੰਜ ਛੇ ਵੇਰਾਂ ਚੋਰੀਉਂ ਭਾਈ ਜੀ ਤੋਂ ਪ੍ਰਸ਼ਾਦ ਲੈਣਾ। ਕਾਲੇ ਸਾਧ ਅਤੇ ਮਟੀ ਵਾਲੇ ਸੰਤਾਂ ਦੀ ਬੀਹੀਆਂ 'ਚ ਫੇਰੀ ਪੈਂਦੀ। ਕਾਲਾ ਸਾਧ ਜਦ ਕਦੇ ਕੋਈ ਬੰਦਾ ਪਿੰਡ 'ਚ ਮਰ ਜਾਂਦਾ ਤਾਂ ਮੜ੍ਹੀਆਂ 'ਚ ਰਾਤ ਨੂੰ ਸਿਵੇ ਦੇ ਮਘਦੇ ਕੋਲਿਆਂ 'ਤੇ ਦਾਲ ਸਬਜ਼ੀ ਨੂੰ ਤੜਕਾ ਲਾਉਂਦਾ। ਅਸੀਂ ਨਿਆਣੇ ਉਸਤੋਂ ਡਰਦੇ ਸਾਂ। ਸਾਡਾ ਖ਼ਿਆਲ ਸੀ, ਰਾਤ ਨੂੰ ਉਹ ਭੂਤਾਂ ਨੂੰ ਬੁਲਾਉਂਦਾ ਹੁੰਦਾ ਸੀ-ਇਹ ਵਹਿਮੀ ਭੈਅ ਸੀ ਸਾਡਾ। ਗੱਲ ਵਿਚੋਂ ਕੁਝ ਹੋਰ ਹੁੰਦੀ ਸੀ। ਕੁਟੀ ਵਾਲੇ ਸਾਧ ਕੋਲ ਪੰਛੀ ਮੋਰ ਵਗੈਰਾ ਉਹਦੇ ਹੱਥਾਂ 'ਚੋਂ ਚੂਰੀ ਤੇ ਦਾਣਾ ਦੁਣਕਾ ਚੁਗਦੇ ਹੁੰਦੇ। ਉਹ ਕੁਟੀਆ ਦੇ ਬਨੇਰੇ 'ਤੇ ਬੈਠ ਕੇ ਕੇਸ ਖੋਲ੍ਹਦਾ ਤਾਂ ਧਰਤੀ ਨਾਲ ਲੱਗ ਜਾਂਦੇ। ਉਹ ਪਿੰਡ ਦੀਆਂ ਬੀਹੀਆਂ ਵਿਚ ਹਰ ਰੋਜ਼ ਗੇੜਾ ਨਹੀਂ ਸੀ ਲਾਉਂਦਾ। ਜਦ ਆਉਂਦਾ ਤਾਂ ਲੱਕ ਨਾਲ ਜੰਜੀਰ ਬੰਨ੍ਹ ਕੇ ਉਸ ਨਾਲ ਇਕ ਟੱਲ ਬੰਨ੍ਹਿਆ ਹੁੰਦਾ। ਸਾਹਮਣੇ ਕੋਈ ਤੀਮੀ ਟੱਕਰਦੀ ਤਾਂ ਝੱਟ ਛਾਲ ਮਾਰ ਕੇ ਦੂਰ ਹਟ ਜਾਂਦਾ। ਕਿਸੇ ਦੇ ਘਰ ਮੂਹਰੇ ਉਹ ਟਿਕ ਕੇ ਨਹੀਂ ਸੀ ਖੜ੍ਹਦਾ। ਬੱਸ ਅੱਗੇ ਪਿੱਛੇ ਤੇਜ਼ ਤੁਰਦਾ ਰਹਿੰਦਾ। ਦੋ ਚਾਰ ਮਿੰਟ 'ਚ ਭਿਛਿਆ ਮਿਲਦੀ ਜਾਂ ਨਾ ਉਹ ਅੱਗੇ ਵਧ ਜਾਂਦਾ। ਪਿੰਡ ਦੇ ਬਾਹਰ ਕੁਸ਼ਤੀਆਂ ਦਾ ਰਿਵਾਜ਼ ਸੀ। ਨਚਾਰਾਂ ਦੇ ਜਲਸੇ ਵੀ ਹੁੰਦੇ। ਕਦੇ ਕਦਾਈਂ ਕਿਸੇ ਦਾ ਕਤਲ ਵੀ ਹੋ ਜਾਂਦਾ। ਸਕੂਲ 'ਚ ਮੈਂ ਪੜ੍ਹਨ ਨੂੰ ਹੁਸ਼ਿਆਰ ਸੀ। ਬਚਪਨ ਵਿਚ ਮੈਂ ਦੋ ਵੇਰਾਂ ਮੌਤ ਦੇ ਮੂੰਹੋਂ ਬਚਿਆ। ਇਕ ਵੇਰਾਂ ਗੰਭੀਰ ਬਿਮਾਰੀ ਦਾ ਸ਼ਿਕਾਰ ਹੋ ਕੇ, ਮੰਜੇ 'ਚ ਤੜਫਦਾ ਰਿਹਾ, ਘਰ ਦਿਆਂ ਬਥੇਰੇ ਇਲਾਜ ਕਰਵਾਏ, ਪਰ ਆਰਾਮ ਨਹੀਂ ਸੀ ਆ ਰਿਹਾ। ਦੋ ਢਾਈ ਮਹੀਨਿਆਂ ਪਿੱਛੋਂ, ਇਕ ਦਿਨ ਉਦਾਸ ਹੋ ਕੇ ਟੱਬਰ ਵਿਚ ਬੈਠਿਆਂ ਮੇਰੇ ਬਾਪ ਨੇ ਕਹਿ ਦਿੱਤਾ, 'ਹੁਣ ਨਹੀਂ ਮੁੰਡਾ ਬਚਦਾ!' ਓਦਣ ਟੱਬਰ ਦੇ ਕਿਸੇ ਜੀਅ ਨੇ ਟੁੱਕ ਨਾ ਖਾਧਾ। ਕਿਸੇ ਸਿਆਣੇ ਪੁਰਸ਼ ਨੇ ਸਲਾਹ ਦਿੱਤੀ, 'ਨੱਥੂ ਰਾਮਾਂ! ਐਂ ਨੀ ਢੇਰੀ ਢਾਹ ਕੇ ਬੈਠੀ ਦਾ। ਤੂੰ ਪੰਜ ਕੋਹੇ ਆਲੀ ਮਾਈ ਕੋਲ ਜਾਹ!' ਬਾਪ ਮੇਰਾ ਜਾ ਕੇ ਮਾਈ ਦੇ ਪੈਰਾਂ 'ਚ ਜਾ ਡਿੱਗਿਆ। ਉਹਨੇ

MILLCREEK CLEANERS
We Specialize In:
- Designer Labels
- Wedding Gowns
- Fancy Clothing
- Punjabi Suits
- Downfills, Silks, Wools
- Laundered Shirts
- Alterations

4022 – 50 Street
By Pizza Hut and Marry Browns
780-450-0627
Over 30 Years Combined Experience
Monday - Friday: 7:30am – 6:30pm
Saturday: 9:00 am – 5:00pm

Get $10 of free drycleaning with a minimum of $50.00 of drycleaning
please present this coupon when you drop off your clothing
only one coupon valid per visit

Get $5 of free drycleaning with a minimum of $25.00 of drycleaning
please present this coupon when you drop off your clothing
only one coupon valid per visit

more specials at www.millcreekcleaners.com

ਪਹਿਲਾਂ ਗਾਲ੍ਹਾਂ ਕੱਢੀਆਂ। 'ਆ ਗਿਆ ਹੁਣ ਚਾਰੇ ਪਾਸੇ ਧੱਕੇ ਖਾ ਕੇ!' ਇਕ ਝੱਕਰੀ ਪਾਣੀ ਨਾਲ ਭਰ ਕੇ ਫੜਾ ਦਿੱਤੀ। ਏਹਦੇ ਵਿਚੋਂ ਪਾਣੀ ਪਿਆਉਣੈਂ... ਏਸ ਪਾਣੀ 'ਚ ਹੋਰ ਰਲਾਈ ਜਾਇਓ। ਕੁਝ ਦਿਨਾਂ ਪਿੱਛੋਂ ਮੇਰੇ ਪਿੰਡੇ 'ਤੇ ਛੋਟੀ ਮਾਤਾ ਪ੍ਰਗਟ ਹੋਗੀ। ਨਿੱਕੇ ਨਿੱਕੇ ਦਾਣੇ। ਹੌਲੀ ਹੌਲੀ ਮੈਨੂੰ ਆਰਾਮ ਆ ਗਿਆ। ਹੁਣ ਦੱਸਦਿਆਂ ਹਾਸਾ ਆਉਂਦੈ। ਮਾਈ ਨੇ ਪਾਣੀ 'ਚ ਫੂਕਾਂ ਮਾਰ ਕੇ ਜਿਹੜਾ ਮੰਤਰ ਮਾਰਿਆ-ਉਹ ਪਤਾ ਨਹੀਂ ਕੀ ਸੀ। ਪਾਣੀ ਸੀ ਖ਼ੂਪ ਕਲਾਂ ਵਾਲਾ!

➣ ਬਚਪਨ ਦੇ ਉਸ ਸਮੇਂ ਦੀ ਕਿਸ ਚੀਜ਼ ਜਾਂ ਘਟਨਾ ਨੂੰ ਤੁਸੀਂ ਡ੍ਹਾਢੇ ਉਦਰੇਵੇਂ ਨਾਲ ਯਾਦ ਕਰਦੇ ਹੋ?

↔ ਮੇਰਾ ਬਾਪ ਅਫ਼ੀਮ ਖਾਂਦਾ ਸੀ ਤੇ ਹੁੱਕਾ ਪੀਂਦਾ ਸੀ। ਦਮੇ ਦਾ ਮਰੀਜ਼। ਦੱਸਦੇ ਹੁੰਦੇ ਸਨ ਕਿ ਦਾਦੀ ਦਾ ਕੋਈ ਮੁੰਡਾ ਨਹੀਂ ਸੀ ਬਚਦਾ। ਉਸਦੇ ਜਨਮ ਦੇ ਕੁਝ ਸਮੇਂ ਬਾਅਦ ਨੱਥ ਪਾਈ ਗਈ। ਉਹ ਬਚ ਗਿਆ। ਵਡਾਰੂ ਖੇਤੀ ਆਪ ਕਰਦੇ ਸਨ। ਇਕੱਲਾ ਪੁੱਤ ਹੋਣ ਕਰਕੇ ਉਸ ਨੂੰ ਲਾਡ-ਮਲ੍ਹਾਰ ਨਾਲ ਪਾਲਿਆ ਗਿਆ। ਲਾਡਲੀ ਉਲਾਦ ਨੂੰ ਦੋਸਤਾਂ-ਮਿੱਤਰਾਂ ਦੀ ਅਜਿਹੀ ਸੰਗਤ ਮਿਲਦੀ ਐ, ਜੋ ਮਾੜੀਆਂ ਆਦਤਾਂ ਵਾਲੀ ਹੁੰਦੀ ਐ। ਨਸ਼ਿਆਂ ਤੋਂ ਇਲਾਵਾ ਉਸ ਨੂੰ ਜੂਆ ਖੇਲ੍ਹਣ ਦੀ ਆਦਤ ਪੈ ਗਈ। ਪਿੰਡ ਖੁੱਡੀ ਕਲਾਂ (ਬਰਨਾਲਾ) ਨੇੜੇ ਕਾਫੀ ਜ਼ਮੀਨ ਸੀ। ਜੋ ਐਬਾਂ ਦੇ ਚੱਕਰ ਵਿਚ ਉਸ ਨੇ ਬੈਅ ਕਰ ਦਿੱਤੀ। ਮੇਰੀ ਮਾਂ ਦੇ ਸਾਰੇ ਗਹਿਣੇ ਵੇਚ ਦਿੱਤੇ। ਵੇਚੇ ਕਾਹਦੇ ਜੂਏ 'ਚ ਹਾਰ ਗਿਆ। ਕੱਪੜਾ ਵੇਚਣਾ ਸ਼ੁਰੂ ਕੀਤਾ, ਕੰਟਰੋਲ ਲੱਗ ਗਿਆ। ਅਨਪੜ੍ਹ ਹੋਣ ਕਰਕੇ ਉਸ ਨੂੰ ਕੋਈ ਇਲਮ ਨਹੀਂ। ਥਾਨਾਂ ਨਾਲ ਭਰੀ ਹੋਈ ਦੁਕਾਨ ਸੀ ਬਨਭੌਰੇ। ਸਾਰਾ ਕਪੜਾ ਜ਼ਬਤ ਹੋ ਗਿਆ। ਪਹਿਲਾਂ ਪਿੰਡਾਂ 'ਚ ਪਿੱਠਾਂ ਉੱਤੇ ਲੱਦ ਕੇ ਡੱਗੀਆਂ 'ਚ ਕੱਪੜੇ ਵੇਚਦੇ ਸਾਂ। ਹੱਟੀ ਵਾਲੀ ਬਜਾਜੀ ਛੁਡਾਉਣ ਦਾ ਕੋਈ ਹੀਲਾ ਨਾ ਬਣਿਆ। ਨੰਗ ਮਲੰਗ ਹੋ ਕੇ ਭਾਂਡੇ, ਜਿੰਦੇ ਵੇਚਣ ਦਾ ਕੰਮ ਆਰੰਭ ਕਰ ਲਿਆ। ਉਪਰੋਂ ਫੜ੍ਹਾਂ ਮਾਰਿਆ ਕਰੇ, ਨਿਆਣੇ ਪੜ੍ਹਾ ਕੇ ਨੌਕਰੀ ਨੀ ਕਰਾਉਣੀ, ਨੌਕਰ ਅਸੀਂ ਆਪ ਰੱਖਾਂਗੇ। ਜ਼ਮੀਨ ਦਾ ਬੈਅਨਾਮਾ ਤੁੜਵਾਉਣ ਲਈ ਮੇਰੇ ਸਭ ਤੋਂ ਵੱਡੇ ਭਰਾ ਨੇ ਕਚਹਿਰੀ 'ਚ ਕੇਸ ਲੜਿਆ ਕਿ ਮੇਰਾ ਪਿਉ ਪਾਗਲ ਹੋ ਗਿਆ ਸੀ। ਮਾੜੇ ਮੋਟੇ ਸਬੂਤ ਤਿਆਰ ਕੀਤੇ। ਪਿੰਡ ਦੇ ਵਿਹਲੇ ਅਮਲੀਆਂ ਨੂੰ ਗਵਾਹ ਦੇ ਤੌਰ 'ਤੇ ਪੇਸ਼ ਕੀਤਾ ਪਰ ਕੇਸ ਹਾਰ ਗਏ। ਪਿਉ ਤਾਂ ਅਫੀਮਚੀ, ਜੁਆਰੀਆ ਪਹਿਲਾਂ ਈ ਸੀ, ਉੱਤੋਂ ਦਮੇਂ ਨੇ ਉਹਦਾ ਲੱਕ ਤੋੜ ਦਿੱਤਾ। ਬਿਮਾਰ ਹੋ ਕੇ ਮੰਜੇ 'ਚ ਪੈ ਗਿਆ। ਇਲਾਜ ਹੋਇਆ, ਨਾ ਵਰਗਾ। ਦਵਾਈ ਮੁੱਕੀ, ਨਵੀਂ ਲੈਣ ਗਿਆ। ਡਾਕਟਰ ਨੇ ਪੁੱਛਿਆ ਪਰਚੀ ਲੈ ਕੇ ਆਇਐਂ ਜਿਸ 'ਤੇ ਦਵਾਈ ਲਿਖੀ ਸੀ। ਉਹ ਨਹੀਂ ਜੀ ਲੱਭਦੀ। ਪਤਾ ਨਹੀਂ, ਕਿਤੇ ਗਿਰ ਗਈ। ਦਵਾਈ ਪੀਣ ਵਾਲੀ ਸੀ। ਹਾਂ ਜੀ। ਕਿਹੋ ਜਿਹਾ ਰੰਗ ਸੀ। ਲਾਲ ਸੀਗਾ ਜੀ। ਉਸ ਨੇ ਅੰਦਾਜ਼ੇ ਨਾਲ ਦਵਾਈ ਵੀ ਲਿਖ ਦਿੱਤੀ। ਉਸ ਨੂੰ ਪੀਣ ਨਾਲ ਉਹ ਹੋਰ ਨਿਢਾਲ ਹੋ ਗਿਆ। ਇਕ ਸ਼ਾਮ ਨੂੰ ਮੈਂ ਘਰੇ ਬੈਠਾ ਸਾਂ। ਘਰ ਦੇ ਸਾਹਮਣੇ ਗੁਆਂਢੀ ਜੱਟਾਂ ਦੇ ਘਰ ਡੰਗਰਾਂ ਨੂੰ ਮੱਛਰਾਂ ਤੋਂ ਬਚਾਉਣ ਲਈ ਧੂੰਆਂ ਕੀਤਾ। ਧੂੰਏਂ ਤੋਂ ਬਚਣ ਲਈ ਉਸ ਨੇ, ਔਖ ਮੰਨ ਕੇ ਮੂੰਹ ਮੋੜ ਲਿਆ, ਅੰਦਰਲੇ ਪਾਸੇ ਵੱਲ। ਕੁਝ ਦੇਰ ਪਿੱਛੋਂ ਉਹ ਗੁੱਛਾ ਮੁੱਛਾ ਹੋਇਆ, ਲੱਤਾ ਸਿੱਧੀਆਂ ਸਤੋਰ ਕਰਕੇ ਪੈ ਗਿਆ। ਮੈਨੂੰ ਕਹਿਣ ਲੱਗਿਆ, 'ਮੈਂ ਠੀਕ ਆ ਹੁਣ। ਫਿਕਰ ਨਾ ਕਰ। ਤੂੰ ਹੱਟ ਤੇ ਪੈ ਜਾ ਕੇ।' ਕੋਈ ਘੰਟੇ ਡੂਢ ਘੰਟੇ, ਬਾਅਦ ਸੁਨੇਹਾ ਮਿਲ ਗਿਆ। 'ਬਾਈ ਜੀ ਪੂਰੇ ਹੋ ਗਏ।' ਮੈਂ ਘਰ ਪਹੁੰਚਿਆ। ਇਸਦਾ ਜ਼ਿਕਰ ਮੈਂ ਕਿਸੇ ਕਹਾਣੀ 'ਚ ਇਕ ਥਾਂ ਕੀਤੈ, 'ਘਰ ਵਿਚ ਲਾਸ਼ ਪਈ ਸੀ। ਹਉਕਿਆਂ, ਚੀਕਾਂ, ਕੁਰਲਾਹਟਾਂ ਅਤੇ ਕੀਰਨਿਆਂ ਦੇ ਸ਼ੋਰ ਸ਼ਰਾਬੇ ਵਿਚ ਮੈਂ ਕੰਧ ਨਾਲ ਢੋ ਲਾਈ ਭਮੱਤਰਿਆ ਬੈਠਾ ਸਾਂ। ਓਦੋਂ ਮੈਂ ਤੇ ਲਾਲਟੈਨ ਚੁੱਪ ਚਾਪ ਮੱਚ ਰਹੇ ਸਾਂ।'

ਉਹ ਦ੍ਰਿਸ਼ ਮੈਨੂੰ ਕਦੇ ਨਹੀਂ ਭੁੱਲਿਆ।

➣ ਅਪਣੇ ਮਾਂ-ਬਾਪ ਅਤੇ ਭੈਣਾਂ-ਭਾਈਆਂ ਬਾਬਤ ਕੁਝ ਹੋਰ ਦੱਸੋ।

↔ ਬਾਈ ਮੇਰਾ ਬੜੇ ਸਖ਼ਤ ਸੁਭਾਅ ਆਲਾ ਬੰਦਾ ਸੀ। ਘਰ 'ਚ ਓਸੇ ਦਾ ਹੁਕਮ ਚੱਲਦਾ। ਮਜ਼ਾਲ ਐ ਕੋਈ ਮੂਹਰੇ ਕੁਸਕ ਜਾਏ! ਗਲਤੀ ਹੋ ਜਾਏ ਜਾਂ ਉਸ ਨੂੰ ਲੱਗੇ ਕਿ ਮਾੜੀ ਹਰਕਤ ਕੀਤੀ ਐ ਤਾਂ ਜੁੱਤੀ ਲਾਹੁੰਦਾ ਹੀ ਨਹੀਂ, ਮਾਰ ਵੀ ਦਿੰਦਾ ਸੀ। ਇਕ ਦੋ ਨਹੀਂ, ਲਗਾਤਾਰ, ਪੈਂਦੀ ਐ ਜਿੱਥੇ ਪੈਣ ਦੇ। ਮੇਰਾ ਸਭ ਤੋਂ ਬੜਾ ਭਾਈ ਇਕ ਵੇਰਾਂ ਗੱਲੇ 'ਚੋਂ ਚੋਰੀਓਂ ਪੈਸੇ ਕੱਢ ਕੇ, ਨੈਣਾਂ ਦੇਵੀ ਨੂੰ ਜਾਂਦੇ ਟੋਲੇ ਨਾਲ ਨਿਕਲ ਗਿਆ। ਚਾਰ ਪੰਜ ਮੀਲ ਗਏ ਹੋਣਗੇ, ਬਾਈ ਗੋਲੀ ਵਾਂਗ, ਉਨ੍ਹਾਂ ਨਾਲ ਜਾ ਰਲਿਆ। ਭਾਈ ਮੇਰੇ ਨੂੰ ਜਾ ਢਾਹਿਆ। ਗਾਲ੍ਹ 'ਤੇ ਗਾਲ੍ਹ, ਏਨੀਆਂ ਜੁੱਤੀਆਂ ਮਾਰੀਆਂ ਕਿ ਬੇਹੋਸ਼ ਕਰਤਾ। ਇਕ ਬੰਦੇ ਨੇ ਤਰਸ ਖਾ ਕੇ ਕਿਹਾ, 'ਓਏ, ਓਦੋਂ ਹਟੇਂਗਾ ਜਦੋਂ ਇਹ ਮਰਜੂ! ਪਾਣੀ ਪਾ ਇਹਦੇ ਮੂੰਹ 'ਚ।' ਕੋਲੇ ਕੋਈ ਭਾਂਡਾ ਨਹੀਂ ਸੀ। ਜਿਹੜੀ ਜੁੱਤੀ ਨਾਲ ਉਹ ਮਾਰਦਾ ਸੀ, ਉਸੇ ਨੂੰ ਨਾਲ ਵਗਦੇ ਖਾਲ 'ਚੋਂ ਭਰਕੇ, ਪਾਣੀ ਲੰਘਾਇਆ ਅੰਦਰ। ਵਾਪਸ ਮੋੜ ਕੇ ਲਿਆਂਦਾ ਪਿੰਡ। ਫੇਰ ਪਤਾ ਨਹੀਂ ਮਨ 'ਚ ਕੀ ਆਈ। ਜੇਬ ਵਿਚੋਂ ਹੋਰ ਪੈਸੇ ਕੱਢ ਕੇ ਦੇਣ ਲੱਗਾ ਕਹਿੰਦਾ, 'ਜਾਹ ਜਾਇਆ ਹੁਣ! ਉੜ ਜਾ।' ਉਸ ਤੋਂ ਛੋਟੇ ਮੇਰੇ ਭਾਈ ਦੀਆਂ ਇਕ ਵੇਰਾਂ ਦੋਵੇਂ ਲੱਤਾਂ, ਗਿੱਟਿਆਂ ਕੋਲੋਂ, ਰੱਸੇ ਨਾਲ ਬੰਨ੍ਹੀਆਂ ਤੇ ਪੈਰਾਂ ਦੀਆਂ ਪਾਤਲੀਆਂ ਬੈਂਤਾਂ ਮਾਰ ਮਾਰ ਸੁਜਾ ਦਿੱਤੀਆਂ। ਉਸ ਨੇ ਚੋਰੀ ਕੀਤੀ ਸੀ। ਮੈਤੋਂ ਛੋਟੇ ਦਾ ਵੀ ਕੁਟਾਪਾ ਮੈਨੂੰ ਭੁੱਲਦਾ ਨਹੀਂ। ਮੇਰੇ ਕੇਵਲ ਇਕ ਵਾਰ ਪਈਆਂ। ਸਿਗਰਟ ਪੀਣ ਕਰਕੇ। ਸਾਡੇ ਚਾਰਾਂ ਭਾਈਆਂ ਦੀ ਇਕ ਭੈਣ ਸੀ। ਕੰਮ ਦੀ ਸਹੁਨਰੀ, ਪਰ ਪਿਓ ਵਰਗੀ ਆਕੜਖਾਨ। ਭਾਈਆਂ 'ਚੋਂ ਦਸਵੀਂ ਕਿਸੇ ਪਾਸ ਨਾ ਕੀਤੀ। ਮੇਰੇ ਗੁਣੇ ਆ ਗਈ ਪੜ੍ਹਾਈ। ਐਮ.ਏ. ਐਲ.ਐਲ.ਬੀ. ਕਰ ਗਿਆ। ਉਂਝ ਸਾਨੂੰ ਮੁਨੀਮੀ (ਲੰਡੇ) ਵੀ ਪੜ੍ਹਾਈ ਗਈ। ਵੱਡੇ ਨੇ ਕਈ ਥਾਂ ਮੁਨੀਮੀ ਦੀ ਨੌਕਰੀ ਕੀਤੀ। ਇਕ ਨਿੱਕੀ ਜਿਹੀ ਹੱਟੀ ਅਹਿਮਦਗੜ੍ਹ ਪਾ ਲਈ। ਓਥੇ ਦੋ ਭਾਈ ਸੌਦਾ ਵੇਚਣ ਲੱਗ ਪਏ। ਇਕ ਮਕਾਨ ਪਾਇਆ ਓਥੇ। ਸਭ ਤੋਂ ਵੱਡੇ ਨੇ ਨੌਕਰੀ ਛੱਡ ਕੇ ਯੂਪੀ 'ਚ ਅਪਣਾ ਕਾਰੋਬਾਰ ਚਲਾ ਲਿਆ। ਬੜੀ ਤਰੱਕੀ ਕੀਤੀ ਤੇ ਓਥੇ ਦਾ ਹੋ ਕੇ ਰਹਿ ਗਿਆ ਉਹ। ਉਸ ਨੇ ਅਪਣਾ ਤੇ ਸਾਡੇ ਸਾਰੇ ਭੈਣ-ਭਾਈਆਂ ਦਾ ਵਿਆਹ ਕੀਤਾ। ਮੈਨੂੰ ਉਹ ਬਹੁਤ ਪਿਆਰ ਕਰਦਾ ਸੀ। ਪੈਸੇ ਧੇਲੇ ਦੀ ਮਦਦ ਵੀ ਕਰ ਦਿੰਦਾ ਸੀ। ਭੈਣ ਨੂੰ ਵੱਖਰੇ ਪੈਸੇ ਭੇਜਦਾ ਰਿਹਾ। ਇਕ ਗੱਲ ਜ਼ਿਕਰਯੋਗ ਹੈ। ਜਦੋਂ ਮੈਨੂੰ ਸਾਹਿਤ ਅਕਾਦਮੀ ਚੰਡੀਗੜ੍ਹ ਵਲੋਂ ਮੇਰੀ ਪਹਿਲੀ ਪੁਸਤਕ 'ਤਿਲਚੌਲੀ' ਲਈ ਪਹਿਲਾ ਪੁਰਸਕਾਰ ਦਿੱਤਾ ਗਿਆ ਤਾਂ ਪਤਾ ਲੱਗਣ 'ਤੇ ਉਸ ਨੇ ਮੈਨੂੰ ਵਧਾਈ ਦੀ ਚਿੱਠੀ ਹੀ ਨਹੀਂ ਲਿਖੀ ਸਗੋਂ ਪੁਰਸਕਾਰ ਦੀ ਰਕਮ ਜਿੰਨੇ ਪੈਸੇ ਵੀ ਭੇਜੇ, ਉਹ ਜਿੰਨਾ ਚਿਰ ਜਿਊਂਦਾ ਰਿਹਾ, ਭਰਾਵਾਂ ਤੋਂ ਅੱਡ ਨਹੀਂ ਹੋਇਆ। ਉਹ ਮਰਿਆ ਤਾਂ ਪਰਿਵਾਰ 'ਚ ਪਹਿਲਾਂ ਵਰਗਾ ਮੇਲ-ਮਿਲਾਪ ਨਹੀਂ ਰਿਹਾ। ਸਭ ਦੇ ਰਾਹ ਵੱਖਰੇ ਵੱਖਰੇ ਹੋ ਗਏ। ਹੁਣ ਭਾਈ-ਭੈਣ ਕੋਈ ਜਿਉਂਦਾ ਨਹੀਂ।

ਮਾਂ ਮੇਰੀ ਬਹੁਤਾ ਸਮਾਂ ਮੇਰੇ ਕੋਲ ਚੰਡੀਗੜ੍ਹ ਰਹੀ। ਬਹੁਤ ਹੀ ਨੇਕ ਅਤੇ ਮੋਹ ਕਰਨ ਵਾਲੀ ਔਰਤ ਸੀ। ਮਰੀ ਉਹ ਅਹਿਮਦਗੜ੍ਹ ਮੇਰੇ ਦੂਜੇ ਭਾਈਆਂ ਕੋਲ। ਪੰਜਾਬੀ ਦਾ ਮੁਹਾਵਰਾ, ਰਸੀਲਾਪਣ ਮੈਂ ਉਸਦੇ ਕੋਲੋਂ ਸਿੱਖਿਆ। ਉਸਦੇ ਮਰਨ 'ਤੇ ਰਘੁਬੀਰ ਢੰਡ ਨੇ ਲਿਖਿਆ ਕਿ, 'ਮੋਹਨ, ਤੇਰੇ ਕੋਲੋਂ ਪੰਜਾਬੀ ਦੀ ਜਿਉਂਦੀ ਜਾਗਦੀ ਡਿਕਸ਼ਨਰੀ ਤੁਰ ਗਈ ਐ।' ਉਸ ਨੂੰ ਅਨਪੜ੍ਹ ਕਹਿੰਦਿਆਂ ਮੈਨੂੰ ਸ਼ਰਮ ਆਉਂਦੀ ਐ।

➣ ਜਿਸ ਖਤਰੱਮੇ ਪਰਿਵਾਰ ਵਿਚ ਤੁਹਾਡਾ ਜਨਮ ਹੋਇਆ, ਤੁਹਾਡੇ ਬਚਪਨ ਵੇਲੇ ਪੰਜਾਬ ਦੇ ਪਿੰਡ ਵਿਚ ਉਸਦਾ ਕੀ ਸਥਾਨ ਸੀ?

↔ ਆਰਥਿਕ ਤੌਰ 'ਤੇ ਸਾਡੇ ਪਰਿਵਾਰ ਦੀ ਸਥਿਤੀ ਭਾਵੇਂ ਬਹੁਤੀ ਵਧੀਆ ਨਹੀਂ ਸੀ। ਪਰ ਲੋਕਾਂ ਦਾ ਵਰਤਾਓ ਸਾਡੇ ਨਾਲ ਬੜਾ ਆਦਰ ਮਾਣ ਵਾਲਾ ਸੀ। ਪਿੰਡਾਂ ਦੇ ਲੋਕ ਬੜੇ ਖੁੱਲ੍ਹ ਦਿਲੇ ਅਤੇ ਬੜੇ ਤਪਾਕ ਨਾਲ ਪੇਸ਼ ਆਉਂਦੇ ਸਨ। ਖਾਸ ਤੌਰ 'ਤੇ ਜੱਟ, ਜਿਨ੍ਹਾਂ ਦੀ ਗਿਣਤੀ ਹੋਰਨਾਂ ਤਬਕਿਆਂ ਨਾਲੋਂ ਜ਼ਿਆਦਾ ਸੀ, ਉਨ੍ਹਾਂ ਵਿਚ ਵਿਤਕਰੇ ਦੀ ਭਾਵਨਾ ਮੈਨੂੰ ਕਦੇ ਦਿਖਾਈ ਨਾ ਦਿੱਤੀ। ਉਨ੍ਹਾਂ ਦੀ ਪਰਾਹੁਣਚਾਰੀ ਕਮਾਲ ਦੀ ਸੀ। ਅਸੀਂ ਅਪਣੇ ਬਾਪ ਨਾਲ ਕੱਪੜਾ ਵੇਚਣ ਪਿੰਡਾਂ ਵਿਚ ਜਾਂਦੇ ਸਾਂ। ਭਾਵੇਂ ਬਾਪ ਮੇਰਾ ਅਕਸਰ ਉਨ੍ਹਾਂ ਦੇ ਸਾਹਮਣੇ ਈ ਕਹਿ ਦਿੰਦਾ, 'ਜੱਟ ਜੱਟਾਂ ਦੇ ਭੋਲੂ ਨਰੈਣ ਦਾ।' ਪਰ ਉਹ ਹੱਸ ਛੱਡਦੇ ਸਨ। ਵਿਸ਼ਵਾਸ਼ ਉਨ੍ਹਾਂ 'ਤੇ ਏਨਾ ਹੁੰਦਾ ਕਿ ਉਧਾਰ ਦੇਣ ਲੱਗਿਆਂ ਉਹ ਭੋਰਾ ਨਹੀਂ ਸੀ ਝਿਜਕਦਾ। ਅਗਲੀ ਫੇਰੀ ਵੇਲੇ ਉਹ ਪਹਿਲੇ ਉਧਾਰ ਦੇ ਪੈਸੇ ਪੂਰੀ ਈਮਾਨਦਾਰੀ ਨਾਲ ਦੇ ਦਿੰਦੇ, ਅਗਾਂਹ ਲਈ ਉਧਾਰ 'ਤੇ ਕੱਪੜਾ ਪੜਵਾ ਲੈਂਦੇ। ਆਮ ਤੌਰ 'ਤੇ ਤੀਮੀਆਂ ਈ ਕੱਪੜਾ ਖਰੀਦ ਲੈਂਦੀਆਂ। ਗਜ਼ ਦੇ ਹਿਸਾਬ ਨਾਲ, ਰੇਟ ਬਾਬਤ ਜ਼ਰੂਰ ਬਹਿਸ ਹੁੰਦੀ। ਬਾਪ ਆਖਦਾ ਦੇਖੋ ਭਾਈ, ਸੱਸ ਤੋਂ ਚੋਰੀਓਂ ਕਣਕ ਵੱਟੇ ਜੌਂ ਨੀ ਲੈਣੇ। ਉਹ ਹੱਸ ਕੇ ਬੋਲਦੀਆਂ, ਸੱਸ ਤੋਂ ਓਹਲਾ ਜ਼ਰੂਰ ਐ ਪਰ ਕਣਕ ਦਿਆਂਗੇ, ਚਿੜੀ ਦੀ ਜੀਭ ਵਰਗੀ। ਲਾਲਾ! ਰੋਟੀ ਟੁੱਕ ਦਾ ਵੇਲਾ ਹੋ ਗਿਆ। ਦਾਲ ਤਾਂ ਤਿਆਰ ਐ। ਆਟਾ ਗੁੰਨ੍ਹਿਆਂ ਪਿਐ। ਬਸ ਤਵਾ ਧਰਨੈਂ। ਛਕ ਲੋ ਦੋ ਦੋ ਮੰਨੀਆਂ। ਥੋਡੇ ਵਰਗੇ ਫੁਲਕੇ ਨੀ ਸਾਤੋਂ ਪੱਕਣੇ, ਜਿਹੜੇ ਫੂਕ ਮਾਰਿਆਂ ਉਡ ਜਾਣ। ਓਦੋਂ ਆਪਸੀ ਭਾਈਚਾਰੇ ਅਤੇ ਸਾਂਝੀਵਾਲਤਾ ਦਾ ਬੋਲਬਾਲਾ ਸੀ। ਖੱਤਰੀ, ਜੱਟ ਅਤੇ ਹੋਰ ਮਜ਼੍ਹਬਾਂ ਦੇ ਲੋਕ ਅਮਨ ਅਮਾਨ ਅਤੇ ਆਦਰਭਾਵ ਨਾਲ ਰਹਿੰਦੇ ਸਨ। ਧੀ ਭੈਣ ਸਭ ਦੀ ਸਾਂਝੀ। ਕੁਝ ਬੰਦੇ ਬਦ ਵੀ ਨਿਕਲ ਆਉਂਦੇ ਸਨ। ਮੇਲੇ ਮਸਾਵੇ ਹੁੰਦੇ। ਲੋਕਾਂ 'ਚ ਡਾਂਗ ਵੀ ਚਲਦੀ ਸੀ। ਕਈਆਂ ਦਾ ਇਕ ਦੂਜੇ ਨਾਲ ਵੈਰ ਵਿਰੋਧ ਵੀ। ਇੱਕਾ ਦੁੱਕਾ ਕਤਲ ਵੀ ਹੁੰਦੇ ਪਰ ਕਦੇ ਕਦੇ। ਇਹਨਾਂ ਹਾਲਾਤ ਵਿਚ ਸਾਨੂੰ ਕਿਸੇ ਨੇ ਕੀ ਕਹਿਣਾ ਸੀ? ਨੰਗ ਪੁੱਤ ਚੋਰਾਂ 'ਚ ਖੇਲ੍ਹੇ। ਨਿੱਕੀਆ ਨਿੱਕੀਆਂ ਛੇੜਖਾਨੀਆਂ ਹੋਣੀਆਂ-'ਖੱਤਰੀਆ ਬਹੱਤਰੀਆ, ਤੇਰੇ ਮੋਢੇ ਉੱਤੇ ਤੱਕੜੀ ਆ'। 'ਗਏ ਸ਼ਰਾਧ ਆਏ ਨਰਾਤੇ, ਬਾਹਮਣ ਚੁੱਲ੍ਹਿਆਂ ਦੇ ਵੱਲ ਝਾਕੇ।' ਬੀਜ ਲਏ ਮੱਕੀ ਦੇ ਵੱਢ ਛੋਲੇ, ਫੜ ਲੈ ਕੇਸਾਂ ਤੋਂ ਜੱਟ ਫੇਰ ਨਾ ਬਰਾਬਰ ਬੋਲੇ।' ਦੇਖ ਲਓ, ਕੀਹਦਾ ਸਥਾਨ ਕਿੱਥੇ ਐ। ਸਥਾਨਾਂ ਦੇ ਚੱਕਰ 'ਚੋਂ ਆਪਾਂ ਕੀ ਲੈਣੈਂ? ਮੈਂ ਅਕਾਦਮਿਕ ਜਿਹਾ ਹੋ ਗਿਆ ਤਾਂ ਤੁਸੀਂ ਕਹਿਣੈਂ ਇਹ ਕਿੱਧਰ ਨੂੰ ਤੁਰ ਪਿਆ। 'ਇਕ ਕਮਲੀ, ਦੂਜਾ ਸਿਵਿਆਂ ਦੇ ਰਾਹ ਪੈਗੀ।' ਭਲਾ ਹੋਵੇ ਪ੍ਰਗਤੀਵਾਦੀਆਂ ਦਾ ਜਿਨ੍ਹਾਂ ਨੇ ਮੈਨੂੰ ਇਸ ਜੰਜਾਲ ਵਿਚੋਂ ਨਿਕਲਣ ਲਈ ਰਾਹ ਪੱਧਰਾ ਕੀਤਾ। ਪ੍ਰੇਮ ਪ੍ਰਕਾਸ਼ ਨੂੰ ਸ਼ੌਕ ਐ, ਲੇਖਕਾਂ ਦੀਆਂ ਜਾਤਾਂ ਪਰਖਣ ਦਾ। ਮੈਂ ਇਹੋ ਜਿਹੇ ਵਾਦ ਵਿਵਾਦ 'ਚ ਨੀ ਪੈਂਦਾ। ਸਾਡੇ ਲਈ ਹੋਰ ਮਸਲੇ ਬਥੇਰੇ ਨੇ।

➣ ਤੇ ਅੱਜ ਕੁਝ ਬਦਲ ਵੀ ਗਿਆ ਹੈ ਜਾਂ ਨਹੀਂ?



ਵਿਦਰੋਹ ਦੇ ਪਲਾਂ ਚ ਮੋਹਨ ਭੰਡਾਰੀ - 1967

↔ ਪਹਿਲਾਂ ਇਸ਼ਕ ਬੰਦੇ ਦੀ ਜਾਤ ਨਹੀਂ ਸੀ ਪੁੱਛਦਾ। ਹੁਣ ਮੰਡੀਕਰਣ ਦਾ ਯੁਗ ਐ, ਅੰਤਰਰਾਸ਼ਟਰੀ ਕੰਪਨੀਆਂ ਦਾ ਬਾਜ਼ਾਰ ਗਰਮ ਐ। ਵਰ੍ਹਿਆਂ ਪਹਿਲਾਂ ਮੈਂ ਲਿਖਿਆ ਸੀ, 'ਸਾਰੀ ਉਮਰ ਇਕ ਥਾਂ ਨਾਲ ਤਾਂ ਮਨੁੱਖ ਬੱਝਿਆ ਨਹੀਂ ਰਹਿ ਸਕਦਾ। ਉਹ ਕੋਈ ਡੰਗਰ ਥੋੜ੍ਹਾ ਈ ਐ, ਜੋ ਇਕੋ ਕੀਲੇ ਨਾਲ ਬੱਝਿਆ ਰਹੇ। ਉਹ ਸਾਰੀ ਦੁਨੀਆ ਨੂੰ, ਪੁਲਾੜਾਂ ਨੂੰ ਗਾਹੁਣਾ ਚਾਹੁੰਦਾ ਹੈ।' ਸੰਯੁਕਤ-ਹਿੰਦੂ ਪਰਿਵਾਰ, ਟੁੱਟ ਕੇ ਖਿੱਲਰ ਪੁੱਲਰ ਗਏ। ਕੋਈ ਨੌਕਰੀਆਂ ਲਈ, ਕੋਈ ਕਾਰੋਬਾਰਾਂ ਦੇ ਸਿਲਸਿਲੇ ਵਿਚ। ਪਿੰਡ ਤਾਂ ਪਿੰਡ, ਸ਼ਹਿਰ ਵੀ ਇਸ ਗਲੋਬਲੀ ਹਨੇਰੀ ਦੀ ਮਾਰ ਦਾ ਸ਼ਿਕਾਰ ਨੇ। ਹੁਣ ਏਥੇ ਕੌਣ ਪੁੱਛਦੈ, ਧਿਆਨਾ ਕੀਹਦਾ ਮਾਸੜ ਐ। ਬੰਦੇ ਦੀਆਂ ਲੋੜਾਂ, ਖਾਹਸ਼ਾਂ ਈ ਨੀ ਮੁੱਕਦੀਆਂ। ਹਜ਼ਾਰਾਂ ਲੱਖਾਂ ਵਿਦਿਆਰਥੀ ਸਟੱਡੀ ਵੀਜ਼ਾ ਲੈ ਕੇ ਆਸਟਰੇਲੀਆ, ਨਿਊਜ਼ੀਲੈਂਡ, ਕੈਨੇਡਾ-ਅਮਰੀਕਾ ਨੂੰ ਉੜਦੇ ਜਾ ਰਹੇ ਨੇ ਤੇ ਬਿਹਾਰ, ਯੂਪੀ ਦੇ ਭਈਆਂ ਲੋਕਾਂ ਨੇ ਪੰਜਾਬ ਵੱਲ ਵਹੀਰਾਂ ਘੱਤ ਦਿੱਤੀਆਂ। ਅੱਜ ਦੇ ਵਿਗਿਆਨਕ ਯੁੱਗ 'ਚ ਇਤਿਹਾਸ ਦਾ ਪਹੀਆ ਪਿਛਾਂਹ ਨੂੰ ਨਹੀਂ ਮੋੜਿਆ ਜਾ ਸਕਦਾ। ਸੰਪਰਕ ਦੇ ਸਾਧਨਾਂ 'ਚ ਕਰਾਂਤੀ ਆਈ ਪਈ ਐ। ਤੁਹਾਡੇ 'ਚ, ਕਿਸੇ ਨਾ ਕਿਸੇ ਦੇ ਅੰਦਰ ਲਹਿਰ ਉੱਠਦੀ ਹੋਵੇਗੀ ਕਿ ਬਾਹਰਲੇ ਮੁਲਕ ਦਾ ਰੰਗ ਢੰਗ ਦੇਖੀਏ! ਪੰਜਾਬੀ ਦੇ ਕਈ ਪਰਚੇ ਨਿਕਲਦੇ ਨੇ ਬਾਹਰੋਂ। ਤੁਸੀਂ ਚੁੱਪ ਕਿਉਂ ਹੋ ਗਏ, ਬਈ! ਸੱਚੀ ਦੱਸਾਂ, ਸਾਡੇ ਬੁੜ੍ਹਿਆਂ ਦਾ ਵੀ ਚਿੱਤ ਕਰਦੈ, ਕਿਤੇ ਬਾਹਰ ਘੁੰਮ ਫਿਰ ਆਈਏ! ਪਿਆਰਿਓ, ਇਹ ਮਨ ਹੈ ਨਾ, ਬੜਾ ਈ ਚੰਚਲ ਐ।

➣ ਉਸ ਵੇਲੇ ਪਿੰਡਾਂ ਵਿਚ ਖੱਤਰੀਆਂ ਦੇ ਆਮ ਕੰਮ ਧੰਦੇ ਕਿਹੋ ਜਿਹੇ ਸਨ, ਸ਼ਾਹੂਕਾਰੇ ਨੇ ਖੱਤਰੀਆਂ ਦਾ ਬਿੰਬ ਕਿਹੋ ਜਿਹਾ ਬਣਾ ਦਿੱਤਾ ਸੀ?

↔ ਹੁਣ ਤਾਂ ਵੀਰ, ਕਈਆਂ ਦੇ ਸ਼ੈਲਰ ਚੱਲਦੇ ਨੇ। ਕੋਲਡ ਸਟੋਰ ਨੇ। ਆੜ੍ਹਤੀਆਂ ਦਾ ਕੋਈ ਅੰਤ ਨੀ। ਟਰਾਂਸਪੋਰਟਰ, ਉਦਯੋਗਿਕ ਕਾਰੋਬਾਰ, ਜ਼ਮੀਨਾਂ ਦੇ ਵੱਡੇ ਵੱਡੇ ਟੱਕ ਖਰੀਦ ਕੇ, ਕਾਲੋਨੀਆਂ ਬਨਾਉਣੀਆਂ, ਪਲਾਟ ਵੇਚਣੇ, ਮਕਾਨ, ਫਲੈਟ ਬਣਾ ਕੇ ਵੇਚਣੇ। ਫੈਕਟਰੀਆਂ ਲਾਉਣੀਆਂ ਤੇ ਚਲਾਉਣੀਆਂ।

ਉਸ ਵੇਲੇ ਤਾਂ ਆਮ ਤੌਰ 'ਤੇ ਹੱਟੀਆਂ 'ਤੇ ਬੈਠਦੇ ਸਨ ਖੱਤਰੀ। ਕਿਸੇ ਕਿਸੇ ਦੀ ਕਸਬਿਆਂ ਵਿਚ ਆੜ੍ਹਤ ਹੁੰਦੀ ਸੀ। ਜਦੋਂ ਮੰਡੀਆਂ ਵਿਚ ਕਣਕ, ਛੋਲੇ, ਮੂੰਗਫਲੀ ਤੇ ਫੇਰ ਜ਼ੀਰੀ ਆਦਿ ਲੈ ਕੇ ਕਿਸਾਨ ਜਾਂਦੇ ਸਨ ਤਾਂ ਢੇਰੀਆਂ ਦੀ ਬੋਲੀ ਹੁੰਦੀ ਸੀ। ਮੈਂ ਹੈਰਾਨ ਹੋਇਆ ਦੇਖਦਾ ਹੁੰਦਾ ਸੀ ਕਿ ਬੋਲੀ ਦੇਣ ਤੋਂ ਪਹਿਲਾਂ ਲਾਲੇ 'ਕਪੜੇ ਦੇ ਪਰਦੇ ਹੇਠ' ਉਂਗਲਾਂ ਨਾਲ ਗਿਟਮਿਟ ਜਿਹੀ ਕਰਦੇ ਸਨ। ਸ਼ਾਇਦ ਕੋਈ ਗੁਪਤ ਕੋਡ ਸੀ ਉਨ੍ਹਾਂ ਦਾ। ਇਸ ਤਰੀਕੇ ਰਾਹੀਂ ਜਿਣਸ ਦਾ ਭਾਅ ਮਿਥਿਆ ਜਾਂਦਾ। ਫੇਰ ਬੋਲੀ ਹੁੰਦੀ। ਕਿਸਾਨਾਂ ਦਾ ਇਸ ਤਰ੍ਹਾਂ ਦੱਬ ਕੇ ਸ਼ੋਸ਼ਣ ਹੁੰਦਾ ਸੀ। ਅਚੰਭਾ ਇਸ ਗੱਲ ਦਾ ਹੁੰਦਾ ਕਿ ਕਿਸਾਨ ਕੋਈ ਉਜਰ ਨਹੀਂ ਸਨ ਕਰਦੇ। ਹੁਣ ਸਰਕਾਰਾਂ, ਮੰਡੀ ਬੋਰਡ, ਫੂਡ ਕਾਰਪੋਰੇਸ਼ਨ ਆਦਿ ਅਦਾਰਿਆਂ ਰਾਹੀਂ ਜਿਣਸਾਂ ਦੀ ਖਰੀਦ ਕਰਦੀਆਂ ਨੇ। ਕਿਸਾਨਾਂ ਨੂੰ ਕਰਜ਼ੇ ਆਦਿ ਵੀ ਦਿੰਦੀਆਂ ਨੇ। ਪਰ ਅਜੇ ਵੀ ਕਿਸਾਨ ਆੜ੍ਹਤੀਆਂ ਦੇ ਕਰਜ਼ਿਆਂ ਦੇ ਬੋਝ ਹੇਠ ਦੱਬੇ ਹੋਏ, ਆਤਮ ਹੱਤਿਆਵਾਂ ਕਰਦੇ ਰਹਿੰਦੇ ਨੇ। ਓਦੋਂ ਖੱਤਰੀਆਂ ਦਾ ਸ਼ਾਹੂਕਾਰਾ ਚੱਲਦਾ ਸੀ; ਬਾਣੀਆਂ ਦਾ ਵੀ। ਵਿਆਜੂ ਰਕਮਾਂ ਦਿੰਦੇ ਸਨ, ਪੂਰੀ ਗਾਰੰਟੀ ਲੈ ਕੇ, ਵਿਆਜ-ਦਰ-ਵਿਆਜ ਚਲਦਾ ਸੀ। ਅਸੀਂ ਪਿੰਡ ਵਿਚ ਕਹਿੰਦੇ ਹੁੰਦੇ ਸਾਂ-ਗਰੀਬ ਬੰਦਿਆਂ ਨੂੰ... ਫਲਾਣੇ ਢਿਮਕੇ ਨੂੰ ਤਾਂ ਸਾਰੀ ਉਮਰ ਜੂਆਂ ਤੇ ਸ਼ਾਹੂਕਾਰਾਂ ਨੇ ਅਪਣੇ ਸ਼ਿਕੰਜੇ 'ਚ ਜਕੜੀ ਰੱਖਣੈ। ਹੁਣ ਤਾਂ ਜੱਟ ਵੀ ਆੜ੍ਹਤੀਆਂ ਵਾਲਾ ਧੰਦਾ ਕਰਨ ਲੱਗ ਪਏ। ਸ਼ਾਹੂਕਾਰਾਂ ਨੂੰ ਆਮ ਲੋਕ ਜੋਕਾਂ ਕਹਿੰਦੇ ਹੁੰਦੇ-ਖੂਨ ਪੀਣ ਵਾਲੀਆਂ ਜੋਕਾਂ। ਜਿਨ੍ਹਾਂ ਬੰਦਿਆਂ ਨੇ ਮੁਨਸ਼ੀ ਪ੍ਰੇਮ ਚੰਦ ਦੀਆਂ ਲਿਖਤਾਂ ਪੜ੍ਹੀਆਂ ਨੇ-ਉਹ ਉਸਦੇ ਚਿਤਰੇ 'ਹੋਰੀ' ਨੂੰ ਕਦੇ ਨਹੀਂ ਭੁੱਲਣਗੇ। ਪੰਜਾਬੀ ਵਿਚ ਨਾਨਕ ਸਿੰਘ ਹੁਰਾਂ ਅਜਿਹੇ ਪਾਤਰਾਂ ਨੂੰ ਬੜੀ ਨੀਝ ਨਾਲ ਪੇਸ਼ ਕੀਤਾ-'ਚਿੱਟਾ ਲਹੂ', 'ਪਵਿੱਤਰ ਪਾਪੀ', 'ਇਕ ਮਿਆਨ ਦੋ ਤਲਵਾਰਾਂ' ਆਦਿ ਕਈ ਨਾਵਲ ਪੜ੍ਹੇ ਸਨ, ਮੈਂ -ਮਾਫ ਕਰਨਾ ਦੇਰ ਹੋ ਜਾਣ ਕਾਰਨ, ਪਾਤਰਾਂ ਦੇ ਨਾਉਂ ਯਾਦ ਨਹੀਂ ਰਹੇ। ਸਿਵਾਇ 'ਚਿੱਟਾ ਲਹੂ' ਦੇ ਬਚਨ ਸਿੰਘ ਤੇ ਰੋਡੂ ਜਾਂ ਰੋਡਾ ਮਦਾਰੀ ਦੇ।

➣ ਹਰ ਮਨੁੱਖ ਦਾ ਸਰਮਾਇਆ ਹੁੰਦੀਆਂ ਹਨ ਬਚਪਨ ਦੀਆਂ ਕੁਝ ਅਭੁੱਲ ਯਾਦਾਂ। ਕੀ ਤੁਸੀਂ ਵੀ ਕੋਈ ਹਿੱਕ ਨਾਲ ਲਾ ਕੇ ਰੱਖੀ ਹੈ?

↔ ਕੋਈ ਇੱਕ ਐ, ਅਭੁੱਲ ਯਾਦ! ਕਈ ਨੇ ਜਿਹੜੀਆਂ ਮੈਨੂੰ ਭੁੱਲਣੀਆਂ ਨਹੀਂ। ਅੱਲੜ ਉਮਰ ਦੇ ਅਫਲਾਤੂਨੀ ਰੁਮਾਂਸ ਦੀਆਂ। ਉਨ੍ਹਾਂ 'ਚੋਂ ਇਕ ਹੁਣ ਯਾਦ ਆ ਰਹੀ ਐ। ਅੱਠਵੀਂ ਜਮਾਤ ਸੀ ਜਾਂ ਨੌਵੀਂ, ਮੈਂ ਪੜ੍ਹਨ ਲਈ ਸ਼ਿਵ ਦਵਾਰੇ, ਮੰਦਰ 'ਚ ਚਲਿਆ ਜਾਂਦਾ ਸਾਂ। ਮੰਦਰ ਦੇ ਖੁੱਲ੍ਹੇ, ਲੰਬੇ ਚੌੜੇ ਵਿਹੜੇ 'ਚ ਇਕ ਬਰੋਟੇ ਹੇਠ ਜਾ ਬੈਠਦਾ ਸਾਂ। ਗਰਮੀਆਂ ਦੇ ਦਿਨ। ਮੰਦਰ ਦੇ ਸਾਹਮਣੇ ਇਕ ਵੱਡੇ ਤਖਤਿਆਂ ਵਾਲਾ ਘਰ ਹੁੰਦਾ ਸੀ। ਹਿਸਾਬ ਦੇ ਸਵਾਲ ਕੱਢਦਾ ਉਲਝ ਜਾਂਦਾ, ਮੇਰਾ ਧਿਆਨ ਮੱਲੋ ਮੱਲੀ ਉਸ ਗੇਟ ਵੱਲ ਚਲਿਆ ਜਾਂਦਾ। ਓਥੇ ਇਕ ਕੁੜੀ ਬੈਠੀ ਹੁੰਦੀ। ਚਾਦਰ ਉੱਤੇ ਫੁੱਲ ਬੂਟੇ ਪਾਉਂਦੀ। ਸੂਈ ਨਾਲ। ਅਸੀਂ ਇਕ ਦੂਜੇ ਵੱਲ ਦੇਖਣ ਲੱਗ ਪੈਂਦੇ। ਸੂਈ ਉਸ ਦੇ ਪੋਟੇ 'ਚ ਚੁਭਦੀ ਤਾਂ ਉਹ ਮੂੰਹ 'ਚ ਪਾ ਲੈਂਦੀ। ਚੀਸ ਉਹਦੇ ਪੋਟੇ 'ਚ ਘੱਟ, ਮੇਰੇ ਅੰਦਰ ਬਹੁਤੀ ਪੈਂਦੀ ਸੀ। ਜਿਵੇਂ ਉਸਦਾ ਪੋਟਾ ਮੇਰਾ ਦਿਲ ਹੋਵੇ। ਇਕ ਦਿਨ ਅਸੀਂ ਦੋਵੇਂ ਇਕ ਦੂਜੇ ਵੱਲ ਦੇਖ ਰਹੇ ਸਾਂ, ਲਗਾਤਾਰ। ਉਸ ਸਮੇਂ ਹੋਰ ਕੁਝ ਦਿਸਦਾ ਨਹੀਂ ਸੀ ਸਾਨੂੰ।

ਅਚਾਨਕ ਮੈਨੂੰ ਮਹਿਸੂਸ ਹੋਇਆ ਜਿਵੇਂ ਕੋਈ ਵੱਡ ਆਕਾਰੀ ਪਰਛਾਵਾਂ ਮੇਰੇ ਪਿੱਛੇ ਖੜ੍ਹਾ ਹੋਵੇ। ਮੈਂ ਅਪਣਾ ਮੂੰਹ ਭੁਆ ਕੇ ਪਿੱਛੇ ਨੂੰ ਦੇਖਿਆ। ਮੰਦਰ ਦਾ ਗੋਲ ਮਟੋਲ ਪੁਜਾਰੀ ਖੜ੍ਹਾ ਮੁਸਕਰਾ ਰਿਹਾ ਸੀ। ਮੈਂ ਜਿਵੇਂ ਧਰਤੀ 'ਚ ਗੱਡਿਆ ਗਿਆ। ਸ਼ਾਇਦ ਪਹਿਲਾਂ ਵੀ ਸਾਨੂੰ ਦੇਖਦਾ ਰਿਹਾ ਹੋਣੈਂ। ਮੇਰਾ ਜੀਅ ਕੀਤਾ ਉਹਦੇ ਪੈਰਾਂ 'ਚ ਸਿਰ ਰੱਖ ਕੇ ਮਾਫੀ ਮੰਗ ਲਵਾਂ। ਪਰ ਉਹ ਉਲਟੇ ਪੈਰੀਂ ਮੁੜ ਗਿਆ। ਮੈਂ ਡਰ ਗਿਆ ਕਿ ਘਰਦਿਆਂ ਨੂੰ ਦੱਸੂਗਾ। ਕਈ ਦਿਨ ਮੇਰੇ ਅੰਦਰ ਹੌਲ ਪਿਆ ਰਿਹਾ। ਪਰ ਉਹਨੇ ਕਿਸੇ ਨੂੰ ਕੁਝ ਨਾ ਦੱਸਿਆ। ਹੌਲੀ ਹੌਲੀ ਮੇਰਾ ਡਰ ਦੂਰ ਹੁੰਦਾ ਗਿਆ, ਪਰ ਐਨਾ ਕੁ ਪਛਤਾਵਾ ਜ਼ਰੂਰ ਰਿਹਾ ਕਿ ਮੈਂ ਕਿਉਂ ਭਟਕ ਗਿਆ ਸਾਂ। ਉਹ ਕੌਣ ਚੋਰ ਸੀ ਜੋ ਮੇਰੇ ਅੰਦਰ ਮਚਲਦਾ ਰਿਹਾ ਸੀ। ਅੱਲ੍ਹੜ ਉਮਰ, ਅੱਲ੍ਹੜ ਜਜ਼ਬੇ ਸਨ। ਹਫ਼ਤੇ ਕੁ ਮਗਰੋਂ ਪਤਾ ਲੱਗਾ ਕਿ ਨਾਥ ਇਕ ਅਧੇੜ ਉਮਰ ਦੀ ਤੀਮੀ ਨੂੰ ਕੱਢ ਕੇ ਲੈ ਗਿਆ।

ਉਸ ਘਟਨਾ ਬਾਰੇ ਮੈਂ ਕਹਾਣੀ ਲਿਖੀ 'ਭਟਕੇ ਹੋਏ ਲੋਕ'। ਮੇਰੇ ਇਕ ਜਾਣਕਾਰ ਮਿੱਤਰ ਨੇ ਮੈਨੂੰ ਤਾਅਨਾ ਮਾਰਿਆ, 'ਡਰਪੋਕਾ, ਤੇਰੇ ਨਾਲੋਂ ਤਾਂ ਉਹ ਸਾਧ ਏ ਚੰਗਾ ਰਿਹਾ। ਥੋਡੇ ਵਰਗਿਆਂ ਤੋਂ ਕੁਸ਼ ਨੀ ਹੁੰਦਾ।' ਮੇਰੇ ਅੰਦਰੋਂ ਫੇਰ ਉਬਾਲ ਉੱਠ ਪਿਆ। ਉਹ ਹੁਣ ਪੀਹੜੀ ਡਾਹ ਕੇ ਬੂਹੇ ਕੋਲ ਕਿਉਂ ਨੀ ਬੈਠਦੀ। ਮੈਂ ਭੱਲੇ ਵੇਚਣੇ ਸ਼ੁਰੂ ਕੀਤੇ ਤਾਂ ਉਹਨਾਂ ਦੇ ਬੂਹੇ ਕੋਲ ਦੀ ਜ਼ਰੂਰ ਲੰਘਦਾ। ਇਕ ਦਿਨ ਕੁੜੀ ਦੇ ਬਾਪ ਨੇ ਮੈਨੂੰ ਅੰਦਰ ਸੱਦ ਲਿਆ। ਭੱਲੇ ਦੇ ਓਏ! ਮੈਂ ਟੋਕਰੀ ਹੇਠਾਂ ਰੱਖ ਕੇ ਉਸ ਨੂੰ ਭੱਲੇ ਢੱਕ ਦੇ ਪੱਤੇ ਵਿਚ ਪਾ ਕੇ ਦਿੱਤੇ। ਫੇਰ ਧਿਆਨ ਨਾਲ ਅੰਦਰਲੇ ਦਰਵਾਜ਼ੇ ਵੱਲ ਦੇਖਿਆ। ਉਹ ਪੀਹੜੀ 'ਤੇ ਬੈਠੀ ਚਾਦਰ ਕੱਢ ਰਹੀ ਸੀ। ਨੀਵੀਂ ਪਾਈ। ਮੇਰਾ ਦਿਲ ਧੜਕਿਆ। ਉਹ ਇਕ ਵੇਰਾਂ ਵੇਖੇ ਤਾਂ ਸਹੀ, ਮੇਰੇ ਵੱਲ! ਬਾਪ ਉਸਦਾ ਪਲੰਘ ਉੱਤੇ ਬੈਠਾ ਸੀ। ਕੋਲ ਡਾਂਗ ਰੱਖੀਂ, ਸਿਰਾਹਣੇ ਕੋਲ। 'ਪੈਸੇ ਤਾਂ ਦਿਓ ਜੀ!' ਮੈਂ ਬੇਨਤੀ ਕੀਤੀ। 'ਆਹ ਡਾਂਗ ਦੀਂਹਦੀ ਐ? ਨਿੱਕਲ ਏਥੋਂ!' ਉਸਨੇ ਅਜਿਹਾ ਦਬਕਾ ਮਾਰਿਆ ਕਿ ਮੇਰੀ ਜਾਨ ਨੂੰ ਬਣ ਗਈ। ਕੁੜੀ ਨੇ ਘਬਰਾ ਕੇ ਮੇਰੇ ਵੱਲ ਦੇਖਿਆ। ਅੱਖਾਂ 'ਚ ਸਹਿਮ ਤੇ ਤਰਲਾ ਜਿਹਾ, ਜਿਵੇਂ ਕਹਿ ਰਹੀਆਂ ਹੋਣ, ਇਨ੍ਹਾਂ ਤਿਲਾਂ 'ਚ ਤੇਲ ਨਹੀਂ। ਚਲੇ ਜਾਓ। ਮੈਂ ਕੰਬਦੇ ਹੱਥਾਂ ਨਾਲ ਟੋਕਰੀ ਚੁੱਕ ਕੇ ਓਥੋਂ ਤੁਰ ਪਿਆ। ਤੁਰਿਆ ਜਾਂਦਾ ਸੋਚ ਰਿਹਾ ਸਾਂ-ਕਿਤੇ ਇਹਨੂੰ ਪਤਾ ਤਾਂ ਨਹੀਂ ਲੱਗ ਗਿਆ, ਸਾਡੇ ਪਿਆਰ ਦਾ। ਪਰ ਮੇਰੇ ਪੈਸੇ ਕਿਉਂ ਦੱਬ ਲਏ। ਸ਼ਾਇਦ ਇਕ ਰੁਪਏ ਦੇ ਭੱਲੇ ਸਨ। ਮੈਂ ਘਰ ਆ ਕੇ ਦੱਸਿਆ ਕਿ ਉਸ ਨੇ ਮੈਨੂੰ ਪੈਸੇ ਨਹੀਂ ਦਿੱਤੇ। ਨਾਲੇ ਘੂਰਿਆ। ਗੱਲ ਪੰਚਾਇਤ ਤੱਕ ਪੁੱਜ ਗਈ। ਉਸ ਨੂੰ ਦਰਵਾਜ਼ੇ ਬੁਲਾਇਆ ਗਿਆ। ਸਰਪੰਚ ਨੇ ਉਸ ਨੂੰ ਪੁੱਛਿਆ, 'ਫਲਾਣਾ ਸਿਆਂ, ਇਹ ਮਾੜੀ ਕੀਤੀ ਤੂੰ, ਗਰੀਬ ਦੇ ਪੈਸੇ ਮਾਰ ਕੇ। ਉਤੋਂ ਘੂਰਿਆ, ਨਿਆਣੇ ਨੂੰ।' ਉਹ ਸਾਫ ਮੁੱਕਰ ਗਿਆ। ਸਗੋਂ ਮੈਨੂੰ ਭੱਜ ਕੇ ਪਿਆ, 'ਕਿਉਂ ਝੂਠ ਬੋਲਦੈਂ। ਇਕ ਰੁਪਈਏ ਪਿੱਛੇ। ਦੱਸ, ਮੈਂ ਤੈਨੂੰ ਕੀ ਕਹਿਤਾ! ਘੂਰਿਆ ਸੀ ਓਏ!' ਸਰਪੰਚ ਨੇ ਨਰਮੀ ਨਾਲ ਉਸ ਨੂੰ ਟੋਕਿਆ, 'ਫਲਾਣਾ ਸਿਆਂ, ਜਦ ਤੂੰ ਪੰਚਾਇਤ ਵਿਚ ਈ ਮੁੰਡੇ ਨੂੰ ਦਬਕੇ ਮਾਰਦੈਂ! ਘਰੇ ਤਾਂ ਪਤਾ ਨਹੀਂ, ਕੀ ਕੁਪੱਤ ਕੀਤੀ ਹੋਊ ਇਹਦੇ ਨਾਲ। ਇਹ ਨਾ ਸਮਝੀਂ, ਇਹ 'ਕੱਲੈ... ਬਈ ਏਹਦੇ ਨਾਲ ਨੀ ਕੋਈ। ਅਗਾਂਹ ਨੂੰ ਧਿਆਨ ਰੱਖੀਂ... ਕਿਸੇ ਨੂੰ ਮਿਹਨਤ ਮਜੂਰੀ ਤਾਂ ਕਰਨ ਦਿਓ। ਇੱਜ਼ਤ ਸਭ ਦੀ ਸਾਂਝੀ ਹੁੰਦੀ ਐ। ਅਸੀਂ ਰੁਪਈਏ ਵਾਲੀ ਗੱਲ ਨੂੰ ਅਗਾਂਹ ਵਧਾਉਣਾ ਠੀਕ ਨਾ ਸਮਝਿਆ। ਮੈਂ ਸਗੋਂ ਅੰਦਰੋ ਅੰਦਰੀ ਖੁਸ਼ ਹੋਇਆ ਕਿ ਸਾਡੇ ਪਿਆਰ ਦੀ ਗੱਲ ਢਕੀ ਰਹਿ ਗਈ।

'ਵਾਰਿਸ ਸ਼ਾਹ ਛੁਪਾਈਏ ਜੱਗ ਕੋਲੋਂ, ਭਾਵੇਂ ਆਪਣਾ ਹੀ ਗੁੜ ਖਾਈਏ ਜੀ।'

## ਕਲਪਨਾ ਨੂੰ ਫੰਗ

➣ ਜਵਾਨੀ ਦੀਆਂ ਬਰੂਹਾਂ 'ਤੇ ਪੈਰ ਧਰਿਆ ਤਾਂ ਤੁਹਾਡੇ ਵਤੀਰੇ ਵਿਚ ਕੀ ਤਬਦੀਲੀ ਆਈ, ਜਹਾਨ ਕਿਹੋ ਜਿਹਾ ਨਜ਼ਰ ਆਉਣ ਲੱਗਾ?

↔ ਸਕੂਲ 'ਚ ਪੜ੍ਹਨ ਦੇ ਸਮੇਂ ਮੈਂ ਪਹਿਲਾਂ ਹੀ ਹੁਸ਼ਿਆਰ ਵਿਦਿਆਰਥੀ ਮੰਨਿਆ ਜਾਂਦਾ ਸਾਂ। ਦਸਵੀਂ ਵਿਚੋਂ ਫਸਟ ਡਿਵੀਜ਼ਨ ਆਈ। ਇੰਟਰਮੀਡੀਏਟ ਕਾਲਜ ਸੀ, ਮਾਲੇਰਕੋਟਲੇ। ਮੈਨੂੰ ਮਹਿਸੂਸ ਹੋਣ ਲੱਗਾ ਕਿ ਮੈਂ ਵੀ ਕੋਈ 'ਚੀਜ਼' ਆਂ। ਚੇਤਨਾ ਵਿਕਸਤ ਹੋਣ ਲੱਗੀ ਤੇ ਮੈਂ ਅੰਗੜਾਈਆਂ ਲੈਣ ਲੱਗ ਪਿਆ। ਸੋਚਣ ਦਾ ਵਕਤ ਆ ਗਿਆ ਕਿ ਮੈਂ ਹੋਰ ਵੀ ਖੁੱਲ੍ਹ ਕੇ ਅਪਣੇ ਦਿਲ ਦੀ ਗੱਲ ਕਹਿਣ ਦੇ ਯੋਗ ਹੋ ਗਿਆ। ਅੱਠਵੀਂ ਜਮਾਤ ਤੋਂ ਮੈਂ ਪੱਗ ਬੰਨ੍ਹਣੀ ਛੱਡੀ, ਪਟੇ ਵਾਹੁਣ ਲੱਗ ਪਿਆ ਸੀ। ਖੇਤੀ ਦਾ ਕੰਮ ਕਰਨ ਵਾਲਾ ਪਰਿਵਾਰ ਸੀ, ਇਕ ਬਾਹਮਣਾ ਦਾ। ਮੈਂ ਕਿਸੇ ਕੰਮ ਉਨ੍ਹਾਂ ਦੇ ਘਰ ਗਿਆ। ਉਨ੍ਹਾਂ ਦੀ ਕੁੜੀ ਨਹਾ ਕੇ ਬੈਠੀ ਸੀ-ਅੱਧਤ ਵੰਝੇ। ਇਕੱਲੀ। ਕੇਵਲ ਇਕ ਚਾਦਰ, ਸਰੀਰ 'ਤੇ ਲਪੇਟੀ ਹੋਈ। ਉਹ ਮੈਨੂੰ ਪਿਆਰੀ ਲੱਗੀ। ਮੇਰੇ ਦਿਲ ਨੂੰ ਕੁਸ਼ ਕੁਸ਼ ਹੋਇਆ। ਜਿਵੇਂ ਵਗਦੇ ਪਾਣੀ 'ਚ ਲਹਿਰ ਉੱਠਦੀ ਹੈ। ਮੈਤੋਂ ਆਪ ਮੁਹਾਰੇ ਅੱਖ ਮਟੱਕਾ ਮਾਰਿਆ ਗਿਆ ਉਸ ਨੂੰ। ਇਹ ਕਿਸੇ ਕੁੜੀ ਨੂੰ ਮੇਰਾ ਪਹਿਲਾ ਅੱਖ ਮਟੱਕਾ ਸੀ। ਉਹ ਗੁੱਸੇ ਹੋਣ ਦੀ ਥਾਂ ਖਿੜ ਗਈ। ਕਹਿਣ ਲੱਗੀ, 'ਆਇਆ ਕਰ।' ਅਸੀਂ ਇਕ ਦੂਜੇ ਨੂੰ, ਆਨੇ ਬਹਾਨੇ ਬੁਲਾਉਣ ਲੱਗ ਪਏ। ਇਕ ਦਿਨ ਬੋਲੀ, 'ਮੋਹਣਿਆਂ, ਹੁਣ ਤੂੰ ਉਹ ਨਹੀਂ ਰਿਹਾ, ਪਹਿਲਾਂ ਵਰਗਾ। ਮੈਂ ਮੁਸਕਰਾਇਆ। ਉਸਦਾ ਵਿਆਹ ਹੋ ਚੁੱਕਿਆ ਸੀ। ਮੁਕਲਾਵਾ ਅਜੇ ਹੋਣਾ ਸੀ। ਉਹਨੇ ਅਪਣੇ ਘਰ ਵਾਲੇ ਨੂੰ, ਇਕ ਦਿਨ ਚਿੱਠੀ 'ਚ ਲਿਖਵਾਇਆ, 'ਤੁਸੀਂ ਜੀ, ਕੇਸ ਰੱਖ ਲਓ। ਮੈਂ ਥੋਡੇ ਜੂੜੇ ਵਾਸਤੇ ਜਾਲੀ ਬੁਣ ਕੇ ਲਿਆਵਾਂਗੀ।' ਉਸ ਭਲੇ ਮਾਣਸ ਨੇ ਕੇਸ ਨਾ ਰੱਖੇ ਪਰ ਮੇਰੇ 'ਤੇ ਉਸਦੀ ਗੱਲ ਦਾ ਏਨਾ ਅਸਰ ਹੋਇਆ ਕਿ ਮੈਂ ਪਟੇ ਵਧਾ ਲਏ। ਵਧੇ ਵੀ ਉਹ ਲੰਬੇ-ਲੰਬੇ। ਇਕ ਦਿਨ ਮੈਂ ਕੰਘੇ ਨਾਲ ਵਾਹ ਕੇ ਜੂੜਾ ਕਰ ਲਿਆ। ਨੰਗੇ ਸਿਰ ਪਿੰਡ 'ਚ ਘੁੰਮਿਆਂ। ਅਚਾਨਕ ਇਸ ਸ਼ਕਲ 'ਚ ਮੈਨੂੰ ਦੇਖ, ਉਹਦੇ ਮੂੰਹੋਂ ਨਿਕਲਿਆ, 'ਮੈਂ ਵਾਰੀ... ਬਲਾ ਸੋਹਣਾ ਲੱਗਦੈਂ।' ਮੈਨੂੰ ਚਾਓ ਚੜ੍ਹ ਗਿਆ। ਸਾਇਕਲ 'ਤੇ ਮਾਲੇਰਕੋਟਲੇ ਦੇ ਮੋਤੀ ਬਾਜ਼ਾਰ ਜਾ ਪਹੁੰਚਿਆ। ਸਿਰੀਏ ਹਲਵਾਈ ਦੀ ਦੁਕਾਨ ਤੋਂ ਰਸ ਮਲਾਈ ਖਾਧੀ। ਫੇਰ, ਫਿਰ ਤੁਰ ਕੇ ਇਕ ਥਾਂ 'ਤੇ ਜਾ ਰੁਕਿਆ। ਇਕ ਚੌਕ 'ਚ ਖੜ੍ਹ ਕੇ ਮੁਸਲਮਾਨਾਂ ਦੇ ਜੁਆਨ ਮੁੰਡਿਆਂ ਨੂੰ ਕਿੰਨਾ ਈ ਚਿਰ ਦੇਖਦਾ ਰਿਹਾ। ਉਹਨਾਂ ਨੇ ਕਲੀਆਂ ਵਾਲੇ ਲੰਬੇ ਕੁੜਤੇ ਪਾਏ ਹੋਏ ਸਨ। ਬਾਹਾਂ ਉੱਤੇ ਮੋਤੀਏ ਦੇ ਫੁੱਲਾਂ ਦੀਆਂ ਲੜੀਆਂ, ਲਮਕ ਰਹੀਆਂ, ਬਦਨ 'ਚੋਂ ਇਤਰ ਦੀ ਮਹਿਕ ਆ ਰਹੀ ਸੀ। ਛੈਲ ਛਬੀਲੇ ਗੱਭਰੂ। ਇਉਂ ਦੇਖ ਮੇਰੀ ਕਲਪਨਾ ਨੂੰ ਫੰਗ ਲੱਗ ਗਏ। ਮੇਰਾ ਅਹਿਸਾਸ ਪੁਕਾਰ ਪੁਕਾਰ ਕਹਿ ਰਿਹਾ ਸੀ, 'ਦੁਨੀਆਂ ਕਿੰਨੀ ਸੋਹਣੀ ਐਂ... ਪਿਆਰੀ ਪਿਆਰੀ।' ਸ੍ਰੀ ਚੰਦਰ ਧਰ ਗੁਲੇਰੀ ਦੀ ਕਹਾਣੀ 'ਉਸ ਨੇ ਕਹਾ ਥਾ' ਪੜ੍ਹੀ ਐ, ਤੁਸੀਂ? ਅੰਮ੍ਰਿਤਸਰ ਸ਼ਹਿਰ ਦੀਆਂ ਝਲਕੀਆਂ ਪੜ੍ਹਨ ਵਾਲੀਆਂ ਨੇ, ਉਸ ਵਿਚ। ਜਮ੍ਹਾਂ ਈ ਪੰਜਾਬੀ ਦੀ ਕਹਾਣੀ ਲਗਦੀ ਐ। ਨਾਇਕ ਕਿਵੇਂ ਪਹਿਲੇ ਪਲ ਦੇ ਪਿਆਰ 'ਚ ਕਮਲਾ ਹੋਇਆ, ਬਾਜ਼ਾਰਾਂ ਗਲੀਆਂ 'ਚ ਰਾਹ ਚਲਦੇ ਰਾਹੀਆਂ ਨਾਲ ਟਕਰਾਉਂਦਾ ਫਿਰਦੈ। ਚੜ੍ਹਦੀ ਜੁਆਨੀ 'ਚ ਪਹਿਲੇ ਪਿਆਰ ਦਾ ਝਲਕਾਰਾ ਕੀ ਕੀ ਰੰਗ ਦਿਖਾ ਦਿੰਦੈ! ਉਸ ਵੇਲੇ ਜੱਗ ਜਹਾਨ ਦਾ ਨਕਸ਼ਾ ਈ ਬਦਲ ਜਾਂਦੈ। ਇਸ ਕਹਾਣੀ ਦਾ ਜ਼ਿਕਰ ਨਾ ਹੋਵੇ ਤਾਂ ਹਿੰਦੀ ਸਾਹਿਤ ਦੇ ਇਤਿਹਾਸ ਨੂੰ ਅਧੂਰਾ ਸਮਝਿਆ ਜਾਂਦੈ। ਪਿਆਰ ਚਾਹੇ ਪ੍ਰਵਾਨ ਹੋਵੇ ਚਾਹੇ ਨਾ, ਇਸ ਦਾ ਅਸਰ ਹੋਣ ਵਾਲੇ ਲਈ ਉਮਰ ਭਰ ਕਾਇਮ ਰਹਿੰਦੈ- ਉਹ ਭੁੱਲ ਕਿਵੇਂ ਸਕਦੈ! ...

➣ ਤੀਵੀਆਂ ਜਿਹੜੀਆਂ ਚਿੱਠੀਆਂ ਲਿਖਵਾਉਣ ਲਈ 'ਮੋਹਨੇ' ਨੂੰ ਅੰਦਰ ਵਾੜ ਲੈਂਦੀਆਂ ਸਨ, ਕੀ ਹੁਣ ਉਹ ਉਹਨਾਂ ਨੂੰ ਓਪਰਾ-ਓਪਰਾ ਨਾਂ ਲੱਗਣ ਲੱਗਾ?

↔ ਓਪਰਾ ਕਿਉਂ ਲੱਗਣਾ ਸੀ, ਸੁੱਖ ਨਾਲ! ਓਹਨਾਂ ਦਾ ਈ ਪੁੱਤ-ਭਰਾ ਆਂ। ਇਹ ਠੀਕ ਐ ਕਿ ਜ਼ਿੰਦਗੀ ਦੇ ਝਮੇਲਿਆਂ ਨੇ, ਕਿਤੇ ਦੀ ਕਿਤੇ ਪਹੁੰਚਾ ਦਿੱਤੇ। ਖਿੰਡ-ਪੁੰਡ ਗਏ। ਉਹ ਵੀ ਵਿਆਹੀਆਂ ਵਰ੍ਹੀਆਂ ਗਈਆਂ। ਉਹਨਾਂ ਦੇ ਅਪਣੇ ਨਿਆਣੇ ਨਿੱਕੇ ਹੋ ਗਏ। ਵਰ੍ਹਿਆਂ ਦੇ ਵਰ੍ਹੇ ਬੀਤ ਗਏ। ਜਦੋਂ ਕਿਤੇ ਕੋਈ ਅਚਾਨਕ ਮਿਲੀ ਤਾਂ ਪਛਾਣਨ 'ਤੇ ਜ਼ਰੂਰ ਬੁਲਾਉਂਦੀਆਂ ਨੇ। ਬੇਸ਼ਕ ਸਮੇਂ ਨਾਲ ਬੰਦਾ, ਉਸ ਅਨੁਸਾਰ ਢਲ ਜਾਂਦੈ। ਉਸਦਾ ਅਪਣਾ ਪਰਿਵਾਰਕ ਸੰਸਾਰ ਵਸ ਜਾਂਦੈ। ਸੀਨੇ ਦੇ ਧੁਰ ਅੰਦਰ ਦਬੀ ਹੋਈ ਪਿਆਰ ਦੀ ਚਿਣਗ ਮੱਧਮ ਜਿਹੀ ਸਹੀ, ਪਰ ਚਮਕ ਜ਼ਰੂਰ ਪੈਂਦੀ ਐ। ਨਵੇਂ ਬਣੇ ਰਿਸ਼ਤਿਆਂ ਦੇ ਜੰਜਾਲ 'ਚ ਗੁਆਚੇ ਬੰਦੇ ਅਪਣੀ ਰਾੜ ਬੀੜ ਕਰੀ ਜਾਂਦੇ ਨੇ। ਪਰ ਛੇਤੀ ਕੀਤਿਆਂ ਬੀਤਿਆ ਭੁੱਲਦਾ ਨਹੀਂ। ਉਹਨਾਂ ਗੱਲਾਂ ਨੂੰ ਪੰਜਾਹ-ਸੱਠ ਵਰ੍ਹੇ ਬੀਤ ਗਏ। ਮੇਰੇ 'ਤੇ ਡਾਕੂਮੈਂਟਰੀ ਬਣਾਉਣ ਦਾ ਪ੍ਰੋਗਰਾਮ ਤਹਿ ਹੋਇਆ, ਮੈਂ ਬੇਨਤੀ ਕੀਤੀ ਮੇਰੀ ਜਨਮ ਭੋਇੰ, ਮੇਰੇ ਪਿੰਡ 'ਚ ਸ਼ੂਟਿੰਗ ਕੀਤੀ ਜਾਵੇ। ਓਥੇ ਪਹੁੰਚੇ ਤਾਂ ਅੱਠ ਦਸ ਬੁੜ੍ਹੀਆਂ, ਉਚੇਚਾ ਸਾਫ ਸੁਥਰੇ, ਧੋਤੇ ਹੋਏ ਕੱਪੜੇ ਪਾਈ, ਸਾਡੀ ਲੰਬੀ ਬੀਹੀ ਦੇ ਪੱਕੇ ਦਰਵਾਜ਼ੇ ਕੋਲ ਖੜ੍ਹੀਆਂ ਉਡੀਕ ਰਹੀਆਂ ਸਨ, ਕਿਉਂਕਿ ਪਿੰਡ ਪਹੁੰਚਣ ਦਾ ਸੁਨੇਹਾ ਟੈਲੀਫੋਨ ਰਾਹੀਂ ਅਸੀਂ ਪਹਿਲਾਂ ਈ ਦੇ ਦਿੱਤਾ ਸੀ। ਸਿੱਧੀਆਂ ਸਾਦੀਆਂ, ਬਿਲਕੁਲ, ਮੈਂ ਉਹਨਾਂ ਨੂੰ ਓਪਰਾ ਨਾ ਲੱਗਿਆ। ਇਹ ਵੀ ਹੋ ਸਕਦੈ, ਉਨ੍ਹਾਂ ਨੂੰ ਪੁਰਾਣੇ ਦਿਨ ਯਾਦ ਆ ਗਏ ਹੋਣ। ਮੈਂ ਓਹਨਾਂ ਦੇ ਪੈਰੀਂ ਹੱਥ ਲਾਇਆ-'ਵੱਡੀਆਂ ਉਮਰਾਂ ਹੋਣ!' ਬੁੜ੍ਹੇ, ਢਿਲਕੇ ਜਿਹੇ ਬੁੱਲ੍ਹ ਕੰਬੇ। ਫੇਰ ਓਹਨਾਂ 'ਚੋਂ ਕਈ ਬੋਲੀਆਂ, 'ਤੇਰੇ ਭੱਲੇ ਬੜੇ ਸੁਆਦ ਲੱਗਦੇ ਸੀ, ਭਾਈ!'

ਇਕ ਲਤੀਫ਼ਾ ਸੁਣੋ : ਜਦੋਂ ਅਸੀਂ ਸ਼ੂਟਿੰਗ ਤੋਂ ਵਿਹਲੇ ਹੋ ਕੇ ਪਿੰਡੋਂ ਤੁਰਨ ਲੱਗੇ ਤਾਂ, ਮੇਰੇ ਨਾਲੋਂ ਛੋਟੀ ਉਮਰ ਦੀ ਤੀਮੀ, ਹੌਂਕਦੀ ਹਫ਼ਦੀ ਹੋਈ ਓਥੇ ਆਈ। ਮੇਰੇ ਨਾਲ ਦੇ ਟੀਮ ਦੇ ਬੰਦਿਆਂ ਨੇ ਕਾਹਲੀ ਚੱਕੀ ਹੋਈ ਸੀ, ਕਾਰ ਸਟਾਰਟ ਹੋ ਚੁੱਕੀ ਸੀ, ਰਾਤੀਂ ਪਟਿਆਲੇ ਪਹੁੰਚਣਾ ਸੀ। ਮੈਂ ਕਿਹਾ ਇਕ ਮਿੰਟ ਰੁਕੋ। ਉਹ ਨੇੜੇ ਆ ਕੇ ਕਹਿਣ ਲੱਗੀ, 'ਰਾਜ਼ੀ ਬਾਜ਼ੀ ਐਂ ਪੁੱਤ!' ਮੈਂ ਤਦੇ ਉੱਤਰ ਦਿੱਤਾ, 'ਹਾਂ, ਮਾਂ ਜੀ।'

➣ ਉਮਰ ਦੀ ਰੰਗੀਨੀ ਅਤੇ ਉਸ ਸਮੇਂ ਦੇ ਪੇਂਡੂ ਜੀਵਨ ਦੇ ਯਥਾਰਥ ਵਿਚਕਾਰ ਕਿਹੋ ਜਿਹੇ ਟਕਰਾਓ ਤੁਸੀਂ ਮਹਿਸੂਸ ਕੀਤੇ?

↔ ਯਥਾਰਥ ਤਾਂ ਯਥਾਰਥ ਐ। ਪੇਂਡੂ ਜੀਵਨ ਹੋਵੇ ਜਾਂ ਸ਼ਹਿਰੀ। ਇਸ ਤੋਂ ਭੱਜਣਾ ਸੰਭਵ ਨਹੀਂ। ਮੁੱਢਲੇ ਤੌਰ 'ਤੇ ਮੈਂ ਕਾਮਾ ਬੰਦਾ ਆਂ। ਤਿਹੱਤਰ ਵਰ੍ਹਿਆਂ ਦਾ ਹੋ ਗਿਆਂ, ਪੋਤੇ-ਪੋਤੀਆਂ ਆਲਾ, ਫੇਰ ਵੀ ਕੰਮ ਤੋਂ ਛੁਟਕਾਰਾ ਨਹੀਂ। ਜੇ ਦਿਨ 'ਚ ਪੰਜ ਸੱਤ ਘੰਟੇ ਕੰਮ ਨਾ ਕਰਾਂ, ਏਹੀ ਲਿਖਣ ਪੜ੍ਹਨ ਦਾ, ਮੇਰਾ ਬੁਗਧੂ ਬੋਲਜੇ। ਸੱਚ ਪੁੱਛੋ, ਕਈ ਵੇਰਾਂ ਲੱਗਦੈ, ਧੰਦ ਪਿੱਟ ਰਿਹਾਂ। ਕੀਤੇ ਕੰਮ ਦਾ ਪੂਰਾ ਮੁੱਲ ਨਹੀਂ ਮਿਲਦਾ। ਕਿੱਦਾਂ ਦਾ ਮੁਲਕ ਐ ਸਾਡਾ! ਮੰਟੋ ਸਾਹਿਬ ਦੀ ਬੇਗ਼ਮ ਮੈਡਮ ਸਫ਼ੀਆ, ਅੱਕ ਕੇ ਕਹਿੰਦੀ ਹੁੰਦੀ ਸੀ, ਕੋਈ ਸਟੋਰ ਈ ਖੋਲ੍ਹ ਲਵੋ, ਏਦੂੰ ਤਾਂ। ਉਹਦਾ ਉੱਤਰ ਹੁੰਦਾ, 'ਮੈਂ ਕੋਲਡ ਸਟੋਰ 'ਚ ਲੱਗਜੂੰ, ਫੇਰ ਤਾਂ!' ਇਹੋ ਜਿਹੇ ਟਕਰਾਓ, ਮੈਂ ਵੀ ਝੱਲੇ... 'ਤੁਝ ਸੇ ਦਿਲ ਫ਼ਰੇਬ ਹੈਂ, ਗ਼ਮ ਰੋਜ਼ਗਾਰ ਕੇ।' ਚਲੋ ਮਾਰੋ ਗੋਲੀ, ਇਹ ਨਾਲ ਏ ਰਹਿਣੇ ਨੇ। 'ਮੌਤ ਸੇ ਪਹਿਲੇ, ਆਦਮੀ ਗ਼ਮ ਸੇ ਨਿਜਾਤ ਪਾਏ ਕਿਉਂ।' ਜੇ ਮੈਂ ਉਮਰ ਦੀ ਰੰਗੀਨੀ ਦਾ ਕਿੱਸਾ ਛੋਹ ਬੈਠਾ, ਫੇਰ ਇਹ ਇੰਟਰਵਿਊ ਵਿੱਚੇ ਰਹਿਜੂ। ਇੱਕ ਨਿੱਕੇ ਜਿਹੇ ਟੋਟਕੇ ਨਾਲ, ਸਾਰ ਲੈਨੇ ਆਂ।

ਮੇਰੇ ਪੁੜੇ 'ਚ ਦਰਦ ਰਹਿਣ ਲੱਗ ਪਿਆ। ਲਿਖ ਈ ਨਾ ਹੋਇਆ ਕਰੇ! ਮੈਂ ਹਸਪਤਾਲ ਗਿਆ। ਭਲੀ ਮਾਣਸ ਸੀ ਡਾਕਟਰਨੀ। ਮੇਰਾ ਰੁਦਨ ਸੁਣ ਕੇ, ਪੁੱਛਣ ਲੱਗ ਪਈ, 'ਕੋਈ ਪਿਆਰ ਵਿਆਰ ਕਾ ਚੱਕਰ ਤੋਂ ਨਹੀਂ... ਇਸ਼ਕ, ਉਸ਼ਕ!' ਬੇਨਤੀ ਕੀਤੀ, 'ਮੈਡਮ ਮੈਂ ਸ਼ਰੀਫ਼ ਆਦਮੀ ਆਂ!' ਬੋਲੀ, 'ਯਹ, ਗਰੀਬੀ-ਅਮੀਰੀ ਦੇਖ ਕਰ ਨਹੀਂ, ਸ਼ਰੀਫ਼ ਲੋਗੋਂ ਕੋ ਵੀ ਹੋ ਸਕਤਾ ਹੈ! ... ਘਰ ਮੇਂ ਕਲੇਸ਼, ਦਫ਼ਤਰ ਮੇਂ ਕਿਸੀ ਸੇ ਝਗੜਾ?' ਮੈਂ ਹੋਰ ਵੀ ਨਿਮਰ ਹੋ ਕੇ ਕਿਹਾ, 'ਐਸੀ ਕੋਈ ਬਾਤ ਨਹੀਂ।' ਉਸ ਨੇ ਦ੍ਰਿੜਤਾ ਭਰੇ ਅੰਦਾਜ਼ 'ਚ ਪਰ ਪੂਰੀ ਹਲੀਮੀ ਨਾਲ, ਮੈਨੂੰ ਜਚਾਇਆ, 'ਬਾਤ ਤੋ ਕੋਈ ਹੈ ਮਿਸਟਰ?' ਮੋਹਨ ਭੰਡਾਰੀ, ਮੈਂ ਫ਼ਿਕਰਾ ਪੂਰਾ ਕਰ ਦਿੱਤਾ। ਚੈੱਕ ਕੀਤਾ, ਪਰਚੀ 'ਤੇ ਅੰਗਰੇਜ਼ੀ 'ਚ ਲਿਖ ਦਿੱਤਾ, 'ਹਾਈਪਰ ਟੈਂਸ਼ਨ'। ਗੋਲੀਆਂ ਲਿਖ ਦਿੱਤੀਆਂ। ਨੀਂਦ ਦੀਆਂ। 'ਰੀਲੈਕਸ! ... ਰੀਲੈਕਸ!!' ਗੋਲੀਆਂ ਦੀ ਡੋਜ਼ ਵਧਦੀ ਵਧਦੀ ਹਰ ਰੋਜ਼ ਸਵੇਰੇ, ਦੁਪਹਿਰੇ, ਸ਼ਾਮ ਦੀਆਂ ਕਿਸ਼ਤਾਂ 'ਚ ਪੂਰੀ ਸੋਲਾਂ ਹੋ ਗਈ। ਨੀਂਦ ਉੜ ਗਈ। ਤਿੰਨ ਚਾਰ ਮਹੀਨੇ ਬੀਤੇ, ਤਾਂ ਮੈਨੂੰ ਲੱਗਾ, ਜੇ ਏਕਣੇ ਸਿਲਸਿਲਾ ਚਲਦਾ ਰਿਹਾ, ਪਾਗਲ ਹੋ ਜਾਵਾਂਗਾ। ਮੈਂ ਘਬਰਾ ਕੇ ਗੋਲੀਆਂ ਡਸਟਬਿਨ ਵਿਚ ਸੁੱਟੀਆਂ। ਠੇਕੇ ਗਿਆ। ਪਊਆ ਲਿਆ। ਪੀਤਾ। ਰੋਟੀ ਖਾਧੀ। ਨੀਂਦ ਆ ਗਈ। ਕੁਝ ਮਹੀਨਿਆਂ ਬਾਅਦ ਉਹ ਸੈਕਟਰ ਸਤਾਰਾਂ ਦੀ ਮਾਰਕੀਟ ਵਿਚ ਟੱਕਰ ਗਈ। ਮੈਨੂੰ ਪਛਾਣਿਆਂ, ਕਹਿਣ ਲੱਗੀ, 'ਕਿਆ ਬਾਤ ਹੂਈ ਮਿਸਟਰ... ਆਪ ਆਤੇ ਨਹੀਂ?' ਮੈਂ ਹੱਸਦਿਆਂ ਬੋਲਿਆ, 'ਮੈਡਮ, ਮੈਂ ਠੀਕ ਹੋ ਗਿਆ!' ਉਸਦੇ ਚਿਹਰੇ ਤੋਂ ਲੱਗਿਆ ਕਿ ਉਹ ਸੰਤੁਸ਼ਟ ਐ, ਅਪਣੇ ਕੀਤੇ ਇਲਾਜ ਤੋਂ। ਪਤਾ ਨਹੀਂ, ਕਿਉਂ? ਮੈਂ ਉਸਦੀ ਸੰਤੁਸ਼ਟੀ ਤੋਂ ਸੰਤੁਸ਼ਟ ਨਾ ਹੋਇਆ। ਹਾਂ, ਸਰਕਾਰ ਦੇ ਸਦਕੇ ਜ਼ਰੂਰ ਗਿਆ, ਆਪੇ ਹਰ ਵਰ੍ਹੇ ਠੇਕਿਆਂ ਦੀ ਨਿਲਾਮੀ ਕਰਾਉਂਦੀ ਐ, ਆਪੇ ਪਰਚਾਰ... 'ਨਸ਼ੇ ਮੱਤ ਕਰੋ!' ਇਹ ਇਕੋ ਵੇਲੇ ਦੋ ਕਾਰੋਬਾਰ, ਸਾਤੋਂ ਨੀ ਹੁੰਦੇ। 'ਮਰ ਜੋ ਚਿੜੀਓ, ਜੀਅ ਪਓ...।'

## ਸਾਹਿਤ ਨਾਲ ਵਾਹ

➣ ਤੁਹਾਡਾ ਸਾਹਿਤ ਨਾਲ ਵਾਹ ਇਸੇ ਉਮਰ 'ਚ ਪਿਐ ਜਾਂ ਬਾਅਦ ਵਿਚ?

↔ ਇਹ ਪੁੱਛਣ ਦੀ ਕੀ ਲੋੜ ਪੈਗੀ? ਮੇਰਾ ਇਹ ਭਰਮ ਤਾਂ ਬਣਿਆ ਰਹਿਣ ਦਿੰਦੇ ਕਿ ਜੇ ਹੋਰ ਨਹੀਂ ਤਾਂ ਪੰਜਾਬੀ ਦੇ ਪਾਠਕ ਮੈਨੂੰ ਕਾਫੀ ਗਿਣਤੀ ਵਿਚ ਪੜ੍ਹਦੇ ਨੇ! ਤੁਸੀਂ ਵੀ ਅਣਜਾਣ ਨਹੀਂ ਲਗਦੇ। ਮੇਰੀਆਂ ਕਹਾਣੀਆਂ ਤੋਂ ਹੀ ਮੇਰੇ ਬਾਰੇ ਕੁਝ ਜਾਣਕਾਰੀ ਮਿਲ ਜਾਂਦੀ ਐ। ਪਹਿਲਾਂ ਪੜ੍ਹਦਾ ਬਹੁਤ ਸੀ। ਫੇਰ ਸਾਹਿਤ ਸਭਾਵਾਂ 'ਚ ਜਾਣ ਲੱਗ ਪਿਆ। ਆਲੇ-ਦੁਆਲੇ ਦੀਆਂ ਛੋਟੀਆਂ-ਛੋਟੀਆਂ ਸਭਾਵਾਂ 'ਚ ਤਾਂ ਜਾਂਦਾ ਰਹਿੰਦਾ ਸਾਂ। ਰਾਮਪੁਰ, ਲਿਖਾਰੀ ਸਭਾ, ਭਾਵੇਂ ਦੂਰ ਪੈਂਦੀ ਸੀ, ਓਥੇ ਵੀ ਜਾਣ ਲੱਗ ਪਏ। ਪ੍ਰਗਤੀਵਾਦ ਦਾ ਦੌਰ ਸੀ ਤੇ ਜੋਸ਼ ਬੜਾ ਹੁੰਦਾ ਸੀ। ਮੈਂ ਨੌਵੀਂ-ਦਸਵੀਂ ਤੋਂ ਬਾਅਦ ਕੱਚਾ-ਪੱਕਾ ਲਿਖਣ ਲੱਗ ਪਿਆ ਸਾਂ। ਜੁਆਨੀ ਕਿੰਨਵੇਂ ਵਰ੍ਹੇ ਤੋਂ ਸ਼ੁਰੂ ਮੰਨੀ ਜਾਵੇ। ਆਪਾਂ ਆਮ ਤੌਰ 'ਤੇ ਸੋਲਾਂ-ਸਤਾਰਾਂ ਵਰ੍ਹਿਆਂ ਤੋਂ ਗਿਣ ਲੈਂਦੇ ਆਂ। ਪਰ ਇਕ ਮਲਵਈ ਬੋਲੀ ਸੁਣੋ :

ਬਈ, ਬਾਰਾਂ ਸਾਲ ਦੀ ਹੋ ਗਈ ਚੋਬਰੀ, ਸਾਲ ਤੇਰ੍ਹਵਾਂ ਚੜ੍ਹਿਆ।
ਹੁੰਮ ਹੁੰਮਾ ਕੇ ਚੜ੍ਹੀ ਜੁਆਨੀ, ਨਾਗ ਬ੍ਰਿਹੋਂ ਦਾ ਲੜਿਆ।

➣ ਅਪਣੇ ਯਾਰਾਂ-ਬੇਲੀਆਂ ਬਾਰੇ ਕੁੱਝ ਦੱਸੋ?

↔ ਯਾਰਾਂ ਬੇਲੀਆਂ ਬਾਰੇ ਆਪਦਾ ਪ੍ਰਸ਼ਨ ਸੁਣ ਕੇ, ਮੇਰੇ ਧੁਰ ਅੰਦਰ 'ਕੁਸ਼ ਕੁਸ਼' ਹੋਇਆ। ਇਸ 'ਕੁਸ਼ ਕੁਸ਼' ਨੂੰ ਮੈਂ ਬਿਆਨ ਨਹੀਂ ਕਰ ਸਕਦਾ। ਇਹ ਸੂਖਮ ਅਹਿਸਾਸ ਦੀ ਗੱਲ ਐ। ਜਿਵੇਂ ਵੀਣਾ ਦੀਆਂ ਤਾਰਾਂ ਨੂੰ ਕੋਈ ਛੇੜ ਕੇ ਟੁਣਕਾਰ ਪੈਦਾ ਕਰ ਦੇਵੇ। ਸ਼ਾਂਤ ਪਾਣੀਆਂ 'ਚ ਕਿਸੇ ਚੀਜ਼ ਦੇ ਡਿੱਗਣ ਨਾਲ ਲਹਿਰਾਂ ਉੱਠਣ। ਮਨ ਦੀ ਇਸ ਸਥਿਤੀ ਨੂੰ ਇਹ ਮਿਸਾਲਾਂ ਵੀ ਦੱਸਣ ਤੋਂ ਅਸਮਰਥ ਜਾਪਦੀਆਂ ਨੇ... ਨਾ ਕਾਫੀ।

ਕੁਝ ਦਿਨ ਹੋਏ ਮੈਂ 'ਗ਼ਾਲਿਬ ਕੇ ਖ਼ਤੂਤ' ਪੜ੍ਹ ਰਿਹਾ ਸਾਂ। ਲਗਭਗ ਮੇਰੀ ਉਮਰ ਦੇ ਹੋਣਗੇ ਜਦੋਂ ਖਤ ਲਿਖੇ ਗਏ। ਆਪਾਂ ਸਾਰੇ ਜਾਣਦੇ ਆਂ ਕਿ ਉਰਦੂ ਦੇ ਮਹਾਨ ਸ਼ਾਇਰ ਸੀਗੇ ਉਹ। ਮੈਂ ਤਾਂ ਪੰਜਾਬੀ ਦਾ ਅਦਨਾ ਜਿਹਾ ਲੇਖਕ ਆਂ। ਗੱਲ ਉਮਰ ਦੀ ਏ। ਉਨ੍ਹਾਂ ਇਕ ਥਾਂ ਲਿਖਿਆ ਕਿ ਉਸਦੇ ਬਹੁਤੇ ਮਿੱਤਰ-ਪਿਆਰੇ ਇਸ ਜਹਾਨ ਤੋਂ ਕੂਚ ਕਰ ਗਏ। ਹੁਣ ਹੋਰ ਨਾ ਕੋਈ ਮਰੇ। ਉਸਦੀ ਮੌਤ ਬਾਅਦ ਕੁਝ ਰੋਣ-ਯਾਦ ਕਰਨ ਵਾਲੇ ਤਾਂ ਹੋਣ! ਮੇਰੇ ਵੀ ਕਈ ਯਾਰ ਬੇਲੀ ਸਦੀਵੀ ਵਿਛੋੜਾ ਦੇ ਗਏ। ਉਹਨਾਂ 'ਚੋਂ ਕਈ ਮਾਰਕਸਵਾਦੀ ਸਨ, ਕਈ ਹਮਪਿਆਲਾ ਫੱਕਰ। ਹੁਣ ਉਹਨਾਂ ਦੀ ਯਾਦ ਅਕਸਰ ਆਉਂਦੀ ਰਹਿੰਦੀ ਐ। ਕਈ ਜਣੇ ਅਜੇ ਇਸ ਜਹਾਨ 'ਚ ਹੈਗੇ ਨੇ। ਉਨ੍ਹਾਂ ਨਾਲ ਰਾਬਤਾ ਕਾਇਮ ਐ। ਇਹ ਗੱਲ ਜ਼ਿਕਰਯੋਗ ਐ, ਸਭ ਮਿੱਤਰਾਂ ਦੇ ਪਿਛੋਕੜ ਵੱਖੋ ਵੱਖਰੇ। ਧਰਮ, ਮਜ਼੍ਹਬ, ਪੰਜਾਬ 'ਚ ਮੱਚੀਆਂ ਹਨੇਰਗਰਦੀਆਂ, ਘੱਲੂਘਾਰੇ, ਸਾਡੀਆਂ ਦੋਸਤੀਆਂ ਦੇ ਰਾਹ 'ਚ ਰੋੜਾ ਨਹੀਂ ਬਣੇ। ਇਹਨਾਂ ਘਾਤਕ ਹਾਲਾਤ ਵਿਚ ਵੀ ਅਸੀਂ ਸਾਵੇਂ ਰਹੇ, ਮਿਲਦੇ ਰਹੇ, ਬਹਿਸਾਂ ਵਿਚ ਹਿੱਸਾ ਲੈਂਦੇ ਰਹੇ। ਸਾਹਿਤ, ਕਲਾ ਤੇ ਸਭਿਆਚਾਰਕ ਰੁਝਾਨਾਂ ਦੀਆਂ ਗੱਲਾਂ ਹੁੰਦੀਆਂ ਰਹੀਆਂ। ਆਪਸ ਵਿਚ ਕਈ ਮਸਲਿਆਂ 'ਤੇ ਮਤਭੇਦ ਵੀ ਰਹੇ। ਕਿਸੇ ਦੀ ਜ਼ਿੰਦਗੀ, ਵਿਚਾਰਧਾਰਾ ਲੱਖ ਵੱਖਰੀ ਹੋਵੇ ਪਰ ਇਨ੍ਹਾਂ ਦਾ ਸਾਡੀ ਮਿੱਤਰਤਾ ਵਿਚ ਕੋਈ ਦਖ਼ਲ ਨਹੀਂ। ਇਕ ਦੂਜੇ ਦਾ ਮਾਣ ਕਰਨਾ, ਰੱਖਣਾ ਚਾਹੀਦੈ। 'ਕਿਸੇ ਨੂੰ ਚੰਗਾ ਲੱਗਣਾ, ਕਿੰਨਾ ਚੰਗਾ ਚੰਗਾ ਲੱਗਦੈ।' ਬਹੁਤ ਪਹਿਲਾਂ ਮੈਂ ਲਿਖਿਆ ਸੀ। ਨਿੱਜੀ ਮਤਲਬ ਪ੍ਰਸਤੀ, ਮੌਕਾਪ੍ਰਸਤੀ ਵੀ ਅਜਿਹੀਆਂ ਦੋਸਤੀਆਂ ਦੀਆਂ ਚੂਲਾਂ ਨਹੀਂ ਹਿਲਾ ਸਕਦੀਆਂ। ਇਹ ਮੇਰਾ ਵਿਸ਼ਵਾਸ ਹੈ। ਸਮੁੱਚਾ ਕਿਰਦਾਰ, ਆਪਸੀ ਮਿੱਤਰਤਾ ਦਾ ਬੰਨ੍ਹ-ਸ਼ੁੱਬ ਬਣਾਈ ਰੱਖਦੈ। ਨਿੱਕੀਆਂ-ਮੋਟੀਆਂ ਕਮੀਆਂ ਤਾਂ ਸਭਨਾਂ 'ਚ ਹੁੰਦੀਆਂ ਨੇ। ਮੈਂ ਪਿਆਰ ਦਾ ਭੁੱਖਾ ਹਾਂ ਤੇ ਭੁੱਖੇ ਬੰਦੇ ਲਈ ਛੋਲੇ ਵੀ ਬਦਾਮ ਹੁੰਦੇ ਨੇ।

➣ ਤੁਹਾਡਾ ਸਾਹਿਤਕਾਰੀ ਦਾ ਸਫ਼ਰ ਕਦੋਂ ਤੇ ਕਿਵੇਂ ਸ਼ੁਰੂ ਹੋਇਆ ਸੀ?

↔ ਕੀ ਦੱਸਾਂ ਜੀ! ਐਵੇਂ ਅੱਕੀਂ ਪਲਾਹੀਂ ਹੱਥ ਮਾਰਦਾ ਫਿਰਦਾ ਸੀਗਾ। ਜਿਹੜੇ ਵੀ ਮਸ਼ਹੂਰ ਹੋ ਰਹੇ ਲੇਖਕ-ਕਵੀ ਨਾਲ ਸਹਿਵਨ ਮੇਲ ਹੋਣਾ, ਉਹਦੇ ਨਾਲ ਈ ਤੁਰ ਪੈਣਾ। ਗੁਰਚਰਨ ਰਾਮਪੁਰੀ, ਸੁਰਜੀਤ ਰਾਮਪੁਰੀ ਆਪਣੀਆਂ ਕਵਿਤਾਵਾਂ ਗਾ ਕੇ ਸੁਣਾਉਂਦੇ ਹੁੰਦੇ ਸੀਗੇ। ਗੁਰਚਰਨ ਦੀ 'ਕਣਕਾਂ ਦੀ ਖ਼ੁਸ਼ਬੋ' ਤੇ ਸੁਰਜੀਤ ਦੀ 'ਠਰੀ ਚਾਨਣੀ' ਦੀ ਚਰਚਾ ਹੁੰਦੀ। ਗੁਰਚਰਨ ਗਾਉਂਦਾ 'ਪੱਥਰਾਂ ਦੇ ਵਿਚ ਪਿਸ ਗਈ ਮਹਿੰਦੀ, ਹੱਥ ਨਾ ਲੱਗ ਸਕੀ, ਤੇਰੇ ਹੋ।' ਸੁਰਜੀਤ ਦੀ ਪਤਲੀ-ਰੇਸ਼ਮੀ ਜਿਹੀ ਆਵਾਜ਼, ਟਿਕੀ ਰਾਤ 'ਚ, ਸਰੋਤਿਆਂ ਨੂੰ ਚੰਗੀ ਲਗਦੀ। ਉਹ ਗਾਉਂਦਾ, 'ਠਰੀ ਚਾਨਣੀ, ਤਿਲ੍ਹਕਦੀ ਰੌਸ਼ਨੀ, ਤੇਰੇ ਮੇਰੇ ਪਿਆਰ ਦੀ ਕਹਾਣੀ ਤਾਂ ਹੈ!' ਫੇਰ ਗੱਲਾਂ ਹੁੰਦੀਆਂ, ਸੰਤੋਖ ਸਿੰਘ ਧੀਰ ਦੀ ਕਹਾਣੀ 'ਕੋਈ ਇਕ ਸਵਾਰ' ਰੇਡੀਓ ਤੋਂ ਪ੍ਰਸਾਰਤ ਹੋਈ ਐ। ਬਾਰੂ ਤਾਂਗੇ ਵਾਲਾ ਖੂਬ ਐ। ਦੇਖੋ



ਮੋਹਨ ਭੰਡਾਰੀ ਰਿਪੁਦਮਨ ਕਾਲਜ ਨਾਭਾ ਵਿਖੇ - 1955



ਗੁਰਬਖਸ਼ ਸਿੰਘ ਪ੍ਰੀਤਲੜੀ, ਮਹਿੰਦਰ ਸਿੰਘ ਰੰਧਾਵਾ, ਖੁਸ਼ਵੰਤ ਸਿੰਘ, ਸ਼ਿਵ ਕੁਮਾਰ ਬਟਾਲਵੀ, ਵਿਸ਼ਵਾਨਾਥ ਤਿਵਾੜੀ, ਹਰਸ਼ਰਨ ਸਿੰਘ ਅਤੇ ਪ੍ਰੇਮ ਸਿੰਘ ਪ੍ਰੇਮ ਨਾਲ ਮੋਹਨ ਭੰਡਾਰੀ - 1968

ਵਿਚਾਰਾ ਖੜ੍ਹੇ ਦਾ ਖੜ੍ਹਾ ਰਹਿ ਗਿਆ। ਬਸ ਆਈ, ਤਾਂਗੇ ਤੋਂ ਝੱਟ ਉਤਰ ਕੇ ਸਵਾਰੀਆਂ ਉਸ ਵਿਚ ਬੈਠ ਗਈਆਂ। ਨਵੇਂ ਉਠ ਰਹੇ, ਉਸ ਇਲਾਕੇ ਦੇ ਲੇਖਕ ਇਨ੍ਹਾਂ ਨੂੰ ਬੜਾ ਮਾਣ ਦਿੰਦੇ ਸਨ।

ਮੇਰੀ ਦਸਵੀਂ ਦੇ ਇਮਤਿਹਾਨ 'ਚ ਫਸਟ ਡਵੀਜ਼ਨ ਆ ਗਈ। ਮੈਂ ਇਕ ਦੋ ਹਮਜਮਾਤੀਆਂ ਨਾਲ ਰਿਪੁਦਮਨ ਕਾਲਜ ਨਾਭਾ ਵਿਚ ਦਾਖਲਾ ਲੈ ਲਿਆ। ਵਿਸ਼ਾ ਸਾਇੰਸ ਦਾ ਨਾਨ-ਮੈਡੀਕਲ। ਵਰ੍ਹਾ 1955-56, ਨਾਭੇ ਕਾਲਜ ਦੀ ਪੜ੍ਹਾਈ 'ਚ ਸਕੂਲ ਵਾਲੀ ਹਾਲਤ ਨਾ ਰਹੀ। ਓਥੇ ਕਾਲਜ ਦੇ ਮੈਗਜ਼ੀਨ 'ਚ ਦੋਵੇਂ ਸਾਲ ਕਹਾਣੀਆਂ ਮੇਰੀਆਂ ਛਪੀਆਂ। ਉਹ ਵੀ ਪਹਿਲੀ ਕਹਾਣੀ ਵਾਂਗ ਗੁੰਮ ਗੁਆਚ ਗਈਆਂ। ਹਾਂ, ਕਾਲਜ ਦੀ ਸਟੇਜ 'ਤੇ ਹੋਰਨਾਂ ਮੁੰਡਿਆਂ ਨਾਲ ਕੁਝ ਨਾ ਕੁਝ ਸੁਣਾ ਦਿੰਦਾ ਸਾਂ। ਮੁੱਖ ਤੌਰ 'ਤੇ ਚਾਲੇ ਓਹੀ ਰਹੇ। ਬਾਹਰੋਂ ਕਵੀ ਬੁਲਾ ਕੇ ਮੁਸ਼ਾਇਰਾ ਆਯੋਜਿਤ ਹੁੰਦਾ। ਕ੍ਰਿਪਾਲ ਸਿੰਘ ਬੇਦਾਰ ਹੁਰਾਂ ਨੂੰ ਸੁਣਦੇ। ਕਿੱਥੇ ਸਾਇੰਸ, ਕਿੱਥੇ ਕਵਿਤਾ? ਏਥੇ ਕ੍ਰਿਸ਼ਨ ਅਸ਼ਾਂਤ ਪੰਜਾਬੀ ਦੇ ਨਵੇਂ ਕਵੀ ਨਾਲ ਮੇਲ ਹੋਇਆ। ਉਹਨੇ ਕਾਲਜ ਦੀ ਸਟੇਜ ਤੋਂ ਭਾਰੀ ਗੜ੍ਹਕਵੀਂ ਆਵਾਜ਼ ਨਾਲ ਕਵਿਤਾ ਦਾ ਬੰਦ ਬੋਲਿਆ, 'ਇਸ ਤਰ੍ਹਾਂ ਨਾ ਦੇਖ ਮੈਨੂੰ, ਇਸ ਤਰ੍ਹਾਂ ਨਾ ਮੁਸਕਰਾ।' ਸਾਡਾ ਕੰਮ ਦਾਦ ਦੇਣਾ ਸੀ, ਉਸਦੀ ਸਾਡੇ 'ਚ ਕੋਈ ਘਾਟ ਨਹੀਂ ਸੀ। ਇਸੇ ਕਾਲਜ ਵਿਚ ਮੈਂ ਬਲਵੰਤ ਗਾਰਗੀ ਦੀਆਂ ਦੋ ਤਿੰਨ ਕਿਤਾਬਾਂ ਪੜ੍ਹੀਆਂ। ਸਾਇੰਸ ਦੇ ਸਾਲਾਨਾ ਇਮਤਿਹਾਨ ਹੋਏ, ਹਮ ਸ਼ਾਨ ਨਾਲ ਫੇਲ੍ਹ ਹੋਏ। ਤਿੰਨ ਵੇਰਾਂ ਫੇਰ। ਰਾਜਪੂਤੀ ਅਣਖ ਸੀ ਤੇ ਚਿਤੌੜ ਦਾ ਕਿਲ੍ਹਾ ਜਿੱਤਣਾ ਸੀ। ਫੌਜਾਂ ਨੇ ਅਹਿਮਦਗੜ੍ਹ ਵੱਲ ਕੂਚ ਕੀਤਾ। ਮੂਹਰੇ ਅਸ਼ਾਂਤ! ਉਸਦੀ ਲਾਹੌਰ ਬੁੱਕ ਸ਼ਾਪ ਵਾਲੇ ਕਵਿਤਾ ਦੀ ਕਿਤਾਬ 'ਤਾਰੇ ਤੇ ਕਿਣਕੇ' ਛਾਪ ਰਹੇ ਸਨ। ਉਹਨਾਂ ਦਿਨਾਂ 'ਚ ਆਵਾਰਗੀ ਅਪਣਾ ਰੰਗ ਦਿਖਾਉਣ ਲੱਗੀ। ਸਾਰਾ ਇਲਾਕਾ ਪੈਦਲ ਛਾਣ ਮਾਰਿਆ। ਇਕ ਦਿਨ ਮੈਂ ਪੁੱਛਿਆ, 'ਮੈਂ ਲੇਖਕ ਬਣ ਸਕਦਾਂ?' ਉਹਦਾ ਉੱਤਰ, 'ਕਿਉਂ ਨਹੀਂ! ਗੰਭੀਰਤਾ ਨਾਲ ਲਿਖ ਲਗਾਤਾਰ। ਸਫ਼ਲਤਾ ਵੱਟ 'ਤੇ ਪਈ ਐ।' ਅਸੀਂ ਖੇਤਾਂ ਦੀਆਂ ਵੱਟਾਂ 'ਤੇ ਤੁਰਦੇ ਰਹੇ। ਉਸ ਨੂੰ ਦਿੱਲੀ ਨੌਕਰੀ ਮਿਲੀ-ਉਹ ਵੱਟ ਤੋਂ ਸੜਕ 'ਤੇ ਆ ਗਿਆ। ਅੰਮ੍ਰਿਤਾ ਜੀ ਨਾਲ ਰਲ ਕੇ ਜੋਤਿਸ਼ ਦੀਆਂ ਕਿਤਾਬਾਂ ਲਿਖੀਆਂ। ਹੁਣ ਉਹ ਇਕ ਚੰਗਾ ਜੋਤਸ਼ੀ ਐ, ਦਿੱਲੀ ਦਾ। ਕਾਫ਼ੀ ਧਨ ਕਮਾਇਐ ਉਹਨੇ। ਪਿਛਲੇ ਦਿਨੀਂ ਪਤਾ ਲੱਗੈ ਕਿ ਉਸ ਨੇ ਅਪਣੇ ਇਕ ਮੁੰਡੇ ਨੂੰ ਵੀ ਜੋਤਸ਼ ਦੇ ਕਿੱਤੇ 'ਚ ਪਾ ਦਿੱਤੈ।

ਮੈਂ ਲੁਧਿਆਣੇ ਇਕ ਪ੍ਰਾਈਵੇਟ ਕਾਲਜ, ਪੂਰਾ ਨਾਉਂ ਨਹੀਂ ਯਾਦ। ਸ਼ਾਇਦ 'ਓਕਾੜਾ ਗਿਆਨੀ ਕਾਲਜ ਸੀ' ਓਥੇ ਜਾ ਪਹੁੰਚਿਆ। ਪ੍ਰਿੰਸੀਪਲ ਨੇ ਪੁੱਛਿਆ, 'ਕੀ ਨਾ ਏਂ ਤੇਰਾ, ਕਾਕਾ?' ਮੈਂ ਕਿਹਾ, 'ਜੀ, ਮੋਹਨ ਭੰਡਾਰੀ।' ਉਨ੍ਹਾਂ, ਤਬਸਰਾ ਕੀਤਾ, 'ਗੁਰੂ ਨਾਨਕ ਦੇਵ ਜੀ ਨਾਲ ਵੀ ਇਕ ਭੰਡਾਰੀ ਹੁੰਦਾ ਸੀ, ਦਰਗਾਹ ਭੰਡਾਰੀ! ਤੂੰ ਕੱਲ੍ਹ ਨੂੰ ਹਾਜ਼ਰ ਹੋਜਾ।' ਕੁਝ ਦਿਨਾਂ ਬਾਅਦ ਈ ਪੰਗਾ ਪੈ ਗਿਆ।

ਉਹ ਭਾਈ ਵੀਰ ਸਿੰਘ, ਜਿਨ੍ਹਾਂ ਨੂੰ 'ਨਿੱਕੀਆਂ ਕਵਿਤਾਵਾਂ ਦਾ ਵੱਡਾ ਕਵੀ' ਕਿਹਾ ਜਾਂਦੈ, ਦੀਆਂ ਸਿਫਤਾਂ ਕਰ ਰਹੇ ਸਨ। ਮੈਂ ਕਲਾਸ ਵਿਚੋਂ ਖੜ੍ਹਾ ਹੋਇਆ ਤੇ ਬੋਲਿਆ, 'ਜਨਾਬ, ਤੁਸੀਂ ਓਸੇ ਵੀਰ ਸਿੰਘ ਹੁਰਾਂ ਦੀ ਗੱਲ ਕਰ ਰਹੇ ਓਂ... ਜਦੋਂ ਦੇਸ਼ ਨੂੰ ਅੱਗ ਲੱਗੀ ਹੋਈ ਸੀ, ਉਹ ਕਸ਼ਮੀਰ ਵਿਚ ਬੈਠਾ 'ਗੁਲਦਾਉਦੀਆਂ ਲਿਖ ਰਿਹਾ ਸੀ! ਜਮਾਤ ਵਿਚ ਸਨਾਟਾ ਛਾ ਗਿਆ।' ਉਸ ਵੇਲੇ ਤਾਂ ਉਹ ਕੁਝ ਨਾ ਬੋਲੇ। ਥੋੜ੍ਹੀ ਦੇਰ ਬਾਅਦ ਮੈਨੂੰ ਅਪਣੇ ਕਮਰੇ ਵਿਚ ਬੁਲਾਇਆ। ਪੁੱਛਿਆ, 'ਫੀਸ ਦੇਤੀ, ਤੂੰ।' ਮੈਂ ਕਿਹਾ 'ਨਹੀਂ ਜੀ।' ਉਨ੍ਹਾਂ ਹੁਕਮ ਦਿੱਤਾ, 'ਕੱਲ੍ਹ ਨੂੰ ਲੈ ਕੇ ਆਈਂ।' ਦੂਜੇ ਦਿਨ ਜਦੋਂ ਮੈਂ ਫੀਸ ਦਿੱਤੀ ਤਾਂ ਗੁੱਸੇ ਨਾਲ ਕਿਹਾ, 'ਕੱਲ੍ਹ ਤੋਂ ਆਉਣਾ ਬੰਦ ਕਰਦੇ... ਤੂੰ ਤਾਂ ਬੜਾ ਮੂੰਹ ਫਟ ਐਂ, ਮੇਰਾ ਕਾਲਜ ਬੰਦ ਕਰਾਉਣੈਂ?' ਲਓ ਜੀ, ਮੈਂ ਅਪਣਾ ਜੋਸ਼ ਛਾਤੀ 'ਚ ਲੈ ਕੇ ਘਰ ਆ ਗਿਆ। ਏਦਾਂ ਬੋਲਣਾ ਮੇਰੀ ਬੇਅਕਲੀ ਸੀ। ਕੁਝ ਦਿਨਾਂ ਬਾਅਦ ਮੈਨੂੰ ਕਲਰਕ ਦੀ ਪੋਸਟ ਦੀ ਆਫਰ ਆ ਗਈ। ਉਨੱਤੀ ਅਕਤੂਬਰ, 1958 ਨੂੰ ਮੈਂ ਪੰਜਾਬ ਸਿੱਖਿਆ ਵਿਭਾਗ, ਸ਼ਿਮਲਾ ਜਾ ਹਾਜ਼ਰ ਹੋਇਆ। ਓਥੇ ਮੇਰੇ ਨਾਲ ਕੀ ਬੀਤੀ, ਇਹ ਇਸ ਮੌਕੇ ਦੱਸਣ ਦੀ ਲੋੜ ਨਹੀਂ। ਹਾਂ, ਇਕ ਜ਼ਿਕਰਯੋਗ ਗੱਲ ਜ਼ਰੂਰ ਐ। ਪੰਜਾਬੀ 'ਚ ਲਿਖਣ ਦਾ ਬੇਸ਼ੱਕ ਮਾਹੌਲ ਨਾ ਬਣਿਆ, ਫੇਰ ਵੀ ਮੇਰਾ ਖ਼ਿਆਲ ਐ ਮੈਂ ਤਿੰਨ-ਚਾਰ ਕਹਾਣੀਆਂ ਲਿਖੀਆਂ ਹੋਣਗੀਆਂ, ਜਿਨ੍ਹਾਂ 'ਚੋਂ 'ਮਿੱਟੀ ਦੀ ਔਰਤ' ਕਹਾਣੀ ਮਸ਼ਹੂਰ ਹੋਈ। ਇਸ ਕਹਾਣੀ ਦੀ ਅਪਣੀ ਕਹਾਣੀ ਐਂ। ਇਸਦੀ ਕਦੇ ਫੇਰ ਗੱਲ ਕਰਾਂਗੇ। ਹੁਣ ਤਾਂ ਏਨਾ ਕੁ ਈ ਕਹਿ ਸਕਦਾਂ ਕਿ ਇਸ ਸਮੇਂ ਨੂੰ ਸਾਹਿਤਕਾਰੀ ਦੇ ਸਫ਼ਰ ਨਾਲੋਂ, ਅੰਗਰੇਜ਼ੀ ਦੇ ਲਫ਼ਜ਼ 'ਸਫ਼ਰਿੰਗ' 'ਚ ਪਾ ਲਓ। ਇਹ ਸਫ਼ਰ ਅਜੇ ਜਾਰੀ ਐ। ਮੇਰੀ ਜਾਨ ਲੈ ਕੇ ਹਟੂ!

➣ ਤੁਹਾਡੀ ਸਭ ਤੋਂ ਪਹਿਲੀ ਕਹਾਣੀ ਕਿਹੜੀ ਸੀ ਤੇ ਇਹਦੇ ਨਾਲ ਕੀ ਕੁਝ ਵਾਪਰਿਆ?

↔ ਅਜੀਬ ਇਤਫ਼ਾਕ ਐ। ਸਾਡੇ ਹਰਮਨ ਪਿਆਰੇ ਐਕਟਰ ਬਲਰਾਜ ਸਾਹਨੀ ਦੇ ਭਾਈ, ਹਿੰਦੀ ਦੇ ਲੇਖਕ ਭੀਸ਼ਮ ਸਾਹਨੀ ਨੇ ਪਾਕਿਸਤਾਨ ਬਣਨ ਤੋਂ ਪਹਿਲਾਂ, ਪਹਿਲੀ ਕਹਾਣੀ ਨੌਵੀਂ ਜਮਾਤ 'ਚ ਪੜ੍ਹਦਿਆਂ ਲਿਖੀ। ਮੈਂ ਵੀ ਨੌਵੀਂ ਸ਼੍ਰੇਣੀ 'ਚ - ਪਾਕਿਸਤਾਨ ਬਣਨ ਤੋਂ ਬਾਅਦ 1953 ਵਿਚ। ਮੇਰਾ ਸੁਭਾਗ ਸਮਝੋ- ਮੈਂ ਇਹਨਾਂ ਦੋਵੇਂ ਭਰਾਵਾਂ ਨੂੰ ਕਈ ਵੇਰਾਂ ਮਿਲਿਆ। ਖੂਬ ਗੱਲਾਂ ਹੋਈਆਂ। ਇਹਨਾਂ ਦੀ ਪੰਜਾਬੀ ਬੋਲਚਾਲ 'ਚ ਬੜੀ ਮਿਠਾਸ ਸੀ। ਭੀਸ਼ਮ ਜੀ ਨੇ ਕਿਵੇਂ ਨਾ ਕਿਵੇਂ ਫੈਜ ਅਹਿਮਦ ਫੈਜ਼ ਦੀ ਭਾਣਜੀ ਜਾਂ ਭਤੀਜੀ ਰਾਹੀਂ ਅਪਣੀ ਕਹਾਣੀ ਮੰਗਵਾ ਲਈ। ਪਰ ਕਿਸੇ ਕਿਤਾਬ 'ਚ ਸ਼ਾਮਲ ਨਾ ਕੀਤੀ। ਮੇਰੇ ਇਉਂ ਕਰਨ ਜਾਂ ਨਾ ਕਰਨ ਦਾ ਸਵਾਲ ਹੀ ਪੈਦਾ ਨਾ ਹੋਇਆ। ਕਿਤੇ ਗੁਆਚ ਗਈ। ਮੈਂ ਜਲੰਧਰੋਂ ਛਪਦੇ ਇਕ ਅਖਬਾਰ 'ਚ ਇਸ਼ਤਿਹਾਰ ਦਿੱਤਾ, ਜਿਵੇਂ ਕਹਿੰਦੇ ਹੁੰਦੇ ਨੇ, 'ਇਕ ਮੁੰਡੇ ਦੀ ਚੀਜ਼ ਗੁਆਚੀ, ਭਲਕੇ ਚੇਤਾ ਆਵੇਗਾ।' ਇਸ਼ਤਿਹਾਰ ਵਿਚ ਕਹਾਣੀ ਦੀ ਨਾਇਕਾ ਨੂੰ ਸੁਨੇਹਾ ਸੀ, ਉਹ ਜੇ ਕਿਤੇ ਪੜ੍ਹਦੀ-ਸੁਣਦੀ ਹੋਵੇ, ਤਾਂ ਮੇਰੀ ਕਹਾਣੀ ਮੋੜ ਦੇਵੇ। ਸਾਦਗੀ ਦੇਖੋ ਮੇਰੀ। ਕਹਾਣੀ ਵਿਚ ਕੁੜੀ ਦਾ ਅਸਲੀ ਨਾਉਂ ਲਿਖ ਦਿੱਤਾ। ਕਹਾਣੀ ਦਾ ਨਾਉਂ 'ਅਧਵਾਟਾ' ਰੱਖਿਆ। ਹੋਇਆ ਇਉਂ। ਸਾਡੇ ਗੌਰਮੈਂਟ ਇੰਟਰਮੀਡੀਏਟ ਕਾਲਜ, ਮਲੇਰਕੋਟਲਾ ਵਿਚ, ਜਿੱਥੇ ਮੈਂ ਪੜ੍ਹਦਾ ਸੀ, ਪੰਜਾਬੀ ਦਾ ਪ੍ਰੋਫੈਸਰ ਸਾਹਿਤਕ ਰੁਚੀਆਂ ਦਾ ਮਾਲਕ ਸੀ। ਬੜਾ ਈ ਜਜ਼ਬਾਤੀ, ਨਾਉਂ ਸੀ ਡਾ. ਤ੍ਰਲੋਚਨ ਸਿੰਘ ਬੇਦੀ। ਉਹਦੇ ਮਨ 'ਚ ਆਈ ਯੋਜਨਾ, ਸਾਨੂੰ ਜਮਾਤ ਵਿਚ ਸੁਣਾਈ। ਕਾਲਜ ਦਾ ਮੈਗਜ਼ੀਨ ਕੱਢਣੈਂ। ਸਾਡੀਆਂ ਵੱਖ ਵੱਖ ਡਿਊਟੀਆਂ ਲਾਈਆਂ। ਇਕ ਵਿਦਿਆਰਥੀ ਭਾਨ ਸਿੰਘ ਭੌਰਾ ਨੂੰ ਕਿਹਾ, 'ਤੂੰ ਕਵਿਤਾ ਲਿਖ।' ਬਾਅਦ ਵਿਚ ਇਹ ਸੀ.ਪੀ.ਆਈ. ਦਾ ਐਮ.ਐਲ.ਏ. ਤੇ ਐਮ.ਪੀ. ਰਿਹਾ। ਹੁਣ ਇਸ ਜਹਾਨ 'ਚ ਨਹੀਂ। ਖੈਰ! ਉਸ ਨੇ ਕਵਿਤਾ ਲਿਖੀ, ਛਪੀ। ਮੇਰੀ ਡਿਊਟੀ ਸੀ ਕਹਾਣੀ ਲਿਖਣ ਦੀ। ਪਿੰਡ ਵਿਚ ਦੋ ਮੁਹੱਬਤੀ ਜਿਊੜੇ ਸਨ। ਇਕ ਦੂਜੇ 'ਤੇ ਮਰ ਮਿਟਣ ਲਈ ਤਿਆਰ ਬਰ ਤਿਆਰ। ਇਕ ਦੂਜੇ ਨੂੰ ਪਿਆਰ ਦੀਆਂ ਚਿੱਠੀਆਂ ਲਿਖਦੇ ਸਨ। ਅਸੀਂ ਚਿੱਠੀਆਂ ਅਪੜਾਉਣ ਵਾਲੇ। ਅਣਜਾਣ ਜਿਹੇ ਮੁੰਡੇ, ਚਿੱਠੀ ਹੱਥਾਂ 'ਚ ਦਿੰਦਿਆਂ, ਕਾਲਜੇ ਠੰਡ ਪੈਂਦੀ। ਕਿ ਪੁੰਨ ਦਾ ਕੰਮ ਕੀਤੈ। ਅੰਦਰੋਂ ਡਰ ਲੱਗਣਾ 'ਜੇ ਕਿਸੇ ਨੇ ਦੇਖ ਲਿਆ! ਫੇਰ ਕੀ ਹੋਊ? ਸਾਡੇ ਨਾਲ, ਪ੍ਰੇਮੀਆਂ ਨਾਲ। ਪਿਆਰ ਲੱਖ ਛੁਪਾਈਏ, ਜ਼ਾਹਰ ਹੋਣੋਂ ਨੀ ਰਹਿੰਦਾ। ਉਨ੍ਹਾਂ ਦਾ ਪਿਆਰ ਵੀ ਜੱਗ ਜ਼ਾਹਰ ਹੋ ਗਿਆ। ਕੁੜੀ ਦੀ ਮਾਂ ਉਲਾਹਮਾ ਦੇਣ ਗਈ। ਅੱਗੋਂ ਮੁੰਡੇ ਦੀ ਮਾਂ ਨੇ, ਕੁੜੀ ਦੀਆਂ ਲਿਖੀਆਂ ਚਿੱਠੀਆਂ ਦਾ ਥੱਬਾ ਦਿਖਾ ਦਿੱਤਾ। 'ਲੈ ਗਿਣ ਲੈ, ਢਾਈ ਸੌ ਨੇ। ਬਹੁਤੀ ਦੁੱਧ ਧੋਤੀ ਬਣਨੀ ਐਂ।' ਪਿੰਡ ਵਿਚ ਤੀਮੀਆਂ ਮਿਹਣੋ-ਮਿਹਣੀ ਹੋਣ, ਸ਼ਰ੍ਹੇਆਮ। ਗੱਲ ਤਾਂ ਸਾਰੇ ਪਿੰਡ ਵਿਚ ਫੈਲ ਜਾਂਦੀ ਐ। ਗੱਲ 'ਗਾਹਾਂ ਵੀ ਵਧੀ। ਹੁਣ ਦੋਵੇਂ ਪ੍ਰੇਮੀ ਬੁੜ੍ਹੇ ਹੋ ਗੇ।

ਕਿਉਂਕਿ ਘਟਨਾ ਦਾ ਚਸ਼ਮਦੀਦ ਗਵਾਹ ਸਾਂ। ਤਾਜ਼ੀ ਤਾਜ਼ੀ ਵਾਪਰੀ ਸੀ। ਕਹਾਣੀ ਲਿਖਤੀ। ਕਿਉਂਕਿ ਗਲਪ ਐ। ਮੈਂ ਨਾਇਕ ਪ੍ਰੇਮੀ ਨੂੰ ਮਾਰ ਦੇਣਾ ਉਚਿਤ ਸਮਝਿਆ। ਪਤਾ ਨਹੀਂ ਕੀ ਸੀ ਮੇਰੇ ਦਿਮਾਗ ਵਿਚ। ਇਹੋ ਜਿਹੀਆਂ ਗੱਲਾਂ ਬਿਆਨ ਨਹੀਂ ਕੀਤੀਆਂ ਜਾ ਸਕਦੀਆਂ। ਸ਼ਾਇਦ ਸੋਚਿਆ ਹੋਵੇ, ਥੋੜ੍ਹਾ ਬਹੁਤ ਓਹਲਾ ਰੱਖਣਾ ਚਾਹੀਦੈ। ਘੋਰ ਯਥਾਰਥ ਨਾਲ ਸਾਹਿਤ ਨਹੀਂ ਬਣਦਾ। ਵਿਚ ਵਿਚ ਕਲਪਨਾ ਪੈ ਜੇ ਤਾਂ ਰਚਨਾ ਦਾ ਰੰਗ ਹੋਰ ਸੋਹਣਾ ਹੋ ਜਾਂਦੈ। ਉੱਘੜਦੈ। ਨਫਰਤ ਦੀ ਨ੍ਹੇਰੀ ਝੁੱਲੀ ਹੋਵੇ, ਕਤਲ ਹੋ ਰਹੇ ਹੋਣ, ਪਿਆਰ ਫੇਰ ਵੀ ਬੇਨਿਆਜ਼ ਹੋ ਅਪਣਾ ਰੰਗ ਦਿਖਾ ਦਿੰਦੈ। ਜਿਵੇਂ ਪੱਕੀਆਂ ਇੱਟਾਂ ਦੀ ਕੰਧ ਵਿਚ ਪਿੱਪਲ ਦਾ ਬੂਟਾ ਉੱਗ ਪੈਂਦੈ। ਉਹਨੀਂ ਦਿਨੀਂ ਮੈਂ ਡਰਦਾ ਬਹੁਤ ਰਿਹਾ। ਮੈਨੂੰ ਰਫ਼ਲਾਂ ਤੇ ਘਾਤਕ ਹਥਿਆਰ ਦਿਸਦੇ ਰਹੇ। ਇਹੋ ਜਿਹੇ ਹਾਲਾਤ ਵਿਚ ਬੰਦਾ ਮਾਰ ਦੇਣਾ ਆਮ ਜਿਹੀ ਗੱਲ ਸੀ।

## ਨਵੀਂ ਜ਼ਿੰਦਗੀ

➣ ਤੁਹਾਡਾ ਵਿਆਹ ਕਦੋਂ ਤੇ ਕਿਵੇਂ ਹੋਇਆ ਸੀ?

↔ ਮੇਰਾ ਵਿਆਹ ਗਿਆਰਾਂ ਅਕਤੂਬਰ, 1961 ਵਿਚ ਹੋਇਆ। ਇਸ ਕਾਰਜ ਲਈ ਮੈਂ ਤਿਆਰ ਨਹੀਂ ਸਾਂ। ਕਈ ਵੇਰਾਂ ਸਮਝਾਇਆ ਤੇ ਧਮਕਾਇਆ ਗਿਆ। ਮੇਰੀ ਇਕੋ ਰੱਟ... ਅਜੇ ਨਹੀਂ। ਮੇਰੇ ਸਭ ਤੋਂ ਬੜੇ ਭਾਈ ਵੇਦ ਪ੍ਰਕਾਸ਼ ਦਾ ਰੋਅਬ ਬਹੁਤ ਸੀ, ਸਾਡੇ 'ਤੇ। ਮੇਰੇ ਬਾਪ ਦੇ ਮਰਨ ਤੋਂ ਪਿੱਛੋਂ ਟੱਬਰ ਦਾ ਮੁਖੀਆ ਓਹੀ ਸੀ। ਉਸਦਾ ਸਹਾਰਾ ਵੀ ਬੜਾ ਸੀ, ਸਾਨੂੰ। ਮੈਂ ਚੰਡੀਗੜ੍ਹ-ਉਹ ਅਹਿਮਦਗੜ੍ਹ। ਲੁਧਿਆਣੇ ਸਾਡੇ ਇਕ ਰਿਸ਼ਤੇਦਾਰ ਦੇ ਰਾਹੀਂ, ਮੇਰੇ ਬਣਨ ਵਾਲੇ ਸਹੁਰਿਆਂ ਦੇ ਘਰ, ਉਹ ਕੁੜੀ ਦੇਖ ਆਇਆ। ਸਾਡੇ ਵਰਗਾ ਮਧਵਰਗੀ ਪਰਿਵਾਰ। ਕੁੜੀ ਦਸਵੀਂ ਪਾਸ-ਘਰੇਲੂ। ਕੰਮ ਕਾਰ ਨੂੰ ਸਹੁਨਰੀ ਲੱਗੀ, ਉਸ ਨੂੰ। ਦੋਨਾਂ ਪਰਿਵਾਰਾਂ ਨੇ ਰਿਸ਼ਤੇ ਲਈ 'ਹਾਂ' ਕਰ ਲਈ। ਮੈਨੂੰ ਕੋਈ ਪਤਾ ਨਹੀਂ।

ਇਕ ਆਥਣੇਂ ਅਸੀਂ ਝੀਲ ਤੋਂ ਸੈਰ ਕਰਕੇ ਘਰ ਮੁੜੇ ਤਾਂ, ਮੇਰੇ ਭਾਈ ਨਾਲ ਦੋ ਆਦਮੀ ਹੋਰ ਬੈਠੇ ਸਨ। ਇਹ ਮੇਰੇ ਲਈ ਆਮ ਜਿਹੀ ਗੱਲ ਸੀ, ਅਕਸਰ ਕਈ ਕਈ ਬੰਦੇ ਘਰ ਆਉਂਦੇ ਰਹਿੰਦੇ ਸਨ। ਕਮਰੇ 'ਚ ਇਕ ਚੌਕੀ ਸੀ-ਪਹਿਲਾਂ ਤੋਂ ਹੀ ਰੱਖੀ ਹੁੰਦੀ ਸੀ। ਵੱਡੇ ਵੀਰ ਨੇ ਹੁਕਮ ਦਿੱਤਾ, ਮਿੱਠਾ ਜਿਹਾ ਹੋ ਕੇ, 'ਮੋਹਨ ਚੌਕੀ 'ਤੇ ਬੈਠ।' ਮੈਂ ਬੈਠ ਗਿਆ, ਸੋਚਿਆ ਵੈਸੇ ਹੀ ਬੈਠਣ ਲਈ ਆਖਿਐ। ਉਨ੍ਹਾਂ ਨੇ ਫੁਰਤੀ ਨਾਲ ਅਪਣੇ ਮੋਢੇ ਤੋਂ ਭਗਵਾ ਜਿਹਾ ਪਰਨਾ ਉਤਾਰ ਕੇ, ਮੇਰੇ ਮੋਢਿਆਂ 'ਤੇ ਪਾਇਆ ਤੇ ਬਜ਼ੁਰਗ ਆਦਮੀ ਨੂੰ ਕਿਹਾ, 'ਲਿਆਓ, ਲਾਲਾ ਜੀ, ਸ਼ਗਨ ਦਾ ਰੁਪੱਈਆ ਤੇ ਖੋਪੇ ਦਾ ਗੁੱਟ।' ਦੋਨੋਂ ਚੀਜ਼ਾਂ ਮੇਰੇ ਪੱਲੇ 'ਚ ਪਾ ਦਿੱਤੀਆਂ। ਇਹ ਕੀ! ਮੈਂ ਤਾਂ ਹੱਕਾ ਬੱਕਾ ਰਹਿ ਗਿਆ। ਇਸੇ ਰਾਮ ਰੌਲੇ 'ਚ ਵਧਾਈਆਂ! ਵਧਾਈਆਂ!! ਹੋ ਗਈਆਂ। ਮੈਂ ਸੁੰਨ ਹੋਇਆ ਬੈਠਾ ਸਾਂ। ਉਨ੍ਹਾਂ ਸਾਹਮਣੇ ਉਭਾਸਰ ਵੀ ਨਾ ਸਕਿਆ। ਮੂੰਹ ਪਾੜ ਕੇ ਕਹਿ ਵੀ ਨਾ

ਸਕਿਆ, 'ਮੈਨੂੰ ਨੀ ਮਨਜ਼ੂਰ, ਇਹ ਰਿਸ਼ਤਾ!'

ਜਦੋਂ ਜਾਣ ਲੱਗੇ, ਇਹ ਮੇਰੇ ਨਵੇਂ ਰਿਸ਼ਤੇਦਾਰ, ਮੈਂ ਤਪੇ ਤੇ ਤਣੇ ਹੋਏ ਨੇ ਏਨਾ ਕੁ ਆਖਿਆ, 'ਵੀਰ ਜੀ ਤੁਸੀਂ ਰਹੋ। ਇਨ੍ਹਾਂ ਨੂੰ ਵਿਦਾ ਕਰ ਦਿਓ।' ਉਹ ਵਿਦਾ ਹੋਏ ਤਾਂ ਮੈਂ ਭਰਿਆ ਪੀਤਾ ਬੈਠਾ ਰਿਹਾ। ਉਹ ਮੁਸਕਰਾਏ ਤੇ ਪੁੱਛਿਆ, 'ਬੋਲ ਕੁਝ, ਚੁੱਪ ਕਿਉਂ ਐਂ?' ਭੁੜਕਿਆ ਫੇਰ ਮੈਂ, 'ਤੁਸੀਂ ਬੋਲਣ ਜੋਗਾ ਛੱਡਿਐ ਮੈਨੂੰ? ਮੈਨੂੰ ਪਤਾ ਤੱਕ ਨੀ, ਇਹ ਰਿਸ਼ਤੇਦਾਰ ਕੌਣ ਨੇ, ਕੀ ਕਰਦੇ ਨੇ, ਮੈਂ ਚੰਡੀਗੜ੍ਹ ਰਹਿਨਾਂ... ਹੋਰ ਤਾਂ ਹੋਰ ਤੁਸੀਂ ਕੁੜੀ ਵੀ ਆ ਦਿਖਾਈ ਮੈਨੂੰ...।' ਮੇਰਾ ਗਲਾ ਭਰ ਆਇਆ। ਮੈਨੂੰ ਲੱਗਿਆ ਕਿ ਉਨ੍ਹਾਂ ਉੱਤੇ ਮੇਰੀਆਂ ਗੱਲਾਂ ਦਾ ਅਸਰ ਹੋ ਰਿਹੈ। ਅੰਦਰੋਂ। ਫੇਰ ਵੀ ਕਹਿਣ ਲੱਗੇ, 'ਸਾਊ ਤੇ ਕਬੀਲਦਾਰ ਪਰਿਵਾਰ ਐ। ਖਾਂਦਾ ਪੀਂਦਾ। ਕੁੜੀ ਮੈਂ ਦੇਖਲੀ। ਸਾਡੇ ਘਰਾਂ 'ਚ ਏਦਾਂ ਦੀਆਂ ਕੁੜੀਆਂ ਹੀ ਚਾਹੀਦੀਆਂ ਨੇ। ਸਬਰ ਸ਼ੁਕਰ ਨਾਲ ਨਿਰਬਾਹ ਕਰਨ ਵਾਲੀਆਂ।' ਮੈਂ ਅੱਗੋਂ ਅੜਿਆ ਰਿਹਾ। 'ਉਹਨੇ ਮੇਰੇ ਘਰ ਰਹਿਣੈਂ, ਸਾਰੀ ਉਮਰ!' ਸਾਡੇ ਘਰ ਵਿਚ ਰਵਾਇਤ ਸੀ ਕਿ ਆਪ ਤੋਂ ਵੱਡਿਆਂ ਦੇ ਮੂਹਰੇ ਨੀ ਬੋਲੀਦਾ ਹੁੰਦਾ। ਪਰ ਮੈਂ ਤਾਂ ਕਾਫੀ ਬੋਲ ਗਿਆ ਸਾਂ। ਉਹ ਫਸੇ ਬੈਠੇ ਸਨ। ਕਿਸ ਮੂੰਹ ਨਾਲ, ਉਨ੍ਹਾਂ ਨੂੰ ਕਹਿੰਦੇ। ਸਾਨੂੰ ਨੀ ਇਹ ਰਿਸ਼ਤਾ ਪ੍ਰਵਾਨ। ਮੁੰਡਾ ਨੀ ਮੰਨਦਾ।' ਸ਼ਾਇਦ ਉਨ੍ਹਾਂ ਨੂੰ ਮਹਿਸੂਸ ਹੋਇਆ ਹੋਵੇਗਾ ਕਿ ਇਸ ਤਰ੍ਹਾਂ ਤਾਂ ਉਨ੍ਹਾਂ ਦੀ ਹੇਠੀ ਹੋਵੇਗੀ। ਫੇਰ ਸੋਚ ਸੋਚ ਕੇ ਬੋਲੇ, 'ਚੰਗਾ ਐਂ ਕਰ। ਦਿਖਾ ਦਿੰਨੇ ਆਂ ਕੁੜੀ ਤੈਨੂੰ। ਦੇਖ ਕੇ ਕਹਿਦੀਂ, ਮੈਨੂੰ ਨੀ ਪਸਿੰਦ। ਸਾਡਾ ਵੀ ਬਚਾਅ ਹੋ ਜੂ। ਪਰਸੋਂ ਆ ਜੀਂ, ਮੰਡੀ। ਸਵੇਰੇ ਸਵੇਰੇ। ਓਥੋਂ ਦੋਵੇਂ ਚੱਲਾਂਗੇ, ਲੁਧਿਆਣੇ।' ਮੈਂ ਚੁੱਪ ਰਿਹਾ। ਓਦਣ ਛੁੱਟੀ ਸੀ। ਮੈਂ ਦਸ-ਗਿਆਰਾਂ ਵਜੇ ਤੱਕ ਘਰ ਬੈਠਾ ਰਿਹਾ। ਮਾਂ ਮੇਰੇ ਕੋਲ ਸੀ। ਉਹ ਲੜਦੀ ਰਹੀ। ਉਹਦੀਆਂ ਮੈਂ ਸੁਣੀਂ ਗਿਆ। ਚੁੱਪ ਚਾਪ। ਆਖਰ ਉਹਨੇ ਤੋੜਾ ਝਾੜਿਆ, 'ਤੇਰਾ ਬੜਾ ਭਾਈ ਐ। ਨਾ ਗਿਆ ਤਾਂ ਸਾਰੀ ਉਮਰ ਦੀ ਟੁੱਟ ਫੁੱਟ ਹੋਜੂ। ਤੁਰ ਜਾ, ਮੇਰਾ ਪੁੱਤ...!' ਉਹ ਰੋਣ ਲੱਗ ਪਈ। ਮੈਂ ਨਿਮੋਝੂਣਾ ਜਿਹਾ ਹੋਇਆ, ਮੰਡੀ ਅਹਿਮਦਗੜ੍ਹ ਵਾਲੀ ਬੱਸ ਵਿਚ ਜਾ ਬੈਠਾ। ਓਥੇ ਪਹੁੰਚਿਆ ਤਾਂ ਪਤਾ ਲੱਗਿਆ, ਵੀਰ ਮੇਰਾ ਉਡੀਕ ਉਡੀਕ ਅੱਕਿਆ ਹੋਇਆ, ਓਥੋਂ ਚੰਡੀਗੜ੍ਹ ਨੂੰ ਤੁਰ ਚੁੱਕਿਆ ਸੀ। ਮੈਨੂੰ ਲੈਣ, ਉਹ ਵਾਪਸ ਅਹਿਮਦਗੜ੍ਹ ਆਇਆ ਤਾਂ ਸ਼ਾਮ ਦੇ ਚਾਰ ਕੁ ਵੱਜ ਚੁੱਕੇ ਸਨ। ਮੈਨੂੰ ਡਰ ਸੀ ਕਿ ਫਜ਼ੂਲ ਦੂਹਰਾ ਚੱਕਰ ਲੱਗ ਜਾਣ ਕਾਰਨ ਉਹ ਗੁੱਸੇ ਹੋਣਗੇ। ਮੈਨੂੰ ਵੇਖ ਉਹ ਮੁਸਕਰਾਏ। ਬਸ। ਲੁਧਿਆਣੇ ਪਹੁੰਚ ਕੇ ਉਨ੍ਹਾਂ ਨੇ ਕਿਹਾ, 'ਸ਼ੇਵ ਕਰਾ ਲੈ, ਬੂਟ ਵੀ ਪਾਲਿਸ਼ ਹੋਣ ਵਾਲੇ ਨੇ।' ਮੈਂ ਬੋਲਿਆ, 'ਰਹਿਣ ਦਿਓ।' ਮੈਂ ਜਾਣ ਬੁੱਝ ਕੇ ਮਨ 'ਚ ਧਾਰੀ ਹੋਈ ਸੀ ਕਿ ਮੇਰੀ ਹਾਲਤ ਦੇਖ ਕੇ, ਕੁੜੀ ਤੇ ਉਸਦੀ ਮਾਂ ਨੇ ਹੀ ਮੈਨੂੰ ਰੀਜੈਕਟ ਕਰ ਦੇਣੈਂ। ਅਸੀਂ ਰਿਸ਼ਤੇਦਾਰ-ਵਿਚੋਲੇ ਦੇ ਘਰ ਚਲੇ ਗਏ। ਮੇਰੀ ਮੰਗੇਤਰ ਕੁੜੀ ਨਿਰਮਲਾ ਦੇਵੀ ਤੇ ਉਸਦੀ ਮਾਂ ਨੂੰ ਬੁਲਾਇਆ ਗਿਆ। ਉਹ ਆ ਗਈਆਂ, ਦਸ ਪੰਦਰਾਂ ਮਿੰਟ ਬਾਅਦ। ਮੈਂ ਨੋਟ ਕੀਤਾ, ਕੁੜੀ ਸਾਦਗੀ ਦੀ ਮੂਰਤ ਐ, ਸਾਫ ਸੁਥਰੇ ਕੱਪੜੇ ਪਾਏ ਹੋਏ। ਸੰਗਾਊ ਜਿਹੀ। ਕੋਈ ਪੌਡਰ ਤੇ ਬੁੱਲ੍ਹਾਂ 'ਤੇ ਸੁਰਖੀ ਨਹੀਂ। ਫੈਸ਼ਨ, ਓਚੋਚ, ਅਡੰਬਰ ਜਿਹਾ ਨਹੀਂ ਕੀਤਾ ਹੋਇਆ। ਮੇਰੇ ਮਨ 'ਤੇ ਚੰਗਾ ਪ੍ਰਭਾਵ ਪਿਆ। ਵੀਰ ਇਸ਼ਾਰੇ ਨਾਲ ਮੈਨੂੰ ਬੁਲਾ ਕੇ, ਦੂਜੇ ਕਮਰੇ 'ਚ ਲੈ ਗਿਆ। ਕਹਿਣ ਲੱਗਾ, 'ਕੈਸੀ ਲੱਗੀ।' ਮੈਂ ਉੱਤਰ ਦਿੱਤਾ, 'ਨੱਕ ਮੋਟਾ ਐ!' ਉਹ ਬੋਲਿਆ, 'ਸੋਚ ਲੈ!' ਹੁਣੇ ਕੋਰਾ ਜਵਾਬ ਦੇਣਾ ਠੀਕ ਨੀ ਲੱਗਦਾ।' ਮੈਂ ਸੋਚ ਲਿਆ ਸੀ। ਰਸਤੇ 'ਚ ਤੁਰੇ ਆਉਂਦਿਆਂ ਉਹ ਕਹਿਣ ਲੱਗੇ, 'ਕੁਝ ਦਿਨ ਠਹਿਰ ਕੇ ਕਹਿ ਆਵਾਂਗਾ, ਮੁੰਡੇ ਨੂੰ ਕੁੜੀ ਪਸਿੰਦ ਨੀਂ ਆਈ।' ਮੇਰੇ 'ਚ ਹਿੰਮਤ ਦਾ ਭਾਵ ਆਇਆ, ਸੱਚ ਬੋਲ ਦਿੱਤਾ। 'ਐਵੇਂ ਕਹਿ ਦਿਓਗੇ।' ਕਿਸੇ ਕੁੜੀ ਨੂੰ ਦੇਖ ਕੇ, ਮੈਂ ਨੀ ਕਹਿ ਸਕਦਾ, 'ਤੂੰ ਮੈਨੂੰ ਪਸਿੰਦ ਨੀ!' ਉਹ ਸਮਝ ਗਏ, ਤੇ ਮੈਨੂੰ ਘੁੱਟ ਕੇ ਜੱਫੀ ਪਾਉਂਦਿਆਂ ਬੋਲੇ, 'ਤੇਤੋਂ ਇਹੀ ਉਮੀਦ ਸੀ, ਸ਼ਾਬਾਸ਼! ਖਾਨਦਾਨ ਵੀ ਕੋਈ ਚੀਜ਼ ਹੁੰਦੀ ਐ!' ਬਾਕੀ ਤਾਂ ਰਸਮਾਂ ਸਨ, ਵਿਆਹ ਦੀ ਤਿਆਰੀ ਕਰਨੀ ਸੀ। ਗਹਿਣੇ-ਕੱਪੜਿਆਂ ਦਾ ਖਰੀਦਣਾ। ਉਹ ਸਭ ਕੁਝ ਉਨ੍ਹਾਂ ਆਪ ਕੀਤਾ। ਮੇਰਾ ਇਕ ਵੀ ਪੈਸਾ ਨਾ ਲੱਗਿਆ। ਕੋਲ ਹੈ ਈ ਨੀ ਸੀ। ਬਰਾਤ ਵਿਚ ਚੰਡੀਗੜ੍ਹ ਤੇ ਅਹਿਮਦਗੜ੍ਹ ਦੇ ਸਤਾਰਾਂ ਲੇਖਕ ਸਨ, ਜਿਨ੍ਹਾਂ 'ਚ ਰਘੁਬੀਰ ਢੰਡ ਵੀ ਸੀ। ਹੁਣ ਇਕ ਲਤੀਫਾ ਸੁਣੋ –

ਮੰਡੀ ਅਹਿਮਦਗੜ੍ਹ ਦਾ ਬੰਦਾ ਸੀ ਇਕ ਟੇਕ ਚੰਦ 'ਦੀਵਾਨਾ'। ਰੋਟੀ ਵੇਲੇ ਉਹ ਸਿਹਰਾ ਗਾ ਕੇ ਪੜ੍ਹਨ ਲੱਗ ਪਿਆ। ਏਨਾ ਲੰਬਾ ਸਿਹਰਾ ਮੈਂ ਕਦੇ ਨਹੀਂ ਸੁਣਿਆ-ਅਜੇ ਕਿਹੜਾ ਹਟਦਾ ਸੀ। ... ਲੰਡੇਦਾਰ ਸਿਹਰਾ, ਸਦਾ ਬਹਾਰ ਸਿਹਰਾ... ਬਰਾਤ ਵਿਚੋਂ ਇਕ ਬੁਲੰਦ ਆਵਾਜ਼ ਗੂੰਜੀ... ਬੱਸ ਬੰਦ ਕਰਦੇ, ਹੁਣ ਤੂੰ ਟੇਕ ਚੰਦਾ, ਏਧਰ ਹੋ ਗਿਆ ਠੰਡਾ ਠਾਰ ਸਿਹਰਾ... ਤੇ ਉਸ ਬੰਦੇ ਨੇ ਸਾਹਮਣੇ ਪਏ ਮੇਜ਼ ਵੱਲ ਹੱਥ ਵਧਾਇਆ। ਖਾਣ ਦਾ ਹੁਕਮ ਹੋ ਗਿਆ, ਕਰੋ ਜੀ, ਹਰੀ ਹਰ!

➣ ਕੀ ਤੁਹਾਡੇ ਪਰਿਵਾਰ ਨੇ ਤੁਹਾਡੇ ਲਿਖਣ ਕਾਰਜ ਵਿਚ ਕੋਈ ਸਹਾਇਤਾ ਵੀ ਕੀਤੀ ਹੈ?

↔ ਪਤਾ ਨਹੀਂ, ਦੀ ਗੱਲ ਐ, ਜਦੋਂ ਕਦੇ ਵੀ ਕਿਸੇ ਨੇ ਮੈਨੂੰ ਮੇਰੇ ਪਰਿਵਾਰ ਬਾਰੇ ਪੁੱਛਿਆ, ਮੈਂ ਭਾਵੁਕ ਹੋਏ ਬਿਨਾ ਨਾ ਰਹਿ ਸਕਿਆ। ਹੁਣ ਵੀ ਦੇਖਲੋ ਮੇਰੀਆਂ ਅੱਖਾਂ 'ਚ ਪਾਣੀ ਤੈਰ ਆਇਐ... ਹਨਾਂ? ਇਹ ਸ਼ੁਕਰਾਨੇ ਦਾ ਐ! ਉਨ੍ਹਾਂ ਲੋਕਾਂ ਲਈ ਜੋ ਮੇਰੇ ਦੁੱਖ ਸੁੱਖ ਵਿਚ ਭਾਈਵਾਲ ਰਹੇ... ਸਹਾਈ ਹੋਏ। ਜਿਨ੍ਹਾਂ 'ਚੋਂ ਪਹਿਲਾ ਸਥਾਨ ਮੇਰੀ ਜੀਵਨ ਸਾਥਣ ਨਿਰਮਲਾ ਦੇਵੀ ਦਾ ਐ। ਇਸ ਨੂੰ ਪਿਆਰ ਨਾਲ ਮੈਂ ਨਿਰਮਲ ਕਹਿ ਕੇ ਬੁਲਾਉਂਦਾ ਹੁੰਨਾਂ। ਇਹ ਹੈ ਵੀ 'ਨਿਰਮਲ'! ਇਸਦੀਆਂ ਸਹੇਲੀਆਂ, ਜਿਨ੍ਹਾਂ ਦੀ ਗਿਣਤੀ ਸੁੱਖ ਨਾਲ ਅਜੇ ਵੀ ਵਧਦੀ ਜਾਂਦੀ ਐ, ਅਕਸਰ ਕਹਿ ਦਿੰਦੀਆਂ ਨੇ, 'ਇਹ ਬਹੁਤ ਚੰਗੀ ਐ' ਤਾਂ ਮੈਂ ਹੱਸ ਕੇ ਜਵਾਬ ਦਿੰਨਾਂ, 'ਮੇਰੇ ਬਾਰੇ ਕੀ ਖ਼ਿਆਲ ਐ?' ਉਨ੍ਹਾਂ ਦਾ ਉੱਤਰ ਲਗਭਗ ਇਕੋ ਜਿਹਾ ਹੁੰਦੈ, 'ਭਰਾ ਜੀ, ਮਾੜੇ ਤਾਂ ਤੁਸੀਂ ਵੀ ਨੀ... ਪਰ ਇਹ ਬਹੁਤ ਚੰਗੀ ਐ!' ਖ਼ੈਰ, ਮੈਂ ਹੁਣੇ ਅਪਣੇ ਵਿਆਹ ਦੀ ਗੱਲ ਕੀਤੀ ਸੀ, ਔਧੀ ਸਦੀ ਬੀਤ ਗਈ, ਇਸ ਗੱਲ ਨੂੰ। ਓਸ ਵੇਲੇ ਮੈਂ ਪੰਜਾਬੀ ਦੇ ਚੰਗੇ ਪਰਚਿਆਂ ਵਿਚ ਛਪਣਾ ਸ਼ੁਰੂ ਹੋ ਗਿਆ ਸੀ। ਵਿਚੋਲੇ ਨੇ ਭਾਵੇਂ ਦੱਸ ਦਿੱਤਾ ਸੀ, ਮੇਰੇ ਸਹੁਰਿਆਂ ਨੂੰ ਕਿ ਮੁੰਡਾ ਲੇਖਕ ਐ, ਉਹ ਖ਼ੁਸ਼ ਵੀ ਹੋਏ। ਇਹ ਸੋਚ ਕੇ... ਚੰਗੀ ਆਮਦਨ ਹੋਊ, ਕੁੜੀ ਰਾਜ ਕਰੂ! ਅਸਲੀ ਗੱਲ ਦਾ ਕੀ ਪਤਾ ਸੀ, ਉਨ੍ਹਾਂ ਨੂੰ ਕਿ ਏਧਰ ਭੰਗ ਭੁੱਜਦੀ ਐ। ਯਾਨੀ ਕਹਾਣੀਆਂ ਨੂੰ ਪਾਠਕਾਂ ਵੱਲੋਂ ਪ੍ਰਸ਼ੰਸਾ ਤਾਂ ਮਿਲਦੀ-ਰਸਾਲਿਆਂ ਦੇ ਸੰਪਾਦਕ ਤੇ ਪ੍ਰਕਾਸ਼ਕ, ਕਿਤਾਬਾਂ ਛਾਪਣ ਵਾਲੇ-ਇਕ ਪੈਸਾ ਨਹੀਂ ਸਨ ਦਿੰਦੇ। ਫੇਰ ਵੀ ਲਿਖਣ-ਕਾਰਜ ਵਿਚ ਮੈਂ ਜੁਟਿਆ ਰਿਹਾ। ਗੁੱਸੇ ਗਿਲੇ ਹੋਣੇ ਸ਼ੁਰੂ ਹੋ ਗਏ। ਓਦੋਂ ਇਹ ਸਾਹਿਤ ਦੀ ਪਾਠਕ ਨਹੀਂ ਸੀ। ਪਰ ਜੀਵਨ ਸਿੰਘ 'ਲਾਹੌਰ ਬੁਕ ਸ਼ਾਪ' ਵਾਲਿਆਂ ਦਾ ਪ੍ਰੈਸ ਉਸਦੇ ਪੇਕੇ ਘਰ ਦੇ ਪਿਛਲੇ ਪਾਸੇ ਹੋਣ ਕਰਕੇ, ਉਹਨੂੰ ਕੁਝ ਰਚਨਾਵਾਂ, 'ਕੇਸਰ ਕਿਆਰੀ', 'ਬੜੇ ਘਰ ਕੀ ਬੇਟੀ' ਤੇ ਹਿੰਦੀ 'ਚ ਛਪੀ ਪ੍ਰਸਿੱਧ ਕਹਾਣੀ 'ਉਸਨੇ ਕਹਾ ਥਾ' ਆਦਿ ਪੜ੍ਹਨ ਦਾ ਮੌਕਾ ਜ਼ਰੂਰ ਮਿਲਿਆ ਸੀ। ਇਸ ਨਾਲ ਇਹ ਪਤਾ ਤਾਂ ਨੀ ਲੱਗਦਾ ਕਿ ਲੇਖਕ ਦਾ ਨਿੱਜੀ ਜੀਵਨ ਕਿਹੋ ਜਿਹਾ ਹੁੰਦੈ। ਮੈਨੂੰ ਇਕ ਜੁਗਤ ਸੁਝੀ... ਸਮਝੋ ਮੈਂ ਚਲਾਕੀ ਕੀਤੀ। ਵਿਹਲ ਮਿਲਣ 'ਤੇ ਉਸ ਨੂੰ ਬੰਗਾਲੀ ਲੇਖਕ ਸ਼ਰਤ ਚੰਦਰ ਚਟੋਪਾਧਿਆ ਦੇ ਜੀਵਨ ਬਾਰੇ ਕੁਝ ਨਾ ਕੁਝ ਦੱਸਣ ਲੱਗ ਪਿਆ। ਉਹ ਵੀ ਅਪਣੇ ਮਤਲਬ ਦਾ। ਇਹ ਜੁਗਤ ਕੁਝ ਹੱਦ ਤੱਕ ਸਫਲ ਹੋਈ। ਉਸ ਨੂੰ ਅਹਿਸਾਸ ਹੋ ਗਿਆ ਕਿ ਲੇਖਕਾਂ 'ਚ ਸਮਾਜ ਨੂੰ ਅਵੱਲੀਆਂ ਲੱਗਦੀਆਂ ਆਦਤਾਂ, ਆ ਈ ਜਾਂਦੀਆਂ ਨੇ। ਸੋ ਸਾਡੇ ਆਪਸੀ ਝਗੜੇ ਝੇੜੇ ਬੰਦ। ਇਹ 'ਅਵੱਲੀਆਂ ਆਦਤਾਂ' ਕੀ ਨੇ ਮੇਰੇ 'ਚ ਇਹ ਦੱਸਣ ਦੀ ਏਥੇ ਲੋੜ ਨੀ। ਜਾਣਨ ਵਾਲੇ ਜਾਣਦੇ ਈ ਹੁੰਦੇ ਨੇ। ਬੱਸ ਏਨਾ ਦੱਸਣਾ ਕਾਫੀ ਐ, 'ਗਰਮੀ ਹੁੰਦੀ ਜਾਂ ਸਰਦੀ, ਸਾਡੀ ਜਾਰੀ ਰਹੀ ਅਵਾਰਾਗਰਦੀ।' ਇਹ ਥੋੜ੍ਹੇ ਸਮੇਂ ਦਾ ਖੇਲ ਸੀ। ਜਿਵੇਂ ਕਹਿੰਦੇ ਹੁੰਦੇ ਨੇ, 'ਸਦਾ ਨਾ ਬਾਗੀਂ ਬੁਲਬੁਲ ਬੋਲੇ, ਸਦਾ ਨਾ ਮੌਜ ਬਹਾਰਾਂ।'

ਨਿਰਮਲ ਸਾਹਿਤ ਪੜ੍ਹਨ ਲੱਗ ਪਈ। ਮੈਤੋਂ ਕੋਈ ਕਹਾਣੀ ਲਿਖੀ ਜਾਂਦੀ ਤਾਂ ਸਭ ਤੋਂ ਪਹਿਲਾਂ ਉਸ ਨੂੰ ਸੁਣਾਉਂਦਾ। ਰਾਏ ਲੈਂਦਾ। ਕਦੇ ਕਦੇ ਉਹ ਏਨੀ ਕਮਾਲ ਦੀ ਰਾਏ ਦਿੰਦੀ ਕਿ ਮੈਂ ਗਦਗਦ ਹੋ ਜਾਂਦਾ। ਸੋਚਦਾ, ਇਹ ਗੱਲ ਮੈਨੂੰ ਕਿਉਂ ਨਾ ਔੜੀ! ਜੀਵਨ ਬਹੁਤ ਬੜੀ ਪਾਠਸ਼ਾਲਾ ਐ। ਮੈਂ ਤਾਂ ਵਿਦਿਆਰਥੀ ਆਂ। ਜੀਵਨ ਮੇਰਾ ਗੁਰੂ। ਛੋਟਾ ਮੂੰਹ, ਬੜੀ ਬਾਤ। ਇਸ ਪ੍ਰਸੰਗ ਵਿਚ, ਇਕ ਗੱਲ ਅਚਾਨਕ ਯਾਦ ਆ ਗਈ। ਕਿਤੇ ਪੜ੍ਹੀ ਸੀ ਮੈਂ। ਸ਼ਾਇਦ ਕਿਸੇ ਅਖ਼ਬਾਰ 'ਚ। ਅਪਣੇ ਸ਼ਬਦਾਂ 'ਚ ਦੱਸਦਾਂ।

ਇਕ ਦਿਨ ਸੁਕਰਾਤ ਅਪਣੇ ਸਨੇਹੀ ਬੇਲੀਆਂ 'ਚ ਬੈਠਾ ਗੱਲਾਂ ਕਰ ਰਿਹਾ ਸੀ। ਉਸ ਨੂੰ ਗਲੀ 'ਚੋਂ ਸਾਜ਼ ਵੱਜਣ ਦੀ ਆਵਾਜ਼ ਸੁਣਾਈ ਦਿੱਤੀ। ਸਾਜ਼ ਦਾ ਨੀ ਪਤਾ ਮੈਨੂੰ ਕੀ ਸੀ। ਸਾਰੰਗੀ ਸੀ, ਸ਼ਾਇਦ। ਸੁਕਰਾਤ ਨੇ ਕਿਹਾ, ਹਮਜੋਲੀਆਂ ਨੂੰ। 'ਵਜੰਤਰੀ ਨੂੰ ਬੁਲਾਓ ਅੰਦਰ। ਉਹ ਆਇਆ ਤਾਂ ਕਿਹਾ ਕਿ ਵਜਾ ਕੇ ਸੁਣਾਏ। ਉਸਨੇ ਵਜਾ ਦਿੱਤੀ। ਸੁਕਰਾਤ ਬੋਲਿਆ, 'ਮੈਂ ਵਜਾ ਕੇ ਦੇਖਾਂ, ਜ਼ਰਾ।' ਵਜੰਤਰੀ ਨੇ ਸਾਜ਼ ਉਸ ਨੂੰ ਫੜਾ ਦਿੱਤਾ। ਸੁਕਰਾਤ ਨੇ ਵਜਾ ਕੇ ਪੁੱਛਿਆ, 'ਕੋਈ ਗੱਲ ਬਣੀ?' ਵਜੰਤਰੀ ਨੇ ਨਾਂਹ 'ਚ ਸਿਰ ਮਾਰਿਆ। ਉਹਨੇ ਦੋਬਾਰਾ ਵਜਾਇਆ। ਵਜੰਤਰੀ ਨੇ ਖ਼ੁਸ਼ ਹੋ ਕੇ ਕਿਹਾ, 'ਹੁਣ ਸੁਰ ਕੁਝ ਸਹੀ ਐ।' ਉਹ ਚਲਿਆ ਗਿਆ ਤਾਂ ਸੁਕਰਾਤ ਦੇ ਇਕ ਮਿੱਤਰ ਨੇ ਕਿਹਾ, 'ਕੱਲ੍ਹ ਨੂੰ ਜ਼ਹਿਰ ਦਾ ਪਿਆਲਾ ਪੀ ਕੇ ਤੁਸੀਂ ਮਰ ਜਾਣੈਂ! ਫੇਰ ਅੱਜ ਦੀ ਇਸ ਹਰਕਤ ਦਾ ਕੀ ਅਰਥ ਐ! ਸੁਕਰਾਤ ਬੋਲਿਆ, 'ਮੈਂ ਆਖਰੀ ਦਮ ਤੱਕ ਸਿਖਦਾ ਰਹਿਣਾ ਚਾਹੁੰਦਾ ਆਂ।' ਇਹ ਗੱਲ ਮੈਂ ਨਿਰਮਲ ਨੂੰ ਵੀ ਸੁਣਾਈ ਸੀ। ਸੁਣ ਕੇ ਉਹ ਮੁਸਕਰਾਈ ਤੇ ਅਪਣੇ ਕੰਮ ਜਾ ਲੱਗੀ।

ਫੇਰ ਪੜ੍ਹਨ-ਪੜ੍ਹਾਉਣ ਦਾ ਸਿਲਸਿਲਾ, ਗਾਹੇ ਗਵਾਹੇ ਸ਼ੁਰੂ ਹੋ ਗਿਆ। ਸਾਡੀ ਸੁਰ ਮਿਲ ਗਈ। ਉਸ ਨੇ ਮੇਰੇ ਕਹੇ ਵਗੈਰ, ਘਰ ਦਾ ਸਾਰਾ ਕੰਮ ਅਪਣੇ ਜ਼ਿੰਮੇ ਲੈ ਲਿਆ। ਬੱਚਿਆਂ ਦਾ ਪਾਲਣ ਪੋਸ਼ਣ ਵੀ ਓਸੇ ਨੇ ਕੀਤਾ। ਨਿੱਕਿਆਂ ਨੂੰ ਤਿਆਰ-ਬਰ-ਤਿਆਰ ਕਰਕੇ ਸਕੂਲ ਛੱਡਣ ਜਾਂਦੀ ਤੇ ਲੈ ਕੇ ਵੀ ਆਉਂਦੀ।

ਹੁਣ ਅਸੀਂ ਤਿੰਨ ਪੁੱਤਾਂ, ਪੋਤੇ-ਪੋਤੀਆਂ ਵਾਲੇ ਆਂ। ਪਹਿਲਾਂ ਨਾਲੋਂ ਕੁਝ ਸੁਖਾਲੇ ਆ। ਇਹ ਨਿੱਕਾ ਜਿਹਾ ਫਲੈਟ ਮੈਂ ਸੇਵਾ ਮੁਕਤ ਹੋ ਕੇ ਲਿਆ। ਏਥੇ ਏਸ ਉਮਰ 'ਚ ਵੀ ਨਿਰਮਲ ਮੈਨੂੰ ਪੂਰਾ ਸਹਿਯੋਗ ਦਿੰਦੀ ਐ।

1975 ਵਿਚ ਪਹਿਲੀ ਵਾਰ ਛਪੇ ਕਹਾਣੀ ਸੰਗ੍ਰਹਿ 'ਕਾਠ ਦੀ ਲੱਤ' ਦਾ ਸਮਰਪਣ

> 'ਖ਼ੁਸ਼ਬੂ ਵਰਗੀ ਪਵਿੱਤਰ,
> ਨਿਮ੍ਰਤਾ, ਸਵੈਮਾਨ, ਸਾਦਗੀ
> ਅਤੇ ਮੋਹ ਦੀ
> ਮੂਰਤ
> ਅਪਣੀ ਜੀਵਨ ਸਾਥਣ
> ਨਿਰਮਲਾ
> ਨੂੰ।'

➣ ਅਪਣੀ ਕਿਸੇ ਪ੍ਰਤੀਨਿਧ ਕਹਾਣੀ ਦੇ ਬੀਜ ਤੋਂ ਬੋਹੜ ਬਨਣ ਤੱਕ ਦੇ ਸਫਰ ਦਾ ਪੂਰਾ ਵੇਰਵਾ ਦੇ ਸਕੋਗੇ ਜਿਸ ਨਾਲ ਤੁਹਾਡੀ ਰਚਨਾ ਪ੍ਰਕਿਰਿਆ ਦੀ ਸਮਝ ਆ ਸਕੇ?

↔ ਚਲੋ ਆਪਾਂ 'ਕਬੂਤਰ' ਕਹਾਣੀ ਲੈ ਲੈਨੇ ਆਂ। ਇਸਦੀ ਘਟਨਾ ਮੇਰੇ ਪਿੰਡ ਬਨਭੌਰਾ 'ਚ ਵਾਪਰੀ ਸੀ। ਜਦੋਂ ਮੇਰੇ 'ਤੇ 'ਡਾਕੂਮੈਂਟਰੀ' ਬਣਨੀ ਆਰੰਭ ਹੋਈ, ਜੋ ਜਸਵੰਤ ਦੀਦ ਨੇ ਬਣਾਈ ਐ, ਤਾਂ ਮੈਂ ਪੂਰੀ ਟੀਮ ਨੂੰ ਪਿੰਡ ਲੈ ਕੇ ਗਿਆ ਕਿ ਮੇਰੇ ਜਨਮ ਸਥਾਨ ਤੋਂ ਸ਼ੁਰੂ ਕਰਨ। ਹੋਰਨਾਂ ਥਾਵਾਂ ਤੋਂ ਇਲਾਵਾ ਪਿੰਡ ਦੇ ਠਾਕੁਰਦੁਆਰੇ ਜਾ ਕੇ ਉਨ੍ਹਾਂ ਲਈ ਸ਼ੌਟ ਲਏ, ਪਰ ਕਈ ਕਾਰਨਾਂ ਕਰਕੇ ਡਾਕੂਮੈਂਟਰੀ 'ਚ ਸ਼ਾਮਲ ਨਾ ਹੋ ਸਕੇ। ਸਾਰਾ ਆਲਾ ਦੁਆਲਾ ਈ ਬਦਲਿਆ ਪਿਆ ਸੀ, ਜੋ ਮੈਂ ਕਹਾਣੀ 'ਚ ਬਿਆਨ ਕੀਤਾ। ਓਸ ਠਾਕੁਰਦੁਆਰੇ 'ਚ ਮੰਜੇ 'ਤੇ ਬੈਠ ਕੇ ਮੈਂ ਕਹਾਣੀ ਦਾ ਪਿਛੋਕੜ ਦੱਸਿਆ।

ਸਾਡੇ ਪੰਜਾਬ 'ਚ ਖਾਸ ਤੌਰ 'ਤੇ ਮਾਲਵੇ ਵਿਚ ਦੇਵਦਾਸੀਆਂ ਦੀ ਪਰੰਪਰਾ ਨਹੀਂ ਸੀ। ਮੇਰੇ ਬਚਪਨ ਵੇਲੇ, ਠਾਕੁਰਦੁਆਰੇ ਦਾ ਪੰਡਤ ਬਿਸ਼ਨ ਦਾਸ, ਜਿਸਦਾ ਨਾਉਂ ਮੈਂ ਕਹਾਣੀ 'ਚ ਅਚਾਰੀਆ ਗੌਰੀ ਸ਼ੰਕਰ ਰੱਖਿਆ, ਬੜੇ ਗੜ੍ਹਕੇ ਵਾਲਾ ਪੰਡਤ ਸੀ। ਚੜ੍ਹਾਵਾ ਤਾਂ ਚੜ੍ਹਦਾ ਈ ਸੀ, ਠਾਕੁਰਦੁਆਰੇ ਦੇ ਨਾਉਂ ਜ਼ਮੀਨ ਵੀ ਬਹੁਤ ਸੀ। ਚੜ੍ਹਤ ਵੀ ਬੜੀ ਸੀ ਓਹਦੀ। ਜੋਤਿਸ਼ ਲਾਉਂਦਾ ਹੁੰਦਾ। ਪਿੰਡ ਅਤੇ ਦੂਰ-ਦੂਰ ਦੇ ਲੋਕ, ਪੁੱਛਾਂ ਲੈਣ, ਜਨਮ ਪੱਤਰੀਆਂ ਅਤੇ ਕੁੰਡਲੀਆਂ ਬਨਵਾਉਣ ਉਹਦੇ ਕੋਲ ਆਉਂਦੇ ਹੁੰਦੇ। ਬੜੀ ਟੌਹਰ ਸੀ। ਮੈਂ ਅਕਸਰ ਠਾਕੁਰਦੁਆਰੇ ਜਾਂਦਾ ਹੁੰਦਾ। ਰੇਡੀਓ ਵੀ ਸੀ, ਓਥੇ। ਜਦੋਂ ਮਹਾਤਮਾ ਗਾਂਧੀ ਦਾ ਕਤਲ ਹੋਇਆ, ਅਸੀਂ ਸਾਰਾ ਦਿਨ ਰੇਡੀਓ 'ਤੇ ਖ਼ਬਰਾਂ ਤੇ ਕਮੈਂਟਰੀ ਸੁਣਦੇ ਰਹੇ। ਖ਼ੈਰ! ਇਕ ਦੁਰਾਡੇ ਪਿੰਡ ਦੇ ਗਰੀਬ ਬਾਹਮਣ ਨੇ, ਅਪਣੀ ਨਿੱਕੀ ਜਿਹੀ ਬੱਚੀ ਨੂੰ ਠਾਕੁਰਦੁਆਰੇ ਲਿਆ ਕੇ ਛੱਡ ਦਿੱਤਾ। ਪਤਾ ਲੱਗਾ ਕਿ ਬੱਚੀ ਠਾਕੁਰਾਂ ਨੂੰ ਵਿਆਹ ਦਿੱਤੀ ਐ। ਸਮੇਂ ਨਾਲ ਉਹ ਮੁਟਿਆਰ ਹੋ ਗਈ। ਫੇਰ, 'ਪੰਡਤ ਅਤੇ ਕੁੜੀ' ਦੇ ਸਬੰਧਾਂ ਬਾਰੇ ਪਿੰਡਾਂ 'ਚ ਗੱਲਾਂ ਹੋਣ ਲੱਗ ਪਈਆਂ। ਉਹ ਬੁੜ੍ਹਾ ਤੇ ਉਹ ਮੁਟਿਆਰ। ਓਸੇ ਪਾਸੇ ਰਹਿੰਦਾ ਪੰਡਤਾਂ ਦਾ ਇਕ ਮੁੰਡਾ-ਗੱਭਰੂ ਠਾਕੁਰਦੁਆਰੇ ਜਾਣ ਲੱਗ ਪਿਆ। ਬੁੱਢੇ ਨੂੰ ਧਮਕੀਆਂ ਮਿਲਣ ਲੱਗੀਆਂ ਤਾਂ ਉਸ ਨੇ ਗੱਭਰੂ ਨੂੰ ਕਿਹਾ ਕਿ ਠਾਕੁਰਦੁਆਰੇ ਪੈ ਜਾਇਆ ਕਰੇ ਰਾਤ ਨੂੰ। ਗੱਭਰੂ ਤੇ ਮੁਟਿਆਰ ਦੀ ਨੇੜਤਾ ਵਧ ਗਈ। ਇਕ ਰਾਤ ਨੂੰ ਬੁੱਢੇ ਪੰਡਤ ਦਾ ਕਤਲ ਹੋਇਆ। ਮੈਂ ਸੁਣਿਆ ਕਿ ਲਾਸ਼ ਬੋਰੀ 'ਚ ਪਾ ਕੇ ਪਿੰਡ ਕੋਲ ਵਗਦੀ ਨਹਿਰ 'ਚ ਸੁੱਟ ਦਿੱਤੀ ਗਈ। ਮੈਂ ਪਿੰਡ ਵਿਚ ਨਹੀਂ ਸੀ। ਦੋਵੇਂ ਗੱਭਰੂ ਤੇ ਮੁਟਿਆਰ ਪਿੰਡੋਂ ਭੱਜ ਗਏ। ਪੁਲਿਸ ਨੇ ਪਿੱਛਾ ਕੀਤਾ, ਫੜੇ ਗਏ। ਪੁਲਿਸ ਨੂੰ ਗਵਾਹੀ ਲਈ ਡਰਾਮਾ ਕਰਨਾ ਪਿਆ। ਗੱਭਰੂ ਦੇ ਛੋਟੇ ਭਾਈ ਨੂੰ ਬਾਕਾਇਦਾ, ਮੰਡਪ ਬਣਾ ਕੇ ਤਿਲਕ ਦੀ ਰਸਮ ਕੀਤੀ। ਠਾਕੁਰਦੁਆਰੇ ਦੀ ਗੱਦੀ ਦਾ ਮਾਲਕ ਬਣਾ ਕੇ, ਪੂਰਾ ਭੇਤ ਕੱਢ ਲਿਆ। ਕੇਸ ਚੱਲਿਆ ਤੇ ਕੋਰਟ ਨੇ ਗਵਾਹੀ ਦੇ ਅਧਾਰ 'ਤੇ ਗੱਭਰੂ ਨੂੰ ਸਜ਼ਾ ਸੁਣਾ ਦਿੱਤੀ। ਕਈ ਵਰ੍ਹੇ ਇਹ ਘਟਨਾ ਮੇਰੇ ਦਿਮਾਗ 'ਚ ਚੱਕਰ ਕੱਟਦੀ ਰਹੀ। ਇਸ ਨੂੰ ਕਲਾ ਦਾ ਰੂਪ ਦੇਣ ਲਈ, ਬੜੇ ਓਹੜ ਪੋਹੜ ਕਰਨੇ ਪਏ। ਕਈ ਵੇਰਾਂ ਲਿਖੀ ਤੇ ਪਾੜ ਦਿੱਤੀ। ਹੁਣ ਵਾਲਾ ਰੂਪ ਮੈਨੂੰ ਜਚਿਆ। ਕਹਾਣੀ ਸੰਗ੍ਰਹਿ 'ਮੂਨ ਦੀ ਅੱਖ' ਵਿਚ ਇਸ ਨੂੰ ਪਹਿਲਾ ਸਥਾਨ ਦਿੱਤਾ ਗਿਆ।

ਇਹ ਸਾਲਾਂ ਬਾਅਦ ਅਪਣੇ ਆਖਰੀ ਰੂਪ 'ਚ ਆਈ। ਇਸ ਉੱਤੇ ਫਿਲਮ ਬਣਾਉਣ ਦੀਆਂ ਗੱਲਾਂ ਅਜੇ ਮੁੱਢਲੇ ਦੌਰ 'ਚ ਨੇ। ਬਨਾਉਣ ਵਾਲਿਆਂ ਦੀ ਹਾਲਤ 'ਤੇ ਨਿਰਭਰ ਕਰਦੈ ਕਿ ਟੈਲੀਫਿਲਮ ਬਨਾਉਣ ਜਾਂ ਫੀਚਰ। ਮੇਰਾ ਖ਼ਿਆਲ ਐ ਬਣ ਜ਼ਰੂਰ ਜਾਏਗੀ। ਫਿਲਮ ਦਾ ਬੀਜ ਪੈ ਚੁੱਕੈ। ਇਸ ਤੋਂ ਪਹਿਲਾਂ ਤਿੰਨ ਕਹਾਣੀਆਂ 'ਤੇ ਟੈਲੀਫਿਲਮਾਂ ਬਣ ਚੁੱਕੀਆਂ ਨੇ। ਕਹਾਣੀਆਂ ਨੇ 'ਘੱਟਣਾ', 'ਮਨੁੱਖ ਦੀ ਪੈੜ' ਜਿਸ 'ਤੇ 'ਲੰਮੀਆਂ ਉਡੀਕਾਂ' ਫਿਲਮ ਬਣੀ ਤੇ ਭਾਰਤੀ ਪੱਧਰ 'ਤੇ ਇਸ ਨੂੰ ਪਹਿਲਾ ਐਵਾਰਡ ਮਿਲਿਆ, ਤੇ 'ਮੈਨੂੰ ਟੈਗੋਰ ਬਣਾ ਦੇ ਮਾਂ!'

↔ ਅੱਜ ਕੱਲ੍ਹ ਪਬਲਿਕ ਥਾਵਾਂ 'ਤੇ ਵੀ ਤੁਹਾਡਾ ਸਾਦਾ ਸਫੈਦ ਪਹਿਰਾਵਾ ਅਤੇ ਚਿੱਟੀ ਲੋਈ ਦੀ ਬੁੱਕਲ ਦੇ ਦਰਸ਼ਨ ਹੁੰਦੇ ਹਨ। ਕੀ ਇਸ ਪਿੱਛੇ ਕੋਈ ਰਾਜ਼ ਹੈ?

↔ ਵਾਹ ਜੀ ਵਾਹ! ਤੁਹਾਡੀ ਨੀਝ ਭਰੀ ਤੱਕਣੀ ਦੀ ਮੈਂ ਦਾਦ ਦਿੰਨਾਂ। ਸਾਦਾ ਸਫ਼ੈਦ ਪਹਿਰਾਵਾ ਮੇਰੇ ਸੁਭਾਅ ਦੇ ਐਨ ਅਨੁਕੂਲ ਐ। ਅੱਜ ਕੱਲ੍ਹ ਰਾਜ ਹੰਸ ਵਾਂਗ ਰਹੀਦੈ ਤੇ ਖ਼ਿਆਲ ਮੋਤੀਆਂ ਵਾਂਗ ਚੁਗੀਦੇ ਨੇ। ਜੇ ਗੇਰੂ ਰੰਗੇ ਵਸਤਰ ਪਹਿਨਣ ਲੱਗਦਾ ਤਾਂ ਲੋਕਾਂ ਨੇ ਮੇਰਾ ਮਜ਼ਾਕ ਉਡਾਉਣਾ ਸੀ। 'ਦੇਖੋ ਕਿਵੇਂ ਪਖੰਡ ਕਰਦੈ!' ਢੰਭ ਤੇ ਪਖੰਡ ਕਦੇ ਵੀ ਮੇਰੇ ਜੀਵਨ ਦਾ ਹਿੱਸਾ ਨਹੀਂ ਬਣੇ। ਦਿਖਾਵੇ ਤੋਂ ਸਦਾ ਦੂਰ ਰਿਹਾਂ। ਮੈਂ ਬਹੁ-ਰੂਪੀਆ ਵੀ ਨਹੀਂ। ਦਿਲ ਸਾਫ ਹੋਣਾ ਚਾਹੀਦੈ। ਮੇਰੀ ਜੀਵਨ-ਸਾਥਣ ਮੇਰੀਆਂ ਰੁਚੀਆਂ ਨੂੰ ਖ਼ੂਬ ਪਛਾਣਦੀ ਐ। ਇਹੋ ਜਿਹੇ ਵਸਤਰ ਉਹ ਆਪੇ ਖਰੀਦ ਲਿਆਉਂਦੀ ਐ। ਮੈਨੂੰ ਪੁੱਛੇ ਬਗੈਰ। ਮੇਰੇ ਮੇਚ ਦਾ ਉਹਨੂੰ ਪਤੈ। ਦਰਜ਼ੀ ਨੂੰ ਦੱਸ ਕੇ, ਜਾਂ ਪਹਿਲੇ ਵਸਤਰ ਉਸ ਨੂੰ ਦੇ ਕੇ ਸਿਲਾ ਦਿੰਦੀ ਐ। ਉਂਝ ਕਦੇ ਕਦੇ ਅਣ-ਸਿਲਿਆ ਕੱਪੜਾ ਦਿਖਾ ਵੀ ਦਿੰਦੀ ਐ। ਮੈਂ ਹੱਸ ਕੇ ਕਹਿ ਦਿੰਨਾਂ, 'ਜਦ ਤੂੰ ਲੈ ਈ ਆਈ, ਹੁਣ ਦਿਖਾਉਣ ਦਾ ਕੀ ਫਾਇਦੈ? ਠੀਕ ਐ, ਠੀਕ ਐ!! ਉਂਝ ਅੰਦਰੋ ਅੰਦਰੀ ਮੈਂ ਉਸਦੀ ਚੋਣ 'ਤੇ ਖ਼ੁਸ਼ ਹੁੰਨਾਂ ਕਿ ਕਿੰਨੀ ਸਿਆਣੀ ਤੇ ਸਮਝਦਾਰ ਔਰਤ ਐ। ਬੀਵੀ ਹੋਵੇ ਤਾਂ ਇਹੋ ਜਿਹੀ! ਕੋਮਲ ਭਾਵੀ ਤੇ ਨਿਰਖੀ। ਲੋਈ ਮੈਂ ਲਾਹੁੰਦਾ ਨੀ। ਜਿਵੇਂ ਕਹਿੰਦੇ ਹੁੰਦੇ ਨੇ, 'ਜੀਹਨੇ ਲਾਹਤੀ ਲੋਈ, ਉਹਦਾ ਕੀ ਕਰੂਗਾ ਕੋਈ?' ਇਸਦਾ ਲਾਭ ਈ ਐ, ਇੱਜ਼ਤ ਬਣੀ ਰਹਿੰਦੀ ਐ। ਕਾਇਮ-ਦਾਇਮ। ਦੂਰ-ਦਰਸ਼ਨ 'ਤੇ ਰਿਕਾਰਡਿੰਗ ਹੋਵੇ ਤਾਂ ਰੰਗਦਾਰ ਕੱਪੜੇ ਪਹਿਨ ਲਈਦੇ ਨੇ। ਹਾਂ, ਜੀਅ ਕਰਦੈ ਕਿ ਪੱਗ ਬੰਨ੍ਹਿਆਂ ਕਰਾਂ। ਸਾਡੇ ਬਜ਼ੁਰਗ ਹਮੇਸ਼ਾ ਬੰਨ੍ਹਦੇ ਹੁੰਦੇ ਸੀ। ਹੁਣ ਮੁੰਡੇ-ਕੁੜੀਆਂ ਦੇ ਵਿਆਹ ਵੇਲੇ ਢਕਵੰਜ ਕਰਦੇ ਆਂ, ਅਸੀਂ। ਅਸਲੀ ਰਹਿਤਲ ਦੀ ਕੋਈ ਰੀਸ ਨੀ। ਪੱਗ ਇੱਜ਼ਤ ਦੀ ਪ੍ਰਤੀਕ ਐ। ਮੇਰੇ ਪੱਗ ਬੰਨ੍ਹੀ ਹੋਵੇ, ਕੋਈ ਭਲਾਮਾਣਸ ਅਹਿਮਦ ਨਦੀਮ ਕਾਸਮੀ ਦਾ, ਮੇਰੇ ਮੂਹਰੇ ਆ ਕੇ, ਇਹ ਸ਼ਿਅਰ ਕਹੇ ਤਾਂ ਬੜਾ ਸੁਆਦ ਆਵੇ :

> ਆਪ ਦਸਤਾਰ ਉਤਾਰੇਂ, ਤੋ ਕੋਈ ਫੈਸਲਾ ਹੋ,
> ਲੋਗ ਕਹਿਤੇ ਹੈਂ ਕਿ ਸਰ ਹੋਤੇ ਹੈਂ ਦਸਤਾਰੋਂ ਮੇਂ।
> ਇਸ ਪਿੱਛੇ ਹੋਰ ਕੋਈ ਰਾਜ਼ ਰੂਜ਼ ਨੀ।

ਰਚਨਾ ਪ੍ਰੇਰਕ

➣ 'ਮੂਨ ਦੀ ਅੱਖ' 'ਵਸੇਬਾ' ਤੇ 'ਅੰਸ' ਕਹਾਣੀਆਂ ਦੇ ਜ਼ਰਾ ਉਲਝੇ ਹੋਏ ਤੇ ਸੰਵੇਦਨਸ਼ੀਲ ਕਥਾਨਕਾਂ ਦੇ ਰਚਨਾ ਪ੍ਰੇਰਕ ਕੀ ਹਨ?

↔ 'ਮੂਨ ਦੀ ਅੱਖ' ਮੈਨੂੰ ਗੁੰਝਲਦਾਰ ਨਹੀਂ ਲਗਦੀ। ਹਾਂ, ਸੰਵੇਦਨਸ਼ੀਲ ਜ਼ਰੂਰ ਐ। ਮੈਂ 1948 ਵਿਚ ਹਿਰਨੀ ਦੇ ਸ਼ਿਕਾਰ ਦੀ ਘਟਨਾ ਤੋਂ ਪ੍ਰੇਰਿਤ ਹੋਇਆ। ਕੋਮਲਭਾਵੀ ਮਨ ਸੀ। ਇਹ ਘਟਨਾ ਸਾਲਾਂਬੱਧੀ, ਮੇਰੇ ਹਿਰਦੇ ਵਿਚ ਉਸਲਵੱਟੇ ਲੈਂਦੀ ਰਹੀ। ਕੋਈ ਗੱਲ ਨਹੀਂ ਸੀ ਬਣ ਰਹੀ। ਅਖੀਰ 1984 ਵਿਚ ਜਦੋਂ ਦਿੱਲੀ ਵਿਚ ਸਿੱਖ ਭਰਾਵਾਂ ਦਾ ਕਤਲੇਆਮ ਹੋਇਆ, ਓਦੋਂ ਮੇਰਾ ਆਪਾ ਝੰਜੋੜਿਆ ਗਿਆ। ਤੜਫ ਉੱਠਿਆ ਮੈਂ। ਦਿੱਲੀ ਦੇ ਇਕ ਮਿੱਤਰ ਨੇ ਇਕ ਪਰਿਵਾਰ ਦੇ ਮਾਰੇ ਜਾਣ ਦੀ ਗੱਲ ਸੁਣਾਈ। ਮੈਂ ਪਾਤਰਾਂ ਦੇ ਕਲਪਤ ਨਾਉਂ ਰੱਖ ਕੇ ਕਹਾਣੀ ਰਚ ਦਿੱਤੀ।

'ਵਸੇਬਾ' ਮੇਰੇ ਹੁਣ ਵਾਲੇ ਫਲੈਟ 3284/1, 44 ਡੀ, ਚੰਡੀਗੜ੍ਹ ਦੇ ਐਨ ਸਾਹਮਣੇ ਹੇਠਲੇ ਫਰੰਟ ਗਰਾਊਂਡ ਫਲੋਰ 'ਚ ਰਹਿੰਦੀ ਇਕ ਸੋਹਣੀ ਦੇ ਸਿਆਣੀ ਉਮਰ ਦੀ, ਇਕੱਲੀ ਰਹਿ ਰਹੀ ਔਰਤ ਤੋਂ ਪ੍ਰੇਰਿਤ ਹੋ ਕੇ ਲਿਖੀ। ਉਹ ਬਹੁਤ ਸੁੰਦਰ, ਸਲੀਕੇ ਨਾਲ ਰਹਿੰਦੀ, ਫਬਵੇਂ ਵਸਤਰ ਪਹਿਨਦੀ ਸੀ। ਉਸਦੇ ਪਿਛੋਕੜ ਤੋਂ ਮੈਂ ਪ੍ਰਭਾਵਿਤ ਹੋਇਆ, ਜੋ ਰੋਚਕ ਸੀ। ਇਸ ਕਹਾਣੀ 'ਤੇ ਮੈਨੂੰ ਬਹੁਤ ਮਿਹਨਤ ਕਰਨੀ ਪਈ। ਚੰਡੀਗੜ੍ਹ ਦੇ ਬਹੁਤ ਸਾਰੇ ਲੋਕਾਂ ਕੋਲ ਅਪਣੇ ਮਕਾਨ ਨਹੀਂ। ਇਹ ਮਧ ਵਰਗ ਦੇ ਲੋਕ ਹੁਣ ਵੀ ਫਲੈਟਾਂ ਵਿਚ ਕਿਰਾਏ 'ਤੇ ਰਹਿੰਦੇ ਨੇ। ਨਿੱਤ ਕੋਈ ਨਾ ਕੋਈ ਰੇਹੜਾ ਸਮਾਨ ਨਾਲ ਲੱਦਿਆ, ਏਸ ਸੈਕਟਰ 'ਚ ਦਿਖਾਈ ਦਿੰਦੈ। ਬਾਕੀ ਸਭ ਕਲਪਤ ਐ। ਗਲਪ ਵਿਚ, ਸਭ ਸੰਭਵ ਐ। ਇਸ ਕਹਾਣੀ ਨੂੰ ਪੜ੍ਹ ਕੇ ਗੁਰਬਚਨ ਸਿੰਘ ਭੁੱਲਰ ਨੇ ਕਿਹਾ ਕਿ ਉਸਨੂੰ ਦਿਖਾਵਾਂ ਤਾਂ ਸਹੀ ਪ੍ਰਿਆ ਦਰਸ਼ਨੀ ਨੂੰ। ਮੈਂ ਹੱਸਦਿਆਂ ਆਖਿਆ, 'ਉਹ ਤਾਂ ਰੱਬ ਨੂੰ ਪਿਆਰੀ ਹੋਗੀ!'

'ਅੰਸ' ਕਹਾਣੀ ਦਾ ਸੰਵੇਦਨਸ਼ੀਲ ਕਥਾਨਕ ਗੁੰਝਲਦਾਰ ਐ। 'ਵਸੇਬਾ' ਕਹਾਣੀ ਦੇ ਉਸ ਭਾਗ ਜਿੰਨਾ ਜਿੱਥੇ ਉਪਰਲੇ ਤਬਕੇ ਦੀਆਂ ਅਯਾਸ਼ ਔਰਤਾਂ ਤਾਸ਼ ਦੇ ਪੱਤਿਆਂ ਨਾਲ ਸੀਪ ਖੇਡਦੀਆਂ, ਵਿਸਕੀ ਪੀਂਦੀਆਂ, ਸਿਗਰਟਾਂ ਫੂਕਦੀਆਂ ਤੇ ਅਪਣੇ ਕੰਮ ਕਢਵਾਉਣ ਲਈ, ਵਿਚਦੀ ਫ਼ਿਕਰਿਆਂ ਦੇ ਇਸ਼ਾਰੇ ਨਾਲ ਇਕ ਦੂਜੀ ਨੂੰ ਉਕਸਾਉਂਦੀਆਂ ਨੇ। ਕਹਾਣੀ ਦੀ ਨਾਇਕਾ 'ਬੰਸੀ' ਨੇ ਫਲੈਟ ਅਲਾਟ ਕਰਾਉਣ ਲਈ ਇਕ ਉਚ-ਅਧਿਕਾਰੀ ਕੋਲ ਜਾਣਾ ਹੈ। ਮਿਸਿਜ਼ ਯਾਸੀਨ ਜਿਸਨੂੰ ਸਮਝਿਆ ਜਾਂਦੈ, ਇਹ ਕੰਮ ਕਰਵਾ ਦੇਵੇਗੀ, ਉਹ ਕਹਿੰਦੀ ਐ, 'ਅਕੇਲੇ ਕੈਸੇ ਚਲੇਗਾ, ਯਾਰ। ਯਹ ਚਲੇ ਨਾ ਮੇਰੇ ਸਾਥ!' ਬੰਸੀ ਮੰਨਦੀ ਨਹੀਂ। ਖ਼ੈਰ! ਗੱਲਬਾਤ ਲੰਬੀ ਹੈ। ਹੁਣ ਏਥੇ ਜ਼ਿਕਰਯੋਗ ਗੱਲ ਇਹ ਐ ਕਿ ਮੈਨੂੰ ਤਾਸ਼ ਦੀ ਖੇਡ ਦਾ ਓ...ਅ..ਵੀ ਨਹੀਂ ਆਉਂਦਾ। ਖਿਡਾਰੀਆਂ ਕੋਲ ਕਈ ਵਾਰ ਬੈਠਣਾ ਪਿਆ। ਫੇਰ ਵੀ ਡਰਦਾ ਰਿਹਾ ਕਿ ਇਸ ਸੀਨ ਵਿਚ ਕੋਈ ਮਾਹਰ ਬੰਦਾ ਨੁਕਸ ਨਾ ਕੱਢ ਦੇਵੇ। 'ਅੰਸ' ਵਿਚ ਰਾਧੇ ਸ਼ਿਆਮ ਬੀ.ਏ, ਲਾਜਵੰਤੀ ਸਾਧਾਰਣ ਪਾਤਰ ਨੇ। ਨਸੀਬ ਉਨ੍ਹਾਂ ਦਾ ਪੁੱਤਰ, ਪਹਿਲਾਂ ਪਿਉ ਦੀਆਂ ਕੁੱਟਾਂ ਖਾਂਦਾ ਰਿਹਾ। ਪਰ ਉਸਦੀ ਗਰੀਬੀ ਦੇਖ ਛੇਤੀ ਸਮਝ ਗਿਆ ਕਿ ਗਰੀਬੀ ਸਚਮੁੱਚ ਲਾਹਨਤ ਐ ਤੇ ਇਕ ਮੰਤਰੀ ਦੇ ਲੜ ਲਗਕੇ, ਉਸ ਨਾਲ ਆੜੀ ਪਾਈ, ਤੇ ਪੀ.ਸੀ.ਐਸ ਅਫ਼ਸਰ ਸਿਲੈਕਟ ਹੋ ਗਿਆ। ਦਾਓ ਲੱਗਿਆ ਤਾਂ ਆਬਕਾਰੀ ਦਾ ਮਹਿਕਮਾ ਉਸਦੇ ਹੱਥ ਲੱਗ ਗਿਆ। ਦਫ਼ਤਰ 'ਚ ਕੰਮ ਕਰਦਾ ਹੋਣ ਕਰਕੇ ਮੈਨੂੰ ਏਨਾ ਕੁ ਇਲਮ ਤਾਂ ਹੋ ਗਿਆ ਸੀ ਕਿ ਵਪਾਰੀ ਆਪ ਪੈਸੇ ਕਮਾਉਣ ਲਈ ਥੋੜ੍ਹੀ ਬਹੁਤੀ ਰਕਮ, ਜੈਦਾਦ ਦੇਣ ਲੱਗਿਆਂ ਬਿਲਕੁੱਲ ਨਹੀਂ ਝਿਜਕਦੇ। ਮੇਰੇ ਸਾਹਮਣੇ ਕੰਮ ਕਰਵਾਉਣ ਜਾਂ ਕਹੋ ਕਢਵਾਉਣ ਆਇਆ ਇਕ ਬੰਦਾ, ਅਫ਼ਸਰ ਨੂੰ ਬਿਨਾਂ ਝਿਜਕ ਕਹਿੰਦਾ, ਮੈਂ ਸੁਣਿਐ, 'ਜਨਾਬ, ਮੈਂ ਬਾਣੀਆਂ ਪੁੱਤ ਆਂ! ਤੁਸੀਂ ਦੱਸੋ ਕਿੰਨੇ ਪੈਸੇ ਚਾਹੀਦੇ ਨੇ?' ਸੁਣਕੇ ਮੈਂ ਓਦੋਂ ਹੈਰਾਨ ਹੋਇਆ ਸੀ। ਫੇਰ ਇਹੋ ਜਿਹੀਆਂ ਗੱਲਾਂ ਆਮ ਲੱਗਣ ਲੱਗ ਪਈਆਂ। ਨਸੀਬ ਹੁਣ ਉੱਚੇ ਅਹੁਦੇ 'ਤੇ ਹੈ। ਕੋਠੀ ਮਿਲ ਗਈ। ਮਾਂ-ਪਿਓ ਨੂੰ ਫਲੈਟ 'ਚੋਂ ਕੱਢਕੇ ਕੋਠੀ ਲੈ ਗਿਆ। ਉਹ ਦੁਨੀਆਦਾਰ ਤਾਂ ਹੈ ਈ, ਸਿਆਣਾ ਵੀ ਹੋ ਗਿਆ। ਫਲੈਟ ਭਰਿਆ ਭਕੁੰਨਿਆ ਅਪਣੇ ਕੋਲ ਰੱਖਿਆ, ਵੇਚਣ ਵੀ ਨਹੀਂ ਦਿੱਤਾ। ਨਵੀਂ ਨਵੀਂ ਹੈਂਕੜ ਕਾਇਮ-ਦਾਇਮ ਰਹੀ ਦੇਖੋ ਅਪਣੀ ਮਾਂ ਨੂੰ ਕੀ ਕਹਿੰਦੈ, 'ਕੁਛ ਕਬਾੜ ਨਹੀਂ ਲੈ ਕੇ ਆਉਣਾ ਕੋਠੀ 'ਚ।' ਰਾਧੇ ਸ਼ਿਆਮ ਦਾ ਤਬਸਰਾ ਦੇਖੋ, ਜਦੋਂ ਉਹ ਲਾਜਵੰਤੀ ਨੂੰ ਸਮਝਾਉਂਦੈ,॥ਨਵਾਂ ਨਵਾਂ ਉਪਰਲੇ ਤਬਕੇ 'ਚ ਗਿਐ। ਇਹ ਨਸ਼ਾ ਹੌਲੀ ਹੌਲੀ ਉਤਰੂ। ਤੂੰ ਕਿਉਂ ਫ਼ਿਕਰ ਕਰਦੀ ਐਂ?' ਲਾਜਵੰਤੀ ਗਰੀਬ ਘਰ ਦੀ ਸੁਆਣੀ, ਨਵੇਂ ਵਾਤਾਵਰਣ 'ਚ ਬਹੁਤਾ ਚਿਰ ਨਾ ਕੱਟ ਸਕੀ। ਮਰ ਗੀ ਮਰਨ ਲੱਗੀ ਦੇ ਕੰਨਾਂ 'ਚ ਕਿਹਾ ਰਾਧੇ ਸ਼ਿਆਮ ਦਾ ਇਹ ਫ਼ਿਕਰਾ ਮੈਂ ਕਿਤਾਬਾਂ 'ਚੋਂ ਪੜ੍ਹਿਆ। 'ਮੇਰੇ ਜੀਵਨ ਵਿਚ ਇਕ ਹੋਰ ਔਰਤ ਵੀ ਆਈ ਸੀ।' ਮੈਂ ਨਿਮ੍ਰਤਾ ਨਾਲ ਕਹਿਣਾ, ਸ਼ਾਇਦ ਇਹ ਫਿਕਰਾ ਮੁਨਸ਼ੀ ਪ੍ਰੇਮ ਚੰਦ ਦਾ ਐ। ਮੇਰੇ ਯਾਦ ਰਿਹਾ ਤੇ ਵਰਤ ਲਿਆ। ਕਿਤਾਬਾਂ 'ਚੋਂ ਵੀ ਲੇਖਕ ਬੜਾ ਕੁਝ ਸਿੱਖਦੈ। ਰਾਧੇ ਸ਼ਿਆਮ ਮੈਂ ਆਪ ਆਂ। ਲਾਜਵੰਤੀ ਕੋਈ ਵੀ ਘਰੇਲੂ ਔਰਤ ਹੋ ਸਕਦੀ ਐ। ਗ਼ਲਪ ਵਿਚ ਅਸੀਂ ਆਪ ਅਪਣੇ ਆਲੇ-ਦੁਆਲੇ ਦੇ ਲੋਕ, ਉਨ੍ਹਾਂ ਦਾ ਰਹਿਣ-ਸਹਿਣ ਅਤੇ ਵਰਤਾਓ-ਅਸੀਂ ਲਿਖਣ ਵਾਲੇ ਸਮੋ ਲੈਂਦੇ ਆਂ। ਕੁਝ ਮਨੋਵਿਗਿਆਨ ਦਾ ਵੀ ਹੱਥ ਹੁੰਦੈ। ਤੁਸੀਂ ਕਹਾਣੀ ਪੜ੍ਹਦਿਆਂ ਇਹ ਫ਼ਿਕਰਾ ਨੋਟ ਕੀਤੈ? 'ਕਈ ਬੰਦੇ ਪੁੱਛਦੇ ਨੇ ਕੋਠੀ ਕਿੰਨੇ ਦੀ ਖਰੀਦੀ। ਮੈਂ ਕਹਿਨਾਂ ਇਹ ਸਵਾਲ ਹੀ ਜਾਹਲ ਐ। ਕੀਮਤਾਂ ਕੂਤਣਾ ਦਾ ਮਸਲਾ ਤਾਂ ਹੇਠਲੇ ਤਬਕੇ ਦੇ ਲੋਕਾਂ ਲਈ ਹੁੰਦੈ।' ਦੇਖੋ ਤਾਂ ਸਹੀ ਸਾਧਾਰਨ ਸ਼ਰਾਬ ਤੋਂ ਰਾਇਲ ਚੈਲੰਜ 'ਤੇ ਆਇਆ-ਉਹ ਵੀ ਮੁਫ਼ਤ ਦੀ..ਆਮ ਬੰਦਾ ਕੀ ਚੱਜ ਕਰਦੈ!' ਸ਼ਬਦ ਚੱਜ ਦੀ ਥਾਂ ਚੋਜ਼ ਕਹਾਂ ਤਾਂ ਕਿਦਾਂ ਲੱਗੂ, ਤੁਹਾਨੂੰ...ਮੈਂ ਆਪ ਜੀ ਨੂੰ ਕਹਿ ਰਿਹਾਂ-ਜਿਨ੍ਹਾਂ ਨੇ ਕਹਾਣੀ ਨੂੰ ਗੁੰਝਲਦਾਰ ਸਮਝਿਆ। ਕਦੇ ਕਹਾਣੀਆਂ ਦੀ ਥੀਮ ਅਤੇ ਟਰੀਟਮੈਂਟ ਬਾਰੇ ਵੀ ਗੱਲਾਂ ਕਰਿਓ।



ਮਾਂ, ਪਤਨੀ ਅਤੇ ਬੱਚਿਆਂ ਨਾਲ – 1973

# ਮੇਰੇ ਨੈਣਾਂ ਨੂੰ ਜਰਬ ਨਾ ਲਾਇਓ ਵੇ

## ਲੋਕ-ਗੀਤਾਂ ਦੇ ਨਾਲ ਨਾਲ



ਡਾ. ਕਰਮਜੀਤ ਸਿੰਘ

ਕੁਰੂਕਸ਼ੇਤਰ ਆ ਕੇ ਮੇਰਾ ਲੋਕਗੀਤਾਂ ਸੰਬੰਧੀ ਖੇਤਰੀ ਕਾਰਜ ਢਿੱਲਾ ਪੈ ਗਿਆ। ਪਹਿਲਾਂ ਦੋ ਮਹੀਨਿਆਂ ਦੀਆਂ ਛੁੱਟੀਆਂ ਵਿੱਚ ਜਾ ਕੇ ਅੱਠ ਦਸ ਕੈਸਟਾਂ ਭਰ ਲਿਆਉਣੀਆਂ ਤੇ ਕੁਰੂਕਸ਼ੇਤਰ ਆ ਕੇ ਉਹਨਾਂ ਉੱਪਰ ਕੰਮ ਕਰਨਾ। ਹੌਲੀ-ਹੌਲੀ ਰੁਝੇਵਿਆਂ ਕਾਰਨ ਇਹ ਕੰਮ ਵੀ ਮੱਠਾ ਪੈ ਗਿਆ, ਪਰ ਜਨੂੰਨ ਖਤਮ ਕਦੇ ਨਹੀਂ ਹੋਇਆ। ਕੁਰੂਕਸ਼ੇਤਰ ਜਦੋਂ ਨੁੱਕੜ ਨਾਟਕ ਮੰਚ ਬਣਾਇਆ ਤਾਂ ਪਹਿਲੇ ਕਲਾਕਾਰ ਜੋ ਜੁੜੇ ਉਹਨਾਂ ਦੇ ਨਾਨਕੇ ਗੜ੍ਹਸ਼ੰਕਰ ਤੋਂ ਕੁੱਝ ਦੂਰ ਬੀਣੇਵਾਲ ਪਿੰਡ ਵਿੱਚ ਸਨ। ਇਸ ਗੱਲ ਨੇ ਮੈਨੂੰ ਉਹਨਾਂ ਦੇ ਪਰਿਵਾਰ ਦੇ ਨੇੜੇ ਲੈ ਆਂਦਾ। ਗੁਰਬਚਨ ਕੌਰ ਤੇ ਰਤਨ ਚੰਦ ਮਿਲਾਪੜੇ ਸੁਭਾਅ ਦੇ ਨਿਕਲੇ। ਹੌਲੀ-ਹੌਲੀ ਮੇਰੇ ਘਰੇਲੂ ਸੰਬੰਧ ਗੂੜ੍ਹੇ ਹੋਣੇ ਸ਼ੁਰੂ ਹੋਏ ਤਾਂ ਮੈਂ ਲੋਕਗੀਤਾਂ ਦੀਆਂ ਗੱਲਾਂ ਵੀ ਕਰਨੀਆਂ ਸ਼ੁਰੂ ਕੀਤੀਆਂ। ਬਚਨੋ ਜਾਂ ਗੁਰਬਚਨੋ ਨੂੰ ਮੈਂ ਦੇਖਿਆ ਗੀਤ ਤਾਂ ਕਾਫ਼ੀ ਆਉਂਦੇ ਕਿਉਂ ਪਰ ਟੁੱਟੇ ਭੱਜੇ। ਮੈਂ ਮਹਿਸੂਸ ਕੀਤਾ ਕਿ ਜੇ ਇਹ ਅਪਣੇ ਪਿੰਡ ਦੀਆਂ ਔਰਤਾਂ ਵਿੱਚ ਬੈਠ ਗਈ ਤਾਂ ਉਹਨਾਂ ਦਾ ਸਾਥ ਜ਼ਰੂਰ ਦੇਵੇਗੀ। ਇਸ ਰਾਹੀਂ ਹੋਰ ਬਹੁਤ ਸਾਰੇ ਗੀਤ ਇਕੱਠੇ ਕੀਤੇ ਜਾ ਸਕਦੇ ਹਨ। ਮੈਂ ਗੁਰਬਚਨੋ ਨੂੰ ਇੱਕ ਵਾਰ ਬਿਠਾ ਕੇ ਕੁੱਝ ਸੁਣਨ ਲਈ ਕਿਹਾ। ਉਸਨੇ ਸਿਰਫ਼ ਇੱਕ ਗੀਤ ਪੂਰਾ ਕੀਤਾ। ਉਸ ਗੀਤ ਨਾਲ ਉਸਦੀ ਭਾਵੁਕ ਸਾਂਝ ਸੀ। ਕਿਉਂਕਿ ਉਹ ਗੀਤ ਉਸਦੀ ਮਾਂ ਨੇ ਮਰਨ ਸਮੇਂ ਉਸਦੀ ਭੈਣ ਨੂੰ ਸੁਣਾਇਆ ਸੀ। ਗੀਤ ਰਾਜੇ ਹੋਡੀ ਤੇ ਕੋਕਲਾਂ ਨਾਲ ਸੰਬੰਧਿਤ ਸੀ। ਇਸ ਗੀਤ ਵਿੱਚ ਕੋਕਲਾਂ ਰਾਜੇ ਹੋਡੀ ਨੂੰ ਬਹਾਨੇ ਨਾਲ ਸੱਦਦੀ ਹੈ, ਪਰ ਉਹ ਬਹਾਨੇ ਮਾਰ ਕੇ ਆਉਣੋਂ ਇਨਕਾਰ ਕਰ ਦਿੰਦਾ ਹੈ। ਇਸ ਤੇ ਕੋਕਲਾਂ ਦੀਆਂ ਅੰਤਿਮ ਪੰਗਤੀਆਂ ਬੜੀਆਂ ਮਾਰਮਿਕ ਤੇ ਮੌਲਿਕ ਸਿਰਜੀਆਂ ਗਈਆਂ ਹਨ।

ਚੰਨਣ ਕਰਕੇ ਸੇਮਿਆਂ ਵੇ ਰਾਜਾ ਹੋਡੀਆ,
ਨਿਕਲ ਆਇਆ ਕਰੀਰ ਵੇ।
ਜੇ ਮੈਂ ਜਾਣਦੀ ਕਰੀਰ ਐ ਤੂੰ,
ਕਦੀਉਂ ਨਾ ਲੈਂਦੀ ਤੇਰਾ ਨਾਂ ਵੇ।

ਗੀਤ ਛੋਟਾ ਜਿਹਾ ਸੀ, ਪਰ ਉਸਦੀ ਮਿੱਠੀ-ਮਿੱਠੀ ਰਹਾਅ ਮੈਨੂੰ ਅੱਜ ਵੀ ਝੂੰਮਣ ਲਾ ਦਿੰਦੀ ਹੈ। ਕਿੱਸਿਆਂ ਨਾਲੋਂ ਇਸਦੇ ਵੇਰਵੇ ਵੀ ਵੱਖਰੇ ਸਨ। ਜਦੋਂ ਮੈਂ ਇਹ ਗੀਤ ਰਿਕਾਰਡ ਕੀਤਾ, ਉਦੋਂ ਮੈਂ ਗਰਮੀਆਂ ਦੀਆਂ ਛੁੱਟੀਆਂ ਵਿੱਚ ਬੀਣੇਵਾਲ ਜਾਣ ਦਾ ਪ੍ਰੋਗਰਾਮ ਨਿਸ਼ਚਿਤ ਕਰ ਲਿਆ। ਮੈਂ ਬੱਬੂ (ਮਨਜੀਤ) ਨੂੰ ਲੈ ਕੇ ਸਕੂਟਰ 'ਤੇ ਹੀ ਕੁਰੂਕਸ਼ੇਤਰ ਤੋਂ ਹੁਸ਼ਿਆਰਪੁਰ ਪਹੁੰਚ ਗਿਆ। ਗੁਰਬਚਨੋ ਬਾਦ ਵਿੱਚ ਬੀਣੇਵਾਲ ਪਹੁੰਚੀ। ਉਸਦੇ ਪਹੁੰਚਣ ਦੀ ਖ਼ਬਰ ਮਿਲਦਿਆਂ ਹੀ ਮੈਂ ਵੀ ਬੀਣੇਵਾਲ ਜਾ ਪੁੱਜਾ।

ਮਾਹੌਲ ਬੜਾ ਮਿਲਣਸਾਰ ਸੀ ਰਤਨੋ ਤੇ ਬੱਬੂ ਦੇ ਨਾਨੇ ਨੇ ਪੂਰੀ ਆਉ ਭਗਤ ਕੀਤੀ, ਪਰ ਉਸ ਵੇਲੇ ਮੇਰਾ ਜੋਸ਼ ਮੱਠਾ ਪੈ ਗਿਆ ਜਦੋਂ ਮੈਨੂੰ ਇਹ ਖ਼ਬਰ ਮਿਲੀ ਕਿ ਪਿੰਡ ਵਿੱਚ ਇੱਕ ਮੌਤ ਹੋ ਗਈ ਸੀ। ਅਜਿਹੀ ਸਥਿਤੀ ਵਿੱਚ ਤਾਂ ਪੂਰਾ ਪਿੰਡ ਧਿਆਨ ਰੱਖਦਾ ਹੈ। ਮੌਤ ਬਜ਼ੁਰਗ ਦੀ ਸੀ, ਪਰ ਮੇਰਾ ਕਹਿਣ ਦਾ ਹੀਆ ਨਾ ਪਿਆ। ਗੁਰਬਚਨੋ, ਰਤਨੋ ਨੇ ਆਪਸ ਵਿੱਚ ਸਲਾਹ ਮਸ਼ਵਰਾ ਕਰਕੇ ਭੋਲੀ (ਸਵਰਨਜੀਤ) ਨੂੰ ਵੀ ਬੁਲਾ ਲਿਆ। ਗਰਮੀਆਂ ਦੇ ਦਿਨਾਂ ਵਿੱਚ ਅਸੀਂ ਚਾਰਾਂ ਨੇ ਅਪਣੇ-ਆਪ ਨੂੰ ਕੱਚੇ ਕੋਠੇ ਵਿੱਚ ਬੰਦ ਕਰ ਲਿਆ। ਟੇਪ ਰਿਕਾਰਡ ਨੂੰ ਸੂਤ ਕਰਕੇ ਜਦੋਂ ਰਿਕਾਰਡਿੰਗ ਸ਼ੁਰੂ ਕੀਤੀ ਤਾਂ ਬਹੁਤ ਦੇਰ ਰਾਤ ਤੱਕ ਇਹ ਸਿਲਸਿਲਾ ਬੰਦ ਨਾ ਹੋਇਆ। ਸਵੇਰੇ ਉੱਠ ਕੇ ਵੀ ਇੰਜ ਹੀ ਕੀਤਾ ਗਿਆ, ਇਸ ਸਮੇਂ ਦੌਰਾਨ ਪੈਂਤੀ ਤੋਂ ਉੱਪਰ ਗੀਤ (ਗਾਉਣ, ਸੁਹਾਗ, ਘੋੜੀਆਂ, ਬਿਆਈਆਂ, ਸਿੱਠਣੀਆਂ ਅਤੇ ਬੋਲੀਆਂ) ਤਿੰਨਾਂ ਨੇ ਸੁਣਾ ਕੇ ਸਾਢੇ ਤਿੰਨ ਘੰਟੇ ਦੀ ਰਿਕਾਰਡਿੰਗ ਕੀਤੀ। ਜੇ ਹਾਲਾਤ ਸਾਜ਼ਗਾਰ ਹੁੰਦੇ ਤਾਂ ਏਨਾ ਮਸਾਲਾ ਹੋਰ ਇਕੱਠਾ ਹੋ ਸਕਦਾ ਸੀ। 'ਰਾਜਾ ਹੋਡੀ ਤੋਂ ਇਲਾਵਾ, 'ਮੈਂ ਤੈਨੂੰ ਪੁੱਛਦਾ ਮਾਲੀਆ', 'ਨਾ ਪੀਆ ਕਰ ਚਿਲਮ ਤਮਾਖੂਏ ਦੀ', 'ਕੋਯਲ ਬੋਲੇ' ਗੀਤ ਮੇਰੇ ਲਈ ਬਹੁਤ ਹੀ ਮਹੱਤਵਪੂਰਨ ਸਨ, ਇੱਥੋਂ ਮਿਲੀਆਂ ਸਿੱਠਣੀਆਂ ਵਿੱਚ ਅਸ਼ਲੀਲਤਾ ਦੀ ਹੱਦ ਵੀ ਮੈਂ ਵੇਖੀ।

'ਮੈਂ ਤੈਨੂੰ ਪੁੱਛਦਾ ਮਾਲੀਆ ਹੋ' ਗੀਤ ਵਿੱਚ ਸੰਗਲੀ ਬੱਧ ਸਵਾਲ ਜਵਾਬ ਇੱਕ ਲੰਬਾ ਗੀਤ ਸਿਰਜ ਰਹੇ ਸਨ। ਜਿਵੇਂ ਮਾਲੀ ਨੂੰ ਸਵਾਲ ਸਨ, ਬੂਟਾ ਕਾਹੇ ਦਾ ਲਾਇਆ? ਬੂਟਾ ਕੀ ਕੰਮ ਲਾਇਆ? ਜਵਾਬ ਸੀ ਬੂਟਾ ਨਰਮੇ ਦਾ ਲਾਇਆ। ਬੂਟਾ ਪਾਣੀ ਧਿਆਇਆ। ਇਥੋਂ ਅਗਾਂਹ ਗੀਤ ਕਾਵਿਕ ਉਡਾਰੀਆਂ ਭਰਨ ਲੱਗ ਪਿਆ। ਨੈਣਾਂ ਦਾ ਹਲਟ ਜੋੜ ਕੇ ਪਾਣੀ ਦੁਆਇਆ ਗਿਆ, ਉਸਨੂੰ ਛਾਂ ਕੀਤੀ ਗਈ, ਉਸਨੇ ਲਗਰਾਂ ਛੱਡੀਆਂ। ਬੂਟੇ ਦੀਆਂ ਛਾਵਾਂ ਮਹਿਲਾਂ ਨੂੰ ਆਈਆਂ ਜਿਸ ਹੇਠ ਗੋਰੀ ਨੇ ਚਰਖਾ ਡਾਹਿਆ ਤੇ ਤੰਦ ਨਰਮੇ ਦਾ ਪਾਇਆ। ਤੰਦ ਪਾਉਂਦਿਆਂ ਨੀਂਦ ਦਾ ਝੂਟਾ ਆਇਆ ਤਾਂ ਪਲੰਘ ਡਾਹਿਆ। ਸੁੱਤੀ ਨੂੰ ਨੌਕਰ ਨੇ ਜਗਾ ਲਿਆ ਪਰ ਉਸਨੂੰ ਤਾਂ ਨੀਂਦ ਪਿਆਰੀ ਸੀ। ਨੌਕਰ ਦਾ ਤਰਕ ਸੀ ਕਿ ਉਸਦੇ ਜਾਣ ਪਿੱਛੋਂ ਉਹ ਸੌਖੀ ਹੋ ਕੇ ਸੌਂ ਸਕੇਗੀ। ਸੁੱਤੀ ਨੂੰ ਸੁਪਨੇ ਵਿੱਚ ਹੀ ਉਸਦਾ ਜਾਨੀ ਭੁੱਖਾ ਤੁਰਿਆ ਜਾ ਰਿਹਾ ਤੇ ਹੈ ਵੀ ਇਕੱਲਾ। ਜੇ ਜਾਗਦੀ ਹੁੰਦੀ ਤਾਂ ਦੁੱਧ ਪਿਲਾਉਂਦੀ, ਨਾਲ ਦੇਵਰ ਘਲਾਉਂਦੀ। ਗੀਤ ਮਲਾਹਾਂ ਨੂੰ ਬੁਰਾ ਭਲਾ ਕਹਿੰਦਿਆਂ ਸਮਾਪਤ ਹੁੰਦਾ ਸੀ।

ਮਰ ਜਾਣ ਮਲਾਹਾਂ ਦੇ ਬਚੜੇ ਹੋ, ਜੀ ਜਾਨੀ ਪਾਰ ਲੰਘਾਇਆ,
ਜੀ ਜਾਨੀ ਪਾਰ ਲੰਘਾਇਆ, ਨੌਕਰਾ ਹੋ।

ਬੜਾ ਲੰਬਾ ਗੀਤ ਸੀ। ਜਿਸ ਹੇਕ ਵਿੱਚ ਗਾਇਆ ਗਿਆ, ਉਸ ਵਿੱਚ ਮੈਂ ਹੋਰ ਵੀ ਗੀਤ ਸੁਣੇ ਹੋਏ ਸਨ। ਮੈਨੂੰ ਇਉਂ ਲੱਗ ਰਿਹਾ ਸੀ ਕਿ ਮੋਹਨ ਸਿੰਘ ਦੀ ਕਵਿਤਾ 'ਅੰਬੀ ਦੇ ਬੂਟੇ ਥੱਲੇ' ਅਜਿਹੇ ਕਿਸੇ ਗੀਤ ਤੋਂ ਪ੍ਰਭਾਵਿਤ ਹੋਈ ਹੋਵੇਗੀ।

'ਘਰੀਂ ਤਾਂ ਕਰਿਉ ਟੁਕੜੇ ਚਾਰ' ਗੀਤ ਵਿੱਚ ਨਵੀਂ ਹੀ, ਛੋਟੀ ਜਿਹੀ ਕਥਾ ਸੀ ਕਿ ਗੋਰੀ ਕਿਸੇ ਨੂੰ ਮਿਲਣ ਗਈ ਦੇਰ ਹੋਣ ਕਾਰਨ ਘਰ ਨਹੀਂ ਪਰਤਦੀ ਤਾਂ ਘਰ ਵਾਲਾ ਪਰੇਸ਼ਾਨ ਹੋ ਕੇ ਆਈ ਨੂੰ ਮਾਰਨ ਦੀ ਸੋਚਦਾ ਹੈ ਤਾਂ 'ਘਰੀਂ ਤਾਂ ਕਰਿਉ ਟੁਕੜੇ ਚਾਰ' ਦੀ ਬੇਨਤੀ ਕਰਦੀ ਹੈ ਤਾਂ ਗੀਤ ਸਮਾਪਤ ਹੋ ਜਾਂਦਾ ਹੈ। ਗੀਤ ਵਿੱਚ ਕਿਤੇ ਕੋਈ ਘਾਟ ਰਹਿ ਗਈ, ਜਿਸ ਕਾਰਨ ਧੱਕੇ ਨਾਲ ਲੜੀ ਜੋੜਨ ਦੀ ਲੋੜ ਪੈਂਦੀ ਸੀ। 'ਕੋਯਲ ਬੋਲੇ' ਵਾਲਾ ਗੀਤ ਦੁਹਰਾ ਕਾਰਨ ਬਹੁਤ ਲੰਬਾ ਸੀ। ਮੋਟੀ ਗੱਲ ਵਿੱਚੋਂ ਏਨੀ ਸੀ ਕਿ ਨੌਕਰ ਜਾਂਦੇ ਨੂੰ ਨਾਰ ਸਿਲਕੀ ਦੁਪੱਟਾ, ਗਲ ਦਾ ਹਾਰ ਤੇ ਮੱਥੇ ਦਾ ਟਿੱਕਾ ਲਿਆਉਣ ਦੀ ਬੇਨਤੀ ਕਰਦੀ ਹੈ, ਪਰ ਨੌਕਰ ਦਾ ਜਵਾਬ ਇੱਕੋ ਘੜਿਆ ਘੜਾਇਆ ਸੀ।

ਹੱਥਾਂ ਦਾ ਦਲਾਨੀ ਨੀ, ਖੀਸੇ ਦਾ ਮੈਂ ਖਾਲੀ ਨੀ,
ਮੇਰੀਏ ਗੋਰੀਏ,
ਕਾਹਦਾ ਲਿਆਮਾ ਨੀ ਮੱਥੇ ਦਾ ਮੈਂ ਟਿੱਕਾ।

ਗੀਤ ਦੀ ਲੈਅ ਹੀ ਕਿਸੇ ਨੂੰ ਵੀ ਝੂੰਮਣ ਲਾਉਣ ਵਾਲੀ ਸੀ। ਗੀਤ ਭਾਵੇਂ ਸਮਝ ਆਵੇ ਜਾਂ ਨਾ ਆਵੇ। ਬਾਗਾਂ ਦੀਆਂ ਅੰਬੀਆਂ ਚਾਰ ਦਿਹਾੜੇ, ਗੀਤ ਵਿੱਚ ਤੋਤੇ ਤੇ ਕੂੰਜ ਦਾ ਸੰਵਾਦ ਇਸ ਪੱਖੋਂ ਧਿਆਨ ਖਿੱਚ ਰਿਹਾ ਸੀ ਕਿ ਦੋਨੋਂ ਸੋਨੇ ਦੇ ਪਿੰਜਰੇ ਵਿੱਚ ਕੈਦ ਹੋਣਾ ਨਹੀਂ ਸੀ ਚਾਹੁੰਦੇ, ਪਰ ਕੂੰਜ ਨੂੰ ਜਦੋਂ ਘਰ ਵਾਪਸ ਆਉਣ ਦਾ ਮਿਹਣਾ ਮਾਰਿਆ ਗਿਆ ਤਾਂ ਉਹ, ਭਾਵੁਕ ਹੋ ਕੇ ਮਾਨਵੀ (ਔਰਤ ਦਾ) ਰੂਪ ਧਾਰਨ ਕਰ ਲੈਂਦੀ ਹੈ।

ਤੋਤਿਆ ਵੇ ਨਾ ਘਰ ਮਾਈ, ਨਾ ਘਰ ਬਾਬਲ,
ਨਾ ਘਰ ਬਾਬਲ, ਦੁਖੜੇ ਕਿਹਦੇ ਕੋਲ ਦੱਸਣੇ ਵੇ।
ਤੋਤਿਆ ਵੇ ਨਾ ਘਰ ਵੀਰਾ ਐ ਨਾ ਘਰ ਭਾਬੋ ਵੇ,
ਨਾ ਘਰ ਭਾਬੋ, ਮੈਂ ਦੁਖੜੇ ਕਿਹਦੇ ਕੋਲ ਦੱਸਣੇ ਵੇ।

ਰਤਨੋ ਤੇ ਭੋਲੀ ਨੇ ਅਗਲਾ ਗੀਤ ਤਾਂ ਜਮ੍ਹਾਂ ਹੀ ਦੁਖਾਂਤ ਛੇੜ ਲਿਆ ਸੀ। ਇਸਨੇ ਮੈਨੂੰ ਵੀ ਕੀਲ ਲਿਆ, ਇਹ ਸਾਰੇ ਗੀਤ ਕੋਈ ਨਾ ਕੋਈ ਕਥਾ ਕਹਿ ਰਹੇ ਸਨ।

ਛੇੜੂਆਂ ਪੰਖੇਰੂਆਂ ਨੇ ਰੁਣਝੁਣ ਲਾਈ,
ਨੀਂਹੇਂ ਤੈਨੂੰ ਜਾਗ ਨਾ ਆਈ ਹੋ।
ਏ ਜੀ ਉੱਠ ਜੀ ਸੱਸੂ ਤੁਸੀਂ ਦੁੱਧ ਨੀ ਬਰੋਲੇ,
ਮੈਂ ਭਰ ਲਿਆਮਾਂ ਠੰਡੜਾ ਨੀਰ ਵੇ।

ਤਕਰਾਰ ਤੋਂ ਬਾਅਦ ਸੱਸੂ ਨੂੰਹ ਨੇ ਕੰਮ ਦੀ ਵੰਡ ਕਰ ਲਈ ਸੀ, ਪਰ ਗੱਲ ਇੱਥੇ ਹੀ ਤਾਂ ਸਮਾਪਤ ਨਹੀਂ ਹੁੰਦੀ।

ਪਾਣੀ ਭਰੇਂਦੀ ਨੂੰ ਮੈਨੂੰ ਬੀਰਾ ਨੀ ਮਿਲਿਆ,
ਮੈਂ ਤਾਂ ਨੈਣ ਭਰੇ ਭਰ ਰੋਈ ਵੇ।
ਆਮੀ ਵੇ ਵੀਰਾ ਮੇਰੀ ਅੰਮਾ ਦੇ ਜਾਇਆ,
ਤੈਂ ਕਿਸ ਬਿਧ ਭੈਣ ਬਸਾਰੀ ਵੇ।

ਲੋਕਗੀਤਾਂ ਦੀ ਇਹ ਵਿਸ਼ੇਸ਼ਤਾ ਰਹੀ ਹੈ ਕਿ ਭਾਵਾਂ ਅਨੁਸਾਰ ਇਹਨਾਂ ਦੀ ਲੈਅ ਵੀ ਬਦਲਦੀ ਰਹਿੰਦੀ ਹੈ। ਇਸ ਗੀਤ ਦੀ ਸੋਜ਼ ਮਈ ਲੈਅ ਹੀ ਮੈਨੂੰ ਦੁਖਾਂਤ ਦਾ ਆਭਾਸ ਦੁਆ ਰਹੀ ਸੀ। ਵੀਰ ਨੇ ਦਾ ਭੈਣ ਕੋਈ ਤਾਂ ਦਾ ਜੁਆਬ ਦੇਣਾ ਹੀ ਸੀ।

ਜੰਮੀਆਂ ਨੀ ਧੀਆਂ ਭੈਣੋਂ ਬਿਛੜੀਆਂ ਭੈਣਾਂ,
ਮੈਂ ਤਾਂ ਇਸ ਬਿਧ ਭੈਣ ਬਸਾਰੀ ਵੇ।
ਆਹ ਲੈ ਵੇ ਵੀਰਾ ਹੱਥ ਦਾ ਵੇ ਮੁੰਦੜਾ,
ਤੂੰ ਤਾਂ ਧੀਆਂ ਦਾ ਕਾਜ ਰਚਾਣਾ ਵੇ।

ਇਹ ਘਟਨਾ ਅਪਣੇ-ਆਪ ਵਿੱਚ ਏਡੀ ਵੱਡੀ ਹੈ ਕਿ ਭੈਣ 'ਮੁੰਦੜਾ ਦੇਣ' ਨੂੰ ਸੱਸ ਤੋਂ ਕਿਵੇਂ ਛਿਪਾਵੇਗੀ? ਬਹੁਤ ਵੱਡਾ ਸਵਾਲੀਆ ਨਿਸ਼ਾਨ ਖੜ੍ਹਾ ਹੁੰਦਾ ਹੈ। ਇਸ ਬਿਰਤਾਂਤਕ ਗੀਤ ਵਿੱਚ।

ਸੱਠ ਨੀ ਸਹੇਲੀਆਂ, ਨੀਂਹੇਂ ਘਰ ਮੁੜ ਆਈਆਂ,
ਨੀਂਹੇਂ ਐਡੜੀ ਡੇਰ ਕਿਉਂ ਲਾਈ ਏ।
ਨਦੀ ਦੇ ਕਿਨਾਰੇ ਸੱਸੂ ਬੀਰਾ ਨੀ ਮਿਲਿਆ,
ਮੈਂ ਤਾਂ ਨੈਣ ਭਰੇ ਭਰ ਰੋਈ ਹੋ।
ਹੱਥ ਢੂੰਢਾਂ ਮੈਂ, ਪੈਰ ਮੈਂ ਢੂੰਡਾਂ,
ਮੈਨੂੰ ਮੁੰਦੜਾ ਨਜ਼ਰ ਨਾ ਆਇਆ ਵੇ।
ਨਦੀ ਦੇ ਕਨਾਰੇ ਨੀ ਸੱਸੂ ਹੱਥ ਮੂੰਹ ਧੋਵਾਂ,
ਮੇਰਾ ਮੁੰਦੜਾ ਉੱਥੇ ਗਵਾਚਾ ਵੇ।

ਸੱਸ ਤੋਂ 'ਮੁੰਦੜਾ' ਓਹਲੇ ਨਹੀਂ ਹੋ ਸਕਦਾ, ਪਰ ਨੂੰਹ ਝੂਠ ਦਾ ਸਹਾਰਾ ਲੈਂਦੀ ਹੈ। ਸੱਸ ਸ਼ੱਕੀ ਹੋਰ ਅਗਾਂਹ ਸਿਰੇ 'ਤੇ ਪਹੁੰਚਣਾ ਚਾਹੁੰਦੀ ਹੈ।

ਖ਼ਬਰ ਕਰਾਂ ਨੀ ਬਰੋਲੀਏ ਦੇ ਬੇਟੇ,
ਮੈਂ ਤਾਂ ਨਦੀਆਂ ਦਾ ਪਾੜ ਪਟਾਵਾਂ ਵੇ।
ਸਾਰੀ ਨਦੀ ਦੀ ਨੋਹੇਂ, ਕਾਢ ਨੀ ਕਢਾਈ,
ਮੈਨੂੰ ਮੁੰਦੜਾ ਹੱਥ ਨਾ ਆਇਆ ਵੇ।

ਸਹੁਰਾ ਘਰ ਭਾਵੇਂ ਅਜਿਹੇ ਕੰਮਾਂ ਲਈ ਏਨਾ ਅਮੀਰ ਨਾ ਹੋਵੇ, ਪਰ ਸੱਸ ਵੱਲੋਂ ਹਰ ਸੰਭਾਵਨਾ ਦੇਖੀ ਜਾ ਸਕਦੀ ਹੈ। ਮੁੰਦੜਾ ਨਾ ਮਿਲਣਾ ਨੂੰਹ ਲਈ ਸਭ ਤੋਂ ਵੱਡੀ ਨਮੋਸ਼ੀ ਹੈ। ਸੱਸ ਲਈ ਸਭ ਤੋਂ ਵੱਡਾ ਅਪਰਾਧ। ਸੱਸ ਨੂੰਹ ਨੂੰ ਸਜ਼ਾ ਜ਼ਰੂਰ ਦੇਵੇਗੀ, ਪਰ ਕੀ?

ਕਬਰ ਕਰਾਂ ਨੀ ਤਖਾਣ ਦੇ ਬੇਟੇ,
ਕਿਤੇ ਚੰਨਣ ਰੁੱਖ ਕਟਾਵੇ ਵੇ।
ਚੰਨਣ ਰੁੱਖ ਨੀ ਕਟਾ ਕੇ ਨੋਹੇਂ,
ਤੇਰੀ ਉੱਥੇ ਮੈਂ ਚਿਖਿਆ ਚਣਾਵਾਂ ਵੇ।

ਇੱਥੇ ਆ ਕੇ ਰਤਨੋ ਤੇ ਭੋਲੀ ਦੀ ਆਵਾਜ਼ ਹੋਰ ਭਾਰੀ ਹੋ ਗਈ। ਉਸ ਵਿੱਚ ਸੋਜ਼ ਹੋਰ ਵਧ ਗਿਆ। ਸ਼ੁਕਰ ਇਹ ਕਿ ਚਿਖਾ 'ਚੰਨਣ' ਦੀ ਚਿਣਾਈ ਗਈ ਸੀ। ਏਥੇ ਆ ਕੇ ਗੀਤ ਭਾਵੁਕਤਾ ਦੀਆਂ ਹੱਦਾਂ ਨਾਪਣ ਲੱਗ ਪਿਆ ਸੀ। ਨੂੰਹ ਦੀਆਂ ਅਰਜੋਈਆਂ ਮਾਨਵੀ ਮਨ ਨੂੰ ਪਸੀਜ ਰਹੀਆਂ ਸਨ।

ਹੋਰ ਸੱਸੂ ਨੀ ਮੇਰਾ ਸਭ ਕੁੱਝ ਚਿਣਿਉਂ,
ਮੇਰੀਆਂ ਬਾਹਾਂ ਨੂੰ ਜ਼ਰਬ ਨਾ ਲਾਇਉ ਵੇ।
ਏਨੀ ਰਾਹੀਂ ਮੇਰੀ ਮਾਈ ਜੋ ਆਵੇ,
ਮੈਂ ਤਾਂ ਪਾ ਗਲ ਬਾਹਾਂ ਰੋਮਾ ਵੇ।
ਹੋਰ ਸੱਸੂ ਮੇਰਾ ਸਭ ਕੁੱਝ ਚਿਣਿਉਂ,
ਮੇਰੇ ਨੈਣਾਂ ਨੂੰ ਜ਼ਰਬ ਨਾ ਲਾਇਉ ਵੇ।
ਏਨੀ ਰਾਹੀਂ ਮੇਰਾ ਵੀਰਾ ਜੋ ਆਵੇ,
ਮੈਂ ਤਾਂ ਨੈਣ ਭਰੇ ਭਰ ਰੋਮਾਂ ਵੇ।
ਹੋਰ ਸੱਸੂ ਮੇਰਾ ਸਭ ਕੁਛ ਚਿਣਿਉਂ,
ਮੇਰਿਆਂ ਕੇਸਾਂ ਨੂੰ ਜ਼ਰਬ ਨਾ ਲਾਇਉ ਵੇ।
ਏਨੀ ਰਾਹੀਂ ਮੇਰੀ ਭਾਬੋ ਵੇ ਆਵੇ,
ਮੇਰੇ ਸੀਸ ਗੁੰਦੇ ਗੁੰਦ ਜਾਵੇ ਹੋ।

ਭਾਵੁਕਤਾ ਦੀ ਸਿਖ਼ਰ 'ਤੇ ਜਾ ਕੇ ਗੀਤ ਖ਼ਤਮ ਹੋ ਗਿਆ। ਗਾਇਕਾਵਾਂ ਨੇ ਵੀ ਡੂੰਘੇ ਸਾਹ ਭਰੇ। ਮੇਰੀਆਂ ਅੱਖਾਂ ਵੀ ਭਰ ਆਈਆਂ। ਬਚਨੋ ਨੇ ਕਿਹਾ, 'ਇਹੋ ਜਿਹੇ ਗੀਤ ਗਾਉਣੇ ਕਿਹੜੇ ਸੌਖੇ ਆ?' ਹੌਲੀ-ਹੌਲੀ ਮੈਂ ਸਾਵਾਂ ਹੋਇਆ ਤਾਂ ਅਗਲੇ ਗੀਤਾਂ ਦੀ ਰਿਕਾਰਡਿੰਗ ਸ਼ੁਰੂ ਕੀਤੀ, ਪਰ ਉੱਪਰਲਾ ਗੀਤ ਬਹੁਤ ਸਾਰੇ ਸਵਾਲ ਛੱਡ ਗਿਆ ਸੀ ਮੇਰੇ ਸਾਹਮਣੇ। ਗੀਤ ਵਿੱਚ ਸੱਸ ਨੂੰਹ ਤੋਂ ਇਲਾਵਾ ਹੋਰ ਕੋਈ ਹਾਜ਼ਰ ਨਹੀਂ ਸੀ। ਕੀ ਕੋਈ ਸੱਸ (ਔਰਤ ਹੋਣ ਦੇ ਨਾਤੇ) ਏਨੀ ਨਿਰਦਈ ਹੋ ਸਕਦੀ ਹੈ? ਗੀਤ ਵਿੱਚ ਤਾਂ...

---

## ਸੁਖ਼ਨ-ਸਾਜ਼

ਸੁਲੱਖਣ ਸਰਹੱਦੀ



ਅਮਰਜੀਤ ਢੁੱਡੀਕੇ ਦੀ ਗ਼ਜ਼ਲ ਬਿਲਕੁਲ ਉਹਦੇ ਅਪਣੇ ਵਰਗੀ ਹੈ ਸੂਖ਼ਮ ਤੇ ਸੁਲਝੀ ਹੋਈ। ਇਸਦੀ ਗ਼ਜ਼ਲ ਜ਼ਿੰਦਗੀ ਦੇ ਹਰ ਰੰਗ ਤੋਂ ਜਾਣੂ ਹੈ। ਅਮਰਜੀਤ ਦੀ ਗ਼ਜ਼ਲ ਮਨ ਦੇ ਖੰਦਰਾਂ 'ਚੋਂ ਉੱਠ ਕੇ ਕਾਗਜ਼ ਤੋਂ ਕੈਨਵਸ, ਪਤਝੜ ਤੋਂ ਬਹਾਰ, ਆਸਤਕ ਤੋਂ ਕਾਫ਼ਰ, ਧਰਤੀ ਤੋਂ ਆਕਾਸ਼, ਦੀਵੇ ਤੋਂ ਚੰਨ, ਦੁੱਖ ਤੋਂ ਸੁੱਖ ਆਦਿ ਦਾ ਸਫ਼ਰ ਤੈਅ ਕਰਦੀ ਹੈ। ਅਮਰਜੀਤ ਦੀ ਗ਼ਜ਼ਲ ਵਿੱਚ ਕਾਇਨਾਤ ਦਾ ਵਾਸਾ ਹੈ। ਇਹਦੀ ਗਜ਼ਲ ਪੰਜਾਬੀ ਗ਼ਜ਼ਲ ਦਾ ਨਵਾਂ ਮੁਹਾਂਦਰਾ ਸਿਰਜਦੀ ਪ੍ਰਤੀਤ ਹੁੰਦੀ ਹੈ। ਨਿੱਕੀ ਉਮਰੇ ਵੱਡੀਆਂ ਤੇ ਸਿਆਣੀਆਂ ਗੱਲਾਂ ਕਰਨ ਵਾਲੇ ਇਸ ਸ਼ਾਇਰ ਲਈ ਦੁਆਵਾਂ।

# ਅਮਰਜੀਤ ਢੁਡੀਕੇ ਦੀਆਂ ਪੰਜ ਗਜ਼ਲਾਂ



ਪੌਣ ਦੇ ਦੁਖ-ਸੁਖ 'ਚ ਸ਼ਾਮਿਲ ਹਰ ਤਰ੍ਹਾਂ ਹੋਣਾ ਪਿਆ।
ਰੁੱਖ ਨੂੰ ਆਪਣੇ ਹਾਲ 'ਤੇ ਹੱਸਣਾ ਕਦੇ ਰੋਣਾ ਪਿਆ।

ਹੱਥ ਲਾਇਆਂ ਤ੍ਰੇਲ ਦੇ ਮੋਤੀ ਬਿਖ਼ਰ ਜਾਂਦੇ ਰਹੇ,
ਕਬਰ ਤਕ ਸੁਪਨਾ ਤੇਰਾ ਪਲਕਾਂ ਤੇ ਹੈ ਢੋਣਾ ਪਿਆ।

ਤੇਹ ਮੇਰੀ ਦੇ ਅਕਸ ਨੂੰ ਕਾਫ਼ਿਰ ਕਿਹਾ ਜਦ ਪਾਣੀਆਂ,
ਪੀਣ ਤੋਂ ਪਹਿਲਾਂ ਤੇਰੀ ਗੰਗਾ 'ਚ ਮੂੰਹ ਧੋਣਾ ਪਿਆ।

ਜੜ੍ਹ ਨੇ ਤੈਅ ਕੀਤਾ ਸਫ਼ਰ ਜੰਗਲ ਤੋਂ ਗ਼ਮਲੇ ਤੀਕ ਪਰ,
ਹਰ ਪੜ੍ਹਾ 'ਤੇ ਹੋਣੀਆਂ ਦੇ ਰੂਬਰੂ ਹੋਣਾ ਪਿਆ।

ਤੇਰੇ ਨਾਟਕ ਦੇ ਅਸੀਂ ਪਾਤਰ ਨਹੀਂ ਦਰਸ਼ਕ ਵੀ ਹਾਂ,
ਰੋਜ਼ ਇਸ ਕਿਰਦਾਰ ਦੇ ਸਨਮੁਖ ਜ਼ਿਬਾਹ ਹੋਣਾ ਪਿਆ।

ਦਰਦ ਦੇ ਇਸ ਅਜਨਬੀ ਚਿਹਰੇ ਨੂੰ ਚਿਤਰਨ ਦੇ ਲਈ,
ਕੈਨਵਸ 'ਤੇ ਦਿਲ ਦੇ ਸਾਰੇ ਖ਼ੂਨ ਨੂੰ ਚੋਣਾ ਪਿਆ।

2

ਆਦਿ ਤੋਂ ਪੈਰਾਂ 'ਚ ਘੁੰਮਣਘੇਰੀਆਂ।
ਕੀ ਕਰਨ ਮਿੱਟੀ ਦੀਆਂ ਇਹ ਢੇਰੀਆਂ।

ਮੈਂ ਕਿਹਾ ਆਕਾਸ਼ ਨੂੰ ਕੀ ਹਾਲ ਹੈ,
ਪੁਸਤਕਾਂ ਹੈਰਾਨ ਹੋਈਆਂ ਮੇਰੀਆਂ।

ਮੇਰੇ ਸਾਹਾਂ ਦੇ ਹੁੰਗਾਰੇ ਚਾਰ ਦਿਨ,
ਲੰਮੀਆਂ ਉਮਰਾਂ ਤੋਂ ਬਾਤਾਂ ਤੇਰੀਆਂ।

ਘੋਲ ਕੇ ਸੰਦੇਹ ਵਿਚ ਵਿਸ਼ਵਾਸ ਨੂੰ,
ਫਿਰ ਬਣਾਈਆਂ ਮੂਰਤਾਂ ਮੈਂ ਤੇਰੀਆਂ।

ਮਾਰ ਕੇ ਆਵਾਜ਼ ਲੁਕ ਜਾਂਦਾ ਏਂ ਤੂੰ,
ਕੈਸੀਆਂ ਨੇ ਯਾਰ ਹੇਰਾਫੇਰੀਆਂ।

ਚੰਨ ਸੂਰਜ ਦਾ ਤਮਾਸ਼ਾ ਰਾਤ ਦਿਨ,
ਦੇਖਦੇ ਰਹਿਣਾ ਸਜ਼ਾਵਾਂ ਮੇਰੀਆਂ।

ਵਰਜਿਆ ਇਤਿਹਾਸ ਤੇਰੇ ਨੇ ਬੜਾ,
ਮੈਂ ਕਰਾਂ ਫਿਰ ਵੀ ਉਡੀਕਾਂ ਤੇਰੀਆਂ।

3

ਕੌਣ ਹੋ ਐ ਪਾਣੀਓ ਸਾਗਰ ਦਿਓ।
ਮੱਛੀਆਂ ਦੇ ਦਰਦ ਨੂੰ ਉੱਤਰ ਦਿਓ।

ਮਹਿਕ ਜੀਵਨ 'ਚੋਂ ਹੈ ਮੁੱਕਦੀ ਜਾ ਰਹੀ,
ਟਹਿਣੀਆਂ ਨੂੰ ਫੁੱਲ ਵਾਪਸ ਕਰ ਦਿਓ।

ਆ ਰਹੀ ਖਿੜਕੀ 'ਚੋਂ ਵਾਛੜ ਧੁੱਪ ਦੀ,
ਇਸ ਦਿਆਂ ਹੋਠਾਂ 'ਤੇ ਚੁੰਮਣ ਧਰ ਦਿਓ।

ਇਹ ਸਫ਼ਰ ਉਮਰਾਂ ਤੋਂ ਲੰਮੇ ਨੇ ਜਨਾਬ,
ਥਿੜਕਦੇ ਕਦਮਾਂ ਨੂੰ ਇਕ ਝਾਂਜਰ ਦਿਓ।

ਉੱਤਰਾਂ ਦੀ ਕਾਮਨਾ ਦੇ ਦਰਦ ਤੋਂ
ਸਭ ਸਵਾਲਾਂ ਨੂੰ ਸੁਤੰਤਰ ਕਰ ਦਿਓ।

ਪਿੰਜਰੇ ਵਿਚ ਫੜਫੜਾਉਂਦੇ ਰਾਤ ਦਿਨ,
ਇਸ ਪਰਿੰਦੇ ਨੂੰ ਕੋਈ ਅੰਬਰ ਦਿਓ।

4

ਨਿੱਤ ਨਵੇਂ ਸੂਰਜ ਦਾ ਚੜ੍ਹਨਾ ਅਸਤਣਾ ਜਾਰੀ ਰਿਹਾ।
ਤੇ ਅਸਾਂ ਦਾ ਇਹ ਤਮਾਸ਼ਾ ਦੇਖਣਾ ਜਾਰੀ ਰਿਹਾ।

ਆਦਿ ਤੋਂ ਇਸ ਮੰਚ 'ਤੇ ਹਉਕੇ ਉਹੀ, ਹਾਸੇ ਉਹੀ,
ਸਿਰਫ਼ ਸਾਡਾ ਪਾਤਰਾਂ ਦਾ ਬਦਲਣਾ ਜਾਰੀ ਰਿਹਾ।

ਇੱਕ ਹੈ ਆਵਾਜ਼ ਮੈਨੂੰ ਆਖਦੀ ਮੈਂ ਠੀਕ ਹਾਂ,
ਇੱਕ ਹੈ ਆਵਾਜ਼ ਜਿਸਦਾ ਵਰਜਣਾ ਜਾਰੀ ਰਿਹਾ।

ਕਿਸ ਤਰ੍ਹਾਂ ਇਹ ਆਦਿ ਜਾ ਕੇ ਮਿਲ ਸਕੇਗਾ ਅੰਤ ਨੂੰ,
ਸ਼ਾਮ ਹੋਏ ਜੋ ਘਰਾਂ ਨੂੰ ਪਰਤਣਾ ਜਾਰੀ ਰਿਹਾ।

ਆਖ਼ਰੀ ਕਤਰਾ ਜਦੋਂ ਤੱਕ ਤੇਲ ਦਾ ਉਸ ਕੋਲ ਸੀ,
ਨ੍ਹੇਰ ਸੰਗ ਦੀਵੇ ਦਾ ਲੜਨਾ ਜੂਝਣਾ ਜਾਰੀ ਰਿਹਾ।

ਤੇਰਿਆਂ ਸਿਰਨਾਵਿਆਂ ਦੀ ਸਿਰਜਣਾ ਦੀ ਭੀੜ ਵਿਚ,
ਮੇਰਿਆਂ ਪਰਛਾਵਿਆਂ ਦਾ ਭਟਕਣਾ ਜਾਰੀ ਰਿਹਾ।

5

ਕੋਸ਼ਿਸ਼ਾਂ ਦਾ ਸਿਲਸਿਲਾ ਜਾਰੀ ਰਹੇ।
ਜ਼ਿੰਦਗੀ ਦੀ ਹਰ ਘੜੀ ਪਿਆਰੀ ਰਹੇ।

ਅੱਗ ਦੀ ਇਕ ਲਾਟ ਨੂੰ ਸੀ ਚੁੰਮਿਆ,
ਸੁਲਗਦੇ ਜਜ਼ਬੇ ਉਮਰ ਸਾਰੀ ਰਹੇ।

ਪਲ ਖ਼ੁਸ਼ੀ ਦੇ ਕੋਲ ਆ ਕੇ ਦੋ ਘੜੀ,
ਤਿਲਕਦੇ ਹੱਥਾਂ 'ਚੋਂ ਹਰ ਵਾਰੀ ਰਹੇ।

ਭਰ ਲਵਾਂਗਾ ਮੁੱਠੀਆਂ ਵਿਚ ਰੋਸ਼ਨੀ,
ਇਹ ਭੁਲੇਖੇ ਜ਼ਿੰਦਗੀ ਸਾਰੀ ਰਹੇ।

ਖ਼੍ਵਾਬ ਮੰਜ਼ਿਲ ਦਾ ਰਹੇ ਜਿਉਂਦਾ ਮਗਰ,
ਰਸਤਿਆਂ ਦੇ ਨਾਲ ਵੀ ਯਾਰੀ ਰਹੇ।

ਪੈਰਾਂ ਹੇਠੋਂ ਖਿਸਕ ਨਾ ਜਾਵੇ ਜ਼ਮੀਨ,
ਹਰ ਕਦਮ 'ਤੇ ਯਾਰ ਹੁਸ਼ਿਆਰੀ ਰਹੇ।

## ਕਹਾਣੀਆਂ

# ਸੱਪ ਤੇ ਆਦਮੀ

**ਦੇਵਿੰਦਰ ਸਤਿਆਰਥੀ**



ਬੋੜ੍ਹ ਦੀਆਂ ਕਿਤਨੀਆਂ ਹੀ ਦਾੜ੍ਹਾਂ ਲਮਕ ਰਹੀਆਂ ਸਨ, ਵਿਸ਼ ਘੋਲਦੇ ਭਿਆਨਕ ਸੱਪਾਂ ਵਾਂਗ।

ਸੰਘਣੀ ਛਾਂ ਵਾਲੇ ਇਸ ਬਿਰਛ ਨੇ ਇਸ ਸੁੰਨਸਾਨ ਥਾਂ ਨੂੰ ਸੜ੍ਹਕ ਤੋਂ ਲੁਕਾ ਕੇ ਰੱਖਿਆ ਹੋਇਆ ਸੀ। ਕਿਧਰੇ-ਕਿਧਰੇ ਘਾਹ ਉਗਿਆ ਹੋਇਆ ਸੀ ਜਿਵੇਂ ਕਿਸੇ ਦੀ ਮੱਸ ਫੁਟ ਰਹੀ ਹੋਵੇ। ਇੱਕ ਪਾਸੇ ਲਗਾਤਾਰ ਢਲਵਾਨ ਚਲੀ ਗਈ ਸੀ ਤੇ ਦੂਜੇ ਪਾਸੇ ਇੱਕ ਟਿੱਲਾ ਸੀ ਜਿਵੇਂ ਕੁਆਰੀ ਧਰਤੀ ਦਾ ਉੱਭਰਿਆ ਹੋਇਆ ਸੀਨਾ।

ਪਰ੍ਹੇ ਖੇਤਾਂ ਵਿੱਚ ਧੁੱਪ ਸੀ, ਹਾਸਾ ਸੀ ਤੇ ਸਰੂਰ ਦੀਆਂ ਲਹਿਰਾਂ ਵੀ। ਫ਼ਸਲ ਦੇ ਦਾਣੇ-ਦਾਣੇ ਵਿੱਚ ਧਰਤੀ ਦਾ ਦਿਲ ਧੜਕਦਾ ਸੀ। ਖੇਤਾਂ ਦੀ ਮਿੱਟੀ ਵਿੱਚੋਂ ਨਿਮ੍ਹੀ-ਨਿਮ੍ਹੀ ਖ਼ਸ਼ਬੂ ਆਉਂਦੀ ਧਓੀ ਜਿਵੇਂ ਗਾਂ ਦੇ ਸਾਹ ਵਿੱਚੋਂ ਦੁੱਧ ਦੀ ਭਿੰਨੀ-ਭਿੰਨੀ ਵਾਸਨਾ।

ਤੇ ਸ਼ਰਮੀਲੀ ਵਹੁਟੀ ਵਾਂਗ ਜ਼ਿੰਦਗੀ ਹੌਲ਼ੀ-ਹੌਲ਼ੀ ਜਾ ਰਹੀ ਸੀ।

ਦੂਰ ਜਿੱਥੇ ਤੱਕ ਵੀ ਨਿਗਾਹ ਪਹੁੰਚੀ ਸੀ, ਹਰਿਆਵਲ ਵਿਛੀ ਹੋਈ ਸੀ। ਉੱਪਰ ਅਸਮਾਨ ਉੱਤੇ ਸੈਲਾਨੀ ਪੰਛੀਆਂ ਦੀਆਂ ਕਤਾਰਾਂ ਦਿਸ ਰਹੀਆਂ ਸਨ। ਉਹਨਾਂ ਦੀ ਖਾਨਾ-ਬਦੋਸ਼ ਤਬੀਅਤ ਉਹਨਾਂ ਦੀਆਂ ਖੰਭਲੇਟਾਂ ਵਿੱਚ ਇੱਕ ਅਮੁਕ ਰੌ ਪੈਦਾ ਕਰਦੀ ਰਹਿੰਦੀ। ਆਦਮੀ ਉਹਨਾਂ ਨੂੰ ਦੇਖਦਾ ਤੇ ਅਪਣੇ ਜੀਵਨ ਲਈ ਨਵੇਂ ਪ੍ਰਭਾਵ ਲੱਭਦਾ। ਕਿਸ ਨੇ ਸਿਖਾਇਆ ਹੈ ਉੱਡਣਾ ਇਹਨਾਂ ਆਜ਼ਾਦ ਬੇਫ਼ਿਕਰ ਪੰਛੀਆਂ ਨੂੰ? ਸੈਂਕੜੇ ਨਹੀਂ, ਹਜ਼ਾਰਾਂ ਮੀਲਾਂ ਤੋਂ ਉੱਚੇ ਪਹਾੜਾਂ ਦੀਆਂ ਚੋਟੀਆਂ ਨੂੰ ਲੰਘਦੇ ਹੋਏ ਉਹ ਮੈਦਾਨਾਂ ਵੱਲ ਨਿਕਲ ਆਉਂਦੇ ਹਨ, ਸਾਲ ਦੇ ਸਾਲ ਨੀਯਤ ਮੌਸਮ ਵਿੱਚ। ਕਿਸ ਨੇ ਸਿਖਾਇਆ ਹੈ ਆਦਮੀ ਨੂੰ ਹਲ ਚਲਾਉਣਾ ਤੇ ਧਰਤੀ ਵਿੱਚੋਂ ਅਨਾਜ ਦੇ ਮੋਤੀਆਂ ਨੂੰ ਉਗਾਉਣਾ? ਹਰ ਸਾਲ, ਹਰ ਫ਼ਸਲ ਉੱਤੇ, ਖੇਤਾਂ ਦੀ ਕੁੱਖ ਹਰੀ ਹੁੰਦੀ ਰਹਿੰਦੀ ਹੈ।

ਤੇ ਦੁਨੀਆ ਦੀ ਮੋਕਲੀ ਗੋਦੀ ਵਿੱਚ ਜੀਵਨ ਖੇਡਦਾ ਰਹਿੰਦਾ ਹੈ, ਲਗਾਤਾਰ ਅਤੁੱਟ ਖਿਲੰਦੜੇਪਨ ਨਾਲ਼। ਕੌਣ ਜਾਣੇ ਇਸ ਦਾ ਮੁੱਢ ਕਿਵੇਂ ਹੋਇਆ ਤੇ ਕਦ, ਤੇ ਕੀ ਕਦੀ ਇਹ ਮੁੱਕ ਵੀ ਜਾਵੇਗਾ।

ਉਸ ਸੁੰਨਸਾਨ ਟਿੱਲੇ ਉੱਤੇ ਇੱਕ ਅਹੀਰ ਵੰਝਲੀ ਵਜਾ ਰਿਹਾ ਸੀ। ਗਾਈਆਂ ਨੇ ਚਰਨਾ ਛੱਡ ਦਿੱਤਾ। ਵੰਝਲੀ ਦੇ ਜਾਦੂ-ਭਰੇ ਮਨਮੋਹਣੇ ਗੀਤ ਨੇ ਉਹਨਾਂ ਉੱਤੇ ਇੱਕ ਮਸਤੀ ਜਿਹੀ ਡੋਲ੍ਹ ਦਿੱਤੀ। ਢਲਵਾਨ ਉੱਤੋਂ ਉਹ ਉੱਪਰ ਚੜ੍ਹ ਆਈਆਂ। ਜੰਗਲ ਦੇ ਹਿਰਨ ਤੇ ਮੋਰ ਵੀ ਭੱਜੇ ਆਏ ਤੇ ਮਸਤ ਹੋ ਕੇ ਵੰਝਲੀ ਦੀ ਸੱਦ ਸੁਣਨ ਲੱਗੇ।

ਸੰਸਾਰ ਤੇ ਇਸਦੀਆਂ ਦਿਲਚਸਪੀਆਂ ਤੋਂ ਬੇਖ਼ਬਰ ਹੋ ਕੇ ਅਹੀਰ ਅਪਣਾ ਗੀਤ ਛੇੜ ਰਿਹਾ ਸੀ। ਵੰਝਲੀ ਵਿੱਚ ਉਸਨੇ ਅਪਣਾ ਦਿਲ ਪਾ ਦਿੱਤਾ ਸੀ। ਜਾਣੋ ਉਹ ਬਾਂਸ ਦਾ ਬਣਿਆਂ ਹੋਇਆ ਸੰਗੀਤ-ਜੰਤਰ ਨਹੀਂ ਸੀ ਸਗੋਂ ਇੱਕ ਕੁੜੀ ਸੀ ਜੋ ਅਪਣੇ ਪਿਆਰੇ ਦੇ ਅਤਿ ਡੂੰਘੇ ਜਜ਼ਬਿਆਂ ਦੀ ਵਿਆਖਿਆ ਕਰ ਰਹੀ ਸੀ। ਜਦ ਤੋਂ ਉਸਨੇ ਅਪਣੇ ਗਾਣੇ ਵਿੱਚ ਇੱਕ ਓਟ ਜਹੀ ਲੱਭ ਲਈ ਸੀ, ਉਸਨੂੰ ਅਪਣੀ ਵੰਝਲੀ ਨਾਲ਼ ਸਦੀਵੀ ਹਿੱਤ ਹੋ ਗਿਆ ਸੀ। ਬਾਰ-ਬਾਰ ਉਹ ਸੋਚਦਾ ਕਿ ਵੰਝਲੀ ਉਸਦੀ ਵਹੁਟੀ ਹੈ ਜੋ ਉਸਦੇ ਹੋਠਾਂ ਦੀ ਛੋਹ ਨੂੰ ਤਰਸਦੀ ਰਹਿੰਦੀ ਹੈ।

ਗਾਈਆਂ ਮਸਤ ਹੋ ਰਹੀਆਂ ਸਨ, ਮੋਰ ਵੀ ਤੇ ਹਿਰਨ ਵੀ ਜਿਵੇਂ ਉਹਨਾਂ ਦੀ ਕੋਈ ਮੁੱਦਤ ਦੀ ਪਿਆਸ ਬੁੱਝ ਰਹੀ ਹੋਵੇ, ਕੋਈ ਮੁੱਦਤ ਦੀ ਭੁੱਖ ਮਿਟ ਰਹੀ ਹੋਵੇ। ਇਹ ਕਿਸੇ ਨਵੀਂ ਜ਼ਿੰਦਗੀ ਦਾ ਗੀਤ ਸੀ। ਇਸਦੀ ਇੱਕ-ਇੱਕ ਲਚਕ ਉੱਤੇ ਉਹ ਝੂਮ ਰਹੇ ਸਨ। ਇਹ ਗੀਤ ਜਾਣੋ ਆਖ ਰਿਹਾ ਸੀ ਕਿ ਜੀਵਨ ਇੱਕ ਹੈ ਤੇ ਸਦਾ ਇਸ ਦਾ ਚੱਕਰ ਚਲਦਾ ਰਹਿੰਦਾ ਹੈ। ਕੀ ਆਦਮੀ ਤੇ ਕੀ ਬਾਕੀ ਸਾਰੇ ਜੀਵ-ਜੰਤੂਆਂ ਵਿੱਚ ਇਹ ਇੱਕੋ ਹੀ ਜੀਵਨ, ਇਹ ਇਕੋ ਹੀ ਰਾਗ ਵੱਖੋ-ਵੱਖ ਰੰਗ ਧਾਰਨ ਕਰ ਉੱਠਿਆ ਹੈ।

ਤੇ ਫਿਰ ਅਸਮਾਨ ਦੇ ਪੰਛੀ ਵੀ ਉਸ ਟਿੱਲੇ ਉੱਤੇ ਉੱਤਰ ਆਏ। ਇਹ ਮਿੱਤਰਤਾ ਦਾ ਗੀਤ ਸੀ। ਇਸ ਦੀ ਧੜਕਨ ਇਸ਼ਕ, ਹੁਸਨ ਤੇ ਜੋਬਨ ਤੋਂ ਮਿਲ ਕੇ ਬਣੀ ਸੀ। ਬੜਾ ਮਿੱਠਾ-ਮਿੱਠਾ ਰਸ ਸੀ, ਵਿੱਚ-ਵਿੱਚ ਕੁੱਝ ਪੀੜ ਜਹੀ ਵੀ, ਇੱਕ ਮੁੱਢ ਕਦੀਮੀ ਪੀੜ।

ਖੇਤਾਂ ਦਾ ਸਾਰਾ ਸੰਗੀਤ, ਬਿਰਛਾਂ ਦੀਆਂ ਸਭ ਘੁਸਰ ਮੁਸਰਾਂ, ਝਰਨਿਆਂ ਤੇ ਦਰਿਆਵਾਂ ਦੇ ਵਗਦੇ ਪਾਣੀਆਂ ਦੇ ਸਾਰੇ ਬੋਲ, ਤਿੱਖੀ ਹਵਾ ਦੀ ਆਵਾਜ਼, ਗਾਈਆਂ ਦੇ ਦਿਲਾਂ ਦੀ ਧੜਕਨ, ਤਿੱਖੇ ਸਾਹ ਤੇ ਸਰਰ-ਸਰਰ ਦੀ ਉਹ ਆਵਾਜ਼ ਜੋ ਉਹਨਾਂ ਦਾ ਦੁੱਧ ਚੋਣ ਨਾਲ਼ ਪੈਦਾ ਹੁੰਦੀ ਹੈ।ਇਹ ਸਭ ਕੁੱਝ ਖ਼ਬਰੇ ਇਸ ਗੀਤ ਵਿੱਚ ਸਮਾ ਗਿਆ ਸੀ।

ਤੇ ਫਿਰ ਜ਼ਹਿਰੀ ਨਾਗ ਵੀ ਉਸ ਟਿੱਲੇ ਉੱਤੇ ਚੜ੍ਹ ਆਇਆ।

ਸੱਪ ਦਾ ਸੁਭਾਅ ਹੈ ਡੰਗ ਮਾਰਨਾ ਪਰ ਇਹ ਤੇ ਪਿਆਰ ਦਾ ਗੀਤ ਸੀ। ਸੁਣਦਿਆਂ-ਸੁਣਦਿਆਂ ਉਹ ਕਈ ਵਾਰ ਤ੍ਰਭਕ ਉੱਠਿਆ। ਉਸਦੇ ਕਠੋਰ ਸਿਰ ਵਿੱਚ ਜ਼ਹਿਰ ਮਚਲਣ ਲੱਗਾ ਪਰ ਉਸਨੂੰ ਅਪਣੇ ਜਿਸਮ ਵਿੱਚ ਇੱਕ ਕੰਬਣੀ ਜਿਹੀ ਮਹਿਸੂਸ ਹੋਈ। ਉਸਦੀਆਂ ਅੱਖਾਂ ਵਿੱਚ ਅੱਥਰੂ ਭਰ ਆਏ ਤੇ ਗੀਤ ਨੇ ਉਹਦੇ ਜ਼ਹਿਰ ਉੱਤੇ ਕਾਬੂ ਪਾ ਲਿਆ।

ਗੀਤ ਦੀਆਂ ਤਾਨਾਂ ਫ਼ਿਜ਼ਾ ਵਿੱਚ ਖਿੰਡ ਰਹੀਆਂ ਸਨ। ਚਾਰੇ ਪਾਸੇ ਇੱਕ ਸ਼ਾਂਤ ਚੁੱਪ ਛਾਈ ਹੋਈ ਸੀ। ਜੀਵਨ ਦੀ ਸਭ ਘ੍ਰਿਣਾ, ਰੱਬ ਜਾਣੇ, ਕਿਨ੍ਹਾਂ ਡੂੰਘਾਣਾਂ ਵਿੱਚ ਗਵਾਚ ਗਈ ਸੀ। ਪੁਰੇ ਦੀ ਹਵਾ ਵੀ ਰੁਕ ਗਈ। ਇਸਦੀ ਖ਼ਬਰੇ ਵੰਝਲੀ ਦਾ ਹੀ ਅਸਰ ਸੀ।

ਸੱਪ ਦਾ ਨੰਗਾ ਜਿਸਮ ਚਮਕ ਰਿਹਾ ਸੀ। ਫਨ ਫੈਲਾਅ ਕੇ ਉਹ ਨੱਚ ਰਿਹਾ ਸੀ, ਓਹੀ ਸਦੀਵੀ ਨਾਚ। ਉਸ ਵੇਲੇ ਉਹ ਅਪਣੇ ਜ਼ਹਿਰ ਤੋਂ ਅਨਜਾਣ ਸੀ। ਸੱਪ ਦਾ ਇਹ ਨਾਚ ਕੋਈ ਬਨਾਉਟੀ ਨਾਚ ਨਹੀਂ ਸੀ। ਇਹ ਤਾਂ ਪਿਆਰ ਦੇ ਗੀਤ ਤੋਂ ਜਨਮਿਆ ਸੀ।

ਨਾਗ ਦੀਆਂ ਅੱਖਾਂ ਵਿੱਚੋਂ ਹੰਝੂ ਕਿਰ ਰਹੇ ਸਨ ਜਾਣੋ ਉਹ ਵੀ ਦਿਲ ਰੱਖਦਾ ਸੀ, ਕੇਵਲ ਜ਼ਹਿਰ ਹੀ ਨਹੀਂ ਤੇ ਉਹ ਦਿਲ ਦੀ ਪੀੜ ਤੋਂ ਜਾਣੂ ਸੀ, ਜੀਵਨ ਦੀ ਰਗ-ਰਗ ਵਿੱਚ ਮਚਲਣ ਵਾਲੀ ਪੀੜ।

ਦੂਰ ਪੀਂਜ ਉੱਤੇ ਕਾਲੀ ਬਦਲੀ ਛਾ ਰਹੀ ਸੀ ਤੇ ਪਰ੍ਹੇ ਖੇਤਾਂ ਵਿੱਚੋਂ ਇੱਕ ਕਿਸਾਨ ਦੁਲਹਨ ਗਾ ਉੱਠੀ_

'ਨੀ ਕਾਲੀਏ ਬਦਲੀਏ! ਤੂੰ ਮੇਰੀ ਧਰਮ ਦੀ ਭੈਣ ਏਂ। ਦੇਖੀ ਪਿਆਰੀਏ, ਪਹਿਲੇ ਮੇਰੇ ਪਿਤਾ ਦੇ ਖੇਤਾਂ ਉੱਤੇ ਵੱਸੀਂ ਤੇ ਫਿਰ ਮੇਰੇ ਸਹੁਰਿਆਂ ਦੇ ਖੇਤਾਂ ਉੱਤੇ। ਉਕੀਂ ਨਾ ਭੈਣੇ। ਜਿਵੇਂ ਮੈਂ ਕਹਿੰਦੀ ਆਂ, ਉਸੇ ਤਰ੍ਹਾਂ ਕਰੀਂ।'

ਤੇ ਅਹੀਰ ਨੇ ਅਪਣੇ ਹੋਠਾਂ ਨਾਲੋਂ ਵੰਝਲੀ ਹਟਾ ਲਈ। ਗੀਤ ਸੌਂ ਗਿਆ। ਉਸਦੇ ਕੰਨ ਖੇਤਾਂ ਵੱਲੋਂ ਆਉਂਦੀ ਧਓਰ ਵੱਲ ਲੱਗ ਗਏ। ਗਾਈਆਂ ਟਿੱਲੇ ਤੋਂ ਹੇਠਾਂ ਉੱਤਰ ਰਹੀਆਂ ਸਨ। ਹਿਰਨ ਵੀ ਜਾ ਰਹੇ ਸਨ ਤੇ ਮੋਰ ਵੀ। ਪੰਛੀਆਂ ਨੂੰ ਵੀ ਅਸਮਾਨ ਦੀਆਂ ਬੁਲੰਦੀਆਂ ਯਾਦ ਆ ਗਈਆਂ ਪਰ ਜ਼ਹਿਰੀ ਨਾਗ ਫਨ ਫੈਲਾਈ ਲਗਾਤਾਰ ਨੱਚ ਰਿਹਾ ਸੀ। ਅਹੀਰ ਡਰਿਆ ਨਹੀਂ, ਉਹ ਮੁਸਕਰਾਇਆ। ਇਹ ਉਸਦੇ ਗੀਤ ਦੀ ਖਿੱਚ ਦਾ ਸਬੂਤ ਸੀ। ਉਹ ਖੁਸ਼ ਸੀ ਤੇ ਕਿਸਾਨ ਦੀ ਦੁਲਹਨ ਗਾ ਰਹੀ ਸੀ_

ਨਿੰਮ ਉੱਤੇ, ਹਰੀ ਭਰੀ ਨਿੰਮ ਉੱਤੇ ਮੇਰੀ ਭੈਣ ਝੂਲਾ ਝੂਲ ਰਹੀ ਸੀ। ਹਾਏ ਮੇਰੀ ਮਾਂ ਰੋ ਪਈ, ਮੈਂ ਵੀ ਰੋ ਪਈ। ਭੈਣ ਨੂੰ ਕਾਲੇ ਨਾਗ ਨੇ ਡਸ ਲਿਆ।

ਕਿਸ ਨਾਗ ਨੇ ਡਸ ਲਿਆ ਸੀ ਝੂਲਾ ਝੂਲਦੀ ਕੁੜੀ ਨੂੰ? ਕੀ ਇਹੋ ਸੱਪ ਸੀ ਉਹ ਨਾਗ ਜੋ ਅਹੀਰ ਕੋਲ ਫਨ ਫੈਲਾਈ ਨੱਚ ਰਿਹਾ ਸੀ? ਇਸ ਨੂੰ ਤੇ ਰੋਣਾ ਆਉਂਦਾ ਧਓੀ। ਅਜੇ ਤੀਕ ਇਸਦੀਆਂ ਅੱਖਾਂ ਗਿੱਲੀਆਂ ਸਨ ਤੇ ਜਦ ਕੋਈ ਰੋਂਦਾ ਹੈ, ਉਸਦਾ ਜ਼ਹਿਰ ਮਰ ਜਾਂਦਾ ਹੈ।

2

ਜ਼ਹਿਰੀ ਨਾਗ ਟਿੱਲੇ ਤੋਂ ਹੇਠਾਂ ਉੱਤਰ ਰਿਹਾ ਸੀ।

ਉਸਦੇ ਬੰਦ-ਬੰਦ ਵਿਚ ਇੱਕ ਅਸਾਧਾਰਣ ਥਕਾਵਟ ਮਹਿਸੂਸ ਹੋ ਰਹੀ ਸੀ ਜਿਵੇਂ ਲਹੂ ਜੰਮ ਰਿਹਾ ਹੋਵੇ। ਜਜ਼ਬਾਤ ਦੀ ਰੌ ਵਿੱਚ ਉਹ ਬਹੁਤ ਚਿਰ ਤੀਕ ਨੱਚਦਾ ਰਿਹਾ ਸੀ, ਲੋੜ ਤੋਂ ਕਿਤੇ ਵਧੇਰੇ। ਇਹ ਗੀਤ ਨਹੀਂ ਸੀ, ਇੱਕ ਮੰਤਰ ਸੀ। ਨਹੀਂ ਤਾਂ ਉਹ ਉੱਥੇ ਕਿਉਂ ਜਾਂਦਾ।

ਉਸਦਾ ਪਿੰਡਾ ਗਰਮ ਹੋਣ ਲੱਗਾ। ਲਹੂ ਪਹਿਲੀ ਚਾਲ ਨਾਲ਼ ਚੱਲਣ ਲੱਗਾ। ਉਹ ਉਹੀਓ ਪਹਿਲਾ ਸੱਪ ਸੀ ਜਿਸ ਦਾ ਸੁਭਾਅ ਹੈ ਡੰਗ ਮਾਰਨਾ ਤੇ ਉਸਦੇ ਪ੍ਰਭਾਵਾਂ ਦੀ ਖ਼ਬਰ ਸਿਰਫ਼ ਉਸੇ ਨੂੰ ਸੀ।

ਜਦ ਉਹ ਖੇਤ ਦੇ ਬੰਨੇ ਉੱਤੇ ਪਹੁੰਚਿਆ ਤਾਂ ਉਸ ਨੇ ਨਾਗਨ ਦੀ ਲਾਸ਼ ਉਵੇਂ ਹੀ ਪਈ ਦੇਖੀ। ਹੁਣ ਉਹ ਤ੍ਰੱਕ ਚਲੀ ਸੀ। ਨਾਗ ਦਾ ਦਿਲ ਬੇਚੈਨ ਹੋ ਗਿਆ। ਲਾਸ਼ ਦੇ ਦਵਾਲੇ ਉਸਨੇ ਪੰਜ ਚੱਕਰ ਕੱਟੇ ਤੇ ਫਿਰ ਉਹ ਮੁਰਦਾ ਨਾਗਨ ਵੱਲ ਦੇਖਣ ਲੱਗ ਪਿਆ। ਉਸਦੇ ਸਿਰ ਵਿੱਚ ਜ਼ਹਿਰ ਫਿਰ ਜਾਗ ਪਿਆ।

ਇਹ ਨਾਗਨ, ਮਹਿਬੂਬਾ ਬਣੀ, ਉਸਦੇ ਪਿੱਛੇ-ਪਿੱਛੇ ਤੁਰਿਆ ਕਰਦੀ ਸੀ। ਚਾਨਣੀ ਰਾਤਾਂ ਦੀਆਂ ਕਈ ਮਸਤ ਘੜੀਆਂ ਦੋਹਾਂ ਨੇ 'ਕੱਠਿਆਂ ਗੁਜ਼ਾਰੀਆਂ ਸਨ। ਉਸਦੀ ਸੰਗਤ ਵਿੱਚ ਜ਼ਿੰਦਗੀ ਕਿਤਨੀ ਸੋਹਣੀ ਜਾਪਦੀ ਸੀ, ਕਿਤਨੀ ਮੁਲੈਮ ਤੇ ਚਮਕਦਾਰ-ਨਾਗਨ ਦੇ ਜਿਸਮ ਵਾਂਗ ਤੇ ਖ਼ੁਦ ਉਸਦੇ ਅਪਣੇ ਜਿਸਮ ਵਾਂਗ ਜਦਕਿ ਕੁੰਜ ਨਵੀਂ-ਨਵੀਂ ਉੱਤਰੀ ਹੋਵੇ। ਨਾਗਨ ਦੀ ਜੀਭ ਉੱਤੇ ਜੀਭ ਰੱਖਕੇ ਉਸਨੇ ਉਹਨੂੰ ਕਈ ਵੇਰ ਅਪਣੇ ਸਦੀਵੀ ਪਿਆਰ ਦਾ ਯਕੀਨ ਦਵਾਇਆ ਸੀ। ਤਦ ਉਹ ਕੀ ਜਾਣਦਾ ਸੀ ਕਿ ਉਸਨੂੰ ਅਪਣੀ ਮਹਿਬੂਬਾ ਦੇ ਬੇਹਿਸ ਜਿਸਮ ਉੱਤੇ ਹੰਝੂ ਕੇਰਨੇ ਹੋਣਗੇ। ਫਨ ਫੈਲਾਅ ਕੇ ਉਸਨੇ ਨਾਗਨ ਦੇ ਜਿਸਮ ਨੂੰ ਫਿਰ ਸੁੰਘਿਆ। ਉਸਦੀਆਂ ਅੱਖਾਂ ਵਿੱਚ ਬਦਲੇ ਦੀ ਅੱਗ ਜਾਗ ਪਈ ਤੇ ਉਸਦਾ ਜ਼ਹਿਰ ਉਬਲਣ ਲੱਗਾ।

ਫ਼ਿਜ਼ਾ ਵਿੱਚ ਸ਼ਾਂਤੀ ਛਾਈ ਹੋਈ ਸੀ। ਪੁਰੇ ਦੀ ਛੋਹ ਨਾਲ਼ ਭਿਆਨਕ ਜ਼ਹਿਰੀ ਨਾਗ ਦਾ ਬੰਦ-ਬੰਦ ਇੱਕ ਨਵੀਂ ਹੀ ਤਾਕਤ ਮਹਿਸੂਸ ਕਰਨ ਲੱਗਾ।

ਕਿਸੇ ਸ਼ਹਿਜ਼ਾਦੇ ਦੀ ਚੰਨ ਰਾਣੀ ਨਾਲੋਂ ਸੱਪ ਦੀ ਮਹਿਬੂਬਾ ਕੀ ਘੱਟ ਮਹੱਤਤਾ ਰੱਖਦੀ ਸੀ? ਉਸਨੂੰ ਕੋਈ ਮਾਰ ਸੁੱਟਦਾ ਤਾਂ ਹਕੂਮਤ ਅੱਡੀ ਚੋਟੀ ਦਾ ਜ਼ੋਰ ਲਗਾ ਦਿੰਦੀ ਤੇ ਜੇ ਸੱਪ ਵੀ ਅਪਣੀ ਮਹਿਬੂਬਾ ਦੇ ਕਾਤਲ ਦਾ ਦੁਸ਼ਮਣ ਬਣ ਗਿਆ ਤਾਂ ਕਿਹੜੀ ਵੱਡੀ ਗੱਲ ਹੋ ਗਈ। ਪਹਿਲੇ ਵੀ ਇੱਕ ਦਿਨ ਅਹੀਰ ਨੇ ਵੰਝਲੀ ਉੱਤੇ ਅਪਣਾ ਗੀਤ ਛੇੜਿਆ ਸੀ ਅਤੇ ਨਾਗ ਤੇ ਨਾਗਨ ਮਸਤ ਹੋ ਕੇ ਉਸ ਟਿੱਲੇ ਵੱਲ ਤੁਰ ਪਏ ਸਨ ਜਿੱਥੇ ਅਹੀਰ ਅਪਣੀ ਲੈਅ ਦੀਆਂ ਨਰਮ ਥਪਕੀਆਂ ਨਾਲ਼ ਗਾਈਆਂ ਦਾ ਮਨ ਰਿਝਾ ਰਿਹਾ ਸੀ।

ਇੱਕ ਸ਼ਰਾਰਤੀ ਰਾਹੀ ਨੇ ਅਪਣੀ ਪੁਰਾਣੀ ਆਦਤ ਦੇ ਮੁਤਾਬਕ ਨਾਗਨ ਨੂੰ ਪੱਥਰ ਦਾ ਨਿਸ਼ਾਨਾ ਬਣਾ ਦਿੱਤਾ। ਉਹ ਤੜਫੀ ਤੇ ਮਰ ਗਈ, ਪਗਡੰਡੀ ਦੇ ਕਿਨਾਰੇ ਜਿਥੇ ਬਹਿ ਕੇ ਉਸ ਨੇ ਅਣਗਿਣਤ ਵਾਰ-ਪਿਆਰ ਦੇ ਡੂੰਘੇ ਰਾਜ਼ ਦੇਖ ਲਏ ਸਨ। ਨਾਗ ਅੱਗੇ-ਅੱਗੇ ਜਾ ਰਿਹਾ ਸੀ ਨਹੀਂ ਤਾਂ ਜੇ ਉਸਨੂੰ ਪਤਾ ਲੱਗ ਜਾਂਦਾ ਤਾਂ ਉਸ ਰਾਹੀ ਨੂੰ ਇਸੇ ਪਗਡੰਡੀ ਦੇ ਲਾਗੇ ਸੁਲਾ ਦਿੰਦਾ।

ਹੁਣ ਉਹ ਰਾਹੀ ਕਿੱਥੇ ਚਲਾ ਗਿਆ? ਜ਼ਹਿਰੀ ਨਾਗ ਬਦਲਾ ਜ਼ਰੂਰ ਲਵੇਗਾ। ਪਹਿਲੇ ਉਸਨੇ ਸਮਝਿਆ ਕਿ ਨਾਗਨ ਦੀ ਮੌਤ ਦੀ ਜ਼ਿੰਮੇਵਾਰੀ ਅਹੀਰ ਯਾ ਉਸ ਦੇ ਗੀਤ ਉੱਤੇ ਕਿਸੇ ਤਰ੍ਹਾਂ ਨਹੀਂ ਬਹਿੰਦੀ। ਜਦ ਤੋਂ ਉਸਨੇ ਉਸਦੀ ਸਭ ਤੋਂ ਵੱਧ ਦੁੱਧ ਦੇਣ ਵਾਲੀ ਗਾਂ ਦੀਆਂ ਪਿਛਲੀਆਂ ਟੰਗਾਂ ਨਾਲ਼ ਲਿਪਟ ਕੇ ਉਸਦਾ ਮਿੱਠਾ ਦੁੱਧ ਪੀਣਾ ਸ਼ੁਰੂ ਕਰ ਦਿੱਤਾ ਸੀ, ਉਹ ਅਪਣੀ ਮਹਿਬੂਬਾ ਨੂੰ ਕੁੱਝ-ਕੁੱਝ ਭੁੱਲ ਬੈਠਾ ਸੀ ਪਰ ਉਸ ਦੀ ਲਾਸ਼ ਦੇਖਕੇ ਉਸਦੇ ਲਹੂ ਦੀ ਇੱਕ ਬੂੰਦ ਨਫ਼ਰਤ ਨਾਲ਼ ਭਰ ਗਈ ਤੇ ਉਹ ਸਭ ਸ਼ਾਂਤੀ ਜੋ ਉਸਨੂੰ ਪਿਆਰ ਦੇ ਗੀਤ ਤੋਂ ਮਿਲੀ ਸੀ, ਰੱਬ ਜਾਣੇ ਕਿੱਧਰ ਉੱਡ-ਪੁੱਡ ਗਈ ਸੀ।

ਉਹ ਰਾਹੀ ਹੁਣ ਨਹੀਂ ਮਿਲਦਾ ਤਾਂ ਨਾ ਮਿਲੇ, ਉਹ ਉਸ ਅਹੀਰ ਦਾ ਖ਼ਾਤਮਾ ਕਰ ਦੇਵੇਗਾ ਤੇ ਉਸਦੇ ਗੀਤਾਂ ਨੂੰ ਸਦਾ ਲਈ ਬੰਦ ਕਰ ਦੇਵੇਗਾ। ਨਾ ਉਸ ਦਿਨ ਉਸਨੇ ਗੀਤ ਛੇੜਿਆ ਹੁੰਦਾ ਤੇ ਨਾ ਉਸ ਦਿਨ ਉਹ ਅਪਣੀ ਮਹਿਬੂਬਾ ਸਮੇਤ ਉਸ ਟਿੱਲੇ ਵੱਲ ਚੱਲ ਪਿਆ ਹੁੰਦਾ, ਤੇ ਉਹ ਰਾਹੀ ਜ਼ਰੂਰ ਉਸ ਅਹੀਰ ਦਾ ਭਾਈ ਬੰਦ ਹੀ ਤਾਂ ਹੈ!ਆਦਮੀ ਦਾ ਪੁੱਤਰ ਸੱਪਾਂ ਦਾ ਸਦੀਵੀਂ ਦੁਸ਼ਮਣ। ਕਿਸੇ ਦੂਜੀ ਨਾਗਨ ਨਾਲ਼ ਉਹ ਸਹਿਜੇ ਹੀ ਪਿਆਰ ਕਰ ਸਕਦਾ ਸੀ। ਅਪਣੀ ਨਸਲ ਨੂੰ ਅੱਗੇ ਵਧਾਉਣ ਵਿੱਚ ਉਸ ਨੂੰ ਕੀ ਤਕਲੀਫ਼ ਹੋ ਸਕਦੀ ਸੀ। ਆਦਮੀ ਵੀ ਤਾਂ ਇੱਕ ਤੀਵੀਂ ਮਰ ਜਾਣ ਪਿੱਛੋਂ ਦੂਜੀ ਨਾਲ਼ ਪਿਆਰ ਕਰਨ ਲੱਗ ਜਾਂਦਾ ਹੈ, ਪਰ ਇਸਦਾ ਮਤਲਬ ਇਹ ਤਾਂ ਨਹੀਂ ਕਿ ਉਹ ਬਦਲਾ ਲੈਣੋਂ ਹਟ ਜਾਵੇ।

ਆਖ਼ਿਰ ਜ਼ਹਿਰ ਦਾ ਭਾਵ ਕੀ ਹੈ? ਮਾਰਨਾ, ਬਦਲਾ ਲੈਣਾ, ਜ਼ਹਿਰ ਬਣਿਆ ਹੀ ਹੈ ਮਾਰਨ ਲਈ। ਆਦਮੀ ਨੂੰ ਚਾਹੀਦਾ ਹੈ ਡਰਨਾ, ਸੱਪ ਤੋਂ ਸੱਪ ਦੇ ਬਦਲੇ ਤੋਂ। ਜ਼ਹਿਰ ਸੱਪ ਦੇ ਨਾਲ਼ ਹੀ ਪੈਦਾ ਹੁੰਦਾ ਹੈ। ਜਦ ਤੱਕ ਉਹ ਜ਼ਿੰਦਾ ਰਹਿੰਦਾ ਹੈ, ਉਸਦਾ ਜ਼ਹਿਰ ਵੀ ਅਪਣਾ ਕੰਮ ਕਰਦਾ ਰਹਿੰਦਾ ਹੈ। ਝੂਠੇ ਅੰਮ੍ਰਿਤ ਤੋਂ ਤਾਂ ਸੱਪ ਦਾ ਜ਼ਹਿਰ ਹੀ ਹਜ਼ਾਰ ਵਾਰ ਸੱਚਾ ਹੈ। ਸੱਪ ਦੀ ਜੀਭ ਅਪਵਿੱਤਰ ਹੀ ਸਹੀ ਪਰ ਕੀ ਉਹ ਅੰਮ੍ਰਿਤ ਦੀਆਂ ਟਾਹਰਾਂ ਮਾਰਨ ਵਾਲਿਆਂ ਤੋਂ ਬਦਲਾ ਲੈਣਾ ਕਦੀ ਛੱਡ ਸਕਦਾ ਹੈ?

ਸੱਪ ਦੇ ਸਿਰ ਵਿੱਚ ਜ਼ਹਿਰ ਸੁੱਤਾ ਰਹਿੰਦਾ ਹੈ ਜਦ ਤੀਕ ਕੋਈ ਉਸਨੂੰ ਜਗਾ ਨਹੀਂ ਦਿੰਦਾ। ਭਿਆਨਕ ਜ਼ਹਿਰੀ ਨਾਗ ਅਹੀਰ ਦੇ ਹੱਥ ਵਿੱਚੋਂ ਵੰਝਲੀ ਡੇਗ ਦੇਣੀ ਚਾਹੁੰਦਾ ਸੀ, ਸਦਾ ਲਈ, ਤਾਂ ਜੋ ਫਿਰ ਕਦੀ ਉਸਦਾ ਗੀਤ ਹਵਾ ਵਿੱਚ ਨਾ ਗੂੰਜ ਉਠੇ ਤੇ ਉਸਨੂੰ ਉਸਦੇ ਇਰਾਦੇ ਤੋਂ ਕੌਣ ਵਰਜ ਸਕਦਾ ਸੀ?

ਪੱਛਮ ਵਿੱਚ ਪੀਂਘ ਸੱਪ ਵਾਂਗ ਲਹਿਰਾਈ ਹੋਈ ਸੀ। ਅਹੀਰ ਉਸਨੂੰ ਦੇਖ ਕੇ ਖੁਸ਼ ਹੋ ਰਿਹਾ ਸੀ। ਇਹ ਕਿਸੇ ਬੁੱਢੀ ਦਾ ਝੂਲਾ ਸੀ, ਜਿਵੇਂ ਕਿ ਉਸਨੇ ਅਪਣੀ ਦਾਦੀ ਤੋਂ ਸੁਣ ਰੱਖਿਆ ਸੀ। ਉਹ ਇਹ ਵੀ ਜਾਣਦਾ ਸੀ ਕਿ ਜਿੱਥੋਂ ਇਹ ਝੂਲਾ ਉੱਪਰ ਉੱਠਦਾ ਦਿਖਾਈ ਦਿੰਦਾ ਹੈ ਉੱਥੇ ਉਫ਼ਕ ਦੇ ਕੋਲ ਹੀ ਜ਼ਹਿਰੀ ਸੱਪ ਦੀ ਖੁੰਡ ਹੈ। ਸੱਪ ਤੋਂ ਬਚਿਓ, ਬੱਚਾ!ਮਾਂ ਦੀ ਇਹ ਨਸੀਹਤ ਉਸਨੂੰ ਭੁੱਲੀ ਨਹੀਂ ਸੀ ਪਰ ਉਹ ਅਪਣੇ ਗੀਤਾਂ ਦੀ ਪਹੁੰਚ ਤੋਂ ਵਾਕਫ਼ ਸੀ। ਉਹ ਸੱਪ ਤੋਂ ਡਰਦਾ ਨਹੀਂ ਸੀ।

ਗੀਤ ਗੂੰਜ ਰਿਹਾ ਸੀ। ਨਾਗ ਚਾਰੇ ਪਾਸੇ ਦੇਖਦਾ ਸੀ, ਹੈਰਾਨ ਨਿਗਾਹਾਂ ਨਾਲ਼, ਹੈਰਾਨ ਕੰਨਾਂ ਨਾਲ਼। ਬਾਰ-ਬਾਰ ਉਸਦਾ ਫਨ ਉੱਤੇ ਉੱਠ ਜਾਂਦਾ। ਇਹ ਗੀਤ ਜ਼ਰੂਰ ਬੰਦ ਹੋਣਾ ਚਾਹੀਦਾ ਹੈ। ਗੀਤ ਚਾਰੇ ਪਾਸੇ ਗੂੰਜ ਰਿਹਾ ਸੀ ਤੇ ਸੱਪ ਨੇ ਸਮਝਿਆ ਅਹੀਰ ਦੇ ਸਭ ਭਾਈ ਬੰਦ, ਆਦਮੀ ਦੇ ਬੇਟੇ, ਵੰਝਲੀਆਂ ਵਜਾ ਰਹੇ ਹਨ। ਉਸਦੇ ਕਾਲੇ ਚਮਕਦਾਰ ਜਿਸਮ ਦਾ ਬੰਦ-ਬੰਦ ਦੁਖਣ ਲੱਗਾ। ਨਹੀਂ-ਨਹੀਂ, ਉਹ ਡਰੇਗਾ ਨਹੀਂ। ਉਹ ਇਕੱਲਾ ਹੈ ਤੇ ਆਦਮੀ ਦੇ ਬੇਟੇ ਅਣਗਿਣਤ। ਮੁਕਾਬਲਾ ਕਰੜਾ ਹੈ ਤਾਂ ਕੀ ਹੋਇਆ? ਉਹ ਡੱਟ ਕੇ ਲੜੇਗਾ। ਮਰ ਜਾਵੇਗਾ ਯਾ ਸਭ ਨੂੰ ਮਾਰ ਦੇਵੇਗਾ, ਪਹਿਲਾਂ ਅਹੀਰ ਨੂੰ ਤੇ ਫਿਰ ਸਭ ਆਦਮੀਆਂ ਨੂੰ। ਤੇ ਜੇ ਸਭ ਦੇ ਹੱਥਾਂ ਵਿੱਚੋਂ ਵੰਝਲੀਆਂ ਨਾ ਡੇਗ ਦਿੱਤੀਆਂ, ਗੀਤ ਨਾ ਬੰਦ ਕਰ ਦਿੱਤਾ ਤਾਂ ਉਸ ਦਾ ਨਾਂ ਸੱਪ ਨਹੀਂ। ਸਮਾਂ ਬੀਤ ਰਿਹਾ ਸੀ। ਦਿਨ, ਹਫ਼ਤੇ ਤੇ ਮਹੀਨੇ ਲੰਘ ਜਾਂਦੇ, ਗੀਤ ਲਗਾਤਾਰ ਤੁਰਦਾ ਰਿਹਾ। ਨਾਗ ਦੇ ਮਨ ਵਿੱਚ ਲੰਮੇ ਸਮੇਂ ਦੇ ਪਰਛਾਵੇਂ ਪੈਦਾ ਹੁੰਦੇ ਰਹਿੰਦੇ। ਉਹ ਵੇਖਦਾ ਕਿ ਇੱਕ ਲਹਿਰ ਜਾਂਦੀ, ਦੂਜੀ ਝੱਟ ਭੱਜੀ ਚਲੀ ਆਉਂਦੀ। ਉਹ ਮੁਕਾਬਲੇ ਤੋਂ ਨੱਸੇਗਾ ਨਹੀਂ। ਉਸਦਾ ਜ਼ਹਿਰ ਕੌੜਾ ਹੋ ਰਿਹਾ ਸੀ ਜਿਵੇਂ ਬਸੰਤ ਰੁੱਤ ਵਿੱਚ ਸ਼ਹਿਦ ਹੋਰ ਵੀ ਖ਼ੁਸ਼ਬੂਦਾਰ ਹੋ ਜਾਂਦਾ ਹੈ ਤੇ ਮਿੱਠਾ ਵੀ।

ਕਿਸ ਨੇ ਭਰ ਦਿੱਤੀ ਹੈ ਜੀਵਨ ਵਿੱਚ ਖ਼ੁਦ-ਨੁਮਾਈ? ਸ਼ੁਰੂ ਵਿੱਚ ਹੌਲ਼ੀ-ਹੌਲ਼ੀ ਪੈਦਾ ਹੁੰਦੀ ਹੈ, ਜਿਵੇਂ ਬਿਰਛਾਂ ਉੱਤੇ ਬੂਰ ਆਉਂਦਾ । ਕੀ ਅੰਮ੍ਰਿਤ ਵਿੱਚ ਵੀ ਇਤਨੀ ਹੀ ਖ਼ੁਦ-ਨੁਮਾਈ ਹੁੰਦੀ ਹੈ ਜਿਤਨੀ ਜ਼ਹਿਰ ਵਿੱਚ? ਕਿਵੇਂ ਸੁੱਝੀ ਅਹੀਰ ਨੂੰ ਇਸ ਸ਼ਰਾਰਤ, ਅਹੀਰ ਨੂੰ ਹੀ ਨਹੀਂ ਆਦਮੀ ਦੇ ਸਭ ਬੇਟਿਆਂ ਨੂੰ। ਕੀ ਵੰਝਲੀਆਂ ਵਜਾਉਣ ਵਾਲੇ ਦੀਵਾਨੇ ਇਹ ਨਹੀਂ ਸਮਝਦੇ ਕਿ ਸੱਪ ਦੀ ਇੱਕੋ ਚੁੰਮੀ ਉਹਨਾਂ ਨੂੰ ਮੌਤ ਦੇ ਮੂੰਹ ਵਿੱਚ ਧਕੇਲ ਸਕਦੀ ਹੈ?

ਉਸ ਵੇਲੇ ਰੱਬ ਦਾ ਇਨਸਾਫ਼ ਕਿੱਥੇ ਸੀ, ਜਦ ਇੱਕ ਸ਼ਰਾਰਤੀ ਰਾਹੀ ਨੇ ਪਗਡੰਡੀ ਦੇ ਕਿਨਾਰੇ ਜਾਂਦੀ ਹੋਈ ਨਾਗਨ ਦਾ ਸਿਰ ਪੱਥਰ ਨਾਲ਼ ਫੇਹ ਦਿੱਤਾ ਸੀ। ਹੁਣ ਜੇ ਰੱਬ ਵੀ ਉਸਨੂੰ ਬਦਲਾ ਲੈਣ ਤੋਂ ਵਰਜੇ ਤਾਂ ਉਹ ਵੀ ਟਲੇਗਾ ਨਹੀਂ। ਰੱਬ ਹੋਵੇਗਾ ਅਪਣੇ ਘਰ। ਉਹ ਵੀ ਬੇਇਨਸਾਫ਼ ਹੋ ਸਕਦਾ ਹੈ। ਸੱਪ ਉੱਤੇ ਹੁਣ ਉਸਦਾ ਹੁਕਮ ਨਾ ਚੱਲੇਗਾ। ਉਹ ਸੱਪ ਵੀ ਹੈ ਤੇ ਸ਼ੈਤਾਨ ਵੀ। ਜੇ ਰੱਬ ਵਿੱਚ ਰਤੀ ਵੀ ਤਾਕਤ ਹੈ ਤਾਂ ਉਹ ਇਸ ਗੀਤ ਨੂੰ ਹੀ ਕਿਉਂ ਨਹੀਂ ਬੰਦ ਕਰ ਦਿੰਦਾ? ਰੱਬ ਵੀ ਗਰੀਬਾਂ ਨੂੰ ਡਰਾਉਂਦਾ ', ਗਰੀਬਾਂ ਨੂੰ ਤੇ ਕਮਜ਼ੋਰਾਂ ਨੂੰ। ਸ਼ੈਤਾਨ ਤੇ ਸੱਪ ਦੇ ਸਾਹਮਣੇ ਉਸ ਦੀ ਕੋਈ ਪੇਸ਼ ਨਹੀ ਜਾਵੇਗੀ। ਭਿਆਨਕ ਜ਼ਹਿਰੀ ਨਾਗ ਜ਼ਰੂਰ ਕੋਈ ਐਸੀ ਤਰਤੀਬ ਕੱਢ ਲਵੇਗਾ ਜਿਸ ਨਾਲ਼ ਉਹ ਰੱਬ ਤੇ ਮਨੁੱਖ ਦੀ ਰਲਵੀਂ ਤਾਕਤ ਦਾ ਵੀ ਮੁਕਾਬਲਾ ਕਰ ਸਕੇਗਾ। 'ਕੱਲਾ ਆਦਮੀ ਤਾਂ ਕਿਸੇ ਤਰ੍ਹਾਂ ਵੀ ਉਸ ਦੇ ਸਾਹਮਣੇ ਨਹੀਂ ਠਹਿਰ ਸਕੇਗਾ।

ਇੱਕ ਦਿਨ ਨਾਗ ਸੌਂ ਕੇ ਉੱਠਿਆ ਤਾਂ ਉਹ ਖੁਸ਼ੀ ਨਾਲ਼ ਨੱਚਣ ਲੱਗਾ। ਧਰਤੀ ਉੱਤੇ ਤਾਂ ਕੇਵਲ ਉਹੀ ਇਤਨਾ ਜ਼ਹਿਰੀਲਾ ਹੈ ਕਿ ਆਦਮੀ ਦੀ ਜੀਵਨ ਜੋਤ ਉਸਦੇ ਇੱਕੋ ਫੁੰਕਾਰੇ ਨਾਲ਼ ਬੁੱਝ ਜਾਵੇ.....ਤੇ ਮੁਕਾਬਲਾ 'ਕੱਲੇ ਅਹੀਰ ਨਾਲ਼ ਹੀ ਨਹੀਂ ਸਗੋਂ ਸਭਨਾਂ ਆਦਮੀਆਂ ਨਾਲ਼ ਹੈ।ਸਭਨਾਂ ਆਦਮੀਆਂ ਨਾਲ਼ ਜੋ ਵੰਝਲੀਆਂ ਵਜਾ ਰਹੇ ਹਨ......ਉਸ ਦੀ ਖੁਸ਼ੀ ਸੰਜੀਦਗੀ ਬਣ ਗਈ.......ਫਿਰ ਉਸਦੀ ਸੰਜੀਦਗੀ ਚਿੰਤਾ ਬਣ ਗਈ।

ਪਾਤਾਲ ਦੇ ਸਾਰੇ ਸੱਪ ਧਰਤੀ ਉੱਤੇ ਆ ਗਏ। ਭਿਆਨਕ ਜ਼ਹਿਰੀ ਨਾਗ ਇਹ ਜਾਣਦਾ ਸੀ ਕਿ ਉਹ ਉਹਨਾਂ ਨੂੰ ਅਪਣਾ ਜ਼ਹਿਰ ਦੇ ਸਕਦਾ ਹੈ ਤੇ ਉਹਨਾਂ ਨੂੰ ਆਦਮੀ ਦੇ ਇੱਕ-ਇੱਕ ਬੇਟੇ ਦੀ ਚੁੰਮੀ ਲੈਣ ਲਈ ਉਕਸਾ ਸਕਦਾ ਹੈ। ਉਸਦਾ ਸੱਦਾ ਸੁਣ ਕੇ ਉਹ ਸਭ ਭੱਜੇ ਚਲੇ ਆਏ ਸਨ, ਇਹ ਕੋਈ ਮਾਮੂਲੀ ਗੱਲ ਨਹੀਂ ਸੀ। ਭਿਆਨਕ ਜ਼ਹਿਰੀ ਨਾਗ ਨੇ ਕਿਸੇ ਤਰ੍ਹਾਂ ਅਪਣੇ ਜ਼ਹਿਰ ਦਾ ਬਹੁਤਾ ਹਿੱਸਾ ਭੋਜਨ ਵਿੱਚ ਰਲਾ ਦਿੱਤਾ ਤੇ ਇਹ ਭੋਜਨ ਖਾਣ ਮਗਰੋਂ ਸਾਰੇ ਸੱਪ ਉਸਦੇ ਵਾਂਗ ਮਾਰੂ ਬਣ ਗਏ।

ਰੋ-ਰੋ ਕੇ ਉਸਨੇ ਅਪਣੀ ਬਿਪਤਾ ਸਾਰੇ ਸੱਪਾਂ ਨੂੰ ਖੋਲ੍ਹ ਸੁਣਾਈ। ਹਰੇਕ ਸੱਪ ਹਰੇਕ ਵੰਝਲੀ ਵਾਲੇ ਦਾ ਦੁਸ਼ਮਣ ਸੀ......ਪਰ ਉਸ ਅਹੀਰ ਦੀ ਚੁੰਮੀ ਉਹ ਆਪ ਲਏਗਾ।

3.

ਧਰਤੀ ਦਾ ਭਿਆਨਕ ਨਾਗ ਟਿੱਲੇ ਉੱਤੇ ਚੜ੍ਹ ਰਿਹਾ ਸੀ।

ਉਸਨੇ ਵੇਖਿਆ ਕਿ ਅਹੀਰ ਸੌਂ ਰਿਹਾ ਹੈ। ਚੰਗਾ ਮੌਕਾ ਸੀ। ਉੱਤੇ ਅਸਮਾਨ ਵਿੱਚ ਚੰਨ ਪ੍ਰਗਟ ਹੋ ਰਿਹਾ ਸੀ। ਚੰਨ ਅਹੀਰ ਦਾ ਮਾਮਾ। ਸੱਪ ਨੇ ਚੰਨ ਵੱਲ ਵੇਖਿਆ ਤੇ ਉਸਦਾ ਜ਼ਹਿਰ ਕਰੁੱਧ ਹੋ ਉੱਠਿਆ। ਅਹੀਰ ਤਾਂ ਅਹੀਰ, ਮੌਕਾ ਪੈਣ ਉੱਤੇ ਚੰਨ ਵੀ ਡਸ ਸਕਦਾ ਹੈ।

ਨਾਗਨ ਦੀ ਯਾਦ ਹੁਣ ਉਸਨੂੰ ਰਵਾਉਂਦੀ ਨਹੀਂ ਸੀ। ਉਹ ਤੇ ਸ਼ਹੀਦ ਹੋ ਚੁੱਕੀ ਸੀ, ਪਰ ਬਦਲਾ ਜ਼ਰੂਰੀ ਹੈ। ਉਹ ਹੁਣ ਸ਼ੈਤਾਨ ਬਣ ਗਿਆ ਹੈ। ਨਹੀਂ, ਅਹੀਰ ਦੇ ਬੁੱਲ੍ਹ 'ਤੇ ਉਸਨੂੰ ਹੁਣ ਚੁੰਮਣੇ ਹੀ ਪੈਣਗੇ। ਹੌਲ਼ੀ-ਹੌਲ਼ੀ ਉਹ ਅਹੀਰ ਦੇ ਕੋਲ ਜਾ ਪਹੁੰਚਿਆ। ਛੱਤਰੀ ਵਾਂਗ ਉਸਨੇ ਅਪਣਾ ਫਨ ਫੈਲਾਅ ਦਿੱਤਾ ਤੇ ਰਤਾ ਅਗੇਰੇ ਵੱਧ ਕੇ ਅਪਣੀ ਜੀਭ ਅਹੀਰ ਦੇ ਬੁੱਲ੍ਹਾਂ ਉੱਤੇ ਰੱਖ ਦਿੱਤੀ, ਜਿੱਥੇ ਉਸਦੀ ਵੰਝਲੀ ਆ ਟਿਕਦੀ ਸੀ। ਕੱਤਕ ਦੇ ਸ਼ਹਿਰ ਵਰਗੇ ਰੰਗੀਨ ਤੇ ਰਸੀਲੇ ਬੁੱਲ੍ਹ ਜੋ ਗੀਤ ਪੈਦਾ ਕਰਨ ਵਿੱਚ ਸਦਾ ਮੱਦਦ ਪਹੁੰਚਾਉਂਦੇ ਰਹੇ ਸਨ, ਇੱਕ ਵਾਰ ਹਿੱਲੇ ਤੇ ਫਿਰ ਚੁੱਪ ਹੋ ਗਏ।



ਅਹੀਰ ਫਿਰ ਨਾ ਜਾਗਿਆ।

ਗਾਈਆਂ ਬਦਸੂਰਤ ਟਿੱਲੇ ਦਾ ਲਾਗੇ ਚਰ ਰਹੀਆਂ ਸਨ, ਜਿੱਥੇ ਹਰਾ-ਹਰਾ ਘਾਹ ਉੱਗ ਰਿਹਾ ਸੀ, ਕਿਸੇ ਅਣ-ਦਿਸਦੇ ਰਾਗ ਵਾਂਗ ਜਿਸ ਨੂੰ ਕੋਈ ਬੰਦ ਨਹੀਂ ਕਰ ਸਕਦਾ।

ਨਾਗ ਨੇ ਅਹੀਰ ਨੂੰ ਅਜਿਹੇ ਗੁੱਸੇ ਨਾਲ਼ ਡੰਗਿਆ ਸੀ ਕਿ ਉਹ ਦਰਦ ਦੇ ਇੱਕ ਤੀਬਰ ਅਨੁਭਵ ਨਾਲ਼ ਤੜਪਿਆ, ਉਸਦੇ ਮੂੰਹ ਵਿੱਚ ਝੱਗ ਪੈਦਾ ਹੋਈ, ਨੱਕ ਵਿੱਚੋਂ ਲਹੂ ਵਗ ਤੁਰਿਆ ਤੇ ਉਹ ਸਦਾ ਲਈ ਸੌਂ ਗਿਆ।

ਜ਼ਹਿਰ ਕਹਿੰਦਾ ਹੈ,ਓ ਜੀਵਨ ਮੇਰੇ ਕੋਲੋਂ ਡਰ। ਕੌਣ ਜਾਣੇ ਜ਼ਹਿਰ ਕਿਵੇਂ ਪੈਦਾ ਹੋਇਆ ਤੇ ਕੀ ਕਦੀ ਇਹ ਜ਼ਹਿਰ ਖ਼ਤਮ ਵੀ ਹੋ ਜਾਵੇਗਾ, ਪਰ ਜੀਵਨ ਦਾ ਸਾਹ ਹਮੇਸ਼ਾ ਤੁਰਦਾ ਰਹਿੰਦਾ ਹੈ। ਜੀਵਨ ਤਾਂ ਅੰਮ੍ਰਿਤ ਹੈ।

ਪੁਰਾ ਚੱਲ ਰਿਹਾ ਸੀ ਤੇ ਉਹ ਮੁਰਦਾ ਅਹੀਰ ਦੇ ਸਿਰ ਥੱਲੇ ਪਈ ਵੰਝਲੀ ਵਿੱਚ ਦੀ ਲੰਘ ਕੇ ਗੀਤ ਪੈਦਾ ਕਰ ਰਿਹਾ ਸੀ, ਪਰ ਪੁਰਾ ਉਦਾਸ ਸੀ ਤੇ ਗੀਤ ਦੀ ਵੇਦਨਾ ਹੌਲ਼ੀ-ਹੌਲ਼ੀ ਫ਼ਜ਼ਾ ਦੀਆਂ ਚੁੜਾਈਆਂ ਵਿੱਚ ਖਿੰਡ ਰਹੀ ਸੀ। ਨਾਗ ਖ਼ਬਰੇ ਅਪਣੀ ਖੁੱਡ ਵੱਲ ਚਲਾ ਗਿਆ ਸੀ, ਦੂਰ ਉਫ਼ਕ ਦੇ ਲਾਗੇ ਜਿੱਥੋਂ ਪੀਂਘ ਉਠਿਆ ਕਰਦੀ ਹੈ। ਬੋੜ੍ਹ ਦੀਆਂ ਦਾੜ੍ਹਾਂ ਬਰਾਬਰ ਲਟਕ ਰਹੀਆਂ ਸਨ, ਵਿਸ਼ ਘੋਲਦੇ ਭਿਆਨਕ ਸੱਪਾਂ ਵਾਂਗ। ਪੁਰੇ ਦੇ ਝੌਂਕੇ ਉਹਨਾਂ ਨੂੰ ਹਿਲਾ ਰਹੇ ਸਨ ਤੇ ਉਹਨਾਂ ਦੀਆਂ ਘੁਸਰ-ਮੁਸਰਾਂ ਵੀ ਗ਼ਮਗੀਨ ਤੇ ਦਿਲਸੋਜ਼ ਹੋ ਰਹੀਆਂ ਸਨ।

ਗੀਤ ਲਗਾਤਾਰ ਜਾਰੀ ਰਿਹਾ। ਗੀਤ ਤਾਂ ਅੰਮ੍ਰਿਤ ਹੈ। ਕੋਈ ਜ਼ਹਿਰ ਇਸਨੂੰ ਮਿਟਾ ਨਹੀਂ ਸਕਦਾ ਤੇ ਕੋਈ ਸੱਪ ਇਸਨੂੰ ਡਸ ਨਹੀਂ ਸਕਦਾ।

ਸੱਪ ਤੇ ਸਪੋਲੀਏ ਆਦਮੀ ਨੂੰ ਦੁਨੀਆ ਤੋਂ ਮਿਟਾ ਦੇਣ ਦੇ ਯਤਨ ਕਰਦੇ ਰਹੇ। ਜਿਵੇਂ ਸੰਘਣੇ ਬੱਦਲਾਂ ਵਿੱਚੋਂ ਬਿਜਲੀ ਚਮਕਦੀ ਹੈ ਤਿਵੇਂ ਹਰ ਸੱਪ ਦੇ ਸਿਰ ਵਿੱਚ ਜ਼ਹਿਰ ਬਾਰ-ਬਾਰ ਜਾਗ ਉੱਠਦਾ ਤੇ ਫਿਰ ਛੇਤੀ ਹੀ ਕੋਈ ਵੰਝਲੀ ਵਾਲੇ ਸੱਪ ਦੀ ਚੁੰਮੀ ਦੀ ਤਾਬ ਨਾ ਲਿਆ ਕੇ ਦਮ ਤੋੜ ਦਿੰਦਾ।

ਸੰਘਣੀ ਛਾਂ ਵਾਲੇ ਬੋੜ੍ਹ ਨੇ ਹੁਣ ਤੱਕ ਉਸ ਸੁੰਨਸਾਨ ਥਾਂ ਨੂੰ ਸੜਕ ਤੋਂ ਲੁਕਾ ਰੱਖਿਆ ਸੀ, ਜਿੱਥੇ ਘਾਹ ਉੱਗ ਰਿਹਾ ਸੀ।ਨਿੱਕਾ-ਨਿੱਕਾ ਘਾਹ ਜਿਵੇਂ ਕਿਸੇ ਦੀਆਂ ਮਸਾਂ ਫੁੱਟ ਰਹੀਆਂ ਹੋਣ ਤੇ ਉਹ ਟਿੱਲਾ-ਕੁਆਰੀ ਧਰਤੀ ਦਾ ਉਹ ਸੁੰਦਰ ਸੀਨ, ਓਵੇਂ ਹੀ ਉੱਭਰਿਆ ਹੋਇਆ ਸੀ।

ਕੋਈ ਹੋਰ ਅਹੀਰ ਹੁਣ ਇਸ ਟਿੱਲੇ ਉੱਤੇ ਵੰਝਲੀ ਵਜਾ ਰਿਹਾ ਸੀ। ਗਾਈਆਂ ਮਸਤ ਹੋ ਰਹੀਆਂ ਸਨ। ਫਿਰ ਧਰਤੀ ਦਾ ਭਿਆਨਕ ਜ਼ਹਿਰੀ ਨਾਗ ਵੀ ਉੱਪਰ ਚੜ੍ਹ ਆਇਆ। ਗੀਤ ਨੇ ਉਸ ਦੇ ਜ਼ਹਿਰ ਉੱਤੇ ਫਿਰ ਫ਼ਤਹਿ ਪਾ ਲਈ.....ਤੇ ਵੰਝਲੀ ਵੱਜਦੀ ਰਹੀ।

# ਨਮਸਕਾਰ

## ਕੁਲਵੰਤ ਸਿੰਘ ਵਿਰਕ

ਜਦੋਂ ਦੂਜੀ ਵੱਡੀ ਜੰਗ ਲੱਗੀ ਤਾਂ ਅਸੀਂ ਬਹੁਤ ਸਾਰੇ ਕਾਲਜਾਂ ਵਿੱਚ ਪੜ੍ਹਦੇ ਜਾਂ ਪੜ੍ਹ ਹਟੇ ਮੁੰਡੇ ਫ਼ੌਜ ਵਿੱਚ ਭਰਤੀ ਹੋ ਗਏ। ਜਿਸ ਕਿਸੇ ਨੂੰ ਦੋਹਾਂ ਅੱਖਾਂ ਤੋਂ ਦਿਸਦਾ ਸੀ ਤੇ ਦਸ ਜਮਾਤਾਂ ਪਾਸ ਸੀ, ਉਹ ਲਫ਼ਟੈਨ ਬਣਨ ਲਈ ਦਰਖ਼ਾਸਤ ਦੇ ਸਕਦਾ ਸੀ। ਦਰਖ਼ਾਸਤਾਂ ਦੇਣ ਪਿੱਛੋਂ ਮੁੰਡੇ ਅੰਗਰੇਜ਼ੀ ਬੋਲਣੀ ਸਿੱਖਦੇ ਕਿਉਂਕਿ ਭਰਤੀ ਲਈ ਮੁਲਾਕਾਤ ਵੇਲੇ ਗੱਲਬਾਤ ਅੰਗਰੇਜ਼ੀ ਵਿੱਚ ਹੀ ਹੁੰਦੀ। ਨਾ਼ਲ-ਨਾ਼ਲ ਬਣਨਾ-ਫੱਬਣਾ ਵੀ ਸਿੱਖਦੇ ਤਾਂ ਜੋ ਉਹ ਵੱਡੇ ਵੱਡੇ ਖ਼ਾਨਦਾਨਾਂ ਰਾਹੀਂ ਹੀ ਇਸ ਦੁਨੀਆ ਵਿੱਚ ਆਏ ਦਿਸਣ। ਸਟਾਲਨ ਅਤੇ ਹਿਟਲਰ, ਜਿਹੜੇ ਮੋਚੀ ਛੀਂਬੇ ਕਿਸਮ ਦੇ ਆਦਮੀ ਸਨ, ਦੇ ਸੰਸਾਰ ਵਿੱਚ ਪ੍ਰਗਟ ਹੋਣ ਤੋਂ ਪਿੱਛੋਂ ਵੀ ਅਜੇ ਇਹ ਖ਼ਿਆਲ ਆਮ ਸੀ ਕਿ ਅੰਗਰੇਜ਼ ਕੇਵਲ ਖਾਂਦੇ-ਪੀਂਦੇ ਹਿੰਦੁਸਤਾਨੀਆਂ ਨੂੰ ਹੀ ਅਫ਼ਸਰੀ ਦੇ ਯੋਗ ਸਮਝਦੇ ਹਨ। ਇਸ ਬਿਪਤਾ ਵੇਲੇ ਅੰਗਰੇਜ਼ਾਂ ਨੂੰ ਇਹੋ-ਜਿਹੇ ਭੁਲੇਖੇ ਕੱਢਣ ਦੀ ਵਿਹਲ ਨਹੀਂ ਸੀ। ਖ਼ਾਸ ਕਰ ਜਦੋਂ ਹਿੰਦੁਸਤਾਨ ਵਿੱਚ ਭਰਤੀ ਵੱਲੋਂ ਉਹਨਾਂ ਦਾ ਕੰਮ ਠੀਕ ਚੱਲ ਰਿਹਾ ਸੀ। ਜਿਹੜੇ ਹਜ਼ਾਰਾਂ ਹਿੰਦੁਸਤਾਨੀਆਂ ਨੂੰ ਉਹਨਾਂ ਲਫ਼ਟੈਨ ਬਣਾਇਆ ਉਹਨਾਂ ਵਿੱਚੋਂ ਮੈਂ ਵੀ ਸਾਂ। ਇਹ ਕੋਈ ਉਚੇਚੀ ਗੱਲ ਨਹੀਂ ਜਾਪਦੀ ਸੀ ਕਿਉਂਕਿ ਸੱਜੇ-ਖੱਬੇ ਸਭ ਮੁੰਡੇ ਲਫ਼ਟੈਨ ਬਣ ਰਹੇ ਸਨ। ਪਿੰਡ-ਪਿੰਡ ਵਿੱਚੋਂ ਲਫ਼ਟੈਨ ਗਏ ਲੱਗਦੇ ਸਨ। ਸਿਖਲਾਈ ਵਾਲੀ ਥਾਂ (ਜਿਸ ਨੂੰ ਆਫ਼ੀਸਰ ਟਰੇਨਿੰਗ ਸਕੂਲ ਆਖਦੇ ਸਨ) ਜਾ ਕੇ ਤੇ ਇਸ ਤਰ੍ਹਾਂ ਲੱਗਾ ਜਿਵੇਂ ਸਾਰੀ ਫ਼ੌਜ ਲਫ਼ਟੈਨਾਂ ਦੀ ਹੀ ਹੋਵੇਗੀ, ਸਿਪਾਹੀ ਕੋਈ ਨਹੀਂ ਹੋਣਗੇ।

ਪਰ ਸਿਖਲਾਈ ਪਿੱਛੋਂ ਯੂਨਿਟਾਂ ਵਿੱਚ ਜਾ ਕੇ ਪਤਾ ਲੱਗਾ ਕਿ ਹਿੰਦੁਸਤਾਨੀ ਫ਼ੌਜ ਵਿੱਚ ਵੀ ਹਿੰਦੁਸਤਾਨੀ ਅਫ਼ਸਰ ਆਟੇ ਵਿੱਚ ਲੂਣ ਬਰਾਬਰ ਹੀ ਹਨ। ਆਮ ਯੂਨਿਟਾਂ ਵਿੱਚ ਤੀਹ ਪੈਂਤੀ ਅਫ਼ਸਰਾਂ ਵਿੱਚੋਂ ਦੋ-ਤਿੰਨ ਹੀ ਹਿੰਦੁਸਤਾਨੀ ਹੁੰਦੇ ਤੇ ਬਾਕੀ ਅੰਗਰੇਜ਼। ਵੱਡਾ ਅਫ਼ਸਰ ਤੇ ਕੋਈ ਹਿੰਦੁਸਤਾਨੀ ਹੈ ਈ ਨਹੀਂ ਸੀ। ਭਾਵੇਂ ਸਾਡੀਆਂ ਤਨਖ਼ਾਹਾਂ, ਅਖ਼ਤਿਆਰਾਂ ਤੇ ਸਰਦਾਰੀ ਵਿੱਚ ਕੋਈ ਫ਼ਰਕ ਨਹੀਂ, ਖਾਣ-ਪੀਣ ਤੇ ਸੌਣਾ-ਬਹਿਣਾ ਵੀ ਇਕੱਠਾ ਹੀ ਸੀ, ਪਰ ਫਿਰ ਵੀ ਨਾ ਅੰਗਰੇਜ਼ ਸਾਨੂੰ ਅਪਣੇ ਬਰਾਬਰ ਦਾ ਸਮਝਦੇ ਸਨ ਤੇ ਨਾ ਅਸੀਂ ਅਪਣੇ-ਆਪ ਨੂੰ ਉਹਨਾਂ ਦੇ ਬਰਾਬਰ ਦਾ। ਕਿਸੇ ਗੋਰੇ ਸਿਪਾਹੀ ਦਾ ਨਿਮਰਤਾ ਨਾ਼ਲ ਸਲਾਮ ਕਰਨਾ ਜਾਂ ਕਿਸੇ ਅੰਗਰੇਜ਼ ਨਰਸ ਦਾ ਪਿਆਰ ਨਾ਼ਲ ਗੱਲ ਕਰਨਾ ਸਾਡੇ ਲਈ ਇੱਕ ਸੁਰਗ ਦਾ ਝੂਟਾ ਸੀ। ਇਸ ਨਾ ਬਰਾਬਰੀ ਦੀ ਹਾਲਤ ਲਈ ਨਾ ਉਹ ਪੂਰੇ ਕਸੂਰਵਾਰ ਸਨ ਤੇ ਨਾ ਅਸੀਂ। ਸੌ ਡੇਢ ਸੌ ਸਾਲ ਤੋਂ ਹਾਲਾਤ ਹੀ ਐਸੇ ਸਨ। ਇਸ ਕੁਦਰਤੀ ਫ਼ਰਕ ਦਾ ਉਸ ਵੇਲੇ ਇੱਕ ਸੰਕੇਤ ਇਹ ਸੀ ਕਿ ਅਸੀਂ ਤੇ ਅਪਣੀ ਫ਼ੌਜੀ ਨੌਕਰੀ ਨੂੰ ਪਰਮਾਤਮਾ ਤੇ ਸਰਕਾਰ ਦੀ ਇੱਕ ਵੱਡੀ ਬਖ਼ਸ਼ਿਸ਼ ਸਮਝਦੇ ਸਾਂ ਤੇ ਇਸ ਦਾ ਕਿਸੇ ਤਰ੍ਹਾਂ ਪੱਕੀ ਹੋ ਜਾਣਾ ਸਾਡਾ ਸੁੰਦਰ ਸੁਫ਼ਨਾ ਸੀ, ਪਰ ਅੰਗਰੇਜ਼ ਜਬਰੀ ਭਰਤੀ ਹੇਠ ਆਏ ਹੋਏ ਸਨ ਤੇ ਉਡੀਕਦੇ ਸਨ ਕਿ ਕਦੋਂ ਲੜਾਈ ਖ਼ਤਮ ਹੋਵੇ ਤੇ ਕਦੋਂ ਫ਼ੌਜੀ ਨੌਕਰੀ ਤੋਂ ਖ਼ਲਾਸੀ ਮਿਲੇ। ਭਾਵੇਂ ਉਹਨਾਂ ਵਿੱਚੋਂ ਕਈ ਚੰਗੇ ਆਦਮੀ ਸਨ, ਪਰ ਸਾਡੀ ਤੇ ਉਹਨਾਂ ਦੀ ਕੋਈ ਦਿਲੀ ਸਾਂਝ ਨਾ ਬਣਦੀ। ਅਸੀਂ ਇਕੱਠੇ ਸ਼ਰਾਬ ਪੀਂਦੇ, ਜ਼ਨਾਨੀਆਂ ਦੀਆਂ, ਅਪਣੇ ਦੇਸ ਦੇ ਰਵਾਜਾਂ ਦੀਆਂ, ਧਰਮਾਂ ਦੀਆਂ ਅਤੇ ਬੋਲੀ ਦੀਆਂ ਝੂਠੀਆਂ-ਸੱਚੀਆਂ ਗੱਲਾ ਕਰਦੇ ਤੇ ਫਿਰ ਹੱਸਦੇ-ਹੱਸਦੇ ਆ ਕੇ ਸੌਂ ਜਾਂਦੇ। ਕਦੀ ਕਿਸੇ ਅੰਗਰੇਜ਼ ਨੇ ਇਹ ਨਹੀਂ ਕਿਹਾ ਸੀ ਕਿ ਜੇ ਤੂੰ ਛੁੱਟੀ ਚੱਲਿਆ ਹੈ ਤਾਂ ਮੈਂ ਵੀ ਛੁੱਟੀ ਲੈ ਕੇ ਤੇਰੇ ਨਾ਼ਲ ਪਿੰਡ ਚੱਲਦਾ ਹਾਂ।

''ਹਾਂ, ਇੱਕ ਅੰਗਰੇਜ਼ ਅਫ਼ਸਰ ਸੀ ਜਿਹੜਾ ਸਾਡੇ ਵਿੱਚ ਦੂਜਿਆਂ ਨਾਲੋਂ ਬਹੁਤਾ ਭਿੱਜਦਾ ਸੀ। ਉਸਦਾ ਨਾਂ ਮਲਿੰਗਟਨ ਸੀ।

ਮਲਿੰਗਟਨ ਕੈਂਬਰਿਜ਼ ਯੂਨੀਵਰਸਿਟੀ ਵਿੱਚ ਪੜ੍ਹਦਾ ਆਇਆ ਸੀ। ਧਰਮ ਤੇ ਦਰਸ਼ਨ ਦਾ ਵਿਦਿਆਰਥੀ ਸੀ। ਬੜਾ ਮਲੂਕ ਜਿਹਾ ਦਿਸਦਾ ਸੀ। ਉਸ ਦੀਆਂ ਅੱਖਾਂ ਵਿੱਚ ਸਦਾ ਇੱਕ ਪਿਆਰ ਜਿਹਾ, ਇੱਕ ਤਰਲਾ ਜਿਹਾ ਹੁੰਦਾ ਸੀ ਜਿਸ ਕਰਕੇ ਉਸਦੇ ਕੋਲ ਬੈਠਣ ਨੂੰ ਬੜਾ ਜੀਅ ਕਰਦਾ ਸੀ। ਅੰਗਰੇਜ਼ ਅਫ਼ਸਰਾਂ ਵਿੱਚੋਂ ਉਹ ਬਹੁਤਾ ਸਿਰ ਕੱਢਵਾਂ ਨਹੀਂ ਗਿਣਿਆ ਜਾਂਦਾ ਸੀ। ਮੈੱਸ ਵਿੱਚ ਬੋਲਦਾ ਨਹੀਂ ਸੀ। ਪਰੇਡ 'ਤੇ ਬਹੁਤੀ ਚੁਸਤੀ ਦਾ ਪਰਭਾਵ ਨਹੀਂ ਸੀ ਦੇਂਦਾ, ਪਰ ਉਸਨੂੰ ਘਟੀਆ ਵੀ ਨਹੀਂ ਗਿਣਿਆ ਜਾਂਦਾ ਸੀ। ਅਸਲ ਵਿੱਚ ਜਿਹੜਾ ਅੰਗਰੇਜ਼ ਅਫ਼ਸਰ ਸਵੇਰੇ ਵਕਤ ਸਿਰ ਉੱਠ ਕੇ ਦਾੜ੍ਹੀ ਮੁੰਨ ਕੇ ਪਰੇਡ 'ਤੇ ਆ ਜਾਵੇ ਤੇ ਔਖਾ-ਸੌਖਾ ਡੰਗ ਸਾਰ ਲਵੇ ਉਸਨੂੰ ਘਟੀਆ ਨਹੀਂ ਗਿਣਿਆ ਜਾਂਦਾ ਸੀ, ਪਰ ਹੋਰ ਅੰਗਰੇਜ਼ ਅਫ਼ਸਰ ਇਸ ਤਰ੍ਹਾਂ ਟੁਰਦੇ ਫਿਰਦੇ ਸਨ ਜਿਵੇਂ ਸੌ-ਸੌ ਮੀਲ ਤੱਕ ਉਹਨਾਂ ਦੇ ਮੇਚ ਦਾ ਬੰਦਾ ਨਾ ਹੋਵੇ।

ਡਿਊਟੀ ਤੋਂ ਵਿਹਲਾ ਹੋ ਕੇ ਉਹ ਹਿੰਦੁਸਤਾਨੀ ਕੱਪੜੇ ਪਾ ਲੈਂਦਾ, ਪਠਾਣਾਂ ਵਾਲੀ ਸਲਵਾਰ, ਕਮੀਜ਼ ਤੇ ਸਿਰ ਉੱਤੇ ਕੁੱਲੇ ਵਾਲੀ ਪੱਗ। ਅਪਣੇ ਬੈਰੇ ਨਾ਼ਲ ਹਿੰਦੁਸਤਾਨੀ ਵਿੱਚ ਗੱਲਬਾਤ ਕਰਦਾ, ਉਸ ਨੂੰ ਅੰਗਰੇਜ਼ੀ ਸਿਖਾਉਣ ਦੀ ਥਾਂ ਆਪ ਉਸ ਕੋਲੋਂ ਹਿੰਦੁਸਤਾਨੀ ਸਿੱਖਦਾ ਰਹਿੰਦਾ। ਭਾਰਤੀ ਸੱਭਿਅਤਾ ਉੱਤੇ ਉਸ ਕਈ ਕਿਤਾਬਾਂ ਰੱਖੀਆਂ ਹੋਈਆਂ ਸਨ। ਮੈਂ ਉਸ ਨੂੰ ਕਦੀ ਕੋਈ ਨਵੀਂ ਗੱਲ ਨਾ ਦੱਸ ਸਕਦਾ। ਉਸਨੂੰ ਪਹਿਲਾਂ ਹੀ ਪਤਾ ਹੁੰਦਾ। ਮੇਰੇ ਮੂੰਹੋਂ ਗੱਲਾਂ ਸੁਣਨ ਦੀ ਥਾਂ ਉਹ ਮੇਰਾ ਅੰਦਰ ਟੋਂਹਦਾ ਰਹਿੰਦਾ। ਅਸੀਂ ਬਗੈਰ ਗੱਲ ਕਰਨ ਦੇ ਹੀ ਕਿੰਨਾ-ਕਿੰਨਾ ਚਿਰ ਬੈਠੇ ਰਹਿੰਦੇ। ਛੁੱਟੀ ਵਾਲੇ ਦਿਨ ਸ਼ਿਕਾਰ ਖੇਡਣ ਦੇ ਪੱਜ ਅਸੀਂ ਪਿੰਡਾਂ ਵਿੱਚ ਜਾ ਵੜਦੇ ਤੇ ਮੇਰੇ ਰਾਹੀਂ ਉਹ ਲੋਕਾਂ ਨਾ਼ਲ ਗੱਲਾਂ ਕਰਦਾ ਰਹਿੰਦਾ ਤੇ ਉਹਨਾਂ ਦੇ ਘਰ-ਘਾਟ ਵੇਖਦਾ ਫਿਰਦਾ। ਆਮ ਕੱਪੜੇ ਪਾ ਕੇ ਅਸੀਂ ਸ਼ਾਹਜਹਾਨਪੁਰ ਦੇ ਬਜ਼ਾਰਾਂ ਵਿੱਚ ਘੁੰਮਦੇ ਫਿਰਦੇ। ਲਖਨਊ ਦੀਆਂ ਕੰਜਰੀਆਂ ਦੇ ਗੌਣ ਸੁਣਦੇ ਤੇ ਉਹਨਾਂ ਦਾ ਨਾਚ ਵੇਖਦੇ ਰਹਿੰਦੇ। ਜਿਸ ਤਰ੍ਹਾਂ ਫ਼ੌਜੀ ਅਫ਼ਸਰਾਂ ਦੀਆਂ ਕੋਠੀਆਂ ਉਸ ਦੀ ਦੁਨੀਆਂ ਸੀ ਤੇ ਮੈਂ ਕੇਵਲ ਸੱਦਿਆ ਹੋਇਆ ਜਾਂ ਅਨਸੱਦਿਆ ਹੋਇਆ ਪ੍ਰਾਹੁਣਾ ਸਾਂ। ਇਸ ਤਰ੍ਹਾਂ ਇਹ ਬਾਜ਼ਾਰ ਮੇਰੀ ਦੁਨੀਆ ਸਨ, ਪਰ ਇੱਥੇ ਵੀ ਉਹ ਮੇਰੇ ਤੋਂ ਬਹੁਤਾ ਸਵਾਦ ਲੈ ਸਕਦਾ ਸੀ। ਉਸਨੂੰ ਹਿੰਦੁਸਤਾਨੀ ਨਾਚ ਤੇ ਗੌਣ ਦੀ ਚੋਖੀ ਸਮਝ ਆਈ ਹੋਈ ਸੀ। ਮੈਂ ਤੇ ਐਲਾਨ ਹੋਣ ਤੋਂ ਬਿਨਾਂ ਇਹ ਵੀ ਨਾ ਦੱਸ ਸਕਦਾ ਕਿ ਠੁਮਰੀ ਗਵੀਂ ਜਾ ਰਹੀ ਏ ਜਾਂ ਦਾਦਰਾ। ਬਰੇਲੀ ਵਿੱਚ ਅਸੀਂ ''ਪ੍ਰਾਈਵੇਟ'' ਕੰਜਰੀਆਂ ਦੇ ਘਰਾਂ ਵਿੱਚ ਜਾਂਦੇ। ਉਹਨਾਂ ਦੇ ਬਿਸਤਰਿਆਂ ਵਿੱਚ ਬਹਿ ਕੇ ਉਹ ਇੱਕ ਬੱਚੇ ਵਾਂਗ ਉਹਨਾਂ ਨਾਲ ਗੱਲਾਂ ਕਰਦਾ ਰਹਿੰਦਾ। ਉੱਠ ਕੇ ਆ ਕੇ ਉਹ ਉਹਨਾਂ ਦੇ ਘਰਾਂ ਦੇ ਬਾਹਰ ਬੈਠ ਜਾਂ ਟਹਿਲਦਾ ਰਹਿੰਦਾ, ਇਹ ਵੇਖਣ ਲਈ ਕਿ ਹੋਰ ਕੌਣ ਲੋਕ ਆਉਂਦੇ ਹਨ? ਕੀ ਗੱਲਾਂ ਕਰਦੇ ਹਨ?

ਇਸ ਤਰ੍ਹਾਂ ਲੱਗਦਾ ਸੀ ਜਿਵੇਂ ਅੰਗਰੇਜ਼ੀ ਰਾਜ ਲਈ ਇਸ ਦੇਸ ਨੂੰ ਬਚਾਣ ਆਏ ਨੂੰ ਉਸਨੂੰ ਇਸ ਨਾ਼ਲ ਸਨੇਹ ਹੋ ਗਿਆ ਹੋਵੇ। ਅਪਣੀ ਨੌਕਰੀ ਵਜਾਣ ਦੀ ਥਾਂ ਉਹ ਬਹੁਤਾ ਭਾਰਤ ਦੀ ਆਤਮਾ ਦੀ ਟੋਹ ਵਿੱਚ ਸੀ। ਇੱਕ ਵਾਰ ਮੋਟਰ ਵਿੱਚ ਅਲਮੋੜੇ ਜਾਂਦਿਆਂ ਰਾਹ ਵਿੱਚ ਬਹੁਤ ਸੁੰਦਰ ਪਹਾੜੀ ਦ੍ਰਿਸ਼ ਆਏ। ਉਹ ਮਸਤ ਹੋਇਆ ਵੇਖਦਾ ਰਿਹਾ ਤੇ ਫਿਰ ਹੱਥ ਜੋੜ ਕੇ ਮੱਥਾ ਟੇਕ ਦਿੱਤਾ।

''ਤੂੰ ਕਿਸ ਨੂੰ ਨਮਸਕਾਰ ਕਰ ਰਿਹਾ ਏ?'' ਮੈਂ ਪੁੱਛਿਆ।

''ਪਤਾ ਨਹੀਂ ਕਿਸ ਨੂੰ; ਪਰ ਮੇਰਾ ਜੀਅ ਕੀਤਾ ਸੀ।'' ਉਸ ਨੇ ਕਿਹਾ।

ਉਸੇ ਯੂਨਿਟ ਵਿੱਚੋਂ ਹੀ ਮੈਨੂੰ ਫ਼ੌਜ ਤੋਂ ਛੁੱਟੀ ਹੋ ਗਈ।

ਜਦੋਂ ਮੈਂ ਨੌਕਰੀ ਛੱਡ ਕੇ ਆਉਣ ਲੱਗਾ ਤਾਂ ਮਲਿੰਗਟਨ ਤੋਂ ਵੀ ਵਿਦਾ ਹੋਣਾ ਸੀ।

''ਏਥੋਂ ਵਿਹਲਾ ਹੋ ਕੇ ਮੈਂ ਅਪਣੇ ਦੇਸ ਮੁੜ ਜਾਵਾਂਗਾ,'' ਉਸਨੇ ਕਿਹਾ। ''ਜੇ ਤੂੰ ਕਦੀ ਉਧਰ ਆਇਉਂ ਤਾਂ ਮੈਨੂੰ ਚਿੱਠੀ ਲਿਖੀਂ। ਮੈਂ ਤੈਨੂੰ ਮਿਲਾਂਗਾ। ਮੇਰਾ ਹਮੇਸ਼ ਵਾਸਤੇ ਦਾ ਪਤਾ ਗਰਿੰਡਲੇ ਬੈਂਕ, ਲੰਡਨ ਹੈ। ਮੇਰਾ ਉਹਨਾਂ ਨਾ਼ਲ ਹਿਸਾਬ ਹੈ। ਮੈਂ ਜਿੱਥੇ ਵੀ ਹੋਵਾਂ ਉਹਨਾਂ ਨੂੰ ਪਤਾ ਹੁੰਦਾ ਹੈ ਹਰ ਚਿੱਠੀ ਉਹ ਮੈਨੂੰ ਭੇਜ ਦਿੰਦੇ ਨੇ। ਇਹ ਬੜਾ ਸਿੱਧਾ ਤੇ ਸੌਖਾ ਪਤਾ ਹੈ। ਹੁਣ ਤੇਰੇ ਕੋਲ ਮੈਨੂੰ ਪਤਾ ਦੇਣ ਦਾ ਕੋਈ ਬਹਾਨਾ ਨਹੀਂ ਹੋ ਸਕਦਾ।''

''ਮੈਨੂੰ ਅਗਲੇ ਕੁੱਝ ਸਾਲਾਂ ਵਿੱਚ ਇੰਗਲੈਂਡ ਜਾ ਸਕਣ ਦੀ ਉਮੀਦ ਨਹੀਂ।'' ਮੈਂ ਦੱਸਿਆ। ''ਉਸ ਤੋਂ ਮਗਰੋਂ ਸ਼ਾਇਦ ਮੇਰਾ ਕਦੀ ਜਾਣ ਨੂੰ ਜੀਅ ਨਾ ਕਰੇ। ਇਸ ਲਈ ਇਸ ਪਤੇ ਦੀ ਕੋਈ ਵਰਤੋਂ ਨਹੀਂ ਕਰ ਸਕਾਂਗਾ। ਇਸ ਮੁਲਾਕਾਤ ਨੂੰ ਆਖ਼ਰੀ ਹੀ ਸਮਝ।

''ਨਹੀਂ ਨਹੀਂ। ਖ਼ਬਰੇ, ਆਖ਼ਰੀ ਨਾ ਹੋਵੇ। ਦੁਨੀਆ ਬਹੁਤ ਛੋਟੀ ਹੋ ਰਹੀ ਏ। ਸ਼ਾਇਦ ਮੈਂ ਹੀ ਕਦੀ ਫਿਰ ਏਧਰ ਆ ਜਾਵਾਂ। ਤੂੰ ਮੈਨੂੰ ਅਪਣਾ ਹਮੇਸ਼ਾ ਵਾਸਤੇ ਦਾ ਪਤਾ ਲਿਖ ਦੇ।''

ਇੱਕ ਕਾਗਜ਼ ਉੱਤੇ ਮੈਂ ਅਪਣਾ ਨਾਂ, ਪਿੰਡ, ਡਾਕਖ਼ਾਨਾ ਤੇ ਜ਼ਿਲ੍ਹਾ ਲਿਖ ਕੇ ਉਸ ਦੇ ਹੱਥ ਫੜਾ ਦਿੱਤਾ।

ਉਸਨੇ ਉਹ ਸਿਰਨਾਵਾਂ ਪੜ੍ਹ ਕੇ ਵੇਖਿਆ, ਇਹ ਪੱਕ ਕਰਨ ਲਈ ਕਿ ਉਹ ਸਾਰੇ ਅੱਖਰ ਉਠਾਲ ਸਕਦਾ ਹੈ।

''ਇਹ ਤੇਰਾ ਸਦਾ ਵਾਸਤੇ ਦਾ ਪਤਾ ਹੈ?'' ਉਸ ਪੁੱਛਿਆ। ਉਹ ਮੇਰੇ ਪਿੰਡ ਨੂੰ ਇੰਗਲੈਂਡ ਦੇ ਇੱਕ ਵੱਡੇ ਬੈਂਕ ਨਾਲੋਂ ਘੱਟ ਸਥਿਰ ਸਮਝਦਾ ਸੀ।

''ਹਾਂ ਅਣਗਿਣਤ ਸਦੀਆਂ ਤੋਂ ਮੇਰੇ ਵਡਿਕਿਆਂ ਦਾ ਇਹੋ ਪਤਾ ਰਿਹਾ ਹੈ ਤੇਰੀ ਉਮਰ ਤੇ ਅਜੇ ਭੁਗਤਾ ਹੀ ਜਾਏਗਾ।'' ਮੈਂ ਮਾਣ ਨਾ਼ਲ ਕਿਹਾ।

ਉਸ ਨੇ ਮੇਰੀ ਗੱਲ ਸੁਣੀ ਤੇ ਖਲੋਤੇ-ਖਲੋਤੇ ਨੇ ਮੱਥਾ ਟੇਕਿਆ।

''ਤੂੰ ਕਿਸ ਨੂੰ ਨਮਸਕਾਰ ਕੀਤੀ ਹੈ?''

''ਪਤਾ ਨਹੀਂ, ਮੇਰਾ ਜੀਅ ਕੀਤਾ ਸੀ।''

''ਨਹੀਂ ਤੈਨੂੰ ਪਤਾ ਹੈ। ਤੂੰ ਮੈਨੂੰ ਨਮਸਕਾਰ ਕੀਤੀ ਹੈ।''

''ਨਹੀਂ ਬਿਲਕੁੱਲ ਨਹੀਂ। ਮੈਂ ਪ੍ਰਾਣੀਆਂ ਨੂੰ ਇਹੋ-ਜਿਹੀ ਨਮਸਕਾਰ ਨਹੀਂ ਕਰਦਾ। ਤੈਨੂੰ ਮੈਂ ਜਾਣ ਲੱਗੇ ਨੂੰ ਵੱਡੇ ਅਫ਼ਸਰ ਦਾ ਸੈਲੂਟ ਕਰਾਂਗਾ।'' ਮੈਂ ਉਸ ਤੋਂ ਕੁੱਝ ਚਿਰ ਪਹਿਲਾਂ ਭਰਤੀ ਹੋਇਆ ਸਾਂ।

ਇਸ ਦੇ ਕੁੱਝ ਚਿਰ ਪਿੱਛੋਂ ਅੰਗਰੇਜ਼ੀ ਰਾਜ ਖ਼ਤਮ ਹੋ ਗਿਆ। ਹਿੰਦੁਸਤਾਨ ਆਜ਼ਾਦ ਹੋ ਗਿਆ। ਬਦੇਸਾਂ ਵਿੱਚ ਭਾਂਤ-ਭਾਂਤ ਦੀਆਂ ਗੱਲਾਂ ਹੋਈਆਂ। ਕਿਸੇ ਨੇ ਕਿਹਾ ਡੁੱਬ ਜਾਏਗਾ, ਟੋਟੇ ਹੋ ਕੇ ਖ਼ਤਮ ਹੋ ਜਾਏਗਾ। ਕਿਸੇ ਹੋਰ ਨੇ ਕਿਹਾ ਅਜੇ ਆਜ਼ਾਦ ਹੋਇਆ ਹੀ ਨਹੀਂ ਭੁਲੇਖਾ ਹੈ, ਛਲ ਹੈ। ਕਈ ਕਹਿੰਦੇ ਗੱਲ ਇਸਦੇ ਵਿਚਕਾਰ-ਵਿਚਕਾਰ ਹੈ। ਨਵਾਂ ਜੰਮਿਆਂ ਭਾਰਤ ਹੌ਼ਲੀ-ਹੌ਼ਲੀ ਰਿੜ੍ਹਨ ਲੱਗ ਪਿਆ ਹੈ। ਇਹ ਆਸ ਬਣਨ ਲੱਗੀ ਹੈ ਕਿ ਕਿਸੇ ਦਿਨ ਨੂੰ ਇਹ ਉੱਠ ਕੇ ਖਲੋ ਜਾਏਗਾ ਤੇ ਫਿਰ ਟੁਰ ਕੇ ਜਾਂ ਭੱਜ ਕੇ ਦੂਜੇ ਵੱਡੇ ਦੇਸਾਂ ਦੇ ਨਾ਼ਲ ਜਾ ਰਲੇਗਾ। ਕਿਵੇਂ ਕੰਮ ਹੋ ਰਿਹਾ ਹੈ? ਐਨੀ ਕਰੋੜਾਂ ਦੀ ਵਸੋਂ ਨਾ਼ਲ ਕਿਵੇਂ ਬੀਤ ਰਹੀ ਏ? ਇਹ ਕੁੱਝ ਵੇਖਣ ਲਈ ਕਈ ਲੋਕ ਬਦੇਸਾਂ ਤੋਂ ਆਉਂਦੇ। ਕੁੱਝ ਇਹ ਵੇਖਣ ਆਉਂਦੇ ਕਿ ਦੁਨੀਆ ਦੇ ਦੋ ਵੱਡੇ ਧੜਿਆਂ ਵਿੱਚੋਂ ਇਹ ਕਿਸ ਨਾ਼ਲ ਰਲੇਗਾ ਜਿਵੇਂ ਜੱਟਾਂ ਦੇ ਦੋ ਧੜੇ ਕਿਸੇ ਜ਼ਨਾਨੀ ਤੋਂ ਬਿਆਨ ਕਰਵਾਉਣ ਲਈ ਕਿਰਪਾਨਾਂ ਖਿੱਚੀ ਕਚਹਿਰੀ ਦੇ ਬਾਹਰ ਫਿਰਦੇ ਰਹਿੰਦੇ ਹਨ।

ਕੁੱਝ ਵਰ੍ਹੇ ਹੋਰ ਲੰਘ ਗਏ। ਇੱਕ ਦਿਨ ਮੇਰੀ ਮਾਂ ਨੇ ਕਿਹਾ, ਇੱਕ ਓਪਰੀ ਜਿਹੀ ਟਿਕਟ ਵਾਲੀ ਚਿੱਠੀ ਆਈ ਹੈ। ਮੈਂ ਚਿੱਠੀ ਵੇਖੀ ਉੱਤੇ ਅੰਗਰੇਜ਼ਾਂ ਦੀ ਮਲਿਕਾ ਦੀ ਮੂਰਤ ਸੀ। ਟਿਕਟ ਉੱਤੇ ਇਸ ਦੇ ਪਿਓ ਦੀ ਮੂਰਤ ਨੂੰ ਮੇਰੀ ਮਾਂ ਓਪਰੀ ਨਹੀਂ ਸਮਝਦੀ ਸੀ, ਪਰ ਇਸਦੀ ਮੂਰਤ ਉਸਨੂੰ ਓਪਰੀ ਲੱਗੀ। ਚਲੋ ਕੁੱਝ 'ਤੇ ਫ਼ਰਕ ਹੈ ਨਾ, ਮੈਂ ਸੋਚਿਆ। ਚਿੱਠੀ ਖੋਲ੍ਹੀ। ਮਲਿੰਗਟਨ ਦੀ ਸੀ। ਉਹ ਭਾਰਤ ਆ ਰਿਹਾ ਸੀ। ਉੱਥੇ ਬੈਠੇ ਬਿਠਾਏ ਨੇ ਦਿੱਲੀ ਦੇ ਹੋਟਲ ਵਿੱਚ ਕਮਰਾ ਲੈ ਲਿਆ ਸੀ ਤੇ ਮੈਨੂੰ ਉਸ ਹੋਟਲ ਵਿੱਚ ਮਿਲਣ ਲਈ ਲਿਖਿਆ ਸੀ।


ਜ਼ਿੰਦਗੀ ਬੜੀ ਬੇਵਫ਼ਾ ਹੈ ਇਸ ਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।

ਜ਼ਰਾ ਸੋਚੋ!!

* ਕੀ ਤੁਸੀਂ ਹਾਲ ਹੀ ਵਿਚ ਘਰ ਖਰੀਦਿਆ ਹੈ? * ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ?
* ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਲੈਣੀ ਚਾਹੁੰਦੇ ਹੋ?
* ਕੀ ਤੁਸੀਂ ਨਾਲ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ? * ਕੀ ਤੁਸੀਂ ਘਰ ਦੇ ਮੁਖੀਆ ਹੋ?
* ਕੀ ਤੁਹਾਡੇ ਬੱਚੇ ਛੋਟੇ ਹਨ ਅਤੇ ਉਨ੍ਹਾਂ ਦੀ ਪਰਵਰਿਸ਼ ਦਾ ਭਾਰ ਤੁਹਾਡੇ ਉੱਪਰ ਹੈ?
* ਕੀ ਤੁਹਾਡੀ ਲਾਈਫ ਇੰਸ਼ੋਰੈਂਸ ਵੀ ਨਵੀਂ ਹੋਣ ਵਾਲੀ ਹੈ?

| Age ਉਮਰ | Per Month Rate/ਪ੍ਰਤੀ ਮਹੀਨਾ ਰੇਟ | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.25 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

ਜੇਕਰ ਤੁਸੀਂ ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿਚ ਦਿੰਦੇ ਹੋ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਅੱਜ ਹੀ ਆਪਣੀ ਕਮਿਊਨਿਟੀ ਦੇ ਜਾਣੇ ਪਹਿਚਾਣੇ ਅਤੇ ਬਹੁਤ ਹੀ ਕਾਮਯਾਬ ਬਰੋਕਰ ਜੈਸੀ ਸਿੰਘ ਨਾਲ ਸੰਪਰਕ ਕਰਕੇ ਮੁਫ਼ਤ ਸਲਾਹ ਲਓ। ਉਹ ਤੁਹਾਨੂੰ ਸਭ ਤੋਂ ਵਧੀਆ ਰੇਟ ਅਤੇ ਕੰਪਨੀ ਲੱਭ ਕੇ ਦੇਣਗੇ।

ਸਾਡੇ ਕੋਲ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਮਿਲ ਸਕਦੀ ਹੈ। ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿਚੋਂ ਕੋਈ ਬੀਮਾਰੀ ਹੋਵੇ ਤਾਂ ਅਖੀਰ ਵਿਚ ਤੁਹਾਡੇ ਪੈਸੇ ਵਾਪਿਸ ਦੇ ਦਿੱਤੇ ਜਾ ਸਕਦੇ ਹਨ।



Jessie Singh
(C.A.I.B.)

**ਅਸੀਂ ਹਰ ਤਰ੍ਹਾਂ ਦੀ ਲਾਈਫ ਇੰਸ਼ੋਰੈਂਸ, ਘਰ, ਕਾਰ ਜਾਂ ਬਿਜਨਸ ਦੀ ਇੰਸ਼ੋਰੈਂਸ, ਟਰੈਵਲ ਇੰਸ਼ੋਰੈਂਸ, ਡਿਸੇਬਿਲਟੀ, ਮੌਰਗੇਜ਼ ਇੰਸ਼ੋਰੈਂਸ, ਕਰਿਟੀਕਲ ਇਲਨੈਸ ਇੰਸ਼ੋਰੈਂਸ ਕਰਦੇ ਹਾਂ। ਅੱਜ ਹੀ ਫੋਨ ਕਰਕੇ ਫਰੀ ਸਲਾਹ ਲੈਣ ਲਈ ਅਪਾਇੰਟਮੈਂਟ ਬੁੱਕ ਕਰੋ।**

**Jessie Off: (403) 717-0666**
**Jessie Singh (C.A.I.B.) Cell: (403) 830-7007**

ਮੈਂ ਦਿੱਲੀ ਗਿਆ। ਮਲਿੰਗਟਨ ਨੂੰ ਪਛਾਣਨਾ ਬਹੁਤਾ ਔਖਾ ਨਹੀਂ ਸੀ। ਉਸਨੇ ਪਹਿਲੇ ਵਾਂਗ ਹੀ ਛੋਟੀਆਂ-ਛੋਟੀਆਂ ਮੁੱਛਾਂ ਰੱਖੀਆਂ ਹੋਈਆਂ ਸਨ, ਜਿਹੜੀਆਂ ਉਸੇ ਤਰ੍ਹਾਂ ਹੀ ਭੂਰੀਆਂ ਸਨ।

''ਚੱਲ ਤੇਰੇ ਪੰਜਾਬ ਚੱਲੀਏ,'' ਉਸ ਨੇ ਕਿਹਾ।

''ਕਿਉਂ ਦਿੱਲੀ ਪਸੰਦ ਨਹੀਂ ਆਈ।'' ਮੈਂ ਪੁੱਛਿਆ।

''ਪਸੰਦ ਨ-ਪਸੰਦ ਦਾ ਸਵਾਲ ਨਹੀਂ। ਇਹ ਮੇਰੀ ਪਕੜ ਵਿੱਚ ਹੀ ਨਹੀਂ ਆ ਰਹੀ। ਕੋਈ ਦਾਣਾ ਹੱਥ ਵਿੱਚ ਨਹੀਂ ਆਉਂਦਾ, ਜਿਸ ਨੂੰ ਵੇਖ ਕੇ ਇਸ ਦਾਲ ਦਾ ਪਤਾ ਲੱਗੇ। ਮੈਂ ਨਵੇਂ ਭਾਰਤ ਦੀ ਨਬਜ਼ ਵੇਖਣੀ ਚਾਹੁੰਦਾ ਹਾਂ।'' ਉਸ ਨੇ ਅਖਬਾਰੀ ਬੋਲੀ ਵਿੱਚ ਕਿਹਾ।

''ਪੰਜਾਬ ਵਿੱਚ ਦੋ ਥਾਵਾਂ ਹੀ ਬਹੁਤੀਆਂ ਨਵੀਆਂ ਗਿਣਦੇ ਨੇ, ਇੱਕ ਭਾਖੜਾ ਨੰਗਲ ਤੇ ਦੂਜੀ ਚੰਡੀਗੜ੍ਹ।'' ਮੈਂ ਟੂਰਿਸਟ ਗਾਈਡ ਵਾਂਗ ਬੋਲਿਆ।

ਇਹਨਾਂ ਦੋਨਾਂ ਬਾਰੇ ਮੈਂ ਸੁਣਿਆ ਹੈ, ਪਰ ਮੈਂ ਇਹ ਵੇਖਣ ਇੱਥੇ ਨਹੀਂ ਆਇਆ। ਇਹ 'ਤੇ ਉਸ ਤਰ੍ਹਾਂ ਵੀ ਬਣ ਸਕਦੇ ਸਨ।''

''ਫਿਰ ਮੈਂ ਤੈਨੂੰ ਵਿਖਾਵਾਂ ਕੀ?''

''ਬਸ ਤੂੰ ਮੈਨੂੰ ਭੰਵਾਈਂ ਫਿਰ, ਸ਼ਾਇਦ ਮੇਰੇ ਪੱਲੇ ਕੁੱਝ ਪੈ ਜਾਏ।''

ਮੈਂ ਉਸਨੂੰ ਪੰਜਾਬ ਲੈ ਆਇਆ ਤੇ ਅਸੀਂ ਥਾਂ-ਥਾਂ ਫਿਰਨ ਲੱਗੇ।

ਇੱਕ ਦਿਨ ਜਰਨੈਲੀ ਸੜਕ ਉੱਤੇ ਤੁਰਦੇ ਆ ਰਹੇ ਸਾਂ। ਦੋ ਸੜਕਾਂ ਦੇ ਮਧਾਨੀ-ਜੁਟ ਵਿੱਚ ਬਣੇ ਚੱਕਰ ਉੱਤੇ ਉਹ ਇਕੱਲੀ ਖਲੋਤੀ ਸੀ। ਜੇ ਕਿਸੇ ਨੇ ਕਦੀ ਕੋਈ ਸ਼ਹਿਜ਼ਾਦੀ ਚੌਂਕ ਵਿੱਚ ਖਲੋਤੀ ਵੇਖੀ ਹੈ ਤਾਂ ਉਹ ਇਸ ਤਰ੍ਹਾਂ ਦੀ ਲੱਗਦੀ ਹੋਵੇਗੀ। ਜੇ ਸ਼ਹਿਜ਼ਾਦੀ ਏਨੀ ਸੁੰਦਰ ਤੇ ਲੰਮੀ ਨਾ ਹੋਵੇਗੀ ਤਾਂ ਹੋਰ ਕੌਣ ਹੋਵੇਗੀ? ਉਸਨੇ ਵੜੇ ਫਬਵੇਂ ਕੱਪੜੇ ਪਾਏ ਹੋਏ ਸਨ। ਸ਼ੋਖ਼ ਵੀ ਆਖੇ ਜਾ ਸਕਦੇ ਸਨ। ਹਰ ਲੰਘਦੇ ਆਉਂਦੇ ਦਾ ਧਿਆਨ ਉਹ ਖਿੱਚ ਰਹੀ ਸੀ ਪਰ ਉਸਦਾ ਅਪਣਾ ਧਿਆਨ ਇਸ ਗੱਲ ਵੱਲ ਨਹੀਂ ਸੀ। ਉਹ ਬੜੇ ਗਹੁ ਨਾਲ਼ ਸੜਕ ਉੱਤੇ ਆਉਂਦੇ ਕਿਸੇ ਨੂੰ ਲੱਭ ਰਹੀ ਸੀ। ਇਸ ਤਰ੍ਹਾਂ ਲੱਗਦਾ ਸੀ ਜਿਵੇਂ ਅੱਖਾਂ ਰਾਹੀਂ ਹੀ ਸਾਹ ਲੈ ਰਹੀ ਹੋਵੇ। ਜਦੋਂ ਅਸੀਂ ਉਸਦੀ ਨਜ਼ਰ ਦੀ ਮਾਰ ਹੇਠ ਆਏ, ਤਾਂ ਮੈਨੂੰ ਪਛਾਣ ਕੇ ਉਹ ਮੁਸਕਰਾਈ। ਮੇਰਾ ਖ਼ਿਆਲ ਹੈ ਮਲਿੰਗਟਨ ਵੀ ਮੇਰੇ ਵਾਂਗ ਪਹਿਲਾਂ ਹੀ ਉਸ ਵੱਲ ਵੇਖ ਰਿਹਾ ਸੀ, ਭਾਵੇਂ ਅਸਾਂ ਅਜੇ ਉਸ ਬਾਰੇ ਕੋਈ ਗੱਲ ਨਹੀਂ ਕੀਤੀ ਸੀ।

''ਤੂੰ ਇਸਨੂੰ ਜਾਣਨਾ ਏਂ?'' ਮਲਿੰਗਟਨ ਨੇ ਇੱਕਦਮ ਕੰਨ ਚੁੱਕ ਕੇ ਕਿਹਾ।

''ਹਾਂ, ਇਹ 'ਤੇ ਦਿਸਦਾ ਈ ਪਿਐ।''

''ਕੌਣ ਏ?''

''ਡਾਕਟਰ ਏ। ਇਸ ਨੇ ਮੇਰੇ ਬੱਚੇ ਦਾ ਇਲਾਜ ਕੀਤਾ ਸੀ। ਉਦੋਂ ਦੀ ਵਾਕਿਫ਼ ਏ।

''ਮੈਂ ਇਸ ਨਾਲ਼ ਗੱਲਾਂ ਕਰਨੀਆਂ ਚਾਹੁੰਨਾਂ।''

''ਮੈਂ ਵੀ। ਕਿਉਂਕਿ ਜਦੋਂ ਮੈਂ ਪਹਿਲਾਂ ਵੇਖੀ ਸੀ ਉਦੋਂ ਨਾਲੋਂ ਹੁਣ ਉਸ ਦੇ ਮੂੰਹ ਉੱਤੇ ਬੜੀ ਰੌਣਕ ਏ, ਜਾਂ ਸ਼ੋਖ਼ੀ ਏ।

ਉਸਦੇ ਕੋਲ ਅਪੜ ਕੇ ਅਸੀਂ ਦੋਵੇਂ ਵੀ ਚੱਕਰ ਉੱਤੇ ਚੜ੍ਹ ਗਏ। ਆਲ਼ੇ-ਦੁਆਲ਼ੇ ਟਰੈਫ਼ਿਕ ਘੁੰਮ ਰਿਹਾ ਸੀ, ਲੋਕ ਆ ਜਾ ਰਹੇ ਸਨ। ਮਲਿੰਗਟਨ ਨਾਲ਼ ਵਾਕਫ਼ੀਅਤ ਕਰਾਣ ਪਿੱਛੋਂ ਮੈਂ ਪੁੱਛਿਆ, ''ਏਥੇ ਕੀ ਕਰਦੀ ਏਂ?''

''ਕੁੱਝ ਖ਼ਾਸ ਨਹੀਂ। ਕਿਸੇ ਨੂੰ ਆਉਂਦਾ ਵੇਖ ਰਹੀ ਸਾਂ ਪਰ ਹੁਣ ਉਹ ਨਹੀਂ ਆਉਂਦਾ ਲੱਗਦਾ।''

''ਚੱਲ ਫਿਰ ਕਾਫ਼ੀ ਪੀਏ।''

''ਚਲੋ।''

ਅਸੀਂ ਇੱਕ ਹੋਟਲ ਅੰਦਰ ਚਲੇ ਗਏ।।

''ਸੁਣਾ ਤੇਰੀ ਡਾਕਟਰੀ ਦਾ ਕੀ ਹਾਲ ਏ?'' ਮੈਂ ਮਲਿੰਗਟਨ ਵੱਲੋਂ ਉਸਨੂੰ ਅੰਗਰੇਜ਼ੀ ਵਿੱਚ ਖਰੋਚਣਾ ਸ਼ੁਰੂ ਕੀਤਾ।

''ਡਾਕਟਰੀ? ਠੀਕ ਏ, ਪਰ ਇੱਕ ਗੱਲ ਹੋਈ ਏ। ਸ਼ਹਿਰ ਛੱਡ ਕੇ ਇਹ ਪਿੰਡਾਂ ਵਿੱਚ ਜਾ ਵੜੀ ਏ।'' ਫਿਰ ਉਸਨੇ ਸਪੱਸ਼ਟ ਕੀਤਾ। ''ਮੈਂ ਹੁਣ ਬਸ ਅਪਣੇ ਇਲਾਕੇ ਵਿੱਚ ਹੀ ਫਿਰਦੀ ਹਾਂ ਜਿੰਨ੍ਹਾਂ ਦੀ ਮੈਂ ਧੀ ਹਾਂ।''

''ਕਿਉਂ? ਸ਼ਹਿਰ ਕਿਉਂ ਮੰਦਾ ਜਾਨਣ ਲੱਗ ਪਈ?''

''ਏਥੇ ਕੁੱਝ ਮਸ਼ੀਨੀ ਜਿਹਾ ਕੰਮ ਲੱਗਦਾ ਸੀ। ਡਾਕਟਰ ਬਸ ਰੋਗ ਹਟਾਣ ਦੀ ਇੱਕ ਮਸ਼ੀਨ ਹੈ। ਪੈਸੇ ਦਿਓ, ਰੋਗ ਹਟਵਾ ਲਵੋ। ਫ਼ਰਕ ਸਮਝਦੇ ਹੋ ਨਾ? ਐਵੇਂ ਬਰੀਕ ਜਿਹਾ ਏ। ਇਸ ਤਰ੍ਹਾਂ ਲੱਗਦਾ ਸੀ ਕਿਸੇ ਦਾ ਮੇਰੇ ਨਾਲ਼ ਵਾਹ ਨਹੀਂ ਪੈਂਦਾ, ਮੇਰੇ ਕਸਬ ਨਾਲ਼ ਹੀ ਪੈਂਦਾ ਏ।''

''ਪਰ ਬੀਮਾਰ ਨੂੰ 'ਤੇ ਡਾਕਟਰ ਦੀ ਲੋੜ ਹੈ, ਤੇਰੀ ਨਹੀਂ।''

''ਮੰਨ ਲਿਆ, ਪਰ ਉੱਥੇ ਗੱਲ ਹੋਰ ਈ ਏ।'' ਫਿਰ ਉਸਨੇ ਕੁੱਝ ਨਿਮਰਤਾ ਨਾਲ਼ ਤੇ ਕੁੱਝ ਮਖ਼ੌਲ ਨਾਲ਼ ਮਲਿੰਗਟਨ ਨੂੰ ਕਿਹਾ, ਮੈਂ ਇੱਕ ਫੜ੍ਹ ਮਾਰ ਲਵਾਂ?''

ਮਲਿੰਗਟਨ ਪਿਆਰ ਨਾਲ਼ ਉਸ ਵੱਲ ਵੇਖ ਕੇ ਮੁਸਕਰਾਇਆ, ਜਿਵੇਂ ਕਹਿ ਰਿਹਾ ਹੋਵੇ, 'ਤੂੰ ਜੋ ਕਹੇਂਗੀ ਤੋਲ ਕੇ ਹੀ ਕਹੇਂਗੀ। ਫੜ੍ਹ ਨਹੀਂ ਮਾਰੇਂਗੀ।'

''ਕਦੀ ਕਦੀ ਤਾਂ ਮੈਨੂੰ ਇਸ ਤਰ੍ਹਾਂ ਲੱਗਦਾ ਏ ਜਿਵੇਂ ਮੈਂ ਅਪਣੇ ਪਿੰਡਾਂ ਵਿੱਚ ਅਪਣੇ ਤਰੀਕੇ ਨਾਲ਼ ਫਿਰ ਕੇ ਉੱਥੋਂ ਦੀਆਂ ਔਰਤਾਂ ਵਿੱਚ ਜਾਨ ਪਾ ਰਹੀ ਹੋਵਾਂ। ਜਿਵੇਂ ਉਹਨਾਂ ਨਾਲ਼ ਜਿਊਣ ਦਾ ਰਾਹ ਖੋਲ੍ਹ ਰਹੀ ਹੋਵਾਂ।''

ਮੈਨੂੰ ਉਸਦੀ ਗੱਲ ਧੁੰਦਲੀ ਜਿਹੀ ਲੱਗੀ। ਉਹ ਅਪਣੀ ਹਸਤੀ ਨਾਲ਼ ਹੀ ਆਜ਼ਾਦੀ ਦੁਆਂਦੀ ਅਨੁਭਵ ਕਰ ਰਹੀ ਸੀ। ਇਹ ਭੁਲੇਖਾ ਹਟਾਣ ਲਈ ਮੈਂ ਕਿਹਾ, ''ਪਤਾ ਨਹੀਂ ਮੈਂ ਤੇਰੇ ਵਾਲੇ ਪਹੇ 'ਤੇ ਪਿਆ ਹੋਇਆ ਹਾਂ ਕਿ ਨਹੀਂ, ਪਰ ਜੇ ਸਿਆਲਾਂ ਦੀ ਧੀ, ਹੀਰ, ਅਪਣਾ ਕਿੱਸਾ ਲਿਖਵਾ ਕੇ ਤੇ ਬੰਦੇ-ਬੰਦੇ ਦੇ ਮੂੰਹੋਂ ਗਵਾ ਕੇ ਔਰਤਾਂ ਦਾ ਰਾਹ ਨਾ ਖੋਲ੍ਹ ਸਕੀ ਤਾਂ ਤੂੰ ਫਿਰ ਟੁਰ ਕੇ ਹੀ ਕਿਵੇਂ ਖੋਲ੍ਹ ਦੇਵੇਂਗੀ।''

''ਨਹੀਂ ਉਹ ਗੱਲ ਹੋਰ ਏ,'' ਉਸਨੇ ਝਟਪਟ ਘੁੰਡੀ ਫੜ ਕੇ ਕਿਹਾ। ''ਆਦਰ ਮਰੀ ਹੋਈ ਹੀਰ ਦਾ ਹੀ ਹੋਇਆ ਹੈ। ਜਿਊਂਦੀ ਹੀਰ ਦਾ ਕਿਧਰੇ ਕੋਈ ਆਦਰ ਨਹੀਂ ਸੀ। ਮਰਨ ਪਿੱਛੋਂ ਆਦਰ ਮਿਲਣ ਕਰਕੇ, ਕਿਸੇ ਜਿਊਂਦੀ ਇਸਤਰੀ ਦਾ ਕੋਈ ਆਦਰ ਨਹੀਂ ਹੋ ਸਕਦਾ। ਮੇਰੀ ਪਦਵੀ ਕਰਕੇ ਤੇ ਮੇਰੇ ਕਸਬ ਤੋਂ ਲਾਭ ਹੋਣ ਕਰਕੇ ਮੇਰਾ ਜਿਊਂਦੀ ਦਾ ਆਦਰ ਹੈ। ਹੋਰ ਇਸਤਰੀਆਂ ਜਿਊਂਦੀਆਂ ਹੀ ਇਸ ਵਿੱਚ ਹਿੱਸੇਦਾਰ ਹੋ ਸਕਦੀਆਂ ਨੇ।''

''ਪਰ ਸਾਰੀਆਂ 'ਤੇ ਡਾਕਟਰ ਨਹੀਂ। ਉਹ ਕਿਸ ਤਰ੍ਹਾਂ ਹਿੱਸੇਦਾਰ ਹੋ ਸਕਦੀਆਂ ਨੇ?'' ਮਲਿੰਗਟਨ ਨੇ ਦਲੀਲ ਦਾ ਇੱਕ ਸਿਰਾ ਅਪਣੇ ਹੱਥ ਵਿੱਚ ਫੜ ਲਿਆ।

''ਤੁਹਾਡੇ ਅੰਗਰੇਜ਼ਾਂ ਲਈ ਇਹ ਗੱਲ ਅਚਰਜ ਹੋਵੇਗੀ, ਪਰ ਇੱਥੇ ਸਹੀ ਏ। ਜਦੋਂ ਇੱਕ ਇਸਤਰੀ ਜਿੱਥੇ ਚਾਹੇ ਫਿਰਦੀ ਰਹੇ, ਜਿਸ ਤਰ੍ਹਾਂ ਦੇ ਚਾਹੇ ਕੱਪੜੇ ਪਾਂਦੀ ਹੈ, ਜੋ ਕੁੱਝ ਚਾਹੇ ਕਰਦੀ ਹੈ ਤੇ ਫਿਰ ਵੀ ਆਦਰਯੋਗ ਰਹਿੰਦੀ ਹੈ ਤਾਂ ਇਹ ਗੱਲ ਲੋਕਾਂ ਦੇ ਮਨ ਵਿੱਚ ਬਹਿ ਜਾਂਦੀ ਹੈ। ਉਹਨਾਂ ਦੀ ਧੀ ਕੋਲ ਇੱਕ ਉੱਚੀ ਵਿੱਦਿਆ ਹੈ, ਜਿਸ ਨੂੰ ਲੈ ਕੇ ਉਹ ਉਹਨਾਂ ਦੇ ਭਲੇ ਲਈ ਪਿੰਡ-ਪਿੰਡ ਫਿਰ ਰਹੀ ਹੈ ਤਾਂ ਫਿਰ ਉਸ ਨਾਲੋਂ ਵੱਧ ਸਤਿਕਾਰਯੋਗ ਕੌਣ ਹੈ? ਮੇਰੀ ਸ਼ਕਲ ਇਲਾਕੇ ਦੇ ਹਰ ਬੰਦੇ ਤੇ ਹਰ ਜ਼ਨਾਨੀ ਦੇ ਸਾਹਮਣੇ ਹੈ। ਹੋਰ ਜ਼ਨਾਨੀਆਂ ਨੂੰ ਕਿਹੋ-ਜਿਹਾ ਜੀਵਨ ਮਿਲਣਾ ਚਾਹੀਦਾ ਹੈ ਇਹ ਮਿਥਣ ਵਿੱਚ, ਮੈਂ ਕਹਿੰਦੀ ਹਾਂ, ਮੇਰੀ ਇਸ ਮੂਰਤ ਦਾ ਹਿੱਸਾ ਹੈ।''

ਮਲਿੰਗਟਨ ਚੁੱਪ ਹੋ ਗਿਆ ਤੇ ਸਿੱਧਾ ਹੋਟਲ ਦੀ ਸਾਹਮਣੀ ਕੰਧ ਵੱਲ ਵੇਖੀ ਗਿਆ। ਉਹ ਸ਼ਾਇਦ ਉਸ ਨੂੰ ਅਪਣੇ ਪਿੰਡਾਂ ਵਿੱਚ ਵਿਚਰਦੀ ਨੂੰ ਵੇਖ ਰਿਹਾ ਸੀ, ਕਦੀ ਸਾਈਕਲ ਉੱਤੇ, ਕਦੀ ਟਾਂਗੇ ਉੱਤੇ। ਕਿਸ ਤਰ੍ਹਾਂ ਪਿੰਡ ਦੇ ਬੁੱਢੇ ਕਿਰਸਾਨਾਂ ਲਈ ਉਹ ਇੱਕ ਆਦਰਸ਼ਕ ਇਸਤਰੀ ਦੀ ਮੂਰਤ ਸੀ।

''ਉਹ! ਮੈਂ ਕਿੰਨੇ ਗਪੌੜ ਛੱਡੇ ਨੇ। ਕੋਈ ਸੰਗ ਸ਼ਰਮ ਸਾਡੇ ਹਿੰਦੁਸਤਾਨੀਆਂ ਦੇ ਨੇੜਿਓਂ ਨਹੀਂ ਲੰਘੀ।'' ਉਸਨੇ ਮਲਿੰਗਟਨ ਨੂੰ ਅਪਣੇ ਨਾਲ਼ ਰੁਝਿਆਂ ਅਨੁਭਵ ਕਰ ਕੇ ਕਿਹਾ। ''ਚੰਗਾ ਹੁਣ ਮੈਨੂੰ ਆਗਿਆ ਦਿਓ। ਅੱਜ ਤੁਸਾਂ ਮੈਥੋਂ ਕਿਹੋ-ਜਿਹੀਆਂ ਗੱਲਾਂ ਕਰਵਾਈਆਂ ਨੇ।'' ਉਸਨੇ ਉੱਠ ਕੇ ਖਲੋਂਦੀ ਹੋਈ ਮੈਨੂੰ ਕਿਹਾ।

ਹੋਟਲ ਦੇ ਬਰਾਂਡੇ ਵਿੱਚ ਆ ਕੇ ਅਸਾਂ ਉਸ ਨੂੰ ਵਿਦਿਆ ਕੀਤਾ।

ਜਦੋਂ ਉਹ ਕੁੱਝ ਦੂਰ ਚਲੀ ਗਈ ਤਾਂ ਮਲਿੰਗਟਨ ਨੇ ਫਿਰ ਪਹਿਲੇ ਵਾਂਗ ਹੱਥ ਜੋੜ ਕੇ ਮੱਥਾ ਟੇਕਿਆ।

''ਤੂੰ ਕਿਸ ਨੂੰ ਨਮਸਕਾਰ ਕੀਤੀ ਹੈ? ਮੈਂ ਪੁੱਛਿਆ।

''ਉਸ ਇਸਤਰੀ ਨੂੰ।''

''ਤੂੰ ਕਹਿੰਦਾ ਸੈਂ ਮੈਂ ਕਿਸੇ ਪ੍ਰਾਣੀ ਨੂੰ ਇਸ ਤਰ੍ਹਾਂ ਦੀ ਨਮਸਕਾਰ ਨਹੀਂ ਕਰਦਾ।''

''ਨਹੀਂ ਇਹ ਕੋਈ ਇਕੱਲਾ ਪ੍ਰਾਣੀ ਨਹੀਂ ਹੈ। ਇਹ 'ਤੇ ਇੱਕ ਲਹਿਰ ਵਾਂਗ ਹੈ, ਇੱਕ ਹਵਾ ਹੈ, ਇਕ ਰੰਗ ਹੈ। ਅਸਲ ਵਿਚ ਇਹੀ ਤੁਹਾਡਾ ਨਵਾਂ ਭਾਰਤ ਹੈ।''

# ਮੀਡੀਆ

## ਅੰਦਰਲੇ ਸੱਚ ਦਾ ਜਨਤਕ ਹੋਣਾ ਜ਼ਰੂਰੀ

**ਨਵੀਨ ਰਮਨ**



**ਖ਼ਬਰਾਂ** ਦੀ ਦੁਨੀਆ ਵਿੱਚ ਪਿਛਲੇ ਥੋੜ੍ਹੇ ਸਮੇਂ ਵਿੱਚ ਹੀ ਬਹੁਤ ਕੁੱਝ ਬਦਲ ਗਿਆ ਹੈ। ਇਸ ਬਦਲੇ ਹੋਏ ਦੀ ਬਹੁਤ ਘੱਟ ਖ਼ਬਰ ਪਾਠਕਾਂ ਨੂੰ ਹੈ। ਇਹਨਾਂ ਦਿਨਾਂ ਵਿੱਚ ਸੇਬੀ ਅਰਥਾਤ ਸਕਿਉਰਟੀਜ਼ ਐਂਡ ਅਕਸਚੇਂਜ ਬੋਰਡ ਨੂੰ ਖ਼ਬਰਾਂ ਨੂੰ ਲੈ ਕੇ ਬਹੁਤ ਚਿੰਤਾ ਹੋਈ ਹੈ। ਸੇਬੀ ਦਾ ਬੁਨਿਆਦੀ ਕੰਮ ਹੈ, ਪੂੰਜੀ ਬਾਜ਼ਾਰ ਨੂੰ ਠੀਕ-ਠਾਕ ਚਲਾਉਣਾ, ਪਰ ਸੇਬੀ ਅਖਬਾਰਾਂ ਨੂੰ ਲੈ ਕੇ ਚਿੰਤਤ ਹੈ। ਤੇ ਇਹਨਾਂ ਚਿੰਤਾਵਾਂ ਦੇ ਆਰਥਕ ਅਰਥ ਤਾਂ ਹਨ ਹੀ, ਦੂਜੇ ਅਰਥ ਵੀ ਹਨ। ਸੇਬੀ ਦਾ ਕੰਮ ਕਾਜ ਮੁੱਖ ਤੌਰ 'ਤੇ ਉਹਨਾਂ ਕੰਪਨੀਆਂ ਨਾਲ਼ ਸਬੰਧਿਤ ਹੈ, ਜੋ ਪਬਲਿਕ ਇਸ਼ੂ ਦੇ ਜ਼ਰੀਏ ਪੈਸਾ ਉਗਰਾਉਂਦੀਆਂ ਸਨ। ਸੇਬੀ ਸਭ ਨਿਯਮਾਂ ਦੇ ਅਧੀਨ ਉਸਨੂੰ ਸੁਰੱਖਿਆ ਦਿੰਦਾ ਹੈ ਤਾਂ ਕਿ ਪਬਲਿਕ ਤੋਂ ਪੈਸਾ ਉਗਰਾਉਣ ਵਾਲੀਆਂ ਸਭ ਕੰਪਨੀਆਂ ਅਪਣੇ ਕਾਰੋਬਾਰ ਦੀ, ਕਾਰੋਬਾਰ ਨਾਲ਼ ਜੁੜੇ ਸਾਰੇ ਤੱਥਾਂ ਦੀ ਜਾਣਕਾਰੀ ਪਬਲਿਕ ਨੂੰ ਲਗਾਤਾਰ ਦੇਣ। ਸੂਚੀ ਦਰਜ ਕੰਪਨੀਆਂ ਨੂੰ ਹਰ ਤਿਮਾਹੀ ਵਿੱਚ ਅਪਣੀਆਂ ਮਹੱਤਵਪੂਰਨ ਸੂਚਨਾਵਾਂ ਦੀ ਜਾਣਕਾਰੀ ਦੇਣੀ ਪੈਂਦੀ ਹੈ, ਤਾਂ ਕਿ ਨਿਵੇਸ਼ਕ ਅਪਣੇ ਹਿਸਾਬ ਦੇ ਸਿੱਟੇ ਕੱਢ ਸਕਣ ਕਿ ਕੰਪਨੀ ਵਿੱਚ ਨਿਵੇਸ਼ ਚਾਹੁੰਦੇ ਹਨ ਕਿ ਨਹੀਂ। ਸਹੀ ਸੂਚਨਾਵਾਂ ਨਿਵੇਸ਼ਕਾਂ ਦਾ ਹੱਕ ਹੈ, ਇਹ ਗੱਲ ਸੇਬੀ ਦੇ ਸਾਰੇ ਪ੍ਰੋਗਰਾਮਾਂ ਵਿੱਚ ਸ਼ਾਮਲ ਹੈ।

ਪਰ ਸਵਾਲ ਇਹ ਹੈ ਕਿ ਕੀ ਸਾਰੀਆਂ ਜ਼ਰੂਰੀ ਸੂਚਨਾਵਾਂ ਨਿਵੇਸ਼ਕਾਂ ਤੱਕ ਪਹੁੰਚ ਰਹੀਆਂ ਹਨ? ਸੇਬੀ ਨੇ ਜ਼ਰੂਰੀ ਸੂਚਨਾਵਾਂ ਦਾ ਜੋ ਢਾਂਚਾ ਬਣਾਇਆ ਹੈ, ਉਹ ਆਮ ਕਾਰੋਬਾਰਾਂ ਦੇ ਮਾਡਲ ਉੱਪਰ ਅਧਾਰਿਤ ਹੈ, ਜਦ ਕਿ ਮੀਡੀਆ ਨਾਲ਼ ਜੁੜੀਆਂ ਕੰਪਨੀਆਂ ਦਾ ਕੰਮਕਾਜ ਇੱਕਦਮ ਅਲੱਗ ਹੈ। ਮੀਡੀਆ ਉਹਨਾਂ ਅਪਵਾਦ ਉਦਯੋਗਾਂ ਵਿੱਚੋਂ ਹੈ, ਜਿੱਥੇ ਅਖਬਾਰ ਜਾਂ ਮੈਗ਼ਜ਼ੀਨ ਦੀ ਕੀਮਤ ਉਸਦੀ ਲਾਗਤ ਦੇ ਮੁਕਾਬਲੇ ਵੀ ਘੱਟ ਹੋ ਸਕਦੀ ਹੈ। ਇਸ ਦੀ ਵਜ੍ਹਾ ਵਿਗਿਆਨ ਹੈ, ਜੋ ਮੀਡੀਆ ਕੰਪਨੀਆਂ ਵਸੂਲਦੀਆਂ ਹਨ, ਲੰਮੇ ਸਮੇਂ ਤੱਕ ਮੀਡੀਆ ਕੰਪਨੀਆਂ ਇਹ ਖ਼ਾਸ ਮਾਡਲ 'ਤੇ ਕੰਮ ਕਰਦੀਆਂ ਰਹੀਆਂ ਹਨ। ਉਹਨਾਂ ਦੀ ਆਮਦਨ ਦਾ ਮੁੱਖ ਸੋਮਾਂ ਵਿਗਿਆਪਨ ਤੋਂ ਆਉਂਦਾ ਸੀ, ਪਰ ਹੁਣ ਬਦਲੇ ਹੋਏ ਹਾਲਾਤ ਵਿੱਚ ਬਹੁਤ ਕੁੱਝ ਬਦਲ ਗਿਆ ਹੈ।

ਸਭ ਫ਼ਿਲਮਾਂ ਦੇ ਸ਼ੁਰੂ ਹੋਣ ਤੋਂ ਪਹਿਲਾਂ ਪਰਦੇ 'ਤੇ ਉਹਨਾਂ ਅਖਬਾਰਾਂ ਟੀਵੀ ਚੈਨਲਾਂ ਦੇ ਨਾਮ ਆਉਂਦੇ ਹਨ, ਜੋ ਉਸ ਫ਼ਿਲਮ ਦੇ ਕਾਰੋਬਾਰ ਦੇ ਹਿੱਸੇਦਾਰ ਹੁੰਦੇ ਹਨ। ਮਿਸਾਲ ਵਜੋਂ ਜੇਕਰ ਕਿਸੇ ਫ਼ਿਲਮ ਵਿੱਚ ਟੀਵੀ ਚੈਨਲ ਦਿਖਾਏ ਜਾਂਦੇ ਹਨ, ਤਾਂ ਕਿਸੇ ਟੀਵੀ ਚੈਨਲ ਦੇ ਨਾਲ਼ ਇੱਕ ਐਗਰੀਮੈਂਟ ਹੋ ਸਕਦਾ ਹੈ, ਜਿਸਦੇ ਅਧੀਨ ਉਸ ਟੀਵੀ ਚੈਨਲ ਨੂੰ ਫ਼ਿਲਮ ਵਿੱਚ ਦਿਖਾਇਆ ਜਾਵੇਗਾ। ਪਬਲੀਸਿਟੀ ਦੇ ਬਦਲੇ ਇਹ ਨਿਊਜ਼ ਚੈਨਲ ਚਾਹੇ ਤਾਂ ਮੁਫ਼ਤ ਪਬਲੀਸਿਟੀ ਦੇ ਸਕਦਾ ਹੈ ਜਾਂ ਉਹ ਫ਼ਿਲਮਕਾਰ ਨੂੰ ਕੁੱਝ ਰਕਮ ਦੇ ਸਕਦਾ ਹੈ। ਜਿਵੇਂ ਕਿ ਸਮਝੌਤਾ ਹੋਵੇ।

'ਮਾਈ ਨੇਮ ਇਜ਼ ਖ਼ਾਨ' ਵਿੱਚ ਇੱਕ ਨਿਊਜ਼ ਟੀਵੀ ਚੈਨਲ ਹਿੱਸੇਦਾਰ ਸੀ। ਉਸ ਨਿਊਜ਼ ਚੈਨਲ ਦਾ ਨਾਂ ਫ਼ਿਲਮ ਵਿੱਚ ਦਿਖਾਇਆ ਗਿਆ ਸੀ ਅਤੇ ਨਿਊਜ਼ ਚੈਨਲ ਨੇ ਇਸ ਫ਼ਿਲਮ ਦੀ ਭਰਪੂਰ ਪ੍ਰਸੰਸਾ ਕੀਤੀ। ਸੁਪਰਹਿੱਟ ਦੱਸਿਆ, ਸੁਪਰ ਸ੍ਰੇਸ਼ਟ ਫ਼ਿਲਮ ਕਿਹਾ। ਇਹ ਕਿਸੇ ਵੀ ਚੈਨਲ ਦਾ ਅਧਿਕਾਰ ਹੈ ਕਿ ਉਹ ਕਿਸ ਫ਼ਿਲਮ ਨੂੰ ਕੀ ਕਹੇ। ਕਿਸੇ ਵੀ ਫ਼ਿਲਮਕਾਰ ਨੂੰ ਇਹ ਅਧਿਕਾਰ ਹੈ ਕਿ ਉਹ ਨਿਊਜ਼ ਚੈਨਲ ਨੂੰ ਭਰਪੂਰ ਤਰੀਕੇ ਨਾਲ਼ ਦਿਖਾਏ, ਪਰ ਸਾਰੀ ਗਿੱਟਮਿੱਟ ਵਿੱਚ ਹਰ ਦਰਸ਼ਕ, ਹਰ ਪਾਠਕ ਦਾ ਇਹ ਅਧਿਕਾਰ ਹੈ ਕਿ ਉਸਨੂੰ ਇਸ ਸਮਝੌਤੇ ਦੀ ਜਾਣਕਾਰੀ ਹੋਵੇ, ਜੋ ਟੀਵੀ ਚੈਨਲ ਅਤੇ ਫ਼ਿਲਮਕਾਰ ਦੇ ਦਰਮਿਆਨ ਹੋਇਆ ਹੈ।

ਟੀਵੀ ਚੈਨਲ ਦੇ ਦਰਸ਼ਕਾਂ ਨੂੰ ਇਹ ਜਾਨਣ ਦਾ ਹੱਕ ਹੈ, ਜਿਸ ਫ਼ਿਲਮ ਦੀ ਐਨੀ ਤਾਰੀਫ਼ ਕਰ ਰਹੇ ਹਨ, ਉਸਦੇ ਸੰਵਾਦਦਾਤਾ, ਉਸ ਫ਼ਿਲਮ ਦੇ ਨਾਲ਼ ਇਸ ਟੀਵੀ ਚੈਨਲ ਦੇ ਵੀ ਕਾਰੋਬਾਰੀ ਹਿੱਤ ਜੁੜੇ ਹੋਏ ਹਨ। ਇਹ ਬੁਨਿਆਦੀ ਕਾਰੋਬਾਰੀ ਉਚਿਤਤਾ ਦੀ ਗੱਲ ਹੈ। ਇਹ ਸੂਚਨਾ ਸਾਫ਼ ਤੌਰ 'ਤੇ ਦਰਸ਼ਕ ਤੇ ਪਾਠਕ ਕੋਲ ਹੋਣੀ ਚਾਹੀਦੀ ਹੈ। ਫਿਰ ਹੁਣ ਅਜਿਹੀਆਂ ਕੰਪਨੀਆਂ ਹਨ, ਜੋ ਫ਼ਿਲਮ ਬਨਾਉਣ ਤੋਂ ਲੈ ਕੇ ਮੀਡੀਆ ਦਾ ਕਾਰੋਬਾਰ ਨਾਲੋ-ਨਾਲ਼ ਕਰ ਰਹੀਆਂ ਹਨ। ਇਸ ਸਥਿਤੀ ਵਿੱਚ ਉਹਨਾਂ ਕਾਰੋਬਾਰੀ ਰਿਸ਼ਤਿਆਂ ਦੇ ਘੁਲਣ-ਮਿਲਣ ਦੀ ਪੂਰੀ-ਪੂਰੀ ਸੰਭਾਵਨਾ ਹੈ। ਮਿਸਾਲ ਵਜੋਂ ਯੂਟੀਵੀ ਕੰਪਨੀ ਸਮੂਹ ਫ਼ਿਲਮ ਵੀ ਬਣਾਉਂਦਾ ਅਤੇ ਬਲੂਮਬਗਰ ਟੀਵੀ ਨਿਊਜ਼ ਚੈਨਲ ਚਲਾਉਂਦਾ, ਪਰ ਦਰਸ਼ਕਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਿਸ ਮੀਡੀਆ ਕੰਪਨੀ ਦੇ ਕਾਰੋਬਾਰੀ ਹਿੱਤ ਕਿੱਥੇ ਹਨ।




ਪ੍ਰਾਈਵੇਟ ਸੰਧੀਆਂ ਦੇ ਅਧੀਨ ਹੁਣ ਮੀਡੀਆ ਕੰਪਨੀਆਂ ਸਭ ਕਾਰੋਬਾਰੀ ਕੰਪਨੀਆਂ ਵਿੱਚ ਸ਼ੇਅਰ ਲੈ ਰਹੀਆਂ ਹਨ। ਇਸਦਾ ਮਤਲਬ ਇਹ ਹੋਇਆ ਕਿ ਕਿਸੇ ਅਖ਼ਬਾਰ ਵਿੱਚ ਕਿਸੇ ਕੰਪਨੀ ਦੇ ਪਾਣੀ ਜਾਂ ਕਾਰ ਦੀ ਬਹੁਤ ਤਾਰੀਫ਼ ਛਪੀ ਹੈ, ਤਾਂ ਉਸਨੂੰ ਸਿਰਫ਼ ਪੱਤਰਕਾਰ ਦਾ ਦ੍ਰਿਸ਼ਟੀਕੋਣ ਨਹੀਂ ਮੰਨਿਆ ਜਾਣਾ ਚਾਹੀਦਾ। ਕਈ ਮੀਡੀਆ ਕੰਪਨੀਆਂ ਇੱਕੋ ਵੇਲੇ ਅਖਬਾਰ ਤੇ ਪਬਲਿਕ ਰੀਲੇਸ਼ਨਜ਼ ਕਾਰੋਬਾਰ ਚਲਾ ਰਹੀਆਂ ਹਨ। ਪਬਲਿਕ ਰੀਲੇਸ਼ਨਜ਼ ਵਾਲੇ ਸਾਕਾਰਤਮਕ ਖ਼ਬਰਾਂ ਲੈ ਕੇ ਛਪਵਾਉਂਦੇ ਹਨ, ਅਖ਼ਬਾਰ ਵਿੱਚ। ਅਖ਼ਬਾਰ ਦੇ ਪਾਠਕਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਸ ਖ਼ਬਰ ਵਿੱਚ ਅਖਬਾਰ ਜਾਂ ਮੀਡੀਆ ਕੰਪਨੀ ਦੇ ਕਿਸ ਤਰ੍ਹਾਂ ਦੇ ਹਿੱਤ ਹਨ। ਪਾਠਕ ਜਾਂ ਦਰਸ਼ਕ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਫਲਾਂ ਕੰਪਨੀ ਦੇ ਬਾਰੇ ਵਿੱਚ ਸਾਕਾਰਾਤਮਕ ਪ੍ਰਭਾਵ ਸਿਰਫ਼ ਕੰਪਨੀ ਦੇ ਸਾਕਾਰਾਤਮਕ ਹੋਣ ਦੀ ਵਜ੍ਹਾ ਨਾਲ਼ ਨਹੀਂ ਆਇਆ ਹੈ। ਇਸਦਾ ਖੁਲਾਸਾ ਜਾਂ ਡਿਸਕਲੋਜ਼ਰ ਨਿਵੇਸ਼ਕਾਂ ਦੇ ਹਿੱਤ ਵਿੱਚ ਹੈ। ਅਜਿਹੀ ਸਪੱਸ਼ਟ ਜਾਣਕਾਰੀ ਸਿਹਤਮੰਦ ਪੱਤਰਕਾਰੀ ਦੇ ਹਿੱਤ ਵਿੱਚ ਵੀ ਹੈ ਅਤੇ ਸਿਹਤਮੰਦ ਕਾਰੋਬਾਰ ਦੇ ਹਿੱਤ ਵਿੱਚ ਵੀ। ਸੇਬੀ ਦੀਆਂ ਚਿੰਤਾਵਾਂ ਨੂੰ ਇਸ ਸੰਦਰਭ ਵਿੱਚ ਲਿਆ ਜਾਣਾ ਚਾਹੀਦਾ ਹੈ।

Best Truck Wash

Your Mobile Wash Professionals Edmonton & Area



We can Wash Your Truck anywhere in Edmonton & Area

- High Pressure Nozzles
- Trailer/Truck
- Fleet Washing With Under Mobile Brush Wash System
- Oil Change and Grease

ਅਸੀਂ ਤੁਹਾਡੇ ਟਰੱਕ, ਟਰੇਲਰ ਐਡਮਿੰਟਨ ਦੇ ਕਿਸੇ ਵੀ ਹਿੱਸੇ ਵਿਚ ਪਹੁੰਚ ਕੇ ਵਾਸ਼ ਕਰਾਂਗੇ। ਵਧੀਆ ਸਰਵਿਸ ਲਈ ਸੰਪਰਕ ਕਰੋ।

ਅਸੀਂ ਤੇਲ ਬਦਲੀ ਅਤੇ ਗਰੀਸ ਵੀ ਕਰਦੇ ਹਾਂ



For more info Call:

BIN: (780) 267-9102

CAM: (780) 238-8161

# ...ਸੂਲੀ ਦੀ ਛਾਲ ਵਾਲੇ ਲੰਗੋਟੀਏ ਯਾਰ



**ਚਰਨਜੀਤ ਸਿੰਘ ਰੰਧਾਵਾ**

ਛੋਟੇ ਹੁੰਦਿਆਂ ਕਈ ਬਾਜ਼ੀਗਰ ਸੂਲੀ ਦੀ ਛਾਲ ਲਾਉਂਦੇ ਵੇਖੇ ਹਨ। ਸੱਚੀਂ, ਕਿੰਨੀ ਔਖੀ ਹੁੰਦੀ ਹੈ ਸੂਲੀ ਦੀ ਛਾਲ। ਪਤਾ ਨੀ ਕੀ ਚੱਲਦਾ ਰਹਿੰਦਾ ਹੋਣਾ ਸੂਲੀ ਦੀ ਛਾਲ ਲਾਉਣ ਵਾਲੇ ਨੌਜਵਾਨ ਦੇ ਮਨ ਵਿੱਚ। ਉਹ ਰੱਬ ਨੂੰ ਧਿਆਉਂਦਾ ਹੋਵੇਗਾ ਜਾਂ ਕੁੱਝ ਹੋਰ ਪਤਾ ਨਹੀਂ ਕੀ ਕੁਝ ਸੋਚਦਾ ਹੋਵੇਗਾ ਉਹ। ਬਚਪਨ ਦੇ ਯਾਰਾਂ ਬੇਲੀਆਂ ਨਾਲ ਖੜ੍ਹ ਕੇ ਸੂਲੀ ਦੀ ਛਾਲ ਦੇਖਣ ਦਾ ਤਾਂ ਨਜ਼ਾਰਾ ਹੀ ਕੁੱਝ ਹੋਰ ਹੁੰਦਾ ਸੀ। ਸਾਰੀ ਸੱਥ ਭਰ ਜਾਂਦੀ ਸੀ ਜਵਾਕਾਂ, ਨਿਆਣਿਆਂ-ਸਿਆਣਿਆਂ ਨਾਲ। ਪਿੰਡ ਦੀਆਂ ਬੁੜੀਆਂ, ਨੂੰਹਾਂ, ਜਵਾਨ ਧੀਆਂ ਨਾਲ ਲੱਗਦੇ ਕੋਠਿਆਂ ‘ਤੇ ਆ ਚੜ੍ਹਦੀਆਂ ਸਨ। ਮੇਰੇ ਹਾਣਦੀਆਂ ਕੁੜੀਆਂ ਸਾਡੇ ਵਿੱਚ ਖੜ੍ਹੀਆਂ ਸੂਲੀ ਦੀ ਛਾਲ ਵੇਖਦੀਆਂ ਸਨ। ਮੇਰੇ ਲੰਗੋਟੀਏ ਯਾਰ ਸਭ ਇੱਕਜੁੱਟ ਹੋ ਕੇ ਸੂਲੀ ਦੀ ਛਾਲ ਦੇਖਦੇ ਸੀ। ਪਤਾ ਨਹੀਂ ਸੂਲੀ ਦੀ ਛਾਲ ਲਾਉਣ ਵਾਲੇ ਦੇ ਮਨ ਵਿੱਚ ਕੀ ਚੱਲਦਾ ਹੋਵੇਗਾ ਪਰ ਸਾਡੇ ਮਨਾਂ ਵਿੱਚ ਕੁੱਝ ਨਹੀਂ ਚੱਲਦਾ ਸੀ, ਸਾਰਾ ਮਨ ਖ਼ਾਲੀ ਹੁੰਦਾ ਸੀ ਜਾਂ ਸ਼ਾਇਦ ਮਨ ਨਾਂ ਦੇ ਸ਼ਬਦ ਦਾ ਪਤਾ ਹੀ ਨਹੀਂ ਸੀ। ਸਾਡਾ ਸਾਰਾ ਧਿਆਨ ਸੂਲੀ ਦੀ ਛਾਲ ਲਾਉਣ ਵਾਲੇ ਵੱਲ ਖਿੱਚਿਆ ਹੁੰਦਾ ਸੀ। ਏਨੀ ਉੱਚੇ ਦੇਖਣ ਲਈ ਅੱਡੀਆਂ ਤਾਂ ਚੁੱਕਦੇ ਹੀ ਸੀ ਨਾਲ਼-ਨਾਲ਼ ਅੱਖਾਂ ਦੀਆਂ ਮਮਟੀਆਂ ਵੀ ਉੱਪਰ ਨੂੰ ਚੁੱਕ ਲੈਂਦੇ।

ਹੁਣ ਜਵਾਨ ਹੋ ਗਿਆ ਹਾਂ ਪਿੰਡ ਵਿੱਚ ਸੂਲੀ ਦੀ ਛਾਲ ਤਾਂ ਦੂਰ ਰਹੀ, ਕੋਈ ਖੇਡਾ ਪਾਉਣ ਵਾਲਾ ਵੀ ਨੀ ਆਉਂਦਾ ਪਰ ‘ਸੂਲੀ ਦੀਆਂ ਛਾਲਾਂ’ ਤਾਂ ਮੇਰੇ ਪਿੰਡ ਦੀ ਸੱਥ ਵਿੱਚ ਅਜੇ ਵੀ ਲੱਗਦੀਆਂ ਹਨ।

ਹੁਣ ਮੇਰੇ ਹਾਣੀ ਜਵਾਨ ਹੋ ਗਏ ਹਨ। ਉਹ ਜਿੰਨੇ ਕੁ ਗੰਦੇ-ਭੱਦੇ ਬਚਪਨ ਵਿੱਚ ਰਹਿੰਦੇ ਸਨ ਹੁਣ ਓਨਾ ਹੀ ਸਜ-ਧਜ ਕੇ ਰਹਿੰਦੇ ਹਨ। ਹਰ ਵਾਰ ਪਿੰਡ ਜਾਂਦਾ ਹਾਂ ਤਾਂ ਘਰ ਬਾਅਦ ‘ਚ ਪਹਿਲਾਂ ਸੱਥ ‘ਚ ਖੜ੍ਹ ਕੇ ਹਾਜ਼ਰੀ ਲੁਆਉਂਦਾ ਹਾਂ, ਚਾਹ-ਪਾਣੀ ਪੀ ਕੇ ਫੇਰ ਸੱਥ ਜਾ ਬੈਠਦਾ ਹਾਂ। ਮੈਂ ਅਪਣੇ ਹਾਣੀਆਂ ਨੂੰ ਸੂਲੀ ਦੀ ਛਾਲ ਯਾਦ ਕਰਵਾਉਂਦਾ ਹਾਂ ਪਰ ਉਹਨਾਂ ਵਿੱਚੋਂ ਕਈਆਂ ਨੂੰ ਤਾਂ ਯਾਦ ਵੀ ਨੀ ਸੂਲੀ ਦੀ ਛਾਲ। ਜਿਹਨਾਂ ਨੂੰ ਯਾਦ ਹੈ ਉਹ ਗਾਲ੍ਹਾਂ ਕੱਢਦੇ ਹਨ ਕਿ ਕੀ ਬੱਚਿਆਂ ਵਾਲੀਆਂ ਗੱਲਾਂ ਕਰਦਾ ਏ। ਕੋਈ ਚੰਡੀਗੜ੍ਹ ਦੀ ਗੱਲ ਸੁਣਾ ਕਹਿੰਦੇ ਨੇ ਓਥੇ ਤਾਂ ਮੁੰਡਿਆਂ ਨੂੰ ਬੜਾ ਨਜ਼ਾਰਾ ਏ... ਕਿਉਂ ਰੰਧਾਵਿਆ ਡੂੰਘਾ ਏ ਤੂੰ ਦੱਸਦਾ ਨੀ....!!

ਕਿਸ ਤਰ੍ਹਾਂ ਦੀ ਲੱਗਦੀਏ ਮੇਰੇ ਪਿੰਡ ਦੀ ਸੱਥ ਵਿੱਚ ਹੁਣ ਸੂਲੀ ਦੀ ਛਾਲ ..... ।

ਮੈਂ ਸੱਥ ਦੇ ਇੱਕ ਕੋਨੇ ਵਿੱਚ ਬਹਿੰਦਾ ਹਾਂ, ਬਾਬਿਆਂ ਤੋਂ ਦੂਰ ਯਾਰਾਂ ਬੇਲੀਆਂ ਨਾਲ਼। ਉਹ ਕਹਿੰਦੇ ਹਨ ਕਿ ਤੂੰ ਨਾ ਦੱਸ ਚੰਡੀਗੜ੍ਹ ਦੀ, ਅਸੀਂ ਤੈਨੂੰ ਅਪਣੇ ਪਿੰਡ ਦੀ ਦੱਸਦੇ ਹਾਂ। ਇਹ ਕਹਿ ਕੇ ਉਹ ਮੈਨੂੰ ਇਕ ਪਲ਼ ਲਈ ਪਿੰਡੋਂ ਪਰਾਇਆ ਕਰ ਦਿੰਦੇ ਹਨ। ਉਹਨਾਂ ਦੀਆਂ ਨਜ਼ਰਾਂ ਪਿੰਡ ਦੀ ਕੱਲੀ-ਕੱਲੀ ਗਲੀ ਵਿੱਚ ਤੇ ਕੱਲੇ-ਕੱਲੇ ਘਰ ਵਿੱਚ ਵੜ ਜਾਂਦੀਆਂ ਹਨ। ਉਹ ਕਹਿੰਦੇ ਹਨ ‘ਓਹੇ ਏਨਾ ਦੀ ਕੁੜੀ ਤਾਂ ਹੁਣ ਪਟਾਕਾ ਹੋ ਗਈ ਓਏ ਤੂੰ ਤਾਂ ਦੇਖੀ ਨੀ ਨਿਰੀ ਅੱਗ ਆ ਅੱਗ! ਫੇਰ ਉਹ ਨਾਲ਼ ਲੱਗਦੇ ਘਰ ਦੇ ਵਿਹੜੇ ਵਿੱਚ ਝਾਕਦੇ ਹਨ, ਓਏ ਸਾਲਿਆ ਅਪਣੇ ਨਾਲ਼ ਪੜਦੀ ਸੀ ਆਪਾਂ ਤਾਂ ਹੁਣ ਉਹਨਾਂ ਦੀ ਕੁੜੀ ਦੇ ਪੈਰ ਵਰਗੇ ਵੀ ਨੀ, ਓ ਤਾਂ ਹੁਣ ਕਾਲਜ ਪੜ੍ਹਨ ਲਾ ਤੀ ਪਤਾ ਓਦੋਂ ਲੱਗੂ ਜਦੋਂ ਚੰਨ ਚਾੜ੍ਹਤਾ, ਨਾਵਲ ਪੜ੍ਹਦੀ ਆ, ਕਾਲਜ ਫੰਕਸ਼ਨਾਂ ’ਤੇ ਨੱਚਦੀ ਆ, ਗਜ਼ਲਾਂ ਵੀ ਲਿਖਦੀ ਆ ਨਾਲ਼ੇ ਰੇਅ ਪੰਜਾਮੀਆਂ ਪਾਉਂਦੀ ਆ। ਇਸ ਤਰ੍ਹਾਂ ਉਹਨਾਂ ਦੀਆਂ ਨਜ਼ਰਾਂ ਛਾਲਾਂ ਮਾਰਦੀਆਂ ਹਰੇਕ ਗ਼ਲੀ ਦੇ ਨਾਲ਼-ਨਾਲ਼ ਲੱਗਦੇ ਘਰੀਂ ਜਾ ਵੜਦੀਆਂ ਹਨ ਜਿਹਨਾਂ ਦੇ ਕੁੜੀ ਹੁੰਦੀ ਹੈ, ਉਹਨਾਂ ਦੀ ਕੁੜੀ ਦਾ ਜ਼ਿਕਰ ਕਰਦੇ ਹਨ, ਜਿਹਨਾਂ ਦੇ ਨੂੰਹ ਹੁੰਦੀ ਹੈ, ਨੂੰਹ ਦਾ ਤੇ ਜਿਹਨਾਂ ਦੇ ਘਰ ਕੁੱਝ ਵੀ ਨੀ ਹੁੰਦਾ ਉਹ ਖਾਲੀ ਘਰ ਦੇਖਕੇ ਜਾਂ ‘ਏਥੇ ਤਾਂ ਕਾਂ ਪੈਂਦੇ ਨੇ, ਉੱਲੂ ਬੋਲਦੇ ਨੇ’ ਜਿਹਾ ਮਖੌਲ ਕਰਕੇ ਛਾਲ ਮਾਰ ਅਗਲੇ ਘਰ ਜਾ ਵੜਦੇ ਹਨ। ਹੁਣ ਉਹਨਾਂ ਦੀਆਂ ਘਰੋਂ-ਘਰੀਂ ਵੜਦੀਆਂ ਨਜ਼ਰਾਂ, ਮੇਰੇ ਨਾਲ਼ ਬੈਠੇ ਸਾਡੇ ਬਚਪਨ ਦੇ ਹਾਣੀ ਦੇ ਨਾਲ਼ ਲੱਗਦੇ ਘਰ ਆ ਵੜੀਆਂ , ਉਹ ਕਹਿੰਦੇ ਪਏ ਸਨ, ਬਾਈ ਆਹ ਘਰ ਆਲਿਆਂ ਦੀ ਕੁੜੀ ਜਿਹੜੀ ਅਪਣੇ ਨਾਲ਼ ਖੇਡਦੀ ਹੁੰਦੀ ਸੀ ਹੁਣ ਤਾਂ ਝਾਕਦੀ ਵੀ ਨੀ ਉਹ ਤਾਂ ਸੱਚੀਂ ਜੇ ਤੂੰ ਦੇਖ ਲਵੇਂ ਬੇਹੋਸ਼ ਹੋ ਜੇਂ। ਮੁੜਕੇ ਪਿੰਡ ਛੱਡ ਕੇ ਈ ਨਾ ਜਾਵੇਂ, ਇੱਕ ਕਹਿੰਦਾ ਏ ‘ਸੱਚੀਂ ਯਾਰ ਜੀਵਨ ਈ ਸਫ਼ਲ ਹੋ ਜੇ ਜੇ ਇੱਕ ਵਾਰੀ.....!! ਮੇਰੇ ਨਾਲ਼ ਬੈਠੇ ਹਾਣੀ ਦੇ ਨਾਲ਼ ਲੱਗਦੇ ਘਰ ਦੀ ਕੁੜੀ ਦਾ ਜ਼ਿਕਰ ਹੋ ਰਿਹਾ ਸੀ ਜੋ ਉਸਦੀ ਭੈਣ ਦੀ ਸਹੇਲੀ ਸੀ। ਮੈਂ ਤਾਂ ਡਰ ਹੀ ਗਿਆ ਸੀ ਨਾਲ਼ ਹੀ ਮੈਂ ਅਪਣੇ ਨਾਲ਼ ਬੈਠੇ ਹਾਣੀ ਦੇ ਮੱਥੇ ’ਤੇ ਆਇਆ ਪਸੀਨਾ ਦੇਖਿਆ, ਕੁੱਝ ਸਮਾਂ ਪਹਿਲਾਂ ਉਹ ਵੀ ਅਪਣੀਆਂ ਨਜ਼ਰਾਂ ਹਰੇਕ ਘਰ ਦੁੜਾਉਂਦਾ ਸੀ ਤੇ ਯਾਦ ਕਰਵਾਉਂਦਾ ਸੀ ਕਿ ਆਹ ਘਰ ਤਾਂ ਰਹਿ ਹੀ ਗਿਆ ਪਰ ਜਦੋਂ ਹੁਣ ਉਹਨਾਂ ਦੀਆਂ ਭੱਦੀਆਂ ਨਜ਼ਰਾਂ ਛਾਲਾਂ ਮਾਰਦੀਆਂ ਮਾਰਦੀਆਂ ਉਸਦੇ ਅਪਣੇ ਘਰ ਦੇ ਨਾਲ਼ ਵਾਲੇ ਘਰ ਆ ਵੜੀਆਂ ਸਨ ਤਾਂ ਉਹ ਚੁੱਪ ਸੀ। ਉਹ ਸਾਡੀ ਮੰਡਲੀ ਦਾ ਯਾਰ ਸੀ ਇਸ ਕਰਕੇ ਉਹਨਾਂ ਦੀਆਂ ਨਜ਼ਰਾਂ ਉਸਦਾ ਘਰ ਛੱਡ ਕੇ ਲੰਮੀ ਛਾਲ ਮਾਰਕੇ ਅਗਲੇ ਘਰ ਜਾ ਵੜੀਆਂ ਜਦੋਂ ਕਿ ਉਸਦੇ ਘਰ ਵੀ ਇੱਕ ਮੁਟਿਆਰ ਜਵਾਨ ਭੈਣ ਸੀ ਜਿਸਦਾ ਵੀ ਜ਼ਿਕਰ ਹੋ ਸਕਦਾ ਸੀ। ਉਹ ਹਰੇਕ ਗਲੀ ਵੜਦੇ ਤੇ ਉਹਨਾਂ ਦੀਆਂ ਨਜ਼ਰਾਂ ਹਰੇਕ ਘਰ ਦੀਆਂ ਕੰਧਾਂ ਟੱਪ ਕੇ ਜਾ ਪਾੜ ਕੇ ਹਰ ਘਰ ਦਾ ਮੁਆਇਨਾ ਕਰਦੀਆਂ ਇੱਥੋਂ ਤੱਕ ਕਿ ਉਹ ਖੱਲਾਂ ਖੂੰਜਿਆਂ ਕਮਰਿਆਂ ਵਿੱਚ ਵੀ ਝਾਕਦੀਆਂ। ਅਸੀਂ ਛੇ ਬੈਠੇ ਸਾਂ। ਜਦੋਂ ਉਹਨਾਂ ਦੀਆਂ ਨਜ਼ਰਾਂ ਸਾਡੀ ਗਲੀ ਵੜੀਆਂ ਤਾਂ ਉਹ ਮੇਰਾ ਘਰ ਛੱਡ ਗਏ। ਸ਼ਾਇਦ ਮੇਰਾ ਘਰ ਖਾਲੀ ਸੀ ਪਰ ਨਹੀਂ ਮੈਂ ਤਾਂ ਉਹਨਾਂ ਦਾ ਯਾਰ ਸੀ। ਹਰ ਵਾਰੀ ਜਦੋਂ ਸਾਡੇ ਛੇਆਂ ਵਿੱਚੋਂ ਕਿਸੇ ਦਾ ਵੀ ਘਰ ਰਸਤੇ ਵਿੱਚ ਆਉਂਦਾ ਹਾਂ ਉਹ ਝੱਟ ਛਾਲ ਮਾਰ ਜਾਂਦੇ। ਛਾਲ ਮਾਰਦੇ ਸਮੇਂ ਮੈਂ ਉਹਨਾਂ ਨੂੰ ਪੂਰੀ ਗਹੁ ਨਾਲ਼ ਦੇਖਦਾ ਤੇ ਸ਼ਾਇਦ ਉਹਨਾਂ ਨੇ ਵੀ ਮੇਰੇ ਮੱਥੇ ’ਤੇ ਕੁੱਝ ਸਵਾਲੀਆ ਚਿੰਨ੍ਹ ਜਿਹਾ ਮਹਿਸੂਸ ਕੀਤਾ ਸੀ। ਇਸ ਤਰ੍ਹਾਂ ਉਹ ਅਪਣੇ ਘਰ ਵੀ ਛੱਡ ਗਏ ਤੇ ਬਾਕੀ ਅਜਿਹਾ ਕੋਈ ਘਰ ਨੀ ਬਚਿਆ ਜਿਹੜੇ ਘਰ ਉਹਨਾਂ ਦੀਆਂ ਨਜ਼ਰਾਂ ਛਾਲਾਂ ਮਾਰਦੀਆਂ ਨਾ ਗਈਆਂ ਹੋਣ।

ਮੇਰੀਆਂ ਨਜ਼ਰਾਂ ਸਾਹਵੇਂ ਉਹ ਬਚਪਨ ਤੇ ਸੂਲੀ ਦੀ ਛਾਲ ਵਾਲੇ ਓਸ ਨਜ਼ਾਰੇ ਦਾ ਦ੍ਰਿਸ਼ ਤੇ ਉਸ ਨੂੰ ਦੇਖ ਰਹੇ ਸਾਰੇ ਪਾਤਰ ਸੁਰਜੀਤ ਹੋ ਗਏ ਸਨ। ਜਿਹਨਾਂ ਵਿੱਚੋਂ ਹੁਣ ਕੁੱਝ ਮਰ ਗਏ ਸਨ ਤੇ ਕੁੱਝ ਜਵਾਨ ਹੋ ਚੁੱਕੇ ਸਨ। ਉਹ ਕੁੜੀਆਂ ਜੋ ਮੇਰੇ ਹਾਣਦੀਆਂ ਸਨ ਜਿਹਨਾਂ ਦਾ ਮਨ ਉਸ ਵੇਲੇ ਖਾਲੀ ਸੀ ਹੁਣ ਪਤਾ ਨਹੀਂ ਕਿੰਨਾ ਕੁ ਭਰਿਆ ਪਿਆ ਸੀ। ਇੱਕ ਇਹ ਮੇਰੇ ਲੰਗੋਟੀਏ ਯਾਰ ਜਿੰਨਾਂ ਤੋਂ ਅਪਣੀ ਕੱਛ ਦਾ ਇੱਕ ਚੜਿਆ ਹੋਇਆ ਪੌਂਚਾ ਵੀ ਕਦੇ ਸਿੱਧਾ ਨਹੀਂ ਸੀ ਹੁੰਦਾ ਤੇ ਲਿਬੜੇ ਮੂੰਹ ਨੱਕ, ਬਿਨਾਂ ਨਹਾਤੇ-ਧੋਤੇ ਤੇ ਸੂਲੀ ਦੀ ਛਾਲ ਲਾਉਣ ਲਈ ਤਿਆਰ ਬਰ ਤਿਆਰ ਉਹ ਨੌਜਵਾਨ ਜੋ ਮੈਨੂੰ ਅੱਜ ਵੀ ਪਤਾ ਨਹੀਂ ਕਿ ਛਾਲ ਲਾਉਣ ਤੋਂ ਪਹਿਲਾਂ ਅਪਣੇ ਮਨ ਵਿੱਚ ਕੀ ਧਿਆਉਂਦਾ ਹੋਵੇਂਗਾ। ਸਭ ਕੁੱਝ ਮੈਂ ਹੁਣ ਵੀ ਅਪਣੀਆਂ ਅੱਖਾਂ ਸਾਹਵੇਂ ਵਾਪਰਦਾ ਮਹਿਸੂਸ ਕਰ ਰਿਹਾ ਸੀ। ਹੁਣ ਇਹਨਾਂ ਦੀਆਂ ਗੱਲਾਂ ਸੁਣ ਕੇ ਉਹ ਸੂਲੀ ਦੀ ਛਾਲ ਵਾਲਾ ਦ੍ਰਿਸ਼ ਤਾਂ ਉਹੀ ਸੀ ਪਰ ਉਸਨੂੰ ਦੇਖਦੇ ਮੇਰੇ ਬਚਪਨ ਵਾਲੇ ਸਾਰੇ ਪਾਤਰਾਂ ਦੇ ਅਕਸ ਓਸੇ ਥਾਂ ਤੇ ਜਵਾਨ ਹੋਏ ਇਕੱਠੇ ਦਿਸ ਰਹੇ ਸਨ। ਹੁਣ ਉਹਨਾਂ ਕੁੜੀਆਂ ਦੇ ਬਚਪਨ ਨਾਲ਼ ਸੱਥ ਵਿੱਚ ਉਹਨਾਂ ਦੀ ਜਵਾਨੀ ਦਾ ਅਕਸ ਖੜ੍ਹਾ ਸੀ ਤੇ ਨਾਲ਼ ਹੀ ਲਿੱਬੜੇ ਤਿੱਬੜੇ ਮੇਰੇ ਲੰਗੋਟੀਏ ਯਾਰਾਂ ਦੀ ਜਵਾਨੀ ਦਾ ਅਕਸ। ਫ਼ਰਕ ਕੀ ਸੀ ਬਚਪਨ ਵਾਲੇ ਅਕਸਾਂ ਦੇ ਮਨ ਖਾਲੀ ਸਨ ਜਿਹਨਾਂ ਦਾ ਸਿਰਫ਼ ਸੂਲੀ ਦੀ ਛਾਲ ਵੱਲ ਧਿਆਨ ਸੀ। ਨਾਲ਼ ਹੀ ਸੁਰਜੀਤ ਹੋਏ ਜਵਾਨੀ ਵਾਲੇ ਅਕਸਾਂ ਦੇ ਮਨ ਭਰੇ ਪਏ ਸਨ, ਕੂੜੇ ਕਰਕਟ ਨਾਲ਼ ਤੇ ਕੁੱਝ ਚੰਗੇਰੇ ਨਾਲ਼। ਮੈਂ ਇੱਕੋਂ ਸਮੇਂ ਉਹਨਾਂ ਦੀਆਂ ਜ਼ਿੰਦਗੀਆਂ ਦੇ ਦੋਵਾਂ ਅਕਸਾਂ ਨੂੰ ਇੱਕੋ ਵੇਲੇ ਵਿਚਰਦੇ ਦੇਖ ਰਿਹਾ ਸਾਂ। ਬਚਪਨ ਵਾਲੇ ਅਕਸ ਸੂਲੀ ਦੀ ਛਾਲ ਦੇਖ ਰਹੇ ਸਨ ਤੇ ਜਵਾਨੀ ਵਾਲੇ ਅਕਸਾਂ ਦਾ ਸੂਲੀ ਦੀ ਛਾਲ ਵੱਲ ਕੋਈ ਧਿਆਨ ਨਹੀਂ ਸੀ। ਉਹਨਾਂ ਦੀਆਂ ਨਜ਼ਰਾਂ ਏਧਰ ਓਧਰ ਭਟਕ ਰਹੀਆਂ ਸਨ। ਉਹਨਾਂ ਵਿੱਚ ਮੈਂ ਕਿੱਥੇ ਸੀ। ਮੇਰਾ ਬਚਪਨ ਦਾ ਅਕਸ ਤਾਂ ਉਹਨਾਂ ਵਿੱਚ ਖੜ੍ਹਾ ਸੂਲੀ ਦੀ ਛਾਲ ਅੱਡੀਆਂ ਚੁੱਕ ਚੁੱਕ ਵੇਖ ਰਿਹਾ ਸੀ ਤੇ ਜਵਾਨੀ ਵਾਲਾ ਅਕਸ ਅੱਜ ਇਸ ਸੱਥ ਦੇ ਇੱਕ ਕੋਨੇ ਵਿੱਚ ਬੈਠਾ ਉਹਨਾਂ ਦੇ ਜਵਾਨੀ ਦੇ ਅਕਸਾਂ ਨੂੰ ਵਿਚਰਦਿਆਂ ਦੇਖ ਰਿਹਾ ਸੀ। ਬਚਪਨ ਵਾਲਾ ਅਕਸ ਬਾਜੀ ਖ਼ਤਮ ਹੋਣ ਤੋਂ ਬਾਅਦ ਘਰੋਂ ਆਟੇ ਦੀ ਬਾਟੀ ਭਰੀਂ ਬਾਜੀ ਪਾਉਣ ਵਾਲਿਆਂ ਨੂੰ ਦੇਣ ਲਈ ਆਉਂਦਾ ਦਿਖਾਈ ਦੇ ਰਿਹਾ ਸੀ ਤੇ ਜਵਾਨੀ ਵਾਲਾ ਅਕਸ ਵਿੱਛੜ ਰਹੇ ਮੇਲੇ ‘ਚੋਂ ਬਿਨਾਂ ਕੁੱਝ ਦਿੱਤੇ ਨਜ਼ਰਾਂ ਦੇ ਹੇਰਫੇਰ ਨਾਲ਼ ਵਿਦਾ ਹੁੰਦਾ ਦਿਖਾਈ ਦੇ ਰਿਹਾ ਸੀ। ਕਿੰਨਾਂ ਫ਼ਰਕ ਸੀ ਬਚਪਨ ਵਾਲੇ ਤੇ ਜਵਾਨੀ ਵਾਲੇ ਅਕਸਾਂ ਵਿੱਚ। ਬਚਪਨ ਵਾਲੇ ਅਕਸ ਕਿੰਨੇ ਫੁਰਤੀ ਵਾਲੇ ਸਨ ਜੋ ਘਰੋਂ ਆਟਾ ਲੈ ਕੇ ਮੁੜੇ ਆ ਰਹੇ ਸੀ ਤੇ ਜਵਾਨੀ ਵਾਲੇ ਅਕਸ ਅਜੇ ਮਸਾਂ ਘਰਾਂ ਨੂੰ ਜਾ ਰਹੇ ਸੀ। ਮੈਂ ਇਹਨਾਂ ਅਕਸਾਂ ਦੀ ਚਾਲ ਤੇ ਪੈੜਾਂ ਨਾਪਣ ਨੂੰ ਲੋਚਦਾ ਹਾਂ ਪਰ ਮੇਰਾ ਬਚਪਨ ਦਾ ਅਕਸ ਬਾਜੀ ਖ਼ਤਮ ਹੋਣ ਤੋਂ ਬਾਅਦ ਘਰ ਆਟਾ ਲੈਣ ਗਿਆ ਹੀ ਨਹੀਂ ਮੁੜ ਕੇ ਆਇਆ ਸੀ। ਸ਼ਾਇਦ ਹਰ ਵਾਰ ਦੀ ਤਰ੍ਹਾਂ ਮਾਂ ਲੋਕਾਂ ਦੇ ਵਾਰ ਪਾਣੀ ਭਰਦੀ ਫਿਰ ਰਹੀ ਸੀ ਘਰ ਨੂੰ ਜਿੰਦਾ ਕੁੰਡਾ ਮਾਰ ਕੇ ਤੇ ਬਾਪੂ ਸੂਰਜ ਚੜ੍ਹਨ ਤੋਂ ਪਹਿਲਾਂ ਦਾ ਗਿਆ ਤੇ ਸੂਰਜ ਦੇ ਛਿਪਣ ਤੱਕ ਖੇਤ ਮਿੱਟੀ ਨਾਲ਼ ਮਿੱਟੀ ਹੋ ਰਿਹਾ ਸੀ ਘਰ ਵਿੱਚ ਚੁੱਪ ਤੋਂ ਇਲਾਵਾ ਹੋਰ ਕੋਈ ਵੀ ਨਹੀਂ ਸੀ।

ਘੰਟਾ ਹੋ ਚੱਲਿਆ ਸੀ, ਇੱਕ ਹਾਣੀ ਸਾਡੇ ਵਿੱਚੋਂ ਉੱਠ ਤੁਰਿਆ ਤੇ ਮੇਰਾ ਧਿਆਨ ਟੁੱਟ ਗਿਆ ਤੇ ਸੂਲੀ ਦੀ ਛਾਲ ਵਾਲੇ ਅਕਸਾਂ ਦਾ ਦ੍ਰਿਸ਼ ਧੁੰਦਲਾ ਪੈ ਗਿਆ।

ਮੈਂ ਸੋਚਿਆ ਕਿ ਹੁਣ ਇਹ ਸ਼ਾਇਦ ਤਾਸ਼ ਦੀ ਬਾਜੀ ਹੀ ਲਾ ਲੈਣ। ਕਿਉਂਕਿ ਇੱਕ ਦੇ ਤੁਰ ਜਾਣ ਨਾਲ਼ ਗੱਲ ਦੀ ਲੜੀ ਟੁੱਟ ਚੱਲੀ ਸੀ। ਜਦੋਂ ਮੇਰਾ ਹਾਣੀ ਸੱਥ ‘ਚੋਂ ਬਾਹਰ ਹੋ ਗਿਆ ਤਾਂ ਇੱਕ ਨੇ ਹੌਲੀ ਕੁ ਜਿਹੇ ਮੈਨੂੰ ਕਿਹਾ ‘ਓਏ ਰੰਧਾਵਿਆ ਤੈਨੂੰ ਨੀ ਪਤਾ ਇਹਨਾਂ ਦੀ ਕੁੜੀ ਤਾਂ ਆਪ ਵਿਗੜ ਰਹੀ ਏ, ਉਹਨੂੰ ਤਾਂ ਬਾਹਰ ਦਾ ਮੁੰਡਾ ਪਿੰਡ ਛੱਡਣ ਵੀ ਆਉਂਦਾ, ਬਾਰੇ ਪਿੰਡ ‘ਚ ਤਾਂ ਚਰਚਾ ਚੱਲ ਰਹੀ ਏ, ਸਾਡੇ ਘਣੀ ਤਾਂ ਦੇਖਦੀ ਵੀ ਨੀ, ਭਲਾ ਪਿੰਡ ਦੇ ਮੁੰਡੇ ਮਰਗੇ ਕਿ ਸਾਡੇ ਕੋੜ੍ਹ ਚੱਲਿਆ। ਇੱਕ ‘ਘਰ ਦਾ ਯੋਗੀ ਯੋਗ ਨਾ ਬਾਹਰ ਦਾ ਯੋਗੀ ਸਿੱਧ’ ਦੀ ਕਹਾਵਤ ਦੱਸ ਕੇ ਠਹਾਕਾ ਮਾਰ ਕੇ ਹੱਸਣ ਲੱਗਿਆ। ਮੈਂ ਹੈਰਾਨ ਰਹਿ ਗਿਆ ਸਾਂ ਉਹਨਾਂ ਦੀਆਂ ਨਜ਼ਰਾਂ ਛਾਲਾਂ ਮਾਰਦੀਆਂ ਸਾਰਾ ਪਿੰਡ ਗਾਹ ਕੇ ਹੁਣ ਪਿੰਡ ਦੇ ਪਰਲੇ ਪਾਸੇ ਸਨ ਤੇ ਇੱਕਦਮ ਹੀ ਏਨੀ ਵੱਡੀ ਤੇ ਏਨੀ ਲੰਮੀ ਛਾਲ ਮਾਰ ਕੇ ਉਹ ਅਪਣੇ ਹੀ ਹਾਣੀ ਦੇ ਘਰ ਆ ਵੜੀਆਂ। ਜਿਸ ਘਰ ਤੋਂ ਉਹਨਾਂ ਅਪਣੇ ਹਾਣੀ ਦੇ ਘਰ ਤੱਕ ਛਾਲ ਮਾਰੀ ਸੀ, ਉਹਨਾਂ ਘਰਾਂ ਦਾ ਆਪਸ ਵਿੱਚ ਫਾਸਲਾ ਕਿੱਲੋਮੀਟਰ ਦਾ ਸੀ ਤੇ ਰਾਹ ਵਿੱਚ ਚਾਰ ਪੰਜ ਗਲੀਆਂ ਸਨ ਤੇ ਉੱਚੇ-ਨੀਵੇਂ ਮਕਾਨ ਵੀ। ਸੱਚਮੁੱਚ ਇਹ ਛਾਲ ਸੂਲੀ ਦੀ ਛਾਲ ਨਾਲੋਂ ਵੀ ਵੱਡੀ ਛਾਲ ਸੀ।

ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਮੇਰੇ ਲੰਗੋਟੀਏ ਯਾਰ ਵੱਡੇ ਹੋ ਕੇ ਸੂਲੀ ਦੀ ਛਾਲ ਤੋਂ ਵੀ ਵੱਡੀ ਛਾਲ ਲਾਉਣ ਦੀ ਮੁਹਾਰਤ ਹਾਸਲ ਕਰ ਲੈਣਗੇ। ਤੇ ਸੂਲੀ ਦੀ ਛਾਲ ਲਾਉਣ ਤੋਂ ਪਹਿਲਾਂ ਇਹਨਾਂ ਦੇ ਮਨਾਂ ਵਿੱਚ ਕੀ ਚੱਲਦਾ ਹੈ, ਇਸਦਾ ਜਵਾਬ ਮੈਨੂੰ ਮਿਲ ਗਿਆ ਸੀ।



# Classified Plus

*Your guide to every search*

**2 STORY CONDO FOR RENT**
(LAKEWOOD VILLAGE, Edmonton)
Contact: 780 490 6023
Best Location, All Amenities
3 Bed Rooms, 1½ Bathroom
1 Bed Room in Basement
4 Appliances, Patio Door, Deck
****

**House For Sale by Owner**
2 Story House with walk out Basement having 3800 Plus Finished Area. Maple Kitchen, Granite Counter Top, Maple Hardwood Flooring, Maple and Metal Railing, 2 Furnaces, Separate entry for Basement and many more.
**Ready for Possession.**
Contact: **780 965 7390** or **780 906 4497**
****

**ਮੋਹਾਲੀ ’ਚ ਪਲਾਟ ਵਿਕਾਊ**
ਗ੍ਰੇਟਰ ਮੋਹਾਲੀ ਸੈਕਟਰ 127 ’ਚ 477 ਵਰਗ ਗਜ਼ ਦਾ ਪਲਾਟ ਮਾਲਕ ਵੱਲੋਂ ਵਿਕਾਊ ਹੈ। ਇਹ ਪਲਾਟ ਏਅਰਪੋਰਟ ਰੋਡ ਦੇ ਨਾਲ ਲੱਗਦੇ ਸ਼ਾਨਦਾਰ ਅਤੇ ਪੌਸ਼ ਇਲਾਕੇ ਸਿਵਾਲਿਕ ਸਿਟੀ ਵਿਚ ਹੈ।
**ਸੰਪਰਕ: 011 91 97813 60066**
****

**2 Story House For Sale By Owner In Leduc**
2 Story 2000 Sq. ft. 4 Bed Room, 2 ½ Washrooms, Family Room with 17' Ceiling on the Main Floor. Hard Wood on Main Floor. **House backs on to the City Park.** For details call **780 965 0808.**

* Newly Built Bi-Level House with KEYLESS ENTRY for Sale
* Don't Miss this Great opportunity… Must See the House
* Buyers still have time to Choose Carpet Color…Hurry Up

Newly Built Bi-Level House 2405 Sq Ft with Front Exposed Double Door, 4 Bed Rooms with attached Baths on the Main Floor, 3 Kitchens (**Main Kitchen has Granite Counter Tops**), 2 Furnaces, 2 Hot Water Tanks, 2 Laundries (1 Upstairs & 1 in the Basement). Finished/Heated 2 Car Attached Garage. 700+ sq. ft Finished Concrete drive way for Parking in the Back Alley, Exposed aggregate Drive Way in the Front, **Enjoy Barbecue on the Large Deck.** House has Stucco Exterior.

* Fully Finished 2 Basements having 2 Bedrooms 9' Ceiling and a Washroom each.

**For details/appointments**
**Contact 780 964 7001.**


# ਵਕੀਲਾਂ ਦੇ ਚਮਤਕਾਰ

**ਵਿਰਸਾ ਸਿੰਘ**

ਕਿਸੇ ਪਿੰਡ ਵਿਚ ਲੜਾਈ ਹੋਈ, ਓਧਰੋ-ਓਧਰੀ ਗੋਲੀਆਂ ਚੱਲੀਆਂ ਅਤੇ ਇਕ ਧਿਰ ਦਾ ਬੰਦਾ ਮਾਰਿਆ ਗਿਆ। ਮਰਨ ਵਾਲੇ ਦੇ ਵਾਰਸਾਂ ਨੇ ਥਾਣੇ ਪਰਚਾ ਕਟਵਾਇਆ ਅਤੇ ਮਾਰਨ ਵਾਲੇ ਕਚਿਹਰੀ ਵਲ ਕੋਈ ਚੰਗਾ ਵਕੀਲ ਕਰਨ ਲਈ ਦੌੜੇ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਉਨ੍ਹਾਂ ਦੇ ਹਮਾਇਤੀਆਂ ਨੇ ਫਲਾਣਾ, ਫਲਾਣਾ ਅਤੇ ਫਲਾਣਾ ਵਕੀਲ ਕਰਨ ਦੀਆਂ ਸਲਾਹਾਂ ਦਿੱਤੀਆਂ, ਜਿਸ ‘ਤੇ ਉਹ ਸ਼ਸ਼ੋਪੰਜ ਵਿਚ ਪੈ ਗਏ ਕਿ ਕਿਹੜਾ ਵਕੀਲ ਕੀਤਾ ਜਾਵੇ ਅਤੇ ਸੋਚਦੇ ਵਿਚਾਰਦੇ ਹੋਏ ਅਖੀਰ ਉਹ ਇਕ ਵਕੀਲ ਕੋਲ ਪਹੁੰਚੇ, ਗੱਲਬਾਤ ਕੀਤੀ। ਬੰਦਾ ਮਾਰਨ ਬਾਰੇ ਦੱਸਿਆ ਅਤੇ ਫਿਰ ਫੀਸ ਬਾਰੇ ਗੱਲ ਕੀਤੀ। ਵਕੀਲ ਸਾਹਿਬ ਜੋ ਹਾਲੇ ਨਵੇਂ ਹੀ ਸਨ, ਬਹੁਤਾ ਤਜ਼ਰਬਾ ਨਹੀਂ ਸੀ, ਫੀਸ ਲੈਣ ਬਾਰੇ ਉਨ੍ਹਾਂ ਨੂੰ। ਇਸ ਕਰਕੇ ਉਨ੍ਹਾਂ ਸੋਚਿਆ ਕਿ ਪਾਰਟੀ ਕਿਤੇ ਹੱਥੋਂ ਨਾ ਨਿਕਲ ਜਾਵੇ ਅਤੇ ਇਸੇ ਹੀ ਡਰ ਦਾ ਕਿਆਸ ਕਰਕੇ ਉਨ੍ਹਾਂ ਘੱਟੋ ਘੱਟ ਫੀਸ ਲੈਣ ਦਾ ਸੋਚ ਕੁੱਲ ਬਾਈ ਸੌ ਰੁਪਏ ਮੰਗੇ, ਜਿਸ ਵਿਚ ਦੋ ਹਜ਼ਾਰ ਉਹਦੀ ਅਪਣੀ ਫੀਸ ਸੀ ਅਤੇ ਦੋ ਸੌ ਰੁਪਏ ਮੁਨਸ਼ੀ ਦਾ ਮੁਨਸ਼ਿਆਨਾ ਸੀ।

ਇੰਨੀ ਕੁ ਫੀਸ ਸੁਣ ਕੇ ਉਹ ਬੰਦੇ ਸੋਚੀ ਪੈ ਗਏ ਅਤੇ ਹੌਲ਼ੀ-ਹੌਲ਼ੀ ਪੈਰ ਮਲਦੇ ਹੋਏ ਥੋੜ੍ਹਾ ਦੂਰ ਚਲੇ ਗਏ ਅਤੇ ਵਿਚਾਰ ਵਟਾਂਦਰਾ ਕਰਨ ਲੱਗੇ। ਅਖੀਰ ਸੋਚ ਵਿਚਾਰ ਤੋਂ ਬਾਅਦ ਉਹ ਇਸ ਸਿੱਟੇ ‘ਤੇ ਪਹੁੰਚੇ ਕਿ ਵਕੀਲ ਬਹੁਤ ਛੋਟਾ ਹੈ, ਇਸਦੀ ਫੀਸ ਬਹੁਤ ਥੋੜ੍ਹੀ ਹੈ। ਇਸ ਨੇ ਬੰਦਾ ਬਰੀ ਨਹੀਂ ਕਰਵਾ ਸਕਣਾ। ਕੋਈ ਹੋਰ ਵਕੀਲ ਜੋ ਤਕੜਾ ਹੋਵੇ, ਉਹ ਕੀਤਾ ਜਾਵੇ ਤੇ ਇਸ ਤਰ੍ਹਾਂ ਉਨ੍ਹਾਂ ਨੇ ਕਾਫ਼ੀ ਤਕੜੀ ਫੀਸ ਦੇ ਕੇ ਕੋਈ ਹੋਰ ਵਕੀਲ ਕਰ ਲਿਆ। ਚਲਾਨ ਪੇਸ਼ ਹੋਇਆ, ਮੁਕੱਦਮਾ ਚੱਲਿਆ, ਤਰੀਕਾਂ ਪਈਆਂ, ਗਵਾਹੀਆਂ ਹੋਈਆਂ, ਸਫ਼ਾਈ ਦੇ ਗਵਾਹ ਵੀ ਹੋਏ, ਬਹਿਸ ਹੋਈ ਤੇ ਅਖੀਰ ਵਿਚ ਦੋਸ਼ੀ ਦੇ ਖ਼ਿਲ਼ਾਫ ਕੇਸ ਸਾਬਤ ਹੋਣ ‘ਤੇ ਮਾਨਯੋਗ ਜੱਜ ਸਾਹਬ ਨੇ ਦੋਸ਼ੀ ਨੂੰ ਸਜ਼ਾ ਸੁਣਾ ਦਿੱਤੀ।

ਦੋਸ਼ੀ ਦੇ ਵਾਰਸ ਘਰਾਂ ਨੂੰ ਜਾਣ ਲਈ ਅਦਾਲਤ ਤੋਂ ਬਾਹਰ ਜਾ ਰਹੇ ਸਨ, ਤਦੇ ਹੀ ਪਹਿਲੇ ਵਾਲੇ ਵਕੀਲ ਸਾਹਬ ਉਨ੍ਹਾਂ ਨੂੰ ਰਸਤੇ ਵਿਚ ਮਿਲ ਗਏ ਤੇ ਉਨ੍ਹਾਂ ਮੁਕੱਦਮੇ ਦਾ ਕੀ ਬਣਿਆ ਬਾਰੇ ਪੁੱਛਿਆ।

‘‘ਬਣਨਾ ਕੀ ਸੀ ਵਕੀਲ ਸਾਹਬ, ਬੰਦਾ ਤਾਂ ਸਾਡਾ ਬੱਝ ਗਿਆ ਵੀਹ ਸਾਲ।’’ ਦੋਸ਼ੀ ਦੇ ਵਾਰਸਾਂ ’ਚੋਂ ਇਕ ਹੋਰ ਬੋਲਿਆ- ‘‘ਅਸੀਂ ਤਾਂ ਅਪਣੇ ਵੱਲੋਂ ਵਕੀਲ ਸਾਹਬ ਨੂੰ ਫੀਸ ਵੀ ਤਕੜੀ ਦਿੱਤੀ ਸੀ।’’

‘‘ਪੂਰੇ ਬਾਈ ਹਜ਼ਾਰ।’’ ਪਾਰਟੀ ’ਚੋਂ ਇਕ ਦਾ ਜੁਆਬ ਸੀ।

‘‘ਤੁਸੀ ਉਦੋਂ ਮੇਰੀ ਗੱਲ ਮੰਨੀ ਹੀ ਨਹੀਂ, ਜੇ ਮੈਨੂੰ ਵਕੀਲ ਕਰਦੇ ਇਹੀ ਕੰਮ ਮੈਂ ਬਾਈ ਸੌ ਵਿਚ ਕਰਵਾ ਦੇਣਾ ਸੀ।’’ ਵਕੀਲ ਸਾਹਬ ਦਾ ਕਹਿਣਾ ਸੀ।


## Matrimonial

ਰਾਮਗੜ੍ਹੀਆ ਸਿੱਖ ਹੁਸ਼ਿਆਰਪੁਰ ਅਧਾਰਤ 22 ਸਾਲਾ ਕੰਪਿਊਟਰ ਇੰਜੀਨੀਅਰ ਲੜਕੇ ਲਈ ਸੁੰਦਰ ਯੋਗ ਲੜਕੀ ਦੀ ਲੋੜ ਹੈ। ਸੰਪਰਕ ਨੰ: 98157 41224
e-mail : engg.money@yahoo.com

Suitable match for hindu Khatri girl 25, 5'-3", M.A., B.Ed. status family, decent marrage, contact 0161-2880799, e-mail.: raman.mlp@gmail.com

Suitable match for two Jat Sikh Girls, 24-26, 5'-3", 5'-3", respectivily, +2, Diploma holder in professional courses like beautician decent marriage. Contact 0136-237337, 95014-53344

ਖ਼ੂਬਸੂਰਤ, ਜੱਟ ਸਿੱਖ ਗਿੱਲ 27 ਸਾਲ, 5‘-3“, 10+2, ਬਿਊਟੀਸ਼ੀਅਨ ਲਈ ਵਰ ਦੀ ਲੋੜ ਹੈ। ਸੰਪਰਕ : 01636-37337, 94176-94520

ਖ਼ੂਬਸੂਰਤ ਜੱਟ ਸਿੱਖ ਗਿੱਲ, 25 ਸਾਲ, 5‘-3“, 10+2, ਨਰਸ ਲਈ ਵਰ ਦੀ ਲੋੜ ਹੈ। ਸੰਪਰਕ : 94176-94520

ਖ਼ੂਬਸੂਰਤ, ਜੱਟ ਸਿੱਖ ਗਿੱਲ, 24 ਸਾਲ, 5‘-9“, ਮਕੈਨੀਕਲ ਇੰਜੀਨੀਅਰ, ਮਲਟੀ ਨੈਸ਼ਨਲ ਕੰਪਨੀ ਵਿਚ ਨੌਕਰੀਸ਼ੁਦਾ, ਐਮ.ਬੀ.ਏ., ਲੜਕੇ ਲਈ ਇੰਜੀਨੀਅਰ ਲੜਕੀ ਦੀ ਲੋੜ ਹੈ। ਮਾਤਾ-ਪਿਤਾ ਸਰਕਾਰੀ ਨੌਕਰੀ ਵਿਚ। ਸੰਪਰਕ : 94176-94520

ਖ਼ੂਬਸੂਰਤ, ਹਿੰਦੂ ਖੱਤਰੀ, ਜੇਠੀ, 26 ਸਾਲ, 5‘-3“, ਐਮ.ਏ. (ਇਕਨੌਮਿਕਸ) ਬੀ.ਐਡ, ਸਟੇਟਸ ਪਰਿਵਾਰ ਲਈ ਵਰ ਦੀ ਲੋੜ ਹੈ। ਸੰਪਰਕ : 94656-85637, 0161-2880781

ਖ਼ੂਬਸੂਰਤ ਬੀ-ਟੈਕ, ਕੰਪਿਊਟਰ ਸਾਇੰਸ, ਸਾਫਟ ਵੇਅਰ ਇੰਜੀਨੀਅਰ ਰਾਜਪੂਤ, ਚੌਹਾਨ ਕਲੀਨ ਸ਼ੇਵਨ, ਅਗਾਂਹਵਧ ਵਿਚਾਰਾਂ ਵਾਲੇ ਮਿਹਨਤੀ 5‘-11“ ਲੰਮੇ, 4 ਨਵੰਬਰ 1985 ਨੂੰ ਜਨਮੇ ਲੜਕੇ ਲਈ ਬਰਾਬਰ ਦੀ ਯੋਗਤਾ ਵਾਲੀ ਸੁੰਦਰ ਤੇ ਸ਼ੁਸੀਲ ਲੜਕੀ ਦੀ ਲੋੜ ਹੈ। ਜਾਤ ਬੰਧਨ ਨਹੀਂ। ਸੰਪਰਕ: 98151-94782, 94633-91876, ਈ-ਮੇਲ : hardev.chauhan@yahoo.co.in

## Help Wanted

ਕੈਲਗਰੀ ਸਥਿਤ ਦਫਤਰ ਲਈ ਅੰਗਰੇਜ਼ੀ ਅਤੇ ਪੰਜਾਬੀ ਜਾਨਣ ਵਾਲੇ ‘ਟੈਲੀਮਾਰਕੀਟਰ” ਦੀ ਲੋੜ ਹੈ।
ਹੋਰ ਜਾਣਕਾਰੀ ਵਾਸਤੇ ਫੋਨ 403 830 7007 ’ਤੇ ਸੰਪਰਕ ਕਰੋ
ਜਾਂ
ਆਪਣੇ ਵੇਰਵੇ 403 717 0667 ’ਤੇ ਫੈਕਸ ਕਰੋ।

## City Estates

**All Types of Property, Plots & Kothis available for Sale & Purchase in Chandigarh/Mohali.**
* Newly Built 10 Marla Triple Story House for Sale in Sector 35-C, Chandigarh.
** 1 Kanal Kothis for Sale in Sector 10, 34 & 35 Chandigarh.
For More Info Contact:
**City Estates**
SCO 123, Phase 7, Mohali (Punjab)
**011 91 98147 11263** or
**011 91 98729 73304**

## Blitz Auto Canada

Full Maintenance Service
Breaks
Muffler
Suspension
Steering
Lube & Oil
Tires
Batteries
WE CARE YOUR CAR BETTER
Contact: Umesh Amin
3207-97 Street, Edmonton, Alberta, T6N 1B7, Canada
Phone: 780 463 2886 Fax: 780 463 6536
E-mail: unamin@gmail.com

KULVIR GILL
ਕੁਲਵੀਰ ਗਿੱਲ
GHI
*Helping you to make Informed Decisions*
Registered Home Inspector
ਗਰੇਟਰ ਟਰੋਂਟੋ ਵਿਚ ਘਰਾਂ ਦੀ ਇਨਸਪੈਕਸ਼ਨ ਲਈ ਫੋਨ ਕਰੋ
(416) 839-3436 (B) (905) 479-5807 (H)
Gill Home Inspection Ltd.
Commercial & Residential
OAHI
Ontario association of Certified Home Inspectors

ALL CLASS DRIVING ACADEMY
9253 34A Ave, Edmonton, AB T6E 5T2
(2nd Floor of Maharaja Banquet Hall)
780-907-1884

DRIVER INSTRUCTOR
SUKH (BUTALA) ਸੁਖ (ਬੁਤਾਲਾ)
780.906.7445







Class 1,2,3,4,5
Truck,
Trailer,
Bus &
Cars

*"We Had Dinner along with my friends family, it was really nice, pure Indian taste......
I will recommend this to any-one who like REAL Indian food."*







"Service was prompt friendly.
Food was hot and tasty. Loved it!"

**"quite authentic Indian Food"**

# NIRVANA

**Take-Out/Delivery/Catering Big & Small Function/Private Banquet Room**

Lunch Buffet 7 Days A Week
11.30-2.30

Mondays
South Indian Delights 5-10
All you can eat South Indian Specialties

Tuesdays
Kabab Khazana 5-10
All you can eat Kababs with Naan
or Roomali Roti
Chi. Tikka/Haryali Tikka/Malai Tikka/Resmbi
Kabab/seek Kabab/Veg. Kabab

Wednesday
Lounge Night Belly Dancing 8-10
All Beer

Dinner Buffet
Friday, Saturday

Thursday
Punjab Di Yaad
Makki de Roti Sarson Da Saag
with Salty Lassi

Friday
Bhangra Night 10-2
No Cover Charge 18+
Sunday
Indo Chinese Night 5-0
All You Can Eat
Chilli Chiken/Veg or
Chiken Fried Rice/Veg. or Chiken
Mein/Manchorian

**1009-5075 FALCONRIDGE BL.VD.NE CALGARY, AB. T3J SK9**

**EMAIL: info@nirvanacalgary.com Phone (403) 590-9797 Fax. (403) 590-9798**



# ਫੁਟਬਾਲ ਦੀ ਧੁਪ-ਛਾਂ

*ਏਡੁਆਰਡੋ ਗੈਲੀਆਨੋ ਉਰੂਗਵੇ ਦੇ ਮਹਾਨ ਇਤਿਹਾਸਕਾਰ ਹਨ। ਉਹ ਫੁੱਟਬਾਲ ਦੇ ਵੀ ਗਜ਼ਬ ਦੇ ਪ੍ਰੇਮੀ ਹਨ। ਉਨ੍ਹਾਂ ਦੀ ਕਿਤਾਬ ਹੈ-'ਸਾਕਰ-ਇਨ ਸਨ ਐਂਡ ਸ਼ੈਡੋ'। ਇਸ ਸਿਰਲੇਖ ਦਾ ਮਤਲਬ ਸਟੇਡੀਅਮ ਵਿਚ ਧੁੱਪ ਵਾਲੀ ਅਤੇ ਅਰਾਮਦੇਹ ਥਾਂ 'ਤੇ ਬੈਠ ਕੇ ਖੇਡ ਦੇਖਣ ਵਾਲਿਆਂ ਨਾਲ ਹੈ। ਗੈਲੀਆਨੋ ਦੀ ਇਹ ਕਿਤਾਬ ਬੇਹੱਦ ਮਸ਼ਹੂਰ ਹੈ। ਇਸ ਵਿਚ ਖੇਡ, ਖਿਡਾਰੀ, ਕਿੱਸੇ, ਯਾਦਾਂ ਹੀ ਨਹੀਂ ਫੁੱਟਬਾਲ ਨਾਲ ਸਬੰਧਤ ਉਹ ਸਭ ਹੈ ਜੋ ਕੋਈ ਵੀ ਪੜ੍ਹਨਾ ਚਾਹੁੰਦਾ ਹੈ। ਇਸ ਦੀ ਸਮੱਗਰੀ ਬੇਹੱਦ ਦਿਲਚਸਪ ਹੈ। ਦੱਖਣੀ ਅਫਰੀਕਾ ਵਿਚ ਫੁੱਟਬਾਲ ਵਿਸ਼ਵਕੱਪ ਹੁਣ ਆਪਣੇ ਅੰਤਿਮ ਦੌਰ ਵਿਚ ਪੁੱਜ ਰਿਹਾ ਹੈ। ਦੁਨੀਆ ਸਭ ਭੁੱਲ ਕੇ ਉਥੀ ਟਕਟਕੀ ਲਾਈ ਬੈਠੀ ਹੈ। ਅਸੀਂ ਇਥੇ ਗੈਲੀਆਨੋ ਦੀ ਕਿਤਾਬ ਦੇ ਕੁਝ ਚੈਪਟਰਾਂ ਦਾ ਸਾਰ ਦੇ ਰਹੇ ਹਾਂ - ਸੰਪਾਦਕ*

## ਲੇਖਕ ਦਾ ਕਬੂਲਨਾਮਾ

ਉਰੂਗਵੇ ਦੇ ਹਰ ਬੱਚੇ ਵਾਂਗ ਮੈਂ ਵੀ ਫੁੱਟਬਾਲ ਖਿਡਾਰੀ ਬਣਨਾ ਚਾਹੁੰਦਾ ਸੀ। ਮੈਂ ਕਾਫੀ ਚੰਗਾ ਖੇਡਦਾ ਸੀ, ਬਲਕਿ ਮੈਂ ਬੇਤਹਾਸ਼ਾ ਚੰਗਾ ਸੀ, ਪਰ ਸਿਰਫ ਰਾਤ ਨੂੰ ਜਦੋਂ ਮੈਂ ਸੌਂਦਾ ਸੀ। ਦਿਨ ਵਿਚ ਤਾਂ ਆਪਣੇ ਦੇਸ਼ ਦੇ ਛੋਟੇ ਫੁੱਟਬਾਲ ਮੈਦਾਨਾਂ ਵਿਚ ਉਤਰਨ ਲਈ ਤਾਂ ਮੇਰੇ ਪੈਰ ਵਾਹਿਆਤ ਤੇ ਕਮਜ਼ੋਰ ਸਨ। 'ਐਲ ਪੇਪੇ' ਸਕੀਏਫਿਨੋ ਦੇ ਖੂਬਸੂਰਤ ਪਾਸ ਅਤੇ 'ਐਲ ਪਾਰਡਾ' ਐਬਾਡਾਈ ਦਾ ਹੈਰਾਨ ਕਰਨ ਵਾਲਾ ਖੇਡ! ਦੋਵਾਂ ਦੁਸ਼ਮਣ ਟੀਮਾਂ ਪੇਆਰੋਲ ਨਾਲ ਖੇਡਦੀਆਂ ਸਨ। ਮੈਂ ਨੈਸ਼ਨਲ ਦਾ ਫੈਨ ਸੀ। ਮੈਂ ਉਨ੍ਹਾਂ ਨਾਲ ਨਫਰਤ ਕਰਨ ਲਈ ਬਹੁਤ ਕੁਝ ਕੀਤਾ ਪਰ ਮੈਂ ਉਨ੍ਹਾਂ ਦਾ ਪ੍ਰਸ਼ੰਸਕ ਹੋਣ ਤੋਂ ਖੁਦ ਨੂੰ ਰੋਕ ਨਾ ਸਕਿਆ। ਬਲਕਿ ਮੇਰਾ ਮਨ ਉਨ੍ਹਾਂ ਲਈ ਉਤਸਾਹ ਵਿਚ ਚੀਕਾਂ ਮਾਰਨ ਨੂੰ ਵੀ ਕਰਦਾ ਸੀ। ਕਈ ਸਾਲ ਲੰਘ ਗਏ ਅਤੇ ਮੈਂ ਸਵੀਕਾਰ ਕਰਨਾ ਸਿੱਖ ਲਿਆ ਕਿ ਮੈਂ ਕੀ ਹਾਂ-ਬੇਹਤਰੀਨ ਫੁੱਟਬਾਲ ਦਾ ਭਿਖਾਰੀ! ਮੈਂ ਹੱਥ ਫੈਲਾ ਕੇ ਦੁਨੀਆ ਭਰ ਵਿਚ ਜਾਂਦਾ ਹਾਂ, ਅਤੇ ਸਟੇਡੀਅਮ ਵਿਚ ਵੀ। ਮੇਰੀ ਦਲੀਲ ਹੈ, 'ਭਗਵਾਨ ਦੀ ਇੱਛਾ ਖਾਤਰ ਸੁੰਦਰ ਮੂਵ' ਅਤੇ ਜਦੋਂ ਵਧੀਆ ਫੁੱਟਬਾਲ ਹੁੰਦੀ ਹੈ ਉਦੋਂ ਮੈਂ ਉਸ ਚਮਤਕਾਰ ਲਈ ਸ਼ੁਕਰਗੁਜ਼ਾਰ ਹੁੰਦਾ ਹਾਂ ਅਤੇ ਇਹ ਪ੍ਰਵਾਹ ਵੀ ਨਹੀਂ ਕਰਦਾ ਕਿ ਕਿਹੜਾ ਦੇਸ਼ ਜਾਂ ਟੀਮ ਇਹ ਕਾਰਨਾਮਾ ਕਰ ਰਹੀ ਹੈ।

## ਫੁੱਟਬਾਲ

ਫੁੱਟਬਾਲ ਦਾ ਇਤਿਹਾਸ ਬਿਊਟੀ ਤੋਂ ਡਿਊਟੀ ਤੱਕ ਦੀ ਦੁੱਖਮਈ ਯਾਤਰਾ ਹੈ। ਖੇਡ ਜਦੋਂ ਵਪਾਰ ਬਣ ਗਿਆ, ਉਦੋਂ ਖੇਡਣ ਦੇ ਆਨੰਦ ਤੋਂ ਪੈਦਾ ਹੋਈ ਸੁੰਦਰਤਾ ਜੜ੍ਹਾਂ ਤੋਂ ਵੱਖ ਹੋ ਗਈ। ਪੇਸ਼ੇਵਰ ਫੁੱਟਬਾਲ ਹਰ ਉਸ ਚੀਜ਼ ਦੀ ਨਿੰਦਾ ਕਰਦੀ ਹੈ ਜੋ ਬੇਅਰਥ ਹੈ ਅਤੇ ਬੇਰਅਰਥ ਦਾ ਅਰਥ ਹੈ ਮੁਨਾਫਾਹੀਣ। ਉਸ ਸਨਕ ਭਰੇ ਅਹਿਸਾਸ ਤੋਂ ਕੋਈ ਵੀ ਕੁਝ ਨਹੀਂ ਕਮਾਉਂਦਾ ਜੋ ਵਿਅਕਤੀ ਨੂੰ ਇਕ ਪਲ ਲਈ ਗੁਬਾਰੇ ਨਾਲ ਖੇਡਦੇ ਬੱਚੇ ਵਿਚ ਬਦਲ ਦਿੰਦਾ ਹੈ ਜਾਂ ਸੂਤ ਦੀ ਗੇਂਦ ਨਾਲ ਖੇਡਦੀ ਬਿੱਲੀ ਵਾਂਗ। ਗੁਬਾਰੇ ਜਾਂ ਸੂਤ ਦੀ ਗੇਂਦ ਨਾਲੋਂ ਵੀ ਹਲਕੀ ਬਾਲ ਨਾਲ ਲੰਪ-ਝੰਪ ਕਰਦੀ ਬੈਲੇ ਡਾਂਸਰ ਵਾਂਗ। ਉਹ ਖੇਡਦਾ ਹੈ ਉਹ ਮਹਿਸੂਸ ਕੀਤੇ ਬਿਨਾਂ ਕਿ ਉਹ ਖੇਡ ਰਿਹਾ ਹੈ, ਬਿਨਾਂ ਕਿਸੇ ਉਦੇਸ਼ ਜਾਂ ਘੜੀ ਜਾਂ ਰੈਫਰੀ ਦੇ। ਖੇਡ ਹੁਣ ਪ੍ਰਦਰਸ਼ਨ ਹੋ ਗਿਆ ਹੈ। ਫੁੱਟਬਾਲ ਦੇ ਤਰਫਦਾਰ ਥੋੜ੍ਹੇ ਹਨ। ਉਸ ਨੂੰ ਦੇਖਣ ਦੇ ਦਰਸ਼ਕ ਬਹੁਤ ਜ਼ਿਆਦਾ। ਇਹ ਪ੍ਰਦਰਸ਼ਨ ਦੁਨੀਆ ਦਾ ਇਕ ਸਭ ਤੋਂ ਵੱਧ ਮੁਨਾਫੇ ਵਾਲਾ ਉਦਯੋਗ ਬਣ ਗਿਆ ਹੈ। ਪ੍ਰਦਰਸ਼ਨ ਦਾ ਆਯੋਜਨ ਖੇਡ ਨਹੀਂ ਬਲਕਿ ਖੇਡ ਨੂੰ ਰੋਕਣ ਲਈ ਹੈ। ਪੇਸ਼ੇਵਰ ਖੇਡ ਦਾ ਉਦਯੋਗਤੰਤਰ ਬਿਜਲੀ ਜਿਹੀ ਤੇਜ਼ੀ ਅਤੇ ਜ਼ਾਲਮਾਨਾ ਤਾਕਤ ਵਾਲੀ ਫੁੱਟਬਾਲ ਥੋਪਣ ਵਿਚ ਸਫਲ ਰਿਹਾ ਹੈ। ਇਕ ਅਜਿਹੀ ਫੁੱਟਬਾਲ, ਜੋ ਆਨੰਦ ਦਾ ਵਿਰੋਧ ਕਰਦੀ ਹੈ, ਫੰਤਾਸੀ ਨੂੰ ਮਾਰ ਦਿੰਦੀ ਹੈ ਅਤੇ ਹੌਸਲੇ ਨੂੰ ਪਾਬੰਦ ਕਰਦੀ ਹੈ।

## ਰੈਫਰੀ

ਸਪੈਨਿਸ਼ ਵਿਚ ਉਸ ਨੂੰ 'ਅਰਬਿਤਰੋ' ਕਹਿੰਦੇ ਹਨ। ਇਹ ਵਿਆਖਿਆ ਵਿਚ ਸਵੈ-ਇੱਛਾਚਾਰੀ ਹੀ ਹੁੰਦਾ ਹੈ। ਇਕ ਅਤਿਆਚਾਰੀ ਜੋ ਆਪਣੀ ਤਾਨਾਸ਼ਾਹੀ ਬਿਨਾਂ ਕਿਸੇ ਵਿਰੋਧ ਦੇ ਚਲਾਉਂਦਾ ਹੈ । ਉਸ ਦੇ ਬੁੱਲਾਂ ਵਿਚ ਸੀਟੀ ਹੁੰਦੀ ਹੈ ਜਿਸ ਨੂੰ ਉਹ ਗੋਲ ਦੇਣ ਜਾਂ ਨਾ ਦੇਣ ਲਈ ਨਿਰਦਈ ਤਰੀਕੇ ਨਾਲ ਵਜਾਉਂਦਾ ਹੈ। ਹੱਥਾਂ ਵਿਚ ਕਾਰਡ ਲਈ ਉਹ ਤਬਾਹੀ ਦੇ ਰੰਗਾਂ ਨੂੰ ਉਪਰ ਚੁੱਕਦਾ ਹੈ, ਪੀਲਾ ਦੋਸ਼ੀ ਨੂੰ ਸਜ਼ਾ ਦੇਣ ਅਤੇ ਪਛਤਾਉਣ ਦਾ ਮੌਕਾ ਦੇਣ, ਅਤੇ ਲਾਲ ਉਸ ਨੂੰ ਬਾਹਰ ਕਰਨ ਲਈ।



ਲਾਈਨਮੈਨ ਉਸ ਦੀ ਮਦਦ ਕਰਦੇ ਹਨ। ਉਹ ਬਾਹਰੋਂ ਖੇਡ 'ਤੇ ਨਜ਼ਰ ਰੱਖਦੇ ਹਨ। ਸਿਰਫ ਰੈਫਰੀ ਮੈਦਾਨ ਵਿਚ ਉਤਰਦਾ ਹੈ। ਉਸ ਦਾ ਕੰਮ ਹੈ ਖੁਦ ਨੂੰ ਨਫਰਤ ਦੇ ਯੋਗ ਬਣਾਉਣਾ। ਫੁੱਟਬਾਲ ਦਾ ਇਹ ਇਕ ਮਾਤਰ ਨਿਯਮ ਹੈ, ਸਾਰੇ ਉਸ ਨਾਲ ਨਫਰਤ ਕਰਦੇ ਹਨ। ਉਸ ਨੂੰ ਹਮੇਸ਼ਾ ਬਦਨਾਮੀ ਮਿਲਦੀ ਹੈ, ਪ੍ਰਸ਼ੰਸਾ ਕਦੇ ਨਹੀਂ ਅਤੇ ਕੋਈ ਵੀ ਏਨਾ ਨਹੀਂ ਦੌੜਦਾ। ਸਿਰਫ ਉਹੀ ਹੈ ਜੋ ਬਿਨਾਂ ਰੁਕੇ ਪੂਰੇ ਮੈਦਾਨ ਵਿਚ ਦੌੜਦਾ ਰਹਿੰਦਾ ਹੈ। ਉਹ ਭੱਜਦੇ ਹੋਏ ਹਰ ਖਿਡਾਰੀ ਦੇ ਕੰਨ ਵਿਚ ਕੁਝ ਕਹਿੰਦਾ ਰਹਿੰਦਾ ਹੈ ਅਤੇ ਇਸ ਦਰਦ ਭਰੇ ਕੰਮ ਦੇ ਬਦਲੇ ਦਰਸ਼ਕ ਉਸ ਦੀ ਜਾਨ ਦੇ ਦੁਸ਼ਮਣ ਰਹਿੰਦੇ ਹਨ। ਸ਼ੁਰੂਆਤ ਤੋਂ ਅੰਤ ਤੱਕ ਮਹਾਂਰਥੀ ਉਸ ਦਾ ਪਸੀਨਾ ਕੱਢਦੇ ਹਨ। ਇਹ ਸਫੇਦ ਬਾਲ ਦਾ, ਜੋ ਦੂਸਰੇ ਹਰ ਕਿਸੇ ਦੇ ਪੈਰਾਂ ਨਾਲ ਲੱਗਦੀ ਹੋਈ ਮੈਦਾਨ ਵਿਚ ਇਧਰ ਉਧਰ ਹੁੰਦੀ ਹੈ, ਪਿੱਛਾ ਕਰਨ ਲਈ ਉਹ ਵਚਨਬੱਧ ਹੈ। ਬੇਸ਼ੱਕ, ਉਹ ਖੁਦ ਖੇਡਣਾ ਪਸੰਦ ਕਰੇਗਾ, ਪਰ ਇਹ ਵਿਸ਼ੇਸ਼ ਅਧਿਕਾਰ ਉਸ ਨੂੰ ਕਿਸੇ ਨੇ ਪੇਸ਼ ਨਹੀਂ ਕੀਤਾ। ਜਦੋਂ ਕਦੇ ਅਚਾਨਕ ਬਾਲ ਉਸ ਨਾਲ ਟਕਰਾਉਂਦੀ ਹੈ ਤਾਂ ਪੂਰਾ ਸਟੇਡੀਅਮ ਉਸ ਦੀ ਮਾਂ ਨੂੰ ਕੋਸਦਾ ਹੈ। ਉਸ ਦੇ ਬਾਵਜੂਦ ਬਾਲ, ਜਿਥੇ ਫਿਸਲਦੀ, ਉਡਦੀ-ਵਹਿੰਦੀ ਰਹਿੰਦੀ ਹੈ ਉਹ ਉਥੇ ਉਸ ਹਰੀ ਪਵਿੱਤਰ ਜਗ੍ਹਾ ਵਿਚ, ਅਪਮਾਨ, ਗਾਲਾਂ ਪੱਥਰਾਂ ਅਤੇ ਨਫਰਤ ਦੇ ਬਾਵਜੂਦ ਰਹਿਣਾ ਚਾਹੁੰਦਾ ਹੈ।

ਕਦੇ ਕਦੇ ਹਾਲਾਂਕਿ ਬਹੁਤ ਘੱਟ, ਅਜਿਹਾ ਹੁੰਦਾ ਹੈ ਕਿ ਉਸ ਦਾ ਫੈਸਲਾ ਪ੍ਰਸ਼ੰਸਕਾਂ ਦੀ ਪ੍ਰੇਰਣਾ ਨਾਲ ਮੇਲ ਖਾਂਦਾ ਹੈ, ਪਰ ਤਾਂ ਵੀ ਉਹ ਅਣਛੋਹਿਆ ਨਹੀਂ ਨਿਕਲ ਸਕਦਾ। ਹਾਰਿਆ ਦਲ ਆਪਣੀ ਹਾਰ ਦਾ ਠੀਕਰਾ ਉਸ ਦੇ ਸਿਰ ਭੰਨ੍ਹਦਾ ਹੈ ਅਤੇ ਜੇਤੂ ਦਲ ਉਸ ਦੇ ਹੁੰਦੇ ਹੋਏ ਵੀ ਜਿੱਤ ਜਾਂਦਾ ਹੈ। ਹਰ ਗਲਤੀ ਲਈ ਬਲੀ ਦਾ ਬਕਰਾ, ਸਾਰੇ ਮਾੜੇ ਭਾਗਾਂ ਦਾ ਕਾਰਨ ਇਹ ਅਜਿਹਾ ਸਖਸ਼ ਹੈ ਕਿ ਜੇਕਰ ਉਹ ਹਾਲੇ ਨਾ ਵੀ ਹੋਵੇ ਤਾਂ ਵੀ ਪ੍ਰਸ਼ੰਸਕਾਂ ਨੂੰ ਉਸ ਦੀ ਉਡੀਕ ਹੁੰਦੀ ਹੈ। ਉਹ ਉਸ ਨਾਲ ਜਿੰਨੀ ਨਫਰਤ ਕਰਦੇ ਹਨ, ਉਨੀ ਹੀ ਉਸ ਦੀ ਉਨ੍ਹਾਂ ਨੂੰ ਲੋੜ ਹੁੰਦੀ ਹੈ। ਇਕ ਸਦੀ ਤੋਂ ਵੱਧ ਤਕ ਰੈਫਰੀ ਦੇ ਕੱਪੜੇ ਸ਼ੌਕ ਨੂੰ ਪ੍ਰਗਟ ਕਰਨ ਵਾਲੇ ਹੁੰਦੇ ਸਨ। ਕਿਸ ਦੇ ਲਈ! ਖੁਦ ਲਈ ਹੀ! ਹੁਣ ਉਹ ਖਿੜੇ ਰੰਗ ਪਾਉਂਦਾ ਹੈ , ਆਪਣੀਆਂ ਭਾਵਨਾਵਾਂ ਲੁਕਾਉਣ ਲਈ।

## ਕਾਲੇ ਖਿਡਾਰੀ

1916 ਵਿਚ ਪਹਿਲੀ ਸਾਊਥ ਅਮਰੀਕਾ ਚੈਂਪੀਅਨਸ਼ਿਪ ਚਿਲੀ ਨੂੰ 4-0 ਨਾਲ ਹਰਾ ਕੇ ਉਰੂਗਵੇ ਨੇ ਜਿੱਤੀ ਸੀ। ਅਗਲੇ ਦਿਨ ਚਿਲੀ ਦੇ ਪ੍ਰਤੀਨਿਧੀ ਮੰਡਲ ਨੇ ਦਬਾਅ ਪਾਇਆ ਕਿ ਖੇਡ ਨੂੰ ਖਾਰਜ ਕੀਤਾ ਜਾਵੇ, 'ਕਿਉਂਕਿ ਉਰੂਗਵੇ ਦੀ ਟੀਮ ਵਿਚ ਦੋ ਅਫਰੀਕੀ ਖਿਡਾਰੀ ਸਨ।' ਇਹ ਦੋ ਖਿਡਾਰੀ ਸਨ-ਆਈਸਬੇਲਿਨੋ ਗ੍ਰਾਡਿਨ ਅਤੇ ਜੁਆਨ ਡੇਲਗਾਰਡੋ। ਗ੍ਰਾਡਿਨ ਨੇ ਚਾਰ ਵਿਚੋਂ ਦੋ ਗੋਲ ਮਾਰੇ ਸਨ।

ਗ੍ਰਾਡਿਨ ਦਾ ਜਨਮ ਮਾਨਟੇਵਿਡਿਓ ਵਿਚ ਹੋਇਆ ਸੀ। ਉਹ ਗੁਲਾਮਾਂ ਦਾ ਪੜਪੋਤਾ ਸੀ। ਗ੍ਰਾਡਿਨ ਅਜਿਹਾ ਸੀ ਕਿ ਜਦੋਂ ਅਚਾਨਕ ਉਹ ਹੈਰਤਕਾਰੀ ਤੇਜ਼ੀ ਨਾਲ ਵਧਦਾ ਅਤੇ ਬਾਲ 'ਤੇ ਅਜਿਹਾ ਸਹਿਜ ਕੰਟਰੋਲ ਰੱਖਦਾ ਕਿ ਜਿਵੇਂ ਉਸ ਨੂੰ ਲੈ ਕੇ ਚੱਲ ਰਿਹਾ ਹੋਵੇ, ਤਾਂ ਦਰਸ਼ਕ ਸੀਟਾਂ ਤੋਂ ਖੜੇ ਹੋ ਜਾਂਦੇ। ਉਸੇ ਤੇਜ਼ੀ ਨਾਲ ਉਹ ਵਿਰੋਧੀਆਂ ਨੂੰ ਮਾਤ ਦਿੰਦਾ ਗੇਂਦ ਨੂੰ ਨੈੱਟ ਵਿਚ ਉਡਾ ਦਿੰਦਾ।

ਜੁਆਨ ਡੇਲਗਾਰਡੋ ਵੀ ਗੁਲਾਮਾਂ ਦਾ ਪੜਪੋਤਾ ਸੀ। ਉਹ ਉਰੂਗਵੇ ਦੇ ਫਲੋਰਿਡਾ ਸ਼ਹਿਰ ਵਿਚ ਜਨਮਿਆ ਸੀ। ਡੇਲਗਾਰਡੋ ਨੂੰ ਮੈਦਾਨ ਵਿਚ ਬਾਲ ਲੈ ਕੇ ਡਾਂਸ ਕਰਨਾ ਪਸੰਦ ਸੀ। ਉਹ ਖੇਡਦੇ ਹੋਏ ਗੱਲ ਕਰਦਾ ਸੀ ਅਤੇ ਆਪਣੇ ਵਿਰੋਧੀਆਂ ਨੂੰ ਖਿਝਾਉਂਦਾ ਸੀ। ਉਹ ਗੇਂਦ ਨੂੰ ਉੱਚੇ ਕਿੱਕ ਮਾਰਦਾ ਅਤੇ ਉਨ੍ਹਾਂ ਨੂੰ ਕਹਿੰਦਾ-'ਮੈਨੂੰ ਅੰਗੂਰ ਦਾ ਉਹ ਗੁੱਛਾ ਲਿਆ ਦਿਓ' ਅਤੇ ਤੇਜ਼ ਸ਼ਾਟ ਮਾਰਦੇ ਹੋਏ ਗੋਲੀ ਨੂੰ ਕਹਿੰਦਾ, 'ਇਸ ਲਈ ਛਾਲ ਮਾਰੋ, ਰੇਤ ਬਹੁਤ ਨਰਮ ਹੈ।' ਦੁਨੀਆ ਵਿਚ ਉਰੂਗਵੇ ਹੀ ਇਕਲੌਤਾ ਦੇਸ਼ ਸੀ ਜਿਸ ਦੀ ਰਾਸ਼ਟਰੀ ਟੀਮ ਵਿਚ ਕਾਲੇ ਖਿਡਾਰੀ ਸਨ।



## ਗੋਲ

ਗੋਲ ਫੁੱਟਬਾਲ ਦਾ ਸਿਖਰਲਾ ਆਨੰਦ ਹੈ ਅਤੇ ਚੋਟੀ ਦੇ ਆਨੰਦਾਂ ਵਾਂਗ ਆਧੁਨਿਕ ਜੀਵਨ ਨਾਲ ਗੋਲਾਂ ਦਾ ਹੋਣਾਂ ਘੱਟ ਤੋਂ ਘੱਟ ਹੁੰਦਾ ਜਾ ਰਿਹਾ ਹੈ। ਅੱਧੀ ਸਦੀ ਪਹਿਲਾਂ ਇਸ ਖੇਡ ਲਈ ਉਹ ਔਖੀ ਮਿਲਣ ਵਾਲੀ ਚੀਜ਼ ਸੀ ਕਿ ਉਹ 0-0 ਦੇ ਗੋਲਰਹਿਤ ਸਕੋਰ 'ਤੇ ਖਤਮ ਹੋ ਜਾਵੇ-ਦੋ ਖੁੱਲ੍ਹੇ ਮੂੰਹ, ਦੋ ਉਬਾਸੀਆਂ! ਹੁਣ ਗਿਆਰਾਂ ਖਿਡਾਰੀ ਪੂਰਾ ਖੇਡ ਗੋਲਪੋਸਟ ਦੇ ਨੇੜੇ ਤੇੜੇ ਗੋਲ ਬਚਾਉਣ ਵਿਚ ਲਗਾ ਦਿੰਦੇ ਹਨ। ਉਨ੍ਹਾਂ ਕੋਲ ਗੋਲ ਕਰਨ ਦਾ ਸਮਾਂ ਹੀ ਨਹੀਂ ਹੁੰਦਾ। ਜਦੋਂ ਵੀ ਸਫੇਦ ਬੁਲੇਟ ਨੈੱਟ ਵਿਚ ਲਹਿਰਾਂ ਪੈਦਾ ਕਰ ਦਿੰਦੀ ਹੈ ਤਾਂ ਉਤੇਜਨਾ ਦਾ ਹੜ੍ਹ ਫੁੱਟ ਪੈਂਦਾ ਹੈ। ਉਹ ਭਾਵੇਂ ਰਹੱਸਮਈ ਜਾਂ ਸਨਕ ਭਰਿਆ ਲੱਗੇ ਪਰ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਚਮਤਕਾਰ ਬਹੁਤਾ ਨਹੀਂ ਹੁੰਦਾ ਹੈ। ਗੋਲ, ਭਾਵੇਂ ਉਹ ਛੋਟਾ ਹੀ ਕਿਉਂ ਨਾ ਹੋਵੇ ਹਮੇਸ਼ਾ ਕੰਮੈਂਟੇਟਰਾਂ ਦੀ ਆਵਾਜ਼ ਵਿਚ ਗੋ-ਓ-ਓ-ਓ-ਓ-ਓ-ਓ-ਲ ਹੁੰਦਾ ਹੈ।

## ਗੋਲਕੀਪਰ

ਉਹ ਉਸ ਨੂੰ ਡੋਰਮੈਨ, ਕੀਪਰ, ਗੋਲੀ ਅਤੇ ਬਾਉਂਸਰ ਹੀ ਕਹਿੰਦੇ ਹਨ। ਪਰ ਉਸ ਨੂੰ ਇਸ ਤਰ੍ਹਾਂ ਸ਼ਹੀਦ ਵੀ ਕਹਿ ਸਕਦੇ ਹਨ। ਸਾਰੇ ਗਲਤ ਦਾ ਦੋਸ਼ੀ ਉਹੀ ਹੁੰਦਾ ਹੈ। ਉਹ ਕਹਿੰਦੇ ਹਨ, ਜਿਥੇ ਉਹ ਚੱਲਦਾ ਹੈ ਉਥੇ ਘਾਹ ਨਹੀਂ ਉਗਦਾ। ਉਹ ਇਕੱਲਾ ਹੈ। ਕਦੇ ਗੋਲ ਨਹੀਂ ਛੱਡਦਾ। ਉਸ ਦੇ ਸਾਥੀ ਉਹੀ ਤਿੰਨ ਖੰਭੇ ਹੁੰਦੇ ਹਨ। ਉਹ ਹਮਲਾਵਰ ਦਸਤਿਆਂ ਨਾਲ ਆਪਣੇ ਵਾਰ ਦਾ ਇੰਤਜ਼ਾਰ ਕਰਦਾ ਰਹਿੰਦਾ ਹੈ। ਉਹ ਪਹਿਲਾਂ ਕਾਲੇ ਕੱਪੜਿਆਂ ਵਿਚ ਹੁੰਦਾ ਸੀ, ਰੈਫਰੀਆਂ ਵਾਂਗ। ਹੁਣ ਰੈਫਰੀਆਂ ਨੂੰ ਕਾਵਾਂ ਵਾਂਗ ਨਹੀਂ ਪਾਉਣਾ ਪੈਂਦਾ ਅਤੇ ਗੋਲਕੀਪਰ ਵੀ ਆਪਣੇ ਇਕੱਲ ਨੂੰ ਰੰਗਾਰੰਗ ਫੰਤਾਸੀਆਂ ਨਾਲ ਆਬਾਦ ਰੱਖ ਸਕਦਾ ਹੈ। ਉਹ ਗੋਲ ਨਹੀਂ ਕਰਦਾ ਹੈ ਉਹ ਉਥੇ ਉਨ੍ਹਾਂ ਨੂੰ ਰੋਕਣ ਲਈ ਹੁੰਦਾ ਹੈ। ਗੋਲ ਫੁੱਟਬਾਲ ਦਾ ਜਸ਼ਨ ਹੈ। ਸਟ੍ਰਾਈਕਰ ਜਿਸ ਦੇ ਮਜ਼ੇ ਲੁੱਟਦਾ ਹੈ ਅਤੇ ਗੋਲਕੀਪਰ ਜਿਸ ਨੂੰ ਭੁਗਤਦਾ ਹੈ। ਉਸ ਦੀ ਪਿੱਠ 'ਤੇ ਨੰਬਰ ਇਕ ਹੁੰਦਾ ਹੈ। ਪਹਿਲਾਂ ਪਾਉਣ ਵਾਲਾ ਨਹੀਂ। ਪਹਿਲਾਂ ਕੀਮਤ ਚੁਕਾਉਣ ਵਾਲਾ। ਹਮੇਸ਼ਾ ਕੀਪਰ ਦੀ ਹੀ ਗਲਤੀ ਹੁੰਦੀ ਹੈ ਅਤੇ ਜੇਕਰ ਨਹੀਂ ਵੀ, ਤਾਂ ਵੀ ਉਸੇ 'ਤੇ ਦੋਸ਼ ਲੱਗਦਾ ਹੈ। ਜੇਕਰ ਕੋਈ ਵੀ ਖਿਡਾਰੀ ਫਾਊਲ ਕਰਦਾ ਹੈ ਤਾਂ ਹਮੇਸ਼ਾ ਉਹ ਹੀ ਸਜ਼ਾ ਭੁਗਤਦਾ ਹੈ। ਉਹ ਉਸ ਨੂੰ ਖਾਲੀ ਨੈੱਟ ਦੀ ਵਿਸ਼ਾਲਤਾ ਵਿਚ ਆਪਣੇ ਵਾਰ ਦਾ ਸਾਹਮਣਾ ਕਰਨ ਲਈ ਇਕੱਲਾ ਛੱਡ ਦਿੰਦਾ ਹੈ। ਬਾਕੀ ਦੇ ਖਿਡਾਰੀ ਵਿਚ ਵਿਚ ਕਦੇ-ਕਦਾਈਂ ਖਾਲੀ ਸਾਹ ਲੈ ਸਕਦੇ ਹਨ, ਗੋਲਕੀਪਰ ਲਈ ਇਸ ਦੀ ਗੁੰਜਾਇਸ਼ ਨਹੀਂ। ਭੀੜ ਕੀਪਰ ਨੂੰ ਕਦੇ ਮਾਫ ਨਹੀਂ ਕਰਦੀ। ਸਿਰਫ ਇਕ ਗਲਤੀ ਨਾਲ ਗੋਲਕੀਪਰ ਖੇਡ ਨੂੰ ਤਬਾਹ ਕਰ ਸਕਦਾ ਹੈ। ਅਤੇ ਉਦੋਂ ਅਚਾਨਕ ਪ੍ਰਸ਼ੰਸਕ ਉਸ ਦੇ ਸਾਰੇ ਯੋਗਦਾਨ ਨੂੰ ਭੁੱਲ ਜਾਂਦੇ ਹਨ ਅਤੇ ਉਸ ਦੀ ਨਫਰਤ ਕਲੰਕ ਤੱਕ ਜਾਂਦੀ ਹੈ। ਉਹ ਆਖਰੀ ਦਿਨਾਂ ਤੱਕ ਉਸ ਦਾ ਪਿੱਛਾ ਨਹੀਂ ਛੱਡਦੀ।

## ਜਿੱਤੋ ਜਾਂ ਮਰੋ

1938 ਦੇ ਵਿਸ਼ਵਕੱਪ ਵਿਚ ਇਟਲੀ ਨੇ ਪਿਛਲੇ ਵਿਸ਼ਵਕੱਪ ਵਰਗਾ ਹੀ ਕੀਤਾ। ਸੈਮੀਫਾਈਨਲ ਵਿਚ ਉਸ ਨੇ ਬ੍ਰਾਜ਼ੀਲ ਨੂੰ ਹਰਾ ਦਿੱਤਾ। ਇਕ ਪੈਨਲਟੀ ਵਿਵਾਦਾਂ ਵਿਚ ਘਿਰੀ ਸੀ। ਬ੍ਰਾਜ਼ੀਲ ਦਾ





ਵਿਰੋਧ ਬੇਮਤਲਬ ਰਿਹਾ। 1934 ਵਾਂਗ ਇਸ ਵਾਰ ਵੀ ਸਾਰੇ ਰੈਫਰੀ ਯੂਰਪੀਅਨ ਸਨ। ਇਸ ਤੋਂ ਬਾਅਦ ਫਾਈਨਲ ਆਇਆ। ਮੁਕਾਬਲੇ ਵਿਚ ਸੀ ਹੰਗਰੀ। ਮੁਸੋਲਿਨੀ ਲਈ ਜਿੱਤਣਾ ਵੱਡਾ ਦਾਅ ਸੀ। ਖੇਡ ਤੋਂ ਇਕ ਦਿਨ ਪਹਿਲਾਂ ਇਟਲੀ ਦੇ ਖਿਡਾਰੀਆਂ ਨੂੰ ਰੋਮ ਤੋਂ ਤਿੰਨ ਸ਼ਬਦਾਂ ਦਾ ਟੈਲੀਗ੍ਰਾਮ ਮਿਲਿਆ-'ਜਿੱਤੋ ਜਾਂ ਮਰੋ।' ਤਾਰ 'ਤੇ ਮੁਸੋਲਿਨੀ ਦੇ ਦਸਤਖਤ ਸਨ। ਇਟਲੀ ਦੇ ਖਿਡਾਰੀਆਂ ਨੂੰ ਮਰਨਾ ਨਹੀਂ ਪਿਆ, ਕਿਉਂਕਿ ਉਹ 4-2 ਨਾਲ ਕੱਪ ਜਿੱਤ ਗਏ। ਅਗਲੇ ਦਿਨ ਮੁਖ ਸਮਾਰੋਹ ਵਿਚ ਜੇਤੂ ਟੀਮ ਫੌਜੀ ਵਰਦੀ ਵਿਚ ਸੀ। ਲਾ ਗੈਜਟਾ ਡੇਲੋ ਸਪੋਰਟਸ ਨੇ ਲਿਖਿਆ-'ਨਸਲ ਦੀ ਇਹ ਜਿੱਤ ਫਾਸਿਸਟ ਦੇ ਖੇਡਾਂ ਦੇ ਮਹਿਮਾਮੰਡਨ ਦੀ ਹੀ ਪ੍ਰਤੀਕ ਹੈ।' ਕੁਝ ਹੀ ਦਿਨ ਪਹਿਲਾਂ ਸਰਕਾਰੀ ਪ੍ਰੈੱਸ ਨੇ ਇਟਲੀ ਦੀ ਬ੍ਰਾਜ਼ੀਲ 'ਤੇ ਜਿੱਤ ਨੂੰ ਲੈ ਕੇ ਲਿਖਿਆ ਸੀ, 'ਨੀਗਰੋ ਲੋਕਾਂ ਦੀ ਬੇਹੱਦ ਤਾਕਤ ਦੇ ਮੁਕਾਬਲੇ ਅਸੀਂ ਇਟਲੀ ਦੀ ਸੂਝਬੂਝ ਨੂੰ ਸਲਾਮ ਕਰਦੇ ਹਾਂ।' ਪਰ ਉਹ ਕੌਮਾਂਤਰੀ ਪ੍ਰੈੱਸ ਸੀ ਜਿਸ ਨੇ ਟੂਰਨਾਮੈਂਟ ਦੇ ਚੋਟੀ ਦੇ ਖਿਡਾਰੀਆਂ ਦੀ ਚੋਣ ਕੀਤੀ ਅਤੇ ਉਨ੍ਹਾਂ ਵਿਚੋਂ ਦੋ ਕਾਲੇ ਸਨ। ਬ੍ਰਾਜ਼ੀਲ ਦੇ ਲਿਓਨਿਡਾਸ ਅਤੇ ਡੋਮਿਨਗੋਸ ਦਾ ਗੁਈਆ। ਅੱਠ ਗੋਲ ਮਾਰ ਕੇ ਲਿਓਨਿਡਾਸ ਉਪਰ ਸੀ ਅਤੇ ਦੂਸਰੇ ਨੰਬਰ 'ਤੇ ਸੀ ਹੰਗਰੀ ਦਾ ਜਸੇਨਗੇਲਰ। ਉਸ ਨੇ ਸੱਤ ਗੋਲ ਕੀਤੇ ਸਨ।

### ਸਟੇਡੀਅਮ

ਕੀ ਤੁਸੀਂ ਕਦੇ ਖਾਲੀ ਸਟੇਡੀਅਮ ਵਿਚ ਦਾਖਲ ਹੋਏ ਹੋ? ਇੰਜ ਕਰੋ! ਮੈਦਾਨ ਦੇ ਵਿਚੋ-ਵਿਚ ਖੜੇ ਹੋ ਜਾਓ ਅਤੇ ਸੁਣੋ। ਖਾਲੀ ਸਟੇਡੀਅਮ ਤੋਂ ਖਾਲੀ ਥਾਂ ਹੋਰ ਕੋਈ ਨਹੀਂ ਹੁੰਦੀ। ਵੇਮਬਲੇ ਵਿਚ, 1966 ਦੇ ਵਿਸ਼ਵਕੱਪ ਦਾ, ਜਿਸ ਨੂੰ ਇੰਗਲੈਂਡ ਨੇ ਜਿੱਤਿਆ ਸੀ, ਹੋ-ਹੱਲਾ ਹੁਣ ਵੀ ਗੂੰਜਦਾ ਸੁਣ ਪੈਂਦਾ ਹੈ। ਜੇਕਰ ਤੁਸੀਂ ਹੋਰ ਨੇੜਿਓਂ ਸੁਣੋ ਤਾਂ 1953 ਦੀਆਂ ਚੀਕਾਂ ਵੀ ਸੁਣਾਈ ਦੇਣਗੀਆਂ, ਜਦੋਂ ਇੰਗਲੈਂਡ ਹੰਗਰੀ ਦੇ ਹੱਥੋਂ ਹਾਰਿਆ ਸੀ। ਮਾਨਟੇਵਿਡਿਓ ਦਾ ਸੇਨਟੇਨੇਰਿਓ ਸਟੇਡੀਅਮ ਉਰੂਗੇਵ ਫੁੱਟਬਾਲ ਦੇ ਗੌਰਵਸ਼ਾਲੀ ਦਿਨਾਂ ਦੇ ਅਤੀਤ-ਰਾਗ ਦੀ ਆਹ ਭਰਦਾ ਰਹਿੰਦਾ ਹੈ। ਮਾਰਾਕਨਾ 1950 ਦੇ ਵਿਸ਼ਵਕੱਪ ਵਿਚ ਬ੍ਰਾਜ਼ੀਲ ਦੀ ਹਾਰ 'ਤੇ ਹਾਲੇ ਵੀ ਰੋ ਰਿਹਾ ਹੈ। ਬਿਊਨਰਜ਼ ਆਇਰਜ਼ ਵਿਚ ਬੱਮਬੋਨੇਰਾ ਵਿਚ ਅੱਧੀ ਸਦੀ ਪਹਿਲਾਂ ਦੇ ਡਰਮ ਗੂੰਜਦੇ ਹਨ। ਅਜ਼ਟੇਕਾ ਸਟੇਡੀਅਮ ਦੀਆਂ ਡੂੰਘਾਈਆਂ ਵਿਚ ਤੁਸੀਂ ਪ੍ਰਾਚੀਨ ਮੈਕਸਿਕਨ ਬਾਲ ਗੇਮ ਦੇ ਸਮਾਰੋਹ ਦੀਆਂ ਧੁੰਨਾਂ ਸੁਣ ਸਕਦੇ ਹੋ। ਬਾਰਸੀਲੋਨਾ ਵਿਚ ਕੈਂਪ ਨੋਓ ਦੀਆਂ ਸੀਮਿੰਟ ਦੀਆਂ ਪੌੜੀਆਂ ਵਿਚ ਕੈਟਾਲੇਨ ਅਤੇ ਬਿਬਾਓ ਦੇ ਸਾਨ ਕਾਮੇਸ ਦੀਆਂ ਇਯੂਸਕੇਸ਼ ਵਿਚ ਗੱਲ ਹੁੰਦੀ ਸੁਣ ਸਕਦੇ ਹੋ। ਅਤੇ ਮਿਲਾਨ ਵਿਚ ਗਿਯੂਸੇਪੇ ਮਿਆੱਜ਼ਾ ਦੇ ਪ੍ਰੇਤ ਜਦੋਂ ਗੋਲ ਕਰਦੇ ਹਨ ਤਾਂ ਉਨ੍ਹਾਂ ਦੇ ਨਾਂ ਨਾਲ ਸਟੇਡੀਅਮ ਹਿਲ ਜਾਂਦਾ ਹੈ।

### ਖਿਡਾਰੀ

ਇਕ ਪਾਸੇ ਯਸ਼ ਦਾ ਸਵਰਗ ਉਸ ਦੇ ਇੰਤਜ਼ਾਰ ਵਿਚ ਰਹਿੰਦਾ ਹੈ ਤਾਂ ਦੂਜੇ ਪਾਸੇ ਤਬਾਹੀ ਦਾ ਰਸਾਤਲ। ਗਵਾਂਢ ਦੇ ਲੋਕ ਉਸ ਨਾਲ ਖੁੰਦਕ ਰੱਖਦੇ ਹਨ। ਫੈਕਟਰੀ ਅਤੇ ਦਫਤਰ ਤੋਂ ਬਚ ਕੇ ਨਿਕਲ ਜਾਣ ਵਾਲੇ ਪੇਸ਼ੇਵਰ ਖਿਡਾਰੀ ਨੂੰ ਖੇਡ ਦੀ ਮੌਜ ਲਈ ਪੈਸਾ ਮਿਲਦਾ ਹੈ। ਉਸ ਦੀ ਲਾਟਰੀ ਹੀ ਨਿਕਲ ਜਾਂਦੀ ਹੈ। ਫਿਰ ਉਸ ਨੂੰ ਬਾਲਟੀਆਂ ਭਰ ਕੇ ਪਸੀਨਾ ਕਿਉਂ ਨਾ ਵਹਾਉਣਾ ਪਏ ਅਤੇ ਥੱਕਣ ਅਤੇ ਹਾਰਨ ਦਾ ਕੋਈ ਅਧਿਕਾਰ ਉਸ ਕੋਲ ਨਹੀਂ ਹੈ। ਉਸ ਦਾ ਨਾਂ ਅਖਬਾਰਾਂ, ਰੇਡੀਓ ਅਤੇ ਟੀ.ਵੀ. ਵਿਚ ਹੁੰਦਾ ਹੈ। ਇਸਤਰੀਆਂ ਉਸ 'ਤੇ ਲੱਟੂ ਹੁੰਦੀਆਂ ਹਨ ਅਤੇ ਬੱਚੇ ਉਸ ਵਰਗਾ ਬਣਨ ਦੀ ਇੱਛਾ ਨਾਲ ਭਰੇ ਹੁੰਦੇ ਹਨ। ਪਰ ਉਸ ਨੇ ਬਸਤੀਆਂ ਦੀਆਂ ਮਿੱਟੀ ਭਰੀਆਂ ਗਲੀਆਂ ਵਿਚ ਮਜ਼ੇ ਲਈ ਖੇਡਣਾ ਸ਼ੁਰੂ ਕੀਤਾ ਸੀ ਅਤੇ ਹੁਣ ਉਹ ਫਰਜ਼ ਲਈ ਸਟੇਡੀਅਮ ਖੇਡਦਾ ਹੈ, ਜਿਥੇ ਉਸ ਕੋਲ ਜਿੱਤਣ ਅਤੇ ਸਿਰਫ ਜਿੱਤਣ ਤੋਂ ਬਿਨਾਂ ਕੋਈ ਬਦਲ ਨਹੀਂ।

ੌਦਾਗਰ ਲੋਕ ਉਸ ਨੂੰ ਖਰੀਦਦੇ ਹਨ। ਉਸ ਨੂੰ ਵੇਚਦੇ ਹਨ। ਉਧਾਰ ਦਿੰਦੇ ਹਨ। ਅਤੇ ਉਹ ਇਹ ਸਭ ਹੋਣ ਦਿੰਦਾ ਹੈ, ਇਸ ਭਰੋਸੇ 'ਤੇ ਕਿ ਬਦਲੇ ਵਿਚ ਉਸ ਨੂੰ ਹੋਰ ਨਾਂ ਅਤੇ ਪੈਸਾ ਮਿਲੇਗਾ। ਉਹ ਹੋਰ ਸਫਲ ਹੁੰਦਾ ਹੋਇਆ ਅਤੇ ਜ਼ਿਆਦਾ ਪੈਸਾ ਬਣਾਉਂਦਾ ਹੋਇਆ ਅਤੇ ਜ਼ਿਆਦਾ ਕੈਦੀ ਹੁੰਦਾ ਜਾਂਦਾ ਹੈ। ਫੌਜੀ ਅਨੁਸ਼ਾਸਨ ਵਿਚ ਰਹਿਣ ਲਈ ਉਹ ਪਾਬੰਦ ਹੁੰਦਾ ਹੈ। ਰੋਜ਼ ਸਜ਼ਾ ਦਿੱਤੀ ਜਾਣ ਵਰਗੀ ਉਹ ਸਿਖਲਾਈ ਸਹਿੰਦਾ ਹੈ। ਆਪਣੇ ਦਰਦਾਂ ਨੂੰ ਭੁੱਲਣ ਲਈ ਉਹ ਦਰਦ ਨਿਵਾਰਕਾਂ ਦੀ ਬੰਬਾਰੀ ਝੱਲਦਾ ਹੋਇਆ ਆਪਣੀ ਦੇਹ ਨੂੰ ਧੋਖਾ ਦਿੰਦਾ ਹੈ ਅਤੇ ਵੱਡੇ ਸਮਾਰੋਹਾਂ ਦੇ ਇਕ ਦਿਨ ਪਹਿਲਾਂ ਉਸ ਨੂੰ ਏਕਾਂਤ ਕੈਂਪ ਵਿਚ ਤਾਲਾਬੰਦ ਕਰ ਦਿੱਤਾ ਜਾਂਦਾ ਹੈ, ਜਿਥੇ ਉਹ ਸਖ਼ਤ ਮਿਹਨਤ ਕਰਦਾ ਹੈ, ਬੇਸਵਾਦ ਖਾਣਾ ਖਾਂਦਾ ਹੈ, ਪਾਣੀ ਪੀ ਕੇ ਹੀ ਧੁੱਤ ਰਹਿੰਦਾ ਹੈ ਅਤੇ ਇਕੱਲੇ ਸੌਂਦਾ ਹੈ। ਦੂਸਰੇ ਮਨੁੱਖ ਦੇਟ ਨਾਲ ਬੁਢੇ ਹੁੰਦੇ ਹਨ ਪਰ ਫੁੱਟਬਾਲ ਦਾ ਖਿਡਾਰੀ ਤੀਹ ਸਾਲ ਵਿਚ ਬੁੱਢਾ ਹੋ ਜਾਂਦਾ ਹੈ। ਮਾਸਪੇਸ਼ੀਆਂ ਜਲਦੀ ਥਕ ਜਾਂਦੀਆਂ ਹਨ, ਉਹ ਤਾਂ ਮੈਦਾਨ ਜੇ ਢਲਾਨ 'ਤੇ ਹੋਵੇ ਤਾਂ ਵੀ ਗੋਲ ਨਹੀਂ ਕਰ ਸਕਦਾ।

'ਉਹ! ਉਹ ਤਾਂ ਗੋਲੀ ਦੇ ਹੱਥ ਬੰਨ੍ਹ ਦਿਓ ਤਾਂ ਵੀ ਨਹੀਂ।' ਤੀਹ ਤੋਂ ਪਹਿਲਾਂ ਵੀ ਇਹ ਹੋ ਸਕਦਾ ਹੈ, ਜੇਕਰ ਬਾਲ ਉਸ ਨੂੰ ਬੁਰੀ ਤਰ੍ਹਾਂ ਸੁੱਟ ਨਾ ਦਏ, ਜਾਂ ਮਾੜੇ ਭਾਗੀਂ ਕੋਈ ਮਾਸਪੇਸ਼ੀ ਫਾੜ ਦਏ, ਜਾਂ ਕਿਕ ਕੋਈ ਹੱਡੀ ਇੰਜ ਤੋੜ ਦਵੇ ਕਿ ਫੇਰ ਜੁੜੇ ਹੀ ਨਾ ਅਤੇ ਫੇਰ ਇਕ ਗਏ ਗੁਜਰੇ ਦਿਨ ਖਿਡਾਰੀ ਮਹਿਸੂਸ ਕਰਦਾ ਹੈ ਕਿ ਇਕ ਕਾਰਡ 'ਤੇ ਉਸ ਨੇ ਆਪਣਾ ਪੂਰਾ ਜੀਵਨ ਦਾਅ 'ਤੇ ਲਗਾ ਦਿੱਤਾ। ਉਸ ਦਾ ਪੈਸਾ ਚਲਾ ਗਿਆ ਅਤੇ ਨਾਂ ਵੀ ਵਿਸਰ ਗਿਆ।

### ਮੈਨੇਜਰ

ਪੁਰਾਣੇ ਦਿਨਾਂ ਵਿਚ ਟਰੇਨਰ ਹੁੰਦਾ ਸੀ ਅਤੇ ਕੋਈ ਵੀ ਉਸ 'ਤੇ ਜ਼ਿਆਦਾ ਧਿਆਨ ਨਹੀਂ ਦਿੰਦਾ ਸੀ। ਬਿਨਾਂ ਕਿਸੇ ਸ਼ੋਰ ਸ਼ਰਾਬੇ ਦੇ ਉਹ ਉਦੋਂ ਮਰ ਗਿਆ ਖੇਡ ਜਦੋਂ ਖੇਡ ਨਾ ਰਹੀ ਅਤੇ ਪੇਸ਼ੇਵਰ ਫੁੱਟਬਾਲ ਨੂੰ ਵਪਾਰ ਪ੍ਰਬੰਧਕ ਦੀ ਲੋੜ ਪਈ ਜੋ ਲੋਕਾਂ ਨੂੰ ਘੇਰੇ ਵਿਚ ਰੱਖ ਸਕੇ। ਉਦੋਂ ਮੈਨੇਜਰ ਦਾ ਜਨਮ ਹੋਇਆ। ਉਸ ਦਾ ਮਿਸ਼ਨ ਸੀ, ਖੇਡ ਵਿਚ ਸੂਝ ਬੂਝ ਨੂੰ ਰੋਕਣਾ, ਆਜ਼ਾਦ ਬੈਠਕ ਕਰਨਾ ਅਤੇ ਖਿਡਾਰੀਆਂ ਦੀ ਉਤਪਾਦਕਤਾ ਵਧਾਉਣਾ, ਜੋ ਹੁਣ ਮਹਿਜ਼ ਅਨੁਸ਼ਾਸਿਤ ਐਥਲੀਟ ਹੋ ਗਏ ਹਨ.

ਟਰੇਨਰ ਕਹਿੰਦਾ ਸੀ-'ਆਓ ਚੱਲੀਏ ਖੇਡਣ।'

ਮੈਨੇਜਰ ਕਹਿੰਦਾ ਹੈ-'ਚੱਲੋ ਕੰਮ 'ਤੇ ਚੱਲੋ।'

ਪੁਰਾਣੇ ਬਲੈਕਬੋਰਡਾਂ ਤੋਂ ਇਲੈਕਟਰੋਨਿਕ ਸਕਰੀਨ ਤੱਕ, ਹੁਣ ਮਹਾਨ ਖੇਡ ਦੀ ਕੰਪਿਊਟਰ ਵਿਚ ਯੋਜਨਾ ਬਣਦੀ ਹੈ ਅਤੇ ਉਹ ਵੀਡੀਓ ਰਾਹੀਂ ਸਿਖਾਇਆ ਜਾਂਦਾ ਹੈ। ਉਹ ਸੁਪਨਮਈ ਖੇਡ ਦੇ ਰੇਡੀਓ ਪ੍ਰਸਾਰਨ ਵਿਚ ਨਹੀਂ ਪਤਾ ਚੱਲਦਾ ਪਰ ਟੈਲੀਵਿਜ਼ਨ ਮੈਨੇਜਰਾਂ ਦੇ ਭਰਵੱਟੇ ਤਣਦਾ ਦਿਖਾਉਣਾ ਪਸੰਦ ਕਰਦਾ ਹੈ। ਅਸੀਂ ਉਨ੍ਹਾਂ ਨੂੰ ਮੁੱਠੀਆਂ ਘੁੱਟਦੇ ਅਤੇ ਚੀਕਦੇ ਹੋਏ ਉਨ੍ਹਾਂ ਆਦੇਸ਼ਾਂ ਨੂੰ ਦਿੰਦੇ ਦੇਖਦੇ ਹਾਂ ਜਿਨ੍ਹਾਂ ਨੂੰ ਜੇਕਰ ਕੋਈ ਸਮਝ ਸਕੇ ਤਾਂ ਖੇਡ ਦਾ ਪਾਸਾ ਹੀ ਉਲਟ ਜਾਵੇ। ਫੁੱਟਬਾਲ ਇਕ ਵਿਗਿਆਨ ਹੈ ਅਤੇ ਮੈਦਾਨ ਪ੍ਰਯੋਗਸ਼ਾਲਾ। ਪਰ ਮਾਲਕਾਂ ਅਤੇ ਪ੍ਰਸ਼ੰਸਕਾਂ ਲਈ ਆਈਸਟੀਨ ਦੀ ਮੇਧਾ ਅਤੇ ਫ੍ਰਾਈਡ ਦੀ ਸੂਖਮਤਾ ਹੀ ਕਾਫੀ ਨਹੀਂ ਹੈ। ਉਨ੍ਹਾਂ ਨੂੰ ਤਾਂ ਵਰਜਿਨ ਆਫ ਲਾਰਜ਼ ਵਾਂਗ ਚਮਤਕਾਰੀ-ਕਾਰਜਕਰਤਾ ਚਾਹੀਦਾ ਹੈ, ਗਾਂਧੀ ਵਰਗੇ ਸਟੈਮਿਨਾ ਦੇ ਨਾਲ।






# Elite Driving School

Learn to drive with experienced, caring & friendly instructor
Lessons available in English, Hindi, Punjabi & Urdu

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience

15 Hours in Class Room & 10 Hours in Car Package Available



- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.





Gurmail Dhaliwal (Garry)
780-265-6990



2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca

# ਵਾਤਾਵਰਣ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੀ ਲੋੜ – ਸੀਚੇਵਾਲ



ਸਾਡੇ ਪ੍ਰਤੀਨਿਧੀ **ਹਰਿੰਦਰਪਾਲ ਹੁੰਦਲ** ਵਲੋਂ **ਸੰਤ ਬਲਬੀਰ ਸਿੰਘ ਸੀਚੇਵਾਲ** ਨਾਲ਼ ਇਹ ਵਿਸ਼ੇਸ਼ ਮੁਲਾਕਾਤ ਉਹਨਾਂ ਦੀ ਕੈਨੇਡਾ ਫੇਰੀ ਸਮੇਂ ਕੀਤੀ ਗਈ। ਪਾਠਕ ਵਾਤਾਵਰਣ ਸਬੰਧੀ ਅਪਣੀਆਂ ਰਾਵਾਂ ਵੀ **'ਨਵੀਂ ਦੁਨੀਆ'** ਰਾਹੀਂ ਪਾਠਕਾਂ ਤੇ ਚਿੰਤਕਾਂ ਨਾਲ ਸਾਂਝੀਆਂ ਕਰ ਸਕਦੇ ਹਨ – ਸੰਪਾਦਕ

**? ਸੰਤ ਜੀ, ਵਾਤਾਵਰਣ ਦੀ ਸੰਭਾਲ ਲਈ ਆਪ ਜੀ ਨੂੰ ਪ੍ਰੇਰਣਾ ਕਿੱਥੋਂ ਮਿਲੀ?**

– ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਦੀ ਪਵਿੱਤਰ ਬਾਣੀ ਦੇ ਇਹਨਾਂ ਸਲੋਕਾਂ ਤੋਂ,

*ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤੁ ਮਹਤੁ।।*
*ਦਿਵਸ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ।।*
*ਪਹਿਲਾਂ ਪਾਣੀ ਜੀਓ ਹੈ ਜਿਤੁ ਹਰਿਆ ਸਭ ਕੋਇ*
*ਬਲਿਹਾਰੀ ਕੁਦਰਤ ਵਸਿਆ*
*ਤੇਰਾ ਅੰਤ ਨਾ ਜਾਇਆ ਲਿਖਿਆ*

ਇਹਨਾਂ ਮਹਾਂਵਾਕਾਂ ਤੋਂ ਸਮਝ ਪਈ ਕਿ ਸਾਡਾ ਪਾਣੀ, ਧਰਤੀ ਤੇ ਹਵਾ ਨਾ਼ਲ ਕੀ ਰਿਸ਼ਤਾ ਹੈ। ਇਹਨਾਂ ਸ਼ਬਦਾਂ ਰਾਹੀਂ ਹੀ ਵਾਹਿਗੁਰੂ ਨੇ ਵਾਤਾਵਰਣ ਦੀ ਸੰਭਾਲ ਲਈ ਬਲ ਬਖ਼ਸ਼ਿਆ।

**? ਵੇਈਂ ਦੀ ਸਫ਼ਾਈ ਦਾ ਕਾਰਜ ਬੜਾ ਔਕੜਾਂ ਤੇ ਚੁਣੌਤੀਆਂ ਭਰਿਆ ਸੀ, ਆਪ ਜੀ ਦਾ ਇਸ ਸਬੰਧੀ ਸਮੁੱਚਾ ਪ੍ਰਭਾਵ ਕੀ ਰਿਹਾ?**

– ਜਦੋਂ ਅਸੀਂ ਇਹ ਕਾਰਜ ਸ਼ੁਰੂ ਕੀਤਾ ਉਦੋਂ ਵੀ ਇਹ ਸਵਾਲ ਸਾਨੂੰ ਵਾਰ-ਵਾਰ ਕੀਤਾ ਗਿਆ ਕਿ ਜਿਹੜਾ ਕਾਰਜ ਸਰਕਾਰ ਨਹੀਂ ਕਰ ਸਕੀ, ਤੁਸੀਂ ਕਿਵੇਂ ਨੇਪਰੇ ਚਾੜ੍ਹੋਂਗੇ? ਸਾਡਾ ਜਵਾਬ ਸੀ ਕਿ ਅਸੀਂ ਤਾਂ ਸੇਵਾਦਾਰ ਹਾਂ। ਸਾਡੀ ਇਹ ਸਮਝ ਹੈ ਕਿ ਸੱਚੇ ਪਾਤਸ਼ਾਹ ਨੇ ਸਾਨੂੰ ਵਡਮੁੱਲਾ ਵਿਰਸਾ ਬਖ਼ਸ਼ਿਆ ਹੋਇਆ ਹੈ, ਕਾਦਰ ਦੀ ਸਾਜੀ ਕੁਦਰਤ ਨੂੰ ਅਸੀਂ ਪਿੰਡਾਂ, ਸ਼ਹਿਰਾਂ ਤੇ ਫੈਕਟਰੀਆਂ ਦੀ ਗੰਦਗੀ ਨਾ਼ਲ ਤਬਾਹ ਕਰ ਰਹੇ ਹਾਂ ਤੇ ਇਹ ਕਾਰਜ ਉਸ ਸੱਚੇ ਪਾਤਸ਼ਾਹ ਗੁਰੂ ਨਾਨਕ ਦਾ ਅਪਣਾ ਕਾਰਜ ਹੈ ਤੇ ਉਹਨਾਂ ਦੀ ਟੇਕ ਲੈ ਕੇ ਹੀ ਇਹ ਕਾਰਜ ਸ਼ੁਰੂ ਕੀਤਾ ਅਤੇ ਸਮੁੱਚੀ ਸੰਗਤ ਦੇ ਸਹਿਯੋਗ ਨਾ਼ਲ ਸੰਪੂਰਨ ਕੀਤਾ ਤੇ ਅੱਜ ਵੀ ਇਹ ਕਾਰਜ ਇਕ ਲਹਿਰ ਦੇ ਰੂਪ ਵਿੱਚ ਪੰਜਾਬ ਵਿੱਚ ਹੀ ਨਹੀਂ, ਸਮੁੱਚੇ ਭਾਰਤ ਵਿੱਚ ਚਰਚਾ ਦਾ ਵਿਸ਼ਾ ਹੈ।

**? ਵੇਈਂ ਨਦੀ ਤੋਂ ਬਾਅਦ ਅਗਲਾ ਕਾਰਜ ਫੈਕਟਰੀਆਂ ਦੁਆਰਾ ਵੇਈਂ ਨਦੀ ਦੇ ਪ੍ਰਦੂਸ਼ਿਤ ਹੋ ਰਹੇ ਪਾਣੀ ਦੀ ਸਫ਼ਾਈ ਦਾ ਹੈ? ਇਸ ਉਦੇਸ਼ ਦੀ ਪੂਰਤੀ ਲਈ ਆਪ ਜੀ ਵਲੋਂ ਕੀ ਕੀਤਾ ਜਾ ਰਿਹਾ ਹੈ?**

– ਭਾਵੇਂ ਫੈਕਟਰੀਆਂ ਗੰਧਲਾ ਪਾਣੀ ਸੁੱਟਣ ਦੀ ਛੋਟ ਮਿਲੀ ਹੋਈ ਹੈ ਅਤੇ ਇਤਰਾਜਹੀਣਤਾ (ੌਛ) ਪ੍ਰਮਾਣ-ਪੱਤਰ ਜਾਰੀ ਕੀਤੇ ਗਏ ਹਨ। ਸਰਕਾਰ ਨੇ 1974 ਦਾ ਐਕਟ ਲਾਗੂ ਨਹੀਂ ਕੀਤਾ, ਭ੍ਰਿਸ਼ਟਾਚਾਰ ਇਸਦਾ ਮੁੱਖ ਕਾਰਣ ਹੈ। ਹੁਣ ਲੋਕਾਂ ਨੂੰ ਜਾਗ੍ਰਿਤ ਕੀਤਾ ਜਾ ਰਿਹਾ ਹੈ ਤੇ ਲੋਕ ਹੁਣ ਪ੍ਰਸ਼ਾਸਨ ਤੋਂ ਲਗਾਤਾਰ ਇਹ ਸਵਾਲ ਪੁੱਛ ਰਹੇ ਹਨ ਕਿ ਜਦ ਕੁਦਰਤੀ ਸੋਮਿਆਂ ਵਿੱਚ ਕਾਨੂੰਨੀ ਤੌਰ 'ਤੇ ਗੰਦਾ ਪਾਣੀ ਪੈ ਹੀ ਨਹੀਂ ਸਕਦਾ ਤਾਂ ਫਿਰ ਇਹ ਫੈਕਟਰੀਆਂ ਇਹ ਜ਼ੁਲਮ ਕਿਉਂ ਕਰ ਰਹੀਆਂ ਹਨ? ਲੋਕਾਂ ਦੀ ਸਿਹਤ ਤੇ ਕੁਦਰਤੀ ਜੀਵ-ਜੰਤੂਆਂ ਦਾ ਘਾਣ ਕਿਉਂ ਕਰ ਰਹੀਆਂ ਹਨ? ਆਉਣ ਵਾਲੀਆਂ ਪੀੜ੍ਹੀਆਂ ਦੀ ਹੋਂਦ 'ਤੇ ਪ੍ਰਸ਼ਨ-ਚਿੰਨ੍ਹ ਕਿਉਂ ਲਾ ਰਹੀਆਂ ਹਨ? ਜਿਉਂ-ਜਿਉਂ ਲੋਕ ਜਾਗਰੂਕ ਹੋ ਰਹੇ ਹਨ, ਫੈਕਟਰੀਆਂ ਨੂੰ ਨਾ ਚਾਹੁੰਦਿਆਂ ਹੋਇਆਂ ਵੀ ਗੰਦੇ ਪਾਣੀ ਨਦੀ 'ਚ ਪਾਉਣੇ ਬੰਦ ਕਰਨੇ ਪੈਣੇ ਹਨ ਤੇ ਅਸੀਂ ਇਹ ਮੰਗ ਵੀ ਲਗਾਤਾਰ ਕਰ ਰਹੇ ਹਾਂ ਕਿ ਜਿਹੜੇ ਲੋਕ ਇਸਤੋਂ ਪੀੜ੍ਹਿਤ ਹਨ ਉਹਨਾਂ ਨੂੰ ਢੁੱਕਵਾਂ ਮੁਆਵਜ਼ਾ ਦਿੱਤਾ ਜਾਵੇ। ਉਹਨਾਂ ਦੇ ਇਲਾਜ ਕਰਵਾਏ ਜਾਣ ਤੇ ਜ਼ਿੰਮੇਵਾਰ ਲੋਕਾਂ ਨੂੰ ਸਜ਼ਾਵਾਂ ਦਿੱਤੀਆਂ ਜਾਣ। ਗੰਦਾ ਪਾਣੀ ਪਾਉਣ ਵਾਲੀਆਂ ਫੈਕਟਰੀਆਂ ਵਿਰੁੱਧ ਯੋਗ ਕਾਨੂੰਨੀ ਕਾਰਵਾਈ ਕੀਤੀ ਜਾਵੇ। ਜਿਹੜੀਆਂ ਫੈਕਟਰੀਆਂ ਐਕਟ ਦੀ ਪਾਲਣਾ ਕਰ ਰਹੀਆਂ ਹਨ, ਅਸੀਂ ਉਹਨਾਂ ਦਾ ਧੰਨਵਾਦ ਕਰਦੇ ਹਾਂ ਤੇ ਜਿਹੜੇ 1974 ਦੇ ਐਕਟ ਦੀ ਉਲੰਘਣਾ ਕਰ ਰਹੇ ਹਨ ਉਹਨਾਂ ਨੂੰ ਬੇਨਤੀ ਕਰਦੇ ਹਾਂ ਕਿ ਅਜਿਹਾ ਨਾ ਕਰਨ।

**? ਵਾਤਾਵਰਣ ਦੀ ਸੰਭਾਲ ਲਈ ਸਰਗਰਮ ਸੰਸਥਾਵਾਂ ਨਾ਼ਲ ਤੁਹਾਡੇ ਕਿਹੋ-ਜਿਹੇ ਸਬੰਧ ਹਨ?**

– ਵੇਈਂ ਦੀ ਸਫ਼ਾਈ ਤੋਂ ਬਾਅਦ ਪਹਿਲਾਂ ਬਹੁਤੀਆਂ ਸੰਸਥਾਵਾਂ ਵਾਤਾਵਰਣ ਦੀ ਸੰਭਾਲ ਲਈ ਇਸ ਰੂਪ ਵਿੱਚ ਜ਼ਿਆਦਾ ਸਰਗਰਮ ਨਹੀਂ ਸਨ। ਕੁਝ ਸੰਸਥਾਵਾਂ ਅਪਣੇ ਪੱਧਰ 'ਤੇ ਬੂਟੇ ਲਾਉਣ ਤੇ ਵਾਤਾਵਰਣ ਦਿਹਾੜਾ ਮਨਾਉਣ ਤੱਕ ਹੀ ਸੀਮਤ ਸਨ ਪਰ ਸਾਡੇ ਇਸ ਵੇਈਂ ਦੀ ਸਫ਼ਾਈ ਦੇ ਕਾਰਜ ਤੋਂ ਬਾਅਦ ਹਰ ਪਿੰਡ ਤੇ ਸ਼ਹਿਰ ਵਿੱਚ ਵਾਤਾਵਰਣ ਸੰਭਾਲ ਸੰਸਥਾਵਾਂ ਬਹੁਤ ਕਾਰਜਸ਼ੀਲ ਹੋ ਗਈਆਂ ਹਨ। ਵਾਤਾਵਰਣ ਦੀ ਸੰਭਾਲ ਦਾ ਕਾਰਜ ਸਿਰਫ਼ ਸਾਡੇ ਇਕੱਲਿਆਂ ਦੇ ਕਰਨ ਦਾ ਨਹੀਂ ਹੈ, ਹਰ ਇਨਸਾਨ ਨੂੰ ਅਪਣਾ ਬਣਦਾ ਯੋਗਦਾਨ ਪਾਉਣਾ ਪਵੇਗਾ ਤੇ ਹਰ ਸੰਸਥਾ ਦੇ ਨਾ਼ਲ ਰਾਬਤਾ ਕਾਇਮ ਰੱਖਣਾ ਪਵੇਗਾ। ਕਿਸੇ ਇਕ ਦੇ ਕਾਰਜ ਨਾ਼ਲ ਜਾਂ ਕਿਸੇ ਇਕ ਪਿੰਡ ਦੀ ਸਫ਼ਾਈ ਨਾ਼ਲ ਸਮੁੱਚਾ ਵਾਤਾਵਰਣ ਸਾਫ਼ ਨਹੀਂ ਕੀਤਾ ਜਾ ਸਕਦਾ। ਇਹ ਤਾਂ ਇਕ ਸਮੂਹਿਕ ਕਾਰਜ ਹੈ ਤੇ ਸਾਨੂੰ ਸਭ ਨੂੰ ਰਲ਼ ਕੇ ਇਹ ਕਾਰਜ ਨੇਪਰੇ ਚਾੜ੍ਹਨਾ ਪਵੇਗਾ। ਲੋਕਾਂ ਦੀ ਸੋਚ ਵਿੱਚ ਤਬਦੀਲੀ ਆਉਣੀ ਵੀ ਬਹੁਤ ਜ਼ਰੂਰੀ ਹੈ।

**? ਵਾਤਾਵਰਣ ਦੀ ਸੰਭਾਲ ਦਾ ਮਸਲਾ ਰਾਜਨੀਤੀ ਤੇ ਆਰਥਿਕਤਾ ਨਾ਼ਲ ਜੁੜਿਆ ਹੋਇਆ ਹੈ। ਕੀ ਤੁਸੀਂ ਕੋਈ ਲੋਕ ਲਹਿਰ ਉਸਾਰ ਕੇ, ਸਰਕਾਰ ਦੀਆਂ ਵਾਤਾਵਰਣ ਵਿਰੋਧੀ ਨੀਤੀਆਂ 'ਤੇ ਦਬਾਅ ਪਾ ਕੇ, ਇਸ ਮਸਲੇ ਨੂੰ ਹੱਲ ਕਰਵਾਉਣ ਦੇ ਹੱਕ ਵਿੱਚ ਹੋ?**

– ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਨਾ਼ਲ ਸਮੁੱਚੇ ਰੂਪ ਵਿੱਚ ਸਾਡੀ ਆਰਥਿਕਤਾ ਥੱਲੇ ਜਾ ਰਹੀ ਹੈ। ਸਰੀਰਕ ਤੌਰ 'ਤੇ ਅਸੀਂ ਭਿਆਨਕ ਬਿਮਾਰੀਆਂ ਜਿਵੇਂ, ਕੈਂਸਰ, ਚਮੜੀ ਰੋਗ ਤੇ ਕਾਲੇ ਪੀਲੀਏ ਦਾ ਸ਼ਿਕਾਰ ਹੋ ਰਹੇ ਹਾਂ। ਗਰੀਬ ਲੋਕ ਇਲਾਜ ਕਰਵਾਉਣ ਦੇ ਅਸਮਰੱਥ ਹਨ। ਕਿਸਾਨ ਅਪਣੀਆਂ ਜ਼ਮੀਨਾਂ ਵੇਚ ਕੇ ਇਲਾਜ ਕਰਵਾਉਣ ਲਈ ਮਜ਼ਬੂਰ ਹਨ ਤੇ ਇਹ ਸਭ ਕਰਨ ਤੋਂ ਬਾਅਦ ਉਹ ਬਿਮਾਰ ਲੋਕਾਂ ਨੂੰ ਬਚਾਅ ਵੀ ਨਹੀਂ ਸਕੇ। ਚੰਗੇ ਵਾਤਾਵਰਣ ਨਾ਼ਲ ਸਾਡੀ ਸਮੁੱਚੀ ਆਰਥਿਕਤਾ ਨੂੰ ਹੁਲਾਰਾ ਮਿਲੇਗਾ ਤੇ ਇਸ ਨਾ਼ਲ ਸਰੀਰਕ ਤੰਦਰੁਸਤੀ ਮਿਲੇਗੀ ਤੇ ਸਾਡੀ ਸੋਚ 'ਤੇ ਵੀ ਇਸਦਾ ਚੰਗਾ ਅਸਰ ਪਵੇਗਾ।

**? ਬਹੁਕੌਮੀ ਕਾਰਪੋਰੇਸ਼ਨਾਂ ਵਿਸ਼ਵ ਅਤੇ ਸਥਾਨਕ ਪੱਧਰ 'ਤੇ ਵਾਤਾਵਰਣ ਦੇ ਨਿਯਮਾਂ ਦੀ ਖੁੱਲ੍ਹੇ ਆਮ ਘੋਰ ਉਲੰਘਣਾ ਕਰ ਰਹੀਆਂ ਹਨ, ਵਾਤਾਵਰਣ ਦੀ ਤਬਾਹੀ ਕਰ ਰਹੀਆਂ ਹਨ। ਭਾਰਤ ਵਿੱਚ ਕੋਕਾ ਕੋਲਾ ਕੇਰਲਾ ਵਾਲੀ ਉਦਾਹਰਣ ਸਾਡੇ ਸਾਹਮਣੇ ਹੈ। ਇਹਨਾਂ ਕਾਰਪੋਰੇਸ਼ਨਾਂ ਨੂੰ ਕਿਵੇਂ ਨੱਥ ਪਾਈ ਜਾਵੇ?**

– ਇਹ ਕਾਰਜ ਕਰਨ ਲਈ ਜਨ-ਜਾਗ੍ਰਿਤੀ ਦੀ ਲੋੜ ਹੈ। ਕਿਸੇ ਵੇਲੇ ਭਾਰਤ ਇਕ ਗ਼ੁਲਾਮ ਦੇਸ਼ ਸੀ, ਮਹਾਤਮਾ ਗਾਂਧੀ ਨੇ ਇਕ ਲਹਿਰ ਚਲਾਈ ਕਿ ਵਿਦੇਸ਼ੀ ਵਸਤਾਂ ਦਾ ਬਾਈਕਾਟ ਕੀਤਾ ਜਾਵੇ। ਇਹ ਕੰਪਨੀਆਂ ਉੱਥੇ ਹੀ ਜਾ ਰਹੀਆਂ ਹਨ ਜਿੱਥੇ ਇਹਨਾਂ ਦਾ ਮਾਲ ਵਿਕਦਾ ਹੈ। ਨਾ ਮਿਲਵਰਤਨ ਦੀ ਲਹਿਰ ਨੇ ਇਹਨਾਂ ਦਾ ਕਾਫ਼ੀ ਨੁਕਸਾਨ ਕੀਤਾ ਸੀ, ਜੇਕਰ ਅਸੀਂ ਸਮੂਹਿਕ ਤੌਰ 'ਤੇ ਇਹ ਮੰਨਣ ਲੱਗ ਪਈਏ ਕਿ ਇਹ ਕੰਪਨੀਆਂ ਸਾਡਾ ਸ਼ੋਸ਼ਨ ਕਰ ਰਹੀਆਂ ਹਨ ਤੇ ਸਾਨੂੰ ਜ਼ਹਿਰ ਪਿਆ ਰਹੀਆਂ ਹਨ ਤਾਂ ਅਸੀਂ ਇਹਨਾਂ ਵਸਤਾਂ ਦਾ ਵਿਰੋਧ ਕਰਾਂਗੇ, ਜਿਵੇਂ ਕੋਕਾ-ਕੋਲਾ ਵਰਤਣਾ ਬੰਦ ਕਰ ਦਈਏ, ਤਾਂ ਉਹਨਾਂ ਨੂੰ ਪਿੱਛੇ ਹਟਣਾ ਪਵੇਗਾ। ਲੋੜ ਹੈ ਕਿ ਸਮਾਜ ਵਿੱਚ ਜਾਗਰੂਕਤਾ ਪੈਦਾ ਕੀਤੀ ਜਾਵੇ।

**? ਕੋਪਨ ਹੇਗਨ ਵਿੱਚ ਵਾਤਾਵਰਣ-ਕਾਨਫਰੰਸ ਸਮੁੱਚੇ ਰੂਪ ਵਿੱਚ ਅਸਫ਼ਲ ਰਹੀ, ਕੀ ਭਾਰਤ ਦੀ ਇਸ ਵਾਤਾਵਰਣ ਸਬੰਧੀ ਪਹੁੰਚ ਤੇ ਕਾਰਗੁਜ਼ਾਰੀ ਤੋਂ ਸੰਤੁਸ਼ਟ ਹੈ?**

– 192 ਮੁਲਕਾਂ ਨੂੰ ਸੰਯੁਕਤ ਰਾਸ਼ਟਰ ਸੰਗਠਨ ਵਲੋਂ ਇਕ ਪਲੇਟਫਾਰਮ 'ਤੇ ਬਿਠਾ ਲੈਣ 'ਤੇ ਵਾਤਾਵਰਣ ਉੱਪਰ ਚਰਚਾ ਕਰਨ ਲਈ ਮਜ਼ਬੂਰ ਕਰਨਾ ਕਿ ਇਹ ਕੀ ਹੋ ਰਿਹਾ ਹੈ ਤੇ ਇਸ ਪ੍ਰਤੀ ਸੋਚੋ, ਅੰਤਰਰਾਸ਼ਟਰੀ ਪੱਧਰ 'ਤੇ ਇਹ ਬਹੁਤ ਵੱਡੀ ਗੱਲ ਹੈ, ਸਾਰੇ ਚਿੰਤਤ ਤਾਂ ਹੋਏ, ਇਕ ਦਬਾਅ ਤਾਂ ਬਣਿਆ, ਜਾਗਰੂਕਤਾ ਤਾਂ ਆਈ। ਸਿਆਣੇ ਕਹਿੰਦੇ ਹਨ, ਗੱਲ ਹੈ ਤਾਂ ਹੱਲ ਹੈ। ਗੱਲ ਸ਼ੁਰੂ ਤਾਂ ਹੋਈ। ਇਹ ਪ੍ਰਦੂਸ਼ਣ ਇਕ ਦਿਨ ਵਿੱਚ ਸ਼ੁਰੂ ਨਹੀਂ ਹੋਇਆ ਤੇ ਕੋਈ ਚਾਬੀ ਮਰੋੜਣ ਜਾਂ ਚੁਟਕੀ ਮਾਰਨ ਨਾ਼ਲ ਹੱਲ ਨਹੀਂ ਹੋ ਜਾਣਾ। ਇਹ ਇਕ ਚੰਗੀ ਸ਼ੁਰੂਆਤ ਹੋਈ ਹੈ। ਲੋਕਾਂ ਵਿੱਚ ਜਾਗਰੂਕਤਾ ਆਈ ਅਤੇ ਸਰਕਾਰਾਂ ਉੱਪਰ ਵੀ ਇਕ ਦਬਾਅ ਬਣਿਆ ਹੈ। ਉਹਨਾਂ ਲੋਕਾਂ ਨੂੰ ਵੀ ਚਿੰਤਾ ਹੋਈ ਹੈ ਕਿ ਜਿਸ ਤਰ੍ਹਾਂ ਦਾ ਅੰਦੋਲਨ ਚੱਲ ਰਿਹਾ ਹੈ, ਅਸੀਂ ਇਹ ਪ੍ਰਦੂਸ਼ਣ ਜ਼ਿਆਦਾ ਦੇਰ ਜਾਰੀ ਨਹੀਂ ਰੱਖ ਸਕਦੇ। ਸੋ, ਲੋੜ ਹੈ ਕਿ ਇਹੋ ਜਿਹੀਆਂ ਮੀਟਿੰਗਾਂ 'ਤੇ ਕਾਨਫਰੰਸਾਂ ਜ਼ਿਆਦਾ ਹੋਣ।

**? ਕੀ ਤੁਸੀਂ ਵਾਤਾਵਰਣ ਦੀ ਸਮੱਸਿਆ ਨੂੰ ਸਮੁੱਚੇ ਰਾਜਸੀ, ਆਰਥਕ ਤੇ ਸਮਾਜਕ ਚੌਖ਼ਟੇ ਤੋਂ ਵੱਧ ਕਰਕੇ ਦੇਖਦੇ ਹੋ ਜਾਂ ਇਸਦਾ ਹੱਲ ਉਹਨਾਂ ਸਮੱਸਿਆਵਾਂ ਦੇ ਸਮੁੱਚੇ ਸੰਦਰਭ ਵਿੱਚ ਦੇਖਦੇ ਹੋ?**

– ਵਾਤਾਵਰਣ ਦੀ ਸਮੱਸਿਆ ਨੂੰ ਸਮਾਜ ਤੋਂ ਵੱਖ ਨਹੀਂ ਕੀਤਾ ਜਾ ਸਕਦਾ, ਅਸੀਂ ਇਸਨੂੰ ਅਪਣੇ-ਆਪ ਤੋਂ ਵੀ ਅਲੱਗ ਨਹੀਂ ਦੇਖ ਸਕਦੇ। ਹਵਾ, ਪਾਣੀ ਤੇ ਖ਼ੁਰਾਕ ਤੋਂ ਬਿਨਾਂ ਅਸੀਂ ਜਿਉਂ ਨਹੀਂ ਸਕਦੇ, ਵਾਤਾਵਰਣ ਦੀ ਸਮੱਸਿਆ ਨੂੰ ਹੋਰ ਰਾਜਸੀ, ਆਰਥਕ ਤੇ ਸਮਾਜਕ ਸਮੱਸਿਆਵਾਂ ਤੋਂ ਵੱਖ ਕਰਕੇ ਵੀ ਨਹੀਂ ਦੇਖ ਸਕਦੇ। ਸਭ ਕੁਝ ਨੂੰ ਜੋੜ ਕੇ ਹੀ ਵਾਤਾਵਰਣ ਦੀ ਸਮੱਸਿਆ ਨੂੰ ਸਮਝਿਆ ਤੇ ਇਸਦੇ ਹੱਲ ਵੱਲ ਵਧਿਆ ਜਾ ਸਕਦਾ ਹੈ।

**? ਵਧ ਰਹੀ ਲੋਕਪ੍ਰਿਯਤਾ ਰਾਜਨੀਤੀ ਵੱਲ ਤਾਂ ਨਹੀਂ ਲੈ ਜਾਵੇਗੀ.......ਕੋਈ ਰਾਜਸੀ ਪੇਸ਼ਕਸ਼।**

– ਨਹੀਂ, ਇਹੋ ਜਿਹੀ ਕੋਈ ਗੱਲ ਨਹੀਂ ਹੈ, ਰਾਜਸੀ ਪਾਰਟੀਆਂ ਦੇ ਅਪਣੇ ਏਜੰਡੇ ਹੁੰਦੇ ਹਨ। ਸਾਡਾ ਮਕਸਦ ਹੈ ਕਿ ਕੋਈ ਧਿਰ ਬਣ ਕੇ ਵਿਚਰਿਆ ਨਾ ਜਾਵੇ। ਕੋਈ ਵੀ ਪਾਰਟੀ ਕੋਈ ਚੰਗਾ ਕੰਮ ਕਰਦੀ ਹੈ ਤਾਂ ਅਸੀਂ ਉਸਦਾ ਧੰਨਵਾਦ ਕਰਾਂਗੇ। ਹਰ ਪਾਰਟੀ ਨੂੰ ਅਸੀਂ ਇਸ ਪਾਸੇ ਪ੍ਰੇਰਿਤ ਕਰਾਂਗੇ। ਸਿੱਧੇ ਤੌਰ 'ਤੇ ਕਦੇ ਰਾਜਨੀਤੀ ਦਾ ਹਿੱਸਾ ਨਹੀਂ ਬਣਾਂਗੇ। ਸਾਰੀਆਂ ਪਾਰਟੀਆਂ ਨੂੰ ਕਹਾਂਗੇ ਕਿ ਉਹ ਅਪਣੇ ਮੈਨੀਫੈਸਟੋ ਵਿੱਚ ਵਾਤਾਵਰਣ ਦਾ ਮੁੱਦਾ ਜ਼ਰੂਰ ਸ਼ਾਮਲ ਕਰਨ। ਵਾਤਾਵਰਣ ਦੇ ਮਸਲੇ 'ਤੇ ਸੌੜੀ ਸਿਆਸਤ ਵੀ ਬੰਦ ਹੋਣੀ ਚਾਹੀਦੀ ਹੈ। ਕਿਸੇ ਵੀ ਪਾਰਟੀ ਨੂੰ ਵਾਤਾਵਰਣ, ਪਾਣੀ, ਸਿਹਤ ਤੇ ਵਿਦਿਆ ਦੇ ਨਾਂ 'ਤੇ ਸਿਆਸਤ ਨਹੀਂ ਖੇਡਣੀ ਚਾਹੀਦੀ। ਸਾਨੂੰ ਸਗੋਂ ਇਹਨਾਂ ਨਾ਼ਲ ਜੁੜੇ ਮਸਲਿਆਂ ਨੂੰ ਹੱਲ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਜਦ ਵੀ ਚੋਣਾਂ ਆਉਂਦੀਆਂ ਹਨ, ਅਸੀਂ ਲੋਕਾਂ ਨੂੰ ਜਗਾਉਣ ਲਈ ਅੱਗੇ ਆਉਂਦੇ ਹਾਂ, ਪਿਛਲੀਆਂ ਚੋਣਾਂ ਵਿੱਚ ਵੀ ਜਦ ਰਾਜਸੀ ਲੋਕ ਵੋਟਾਂ ਮੰਗ ਰਹੇ ਸਨ, ਅਸੀਂ ਕਾਲੇ ਸੰਘਿਆਂ ਤੋਂ ਲੈ ਕੇ ਰਾਜਸਥਾਨ ਤੱਕ ਲੋਕਾਂ ਨੂੰ ਜਗਾ ਰਹੇ ਸੀ ਕਿ ਜਿੱਥੇ ਤੁਸੀਂ ਰਾਜਸੀ ਲੋਕਾਂ ਕੋਲ ਸੜਕਾਂ ਦਾ ਮੁੱਦਾ ਉਠਾਉਂਦੇ ਹੋ, ਉੱਥੇ ਪਾਣੀਆਂ ਦਾ ਪ੍ਰਦੂਸ਼ਣ ਰੋਕਣ ਦਾ ਮਸਲਾ ਵੀ ਉਠਾਓ, ਇਸ ਮੁੱਦੇ ਨੂੰ ਵੀ ਲੋਕ ਕਚਹਿਰੀ ਵਿੱਚ ਉਭਾਰੋ।

**? ਜਾਂਦੇ-ਜਾਂਦੇ ਸੰਗਤ ਲਈ ਕੋਈ ਸੰਦੇਸ਼।**

– ਅਸੀਂ ਤਾਂ ਇਹੋ ਕਹਿਣਾ ਚਾਹੁੰਦੇ ਹਾਂ ਕਿ ਵਾਤਾਵਰਣ ਦੀ ਸੰਭਾਲ ਸਾਡੇ ਸਭ ਲਈ ਬਹੁਤ ਜ਼ਰੂਰੀ ਹੈ। ਅਸੀਂ ਸਾਰੇ ਰਲ਼-ਮਿਲ਼ ਕੇ ਯਤਨ ਕਰੀਏ। ਜਦੋਂ ਵੀ ਕੋਈ ਜਨਮ ਦਿਨ ਮਨਾਈਏ, ਉਸ ਦਿਨ ਕੋਈ ਬੂਟਾ ਲਾਈਏ। ਵਿਆਹ ਸ਼ਾਦੀ ਦੀ ਵਰ੍ਹੇਗੰਢ ਮਨਾਈਏ ਤਾਂ ਵੀ ਬੂਟਾ ਲਾਈਏ। ਗੱਲ ਕੀ, ਹਰ ਖ਼ੁਸ਼ੀ ਦਾ ਇਜ਼ਹਾਰ ਬੂਟਾ ਲਾ ਕੇ ਕਰੀਏ। ਮਾੜੀਆਂ ਪਿਰਤਾਂ, ਸਮਾਜਕ ਬੁਰਾਈਆਂ ਆਦਿ 'ਤੇ ਪੈਸਾ ਬਰਬਾਦ ਕਰਨ ਦੀ ਥਾਂ ਚੰਗੇ ਕੰਮ ਕਰੀਏ, ਚੰਗੇ ਸਮਾਜ ਦੀ ਸਿਰਜਣਾ ਕਰੀਏ, ਵਿਦਿਆ ਦਾ ਚਾਨਣ ਫੈਲਾਈਏ, ਵਾਤਾਵਰਣ ਦੀ ਸੰਭਾਲ ਕਰੀਏ ਧਨ ਤੇ ਕੀਮਤੀ ਸਮਾਂ ਇਹਨਾਂ 'ਤੇ ਖ਼ਰਚ ਕਰੀਏ। ਸੋ ਭਾਈ, ਸਾਡਾ ਤਾਂ ਸੰਗਤ ਲਈ ਇਹੋ ਸੰਦੇਸ਼ ਹੈ।

ਸਿਆਣੇ ਕਹਿੰਦੇ ਹਨ, ਗੱਲ ਹੈ ਤਾਂ ਹੱਲ ਹੈ। ਗੱਲ ਸ਼ੁਰੂ ਤਾਂ ਹੋਈ। ਇਹ ਪ੍ਰਦੂਸ਼ਣ ਇਕ ਦਿਨ ਵਿੱਚ ਸ਼ੁਰੂ ਨਹੀਂ ਹੋਇਆ ਤੇ ਕੋਈ ਚਾਬੀ ਮਰੋੜਣ ਜਾਂ ਚੁਟਕੀ ਮਾਰਨ ਨਾ਼ਲ ਹੱਲ ਨਹੀਂ ਹੋ ਜਾਣਾ। ਇਹ ਇਕ ਚੰਗੀ ਸ਼ੁਰੂਆਤ ਹੋਈ ਹੈ। ਲੋਕਾਂ ਵਿੱਚ ਜਾਗਰੂਕਤਾ ਆਈ ਅਤੇ ਸਰਕਾਰਾਂ ਉੱਪਰ ਵੀ ਇਕ ਦਬਾਅ ਬਣਿਆ ਹੈ। ਉਹਨਾਂ ਲੋਕਾਂ ਨੂੰ ਵੀ ਚਿੰਤਾ ਹੋਈ ਹੈ ਕਿ ਜਿਸ ਤਰ੍ਹਾਂ ਦਾ ਅੰਦੋਲਨ ਚੱਲ ਰਿਹਾ ਹੈ, ਅਸੀਂ ਇਹ ਪ੍ਰਦੂਸ਼ਣ ਜ਼ਿਆਦਾ ਦੇਰ ਜਾਰੀ ਨਹੀਂ ਰੱਖ ਸਕਦੇ। ਸੋ, ਲੋੜ ਹੈ ਕਿ ਇਹੋ ਜਿਹੀਆਂ ਮੀਟਿੰਗਾਂ 'ਤੇ ਕਾਨਫਰੰਸਾਂ ਜ਼ਿਆਦਾ ਹੋਣ।







# ਹਿੰਸਾ ਦੇ ਦੌਰ ਵਿਚ ਪ੍ਰੇਮ ਦਾ ਅਸਰ




## ਜੈ ਪ੍ਰਕਾਸ਼ ਚੌਕਸੇ

ਇਹ ਆਮ ਵਹਿਮ ਹੈ ਕਿ ਪ੍ਰੇਮਮਈ ਭਾਰਤ ਵਿਚ ਪ੍ਰੇਮ ਕਹਾਣੀਆਂ 'ਤੇ ਜ਼ਿਆਦਾ ਅਤੇ ਸਫਲ ਫਿਲਮਾਂ ਬਣੀਆਂ ਹਨ। ਸੱਚ ਇਹ ਹੈ ਕਿ ਹਿੰਸਕ ਫਿਲਮਾਂ ਦੀ ਸੰਖਿਆ ਵੀ ਜ਼ਿਆਦਾ ਹੈ ਅਤੇ ਸਫਲਤਾ ਦਾ ਪ੍ਰਤੀਸ਼ਤ ਵੀ ਵੱਧ ਹੈ। ਪ੍ਰੇਮ ਤੋਂ ਤਾਕਤਵਰ ਰਹੀ ਹੈ ਬਦਲੇ ਦੀ ਭਾਵਨਾ ਅਤੇ ਵਿਵਸਥਾ ਦੇ ਖਿਲਾਫ ਗੁੱਸਾ। ਇਸ ਤਰ੍ਹਾਂ ਦੀਆਂ ਤਮਾਮ ਮਾਰਧਾੜ ਵਾਲੀਆਂ ਫਿਲਮਾਂ ਨੂੰ ਹਿੰਸਾ ਦੀਆਂ ਫਿਲਮਾਂ ਹੀ ਕਿਹਾ ਜਾ ਸਕਦਾ ਹੈ। ਆਮਿਰ ਦੀ ਅਦਾਕਾਰੀ ਵਾਲੀ 'ਗਜ਼ਨੀ' ਵਿਚ ਪ੍ਰੇਮ ਦ੍ਰਿਸ਼ ਸਨ ਪਰ ਫਿਰ ਵੀ ਇਹ ਹਿੰਸਕ ਫਿਲਮ ਹੀ ਕਹੀ ਜਾਏਗੀ। ਹਿੰਸਕ ਫਿਲਮਾਂ ਦੀ ਬਹੁਤਾਤ ਦੇ ਦੋ ਸਿਨੇਮਾਈ ਕਾਰਨ ਹਨ। ਹਿੰਸਕ ਫਿਲਮ ਵਿਚ ਫਿਲਮਕਾਰ ਨੂੰ ਐਕਸ਼ਨ ਮਾਸਟਰ ਅਤੇ ਕੰਪਿਊਟਰਜਨਕ ਦ੍ਰਿਸ਼ਾਂ ਨੂੰ ਰਚਣ ਵਾਲੇ ਕਈ ਮਾਹਰਾਂ ਦਾ ਸਹਿਯੋਗ ਮਿਲਦਾ ਹੈ ਜਦਕਿ ਪ੍ਰੇਮ ਕਹਾਣੀ ਰਚਣ ਲਈ ਫਿਲਮਕਾਰ ਕੋਲ ਆਪਣੀ ਮੌਲਿਕਤਾ ਹੋਣੀ ਚਾਹੀਦੀ ਹੈ। ਕਿਉਂਕਿ ਪ੍ਰੇਮ ਫਿਲਮ ਇਕ ਖੇਡ ਹੈ ਅਤੇ ਹਿੰਸਕ ਫਿਲਮ ਟੀਮ ਵਲੋਂ ਖੇਡੀ ਗਈ ਖੇਡ ਹੈ। ਦੂਸਰਾ ਸਿਨੇਮਾਈ ਕਾਰਨ ਹੈ ਕਿ ਹਰ ਵਰਗ ਦਾ ਸਿਖਿਅਤ ਜਾਂ ਅਸਿਖਿਅਤ ਦਰਸ਼ਕ ਹਿੰਸਕ ਫਿਲਮ ਦੇ ਮਜ਼ੇ ਲੈਂਦਾ ਹੈ। ਹਿੰਸਕ ਫਿਲਮਾਂ ਦੀ ਬਹੁਤਾਤ ਦੇ ਗੈਰ ਸਿਨੇਮਾਈ ਕਾਰਨ ਵੀ ਹਨ। ਅਨਿਆਂ ਅਧਾਰਤ ਸਮਾਜ ਵਿਚ ਸਿਨੇਮਾ ਨਾਇਕ ਵਲੋਂ ਗੁੰਡਿਆਂ ਦੀ ਮਾਰ ਕੁੱਟ ਵਾਲੇ ਦ੍ਰਿਸ਼ਾਂ ਨਾਲ ਦਰਸ਼ਕ ਨੂੰ ਰਾਹਤ ਮਿਲਦੀ ਹੈ ਕਿ ਇਹ ਬੰਦਾ ਮੇਰਾ ਕੰਮ ਕਰ ਰਿਹਾ ਹੈ। ਸਾਡੀ ਅਵਤਾਰਵਾਦੀ ਸੋਚ ਨੇ ਸਾਡੇ ਅਵਚੇਤਨ ਵਿਚ ਇਹ ਗੱਲ ਬੈਠਾ ਦਿੱਤੀ ਹੈ ਕਿ ਮਨੁੱਖ ਦੇ ਦੁਖ ਨਿਵਾਰਨ ਲਈ ਪ੍ਰਮਾਤਮਾ ਅਵਤਾਰ ਲਏਗਾ ਜਦਕਿ ਧਰਮ ਸ਼ਾਸਤਰ ਕਹਿੰਦੇ ਹਨ ਕਿ ਪ੍ਰਮਾਤਮਾ ਅਵਤਾਰ ਲਏਗਾ ਸਿਰਫ ਪ੍ਰੇਰਨਾ ਦੇਣ ਲਈ-ਮਨੁੱਖ ਨੇ ਖੁਦ ਆਪਣਾ ਯੁੱਧ ਲੜਨਾ ਹੈ। ਕ੍ਰਿਸ਼ਨ ਸਾਰਥੀ ਸਨ ਅਤੇ ਯੁੱਧ ਅਰਜੁਨ ਨੇ ਲੜਿਆ ਸੀ। ਅਸੀਂ ਉਸ ਸ਼ਲੋਕ ਦੀਆਂ ਬਾਅਦ ਵਾਲੀਆਂ ਸਤਰਾਂ ਨੂੰ ਅਣਦੇਖਿਆ ਕਰਦੇ ਹਾਂ। ਅਸੀਂ ਹਮੇਸ਼ਾ ਚਾਹੁੰਦੇ ਹਾਂ ਕਿ ਕੋਈ ਹੋਰ ਸਾਡੇ ਲਈ ਸੋਚੇ, ਲੜੇ ਅਤੇ ਲੋੜ ਪੈਣ 'ਤੇ ਮਰ ਵੀ ਜਾਏ।



ਇਹ ਕੋਈ ਗੁਣੀ ਸਮਾਜਸ਼ਾਸਤਰੀ ਹੀ ਅਧਿਐਨ ਕਰਕੇ ਦੱਸ ਸਕਦਾ ਹੈ ਕਿ ਕੀ ਹਿੰਸਕ ਫਿਲਮਾਂ ਨੂੰ ਪਸੰਦ ਕਰਨ ਵਾਲਾ ਦਰਸ਼ਕ ਹੀ ਉਹ ਵੋਟਰ ਵੀ ਹੈ ਜੋ ਮਿਲੀ-ਜੁਲੀ ਸਰਕਾਰ ਨੂੰ ਚੁਣਦਾ ਹੈ ਜੋ ਸੱਤਾ ਵਿਚ ਬਣਿਆ ਰਹਿਣ ਲਈ ਆਪਣੇ ਸਮਰਥਕਾਂ ਨੂੰ ਖੁਸ਼ ਕਰਦੇ ਹੋਏ ਦੇਸ਼ ਵਿਚ ਸਾਰੇ ਪਾਸੇ ਫੈਲੀ ਹਿੰਸਾ ਖਿਲਾਫ ਠੋਸ ਕਦਮ ਨਹੀਂ ਚੁੱਕਦੀ? ਬਾਹਰੀ ਅਤਿਵਾਦੀਆਂ ਨਾਲੋਂ ਜ਼ਿਆਦਾ ਖਤਰਾ ਅੰਦਰੂਨੀ ਹਿੰਸਕਾਂ ਤੋਂ ਹੈ ਅਤੇ ਸੰਕੇਤ ਸਪਸ਼ਟ ਹੈ ਕਿ ਦੇਸ਼ ਨੂੰ ਵੰਡਣ ਦੀ ਪ੍ਰਕਿਰਿਆ ਤੇਜ਼ ਹੋ ਰਹੀ ਹੈ। ਇਸ ਨੂੰ ਅਸੀਂ ਉਲਟਾ ਕਰਕੇ ਵੀ ਦੇਖ ਸਕਦੇ ਹਾਂ ਕਿ ਇਹੀ ਵੋਟਰ ਹਿੰਸਕ ਫਿਲਮਾਂ ਦੇਖਦਾ ਹੈ।

ਇਸ ਤਰ੍ਹਾਂ ਦੇ ਅਧਿਐਨ ਵਿਚ ਸਰਲੀਕਰਨ ਦੇ ਭਿਆਨਕ ਰਸਤੇ ਤੋਂ ਬਚਣਾ ਜ਼ਰੂਰੀ ਹੈ। ਭਾਵ ਘਰ ਦੇ ਅੰਦਰ ਆਦਮੀ ਪ੍ਰੇਮ 'ਚ ਹੁੰਦਾ ਹੈ, ਆਪਣੇ ਬੱਚਿਆਂ ਨਾਲ ਪਿਆਰ ਕਰਦਾ ਹੈ ਅਤੇ ਇਹੀ ਆਦਮੀ ਮਾਰਧਾੜ ਵਾਲੀਆਂ ਫਿਲਮਾਂ ਵਿਚ ਤਾੜੀਆਂ ਮਾਰਦਾ ਹੈ। ਇਹੀ ਆਦਮੀ ਸੜਕ 'ਤੇ ਭੀੜ ਵਿਚ ਸ਼ਾਮਲ ਹੋ ਕੇ ਹਿੰਸਕ ਹੋ ਜਾਂਦਾ ਹੈ ਅਤੇ ਇਹੀ ਆਦਮੀ ਸੰਸਦ ਮੈਂਬਰ ਹੋ ਕੇ ਅੰਨ੍ਹਾ, ਬੋਲਾ ਤੇ ਗੂੰਗਾ ਹੋ ਜਾਂਦਾ ਹੈ। ਹਰ ਆਦਮੀ ਦੇ ਚਿਹਰੇ ਦੇ ਪਿੱਛੇ ਕਈ ਚਿਹਰੇ ਲੁਕੇ ਹੁੰਦੇ ਹਨ। ਇਹ ਪਰਤ ਦਰ ਪਰਤ ਹੀ ਉਜਾਗਰ ਹੁੰਦਾ ਹੈ। ਸਾਨੂੰ ਭੀੜ ਪਸੰਦ ਹੈ ਕਿਉਂਕਿ ਭੀੜ ਸੁਰੱਖਿਆ ਦਾ ਭਰਮ ਪਾਲਦੀ ਹੈ। ਸ਼ਾਇਦ ਅਸੀਂ ਤਨਹਾਈ ਤੋਂ ਘਬਰਾਉਂਦੇ ਹਾਂ। ਇਕੱਲੇਪਨ ਵਿਚ ਵਿਚਾਰ ਆਉਂਦੇ ਹਨ ਅਤੇ ਅਸੀਂ ਵਿਚਾਰਾਂ ਤੋਂ ਡਰਦੇ ਹਾਂ। ਸਾਡੀਆਂ ਵਿਵਸਥਾਵਾਂ ਹਮੇਸ਼ਾ ਸੁਤੰਤਰ ਵਿਚਾਰਾਂ ਦੇ ਖਿਲਾਫ ਰਹੀਆਂ ਹਨ। ਵਿਚਾਰ ਨੂੰ ਗਰਮੀ ਲੱਗਦੀ ਹੈ, ਜਿਵੇਂ ਸ੍ਰੇਸ਼ਠ ਕੋਨੀਏ (ਬ੍ਰਾਂਡੀ) ਦੇ ਗਿਲਾਸ ਨੂੰ ਹੱਥਾਂ ਦੀ ਗਰਮੀ ਦੇਣੀ ਹੁੰਦੀ ਹੈ। ਇਨ੍ਹਾਂ ਕਾਰਨਾਂ ਕਾਰਨ ਸਾਨੂੰ ਭੀੜ ਦਾ ਹਿੱਸਾ ਹੋਣਾ ਚੰਗਾ ਲਗਦਾ ਹੈ, ਤਾਂ ਕਿ ਪੱਥਰ ਸੁੱਟਣ ਦਾ ਜੁਆਬ ਸਮੂਹਕ ਹੋ ਜਾਵੇ। ਇਥੋਂ ਹੀ ਭੇੜੀਆ ਪੈਦਾ ਹੋਣਾ ਸ਼ੁਰੂ ਹੁੰਦਾ ਹੈ ਅਤੇ ਵੋਟ ਬੈਂਕ ਦਾ ਹਊਆ ਖੜਾ ਹੁੰਦਾ ਹੈ। ਪ੍ਰੇਮ ਦੀ ਕਮੀ ਵਿਚ ਹਿੰਸਾ ਦਾ ਜਨਮ ਹੁੰਦਾ ਹੈ ਅਤੇ ਸਾਡੀਆਂ ਤਮਾਮ ਵਿਵਸਥਾਵਾਂ ਪ੍ਰੇਮ 'ਤੇ ਪਾਬੰਦੀਆਂ ਲਾਉਣ ਲਈ ਬਣੀਆਂ ਹਨ, ਕਿਉਂਕਿ ਮਨੁੱਖ ਦਾ ਵਿਚਾਰਹੀਣ, ਪ੍ਰੇਮਵਿਹੁਣਾ ਹੋ ਕੇ ਹਿੰਸਕ ਹੋਣ ਨਾਲ ਉਨ੍ਹਾਂ ਦੀ ਸੱਤਾ ਵਧਦੀ ਹੈ। ਬਾਹਾਂ ਵਿਚ ਨਾ ਲੈ ਸਕਣ ਕਾਰਨ ਹੀ ਹਿੰਸਕ ਮੁੱਠੀਆਂ ਲਹਿਰਾਉਂਦੀਆਂ ਹਨ। ਇਸਤਰੀਆਂ ਉਪਰ ਹੱਥ ਕਾਇਰ ਲੋਕ ਇਸ ਲਈ ਚੁੱਕਦੇ ਹਨ ਕਿਉਂਕਿ ਉਨ੍ਹਾਂ ਵਿਚ ਪ੍ਰੇਮ ਦਾ ਮਾਦਾ ਹੀ ਨਹੀਂ ਹੁੰਦਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਪ੍ਰੇਮ ਫਿਲਮਾਂ ਘੱਟ ਬਣਦੀਆਂ ਹਨ। ਪ੍ਰੇਮ ਫਿਲਮਾਂ ਦੀ ਕਮੀ ਸਾਰੇ ਪਾਸੇ ਫੈਲੀ ਹਿੰਸਾ ਦਾ ਹੀ ਨਤੀਜਾ ਹੈ। ਓਪਰੀ ਪ੍ਰੇਮ ਕਥਾ ਚਿੰਗਮ ਵਾਂਗ ਹੈ ਅਤੇ ਅਸਲ ਮਾਲ ਦੀ ਕਮੀ ਵਿਚ ਖੋਟੇ ਸਿੱਕੇ ਵੀ ਚੱਲ ਜਾਂਦੇ ਹਨ।

## ਫਿਲਮ ਸਮੀਖਿਆ

# ਪ੍ਰਕਾਸ਼ ਝਾਅ ਦੀ ਗੁੰਮਰਾਹਕੁੰਨ ਰਾਜਨੀਤੀ

ਪ੍ਰਕਾਸ਼ ਝਾਅ ਰਾਜਸੀ ਖੇਤਰ 'ਚੋਂ ਮਾਰਧਾੜ ਤੇ ਹਿੰਸਾ ਨਾਲ਼ ਭਰਪੂਰ ਕਥਾਨਕ ਘੜਕੇ ਫ਼ਿਲਮ ਨਿਰਮਾਣ ਕਰਨ ਲਈ ਚਰਚਾ 'ਚ ਹੈ। ਇਸੇ ਸਿਲਸਿਲੇ 'ਚ ਬਣੀ ਉਸਦੀ ਫ਼ਿਲਮ ਗੰਗਾਜਲ ਨੂੰ ਭਾਰੀ ਵਪਾਰਕ ਸਫ਼ਲਤਾ ਹਾਸਲ ਹੋਈ ਸੀ। ਇਸ ਸਫ਼ਲਤਾ ਦਾ ਰਾਜ ਅਪਰਾਧਿਕ ਰਾਜਨੀਤੀ ਦੀ ਪੇਸ਼ਕਾਰੀ ਤੋਂ ਇਲਾਵਾ ਫ਼ਿਲਮ ਦੇ ਪਾਤਰਾਂ ਦਾ ਚਰਚਿਤ ਰਾਜਸੀ ਹਸਤੀਆਂ ਨਾਲ਼ ਮੇਲ ਖਾਣਾ ਸੀ। ਅਰਥਾਤ ਫ਼ਿਲਮ ਰਾਜਸੀ ਘਟਨਾਵਲੀ ਤੇ ਚਰਚਿਤ/ਬਦਨਾਮ ਰਾਜਸੀ ਹਸਤੀਆਂ ਦੇ ਫਾਰਮੂਲੇ 'ਤੇ ਆਧਾਰਤ ਸੀ। ਇਹ ਫਾਰਮੂਲਾ ਪ੍ਰਕਾਸ਼ ਝਾਅ ਨੂੰ ਕਾਫ਼ੀ ਰਾਸ ਆ ਗਿਆ ਪ੍ਰਤੀਤ ਹੁੰਦਾ ਹੈ। ਇਸ ਕਰਕੇ ਉਸਨੇ ਅਪਣੀ ਇਨ੍ਹੀਂ ਦਿਨੀਂ ਜੋ ਫ਼ਿਲਮ ਰਿਲੀਜ਼ ਕੀਤੀ ਹੈ, ਉਸਦਾ ਨਾਮ ਹੀ 'ਰਾਜਨੀਤੀ' ਹੈ ਤੇ ਇਸ ਵਿਚ ਪਾਤਰ ਵੀ ਉਸੇ ਤਰ੍ਹਾਂ ਫਾਰਮੂਲੇ 'ਤੇ ਅਧਾਰਤ ਪੇਸ਼ ਕੀਤੇ ਹਨ ਕਿ ਉਹਨਾਂ ਨੂੰ ਰਾਜਸੀ ਖੇਤਰ ਦੀਆਂ ਕੁਝ ਚਰਚਿਤ ਹਸਤੀਆਂ ਨਾਲ਼ ਮੇਲ ਕੇ ਦੇਖਿਆ ਜਾਵੇ। ਫ਼ਿਲਮ ਦੇ ਰਿਲੀਜ਼ ਮੌਕੇ ਇਹ ਪ੍ਰਚਾਰ ਵੀ ਜੰਮ ਕੇ ਕਰਵਾਇਆ ਗਿਆ ਕਿ ਫ਼ਿਲਮ ਨਹਿਰੂ-ਗਾਂਧੀ ਪਰਿਵਾਰ ਦੀਆਂ ਸਖ਼ਸ਼ੀਅਤਾਂ 'ਤੇ ਕੇਂਦਰਿਤ ਹੈ ਤੇ ਇਸ ਸਬੰਧੀ ਕੁਝ ਵਿਵਾਦ ਦੀ ਸਰਵਜਨਕ ਹੋਏ। ਦਰਸ਼ਕਾਂ ਨੇ ਵੀ ਇਸ ਪ੍ਰਚਾਰ 'ਤੇ ਵਿਵਾਦ ਦਾ ਫੌਰੀ ਪ੍ਰਭਾਵ ਇਹੋ ਲਿਆ ਕਿ ਇਹ ਫ਼ਿਲਮ ਸ਼ਾਇਦ ਸੋਨੀਆ ਗਾਂਧੀ ਦੇ ਜੀਵਨ 'ਤੇ ਅਧਾਰਤ ਹੋਵੇਗੀ ਪਰੰਤੂ ਫ਼ਿਲਮ ਵਿੱਚ ਅਜਿਹਾ ਕੁਝ ਵੀ ਨਹੀਂ ਹੈ, ਕੇਵਲ ਇਕ ਅੱਧ ਦ੍ਰਿਸ਼ ਵਿੱਚ ਕੈਟਰੀਨਾ ਕੈਫ਼ ਸਾੜ੍ਹੀ ਵਿੱਚ ਕੁਝ-ਕੁਝ ਸੋਨੀਆ ਗਾਂਧੀ ਦਾ ਝਾਉਲਾ ਪਾਉਂਦੀ । ਇਉਂ 'ਰਾਜਨੀਤੀ' ਰਿਲੀਜ਼ ਹੀ ਗੁੰਮਰਾਹਕੁੰਨ ਪ੍ਰਚਾਰ ਰਾਹੀਂ ਉਸਾਰੇ ਗਏ ਮਾਹੌਲ ਵਿੱਚ ਹੋਈ। ਨੇਤਾਵਾਂ ਦੇ ਨਿੱਜੀ ਜੀਵਨ 'ਚ ਝਾਤੀ ਮਾਰਨ ਦੀ ਲੋਕਾਂ 'ਚ ਸੁਭਾਵਿਕ ਪ੍ਰਵਿਰਤੀ ਹੁੰਦੀ ਹੈ। ਇਸ ਪ੍ਰਵਿਰਤੀ ਦਾ ਲਾਭ ਸ਼੍ਰੀਮਤੀ ਇੰਦਰਾ ਗਾਂਧੀ ਦੇ ਜੀਵਨ ਨਾਲ਼ ਮੇਲ ਖਾਂਦੀ ਫ਼ਿਲਮ 'ਆਂਧੀ' ਨੂੰ ਵੀ ਮਿਲਿਆ ਸੀ ਤੇ ਅਜਿਹਾ ਲਾਭ 'ਰਾਜਨੀਤੀ' ਲਈ ਵੀ ਪ੍ਰਚਾਰ ਸਾਧਨਾਂ ਦੁਆਰਾ ਲਿਆ ਗਿਆ, ਪਰੰਤੂ ਜਿੱਥੇ 'ਆਂਧੀ' ਫ਼ਿਲਮ ਸੱਚਮੁੱਚ ਹੀ ਇਕ ਸਿਆਸੀ ਸਖ਼ਸ਼ੀਅਤ ਦੀਆਂ ਅੰਦਰਲੀਆਂ ਪਰਤਾਂ ਨੂੰ ਖ਼ੂਬਸੂਰਤੀ ਨਾਲ਼ ਫਰੋਲਦੀ ਸੀ ਉੱਥੇ 'ਰਾਜਨੀਤੀ' ਇਸ ਪੱਖੋਂ ਹਰ ਵਰਗ ਦੇ ਦਰਸ਼ਕਾਂ ਨੂੰ ਨਿਰਾਸ਼ ਕਰਦੀ ਹੈ।




'ਰਾਜਨੀਤੀ' ਫ਼ਿਲਮ ਦਾ ਸਭ ਤੋਂ ਵੱਡਾ ਮਸਲਾ ਇਸ ਵਿੱਚੋਂ ਰਾਜਨੀਤੀ ਦੀ ਤਲਾਸ਼ ਕਰਨਾ ਹੈ। ਜੋ ਕੁਝ ਇਸ ਫ਼ਿਲਮ ਵਿੱਚ ਵਿਖਾਇਆ ਗਿਆ ਹੈ, ਉਹ ਕਿਸੇ ਗ਼ੈਰ ਰਾਜਸੀ ਫ਼ਿਲਮ ਵਿੱਚ ਵੀ ਹੋ ਸਕਦਾ ਹੈ ਜਿਵੇਂ ਕਿ 'ਹਿੰਸਾ, ਸਾਜ਼ਿਸ਼, ਮਾਰਧਾੜ, ਰੁਮਾਂਸ ਆਦਿ, ਪਰ ਇਹਨਾਂ ਸਭ ਤੋਂ ਇਲਾਵਾ ਇਸ ਫ਼ਿਲਮ ਵਿੱਚ 'ਰਾਜਨੀਤੀ' ਹੋਣੀ ਚਾਹੀਦੀ ਸੀ। ਪ੍ਰਕਾਸ਼ ਝਾਅ ਦੀ ਰਾਜਨੀਤਿਕ ਸਮਝ ਸ਼ਾਇਦ ਇਹ ਹੈ ਕਿ ਕੁੱਝ ਚੋਣਾਂ ਲੜਨ ਵਾਲੀਆਂ ਪਾਰਟੀਆਂ ਤੱਕ ਹੀ ਰਾਜਨੀਤੀ ਸੀਮਤ ਹੁੰਦੀ ਹੈ ਤੇ ਇਹਨਾਂ ਪਾਰਟੀਆਂ 'ਚ ਸ਼ਾਮਲ ਲੋਕ ਹੀ ਰਾਜਨੀਤੀ ਦੇ ਅਸਲ ਸੂਤਰਧਾਰ ਹਨ ਤੇ ਪਾਰਟੀਆਂ ਦੇ ਅੰਦਰ ਤੇ ਵੱਖ-ਵੱਖ ਪਾਰਟੀਆਂ ਦੇ ਦਰਮਿਆਨ ਜੋ ਵਾਪਰਦਾ ਨਜ਼ਰ ਆਉਂਦਾ ਕੇਵਲ ਉਹੀ ਰਾਜਨੀਤੀ ਹੈ। ਦਰਅਸਲ, ਇਸ ਸਭ ਕੁਝ ਰਾਜਨੀਤੀ ਦਾ ਇਕ ਮਾਮੂਲੀ ਹਿੱਸਾ, ਦਿਖਾਵਾ ਜਾਂ ਛਲਾਵਾ ਮਾਤਰ ਹੈ। ਰਾਜਨੀਤੀ ਜੋ ਸਦਾ ਵਰਗ ਹਿੱਤਾਂ 'ਤੇ ਆਧਾਰਤ ਹੁੰਦੀ ਹੈ, ਇਕ ਅਤਿਅੰਤ ਜਟਿਲ ਵਰਤਾਰਾ ਹੈ। ਅਜੋਕੀ ਰਾਜਨੀਤੀ ਦਾ ਸੰਚਾਲਨ ਤਾਂ ਕਰ ਹੀ ਕਾਰਪੋਰੇਟ ਸੈਕਟਰ ਰਿਹਾ ਹੈ। ਪਾਰਟੀਆਂ ਨੂੰ, ਸਖ਼ਸ਼ੀਅਤਾਂ ਨੂੰ ਤੇ ਰਾਜਸੀ ਘਟਨਾਵਾਂ ਨੂੰ ਇਸਦੇ ਆਰਥਕ ਪਰਿਪੇਖ਼ ਨਾਲ਼ ਸਬੰਧਤ ਕਰਕੇ ਹੀ 'ਰਾਜਨੀਤੀ' ਦੀ ਸਹੀ ਸਮਝ ਬਣ ਸਕਦੀ ਹੈ, ਜਦ ਕਿ ਰਾਜਨੀਤੀ ਫ਼ਿਲਮ ਵਿੱਚੋਂ ਸਾਨੂੰ ਅਜਿਹਾ ਕੋਈ ਸਰੋਕਾਰ ਨਜ਼ਰ ਨਹੀਂ ਆਉਂਦਾ,ਜਿਸ ਰਾਹੀਂ ਫ਼ਿਲਮ ਦੀ ਘਟਨਾਵਲੀ ਨੂੰ ਸਮਾਜਕ ਵਿਵਸਥਾ ਨਾਲ਼ ਜੋੜਿਆ ਜਾ ਸਕੇ। ਜਿਹੜੇ ਰਾਜਸੀ ਕਿਰਦਾਰ ਫ਼ਿਲਮ 'ਚ ਬੜੇ ਸ਼ਾਤਰ ਤੇ ਤਾਕਤਵਰ



ਦਿਖਾਈ ਦਿੰਦੇ ਹਨ, ਅਜੋਕੀ ਵਿਵਸਥਾ ਅੰਦਰਲੀਆਂ ਆਰਥਕ ਮਹਾਂਸ਼ਕਤੀਆਂ ਲਈ ਮਹਿਜ 'ਮੁਹਰੇ' ਮਾਤਰ ਹਨ। ਇਉਂ 'ਰਾਜਨੀਤੀ' ਰਾਜਸੀ ਘਟਨਾਵਲੀ ਤੇ ਰਾਜਸੀ ਸਖ਼ਸ਼ੀਅਤਾਂ ਨੂੰ ਸਹੀ ਪਰਿਪੇਖ਼ ਵਿੱਚ ਪ੍ਰਦਰਸ਼ਿਤ ਵੀ ਨਹੀਂ ਕਰਦੀ, ਸਹੀ ਪਰਿਪੇਖ਼ ਵਿੱਚ ਵਿਸ਼ਲੇਸ਼ਿਤ ਕਰਨਾ ਤਾਂ ਬਹੁਤ ਦੂਰ ਦੀ ਗੱਲ ਹੈ। ਉਂਝ ਜੇਕਰ ਰਾਜਨੀਤੀ ਦਾ ਉਦੇਸ਼ ਭੰਬਲਭੂਸਾ ਪੈਦਾ ਕਰਨਾ ਅਤੇ ਆਮ ਆਦਮੀ ਨੂੰ ਰਾਜਨੀਤੀ ਹਕੀਕਤ ਤੋਂ ਅਣਭਿੱਜ ਰੱਖਣਾ ਹੀ ਸਮਝਿਆ ਜਾਵੇ ਤਦ 'ਰਾਜਨੀਤੀ' ਫ਼ਿਲਮ ਅਪਣੀ ਰਾਜਨੀਤੀ ਖੇਡਣ ਵਿੱਚ ਸਫ਼ਲ ਕਹੀ ਜਾ ਸਕਦੀ ਹੈ।

'ਰਾਜਨੀਤੀ' ਫਾਸਟ ਟਰੈਕ ਫ਼ਿਲਮ ਹੈ, ਕਾਰਜ ਝਟਪਟ ਵਾਪਰਦਾ ਹੈ, ਵਾਰਤਾਲਾਪ ਲਈ ਫਿਲਮ ਅੰਦਰ ਸਪੇਸ ਬਹੁਤ ਥੋੜ੍ਹੀ ਹੈ। ਦ੍ਰਿਸ਼ਾਂ ਦਾ ਫ਼ਿਲਮਾਂਕਣ ਬੜਾ ਪ੍ਰਭਾਵਸ਼ਾਲੀ ਹੈ। ਨਾਨਾ ਪਾਟੇਕਰ ਤੋਂ ਨਿਰਦੇਸ਼ਕ ਨੇ ਉਸਦੇ ਰਵਾਇਤੀ ਬਿੰਬ ਤੋਂ ਜ਼ਰਾ ਹਟਵਾਂ ਕੰਮ ਲਿਆ ਹੈ। ਕੈਟਰੀਨਾ ਕੈਫ਼ ਦੇ ਗਲੈਮਰ ਬਿੰਬ ਨੂੰ ਬਰਕਰਾਰ ਰੱਖਿਆ ਗਿਆ ਹੈ। ਰਣਬੀਰ ਕਪੂਰ ਅਪਣੀ ਭੂਮਿਕਾ 'ਚ ਚੰਗਾ ਜਚਦਾ ਹੈ। ਅਰਜਨ ਰਾਮਪਾਲ ਦੀ ਅਦਾਕਾਰੀ ਵੀ ਔਸਤ ਨਾਲੋਂ ਨੀਵੀਂ ਨਹੀਂ ਹੈ। ਨਸੀਰੂਦੀਨ ਸ਼ਾਹ ਦੀ 'ਰਾਜਨੀਤੀ' ਵਿੱਚ ਮਹਿਜ਼ ਝਲਕ ਮਾਤਰ ਹੀ ਹੈ। ਕੁੱਲ ਮਿਲਾ ਕੇ ਇਹ ਫ਼ਿਲਮ ਗੁੰਮਰਾਹਕੁੰਨ ਰਾਜਨੀਤੀ ਦੀ ਹੀ ਮਿਸਾਲ ਪੇਸ਼ ਕਰਦੀ ਹੈ।

ਨ ਦ ਬ

# ਇਕ ਪੜ੍ਹਨਯੋਗ ਪੁਸਤਕ–ਕੈਨੇਡਾ ਦੇ ਗਦਰੀ ਯੋਧੇ

## ਗਿਆਨ ਸਿੰਘ ਬਿਲਗਾ

ਭਾਰਤ ਦੇ ਕੌਮੀ ਮੁਕਤੀ ਘੋਲ ਅਤੇ ਕਿਰਤੀ ਕਿਸਾਨਾਂ ਦੇ ਇਕ ਸਦੀ ਤੱਕ ਦੇ ਸੰਘਰਸ਼ਾਂ ਤੱਕ ਫੈਲੀ ਇਸ 423 ਸਫ਼ਿਆਂ ਦੀ ਕਿਤਾਬ ਦੀ ਚਰਚਾ ਦੇਸ-ਪਰਦੇਸ ਦੇ ਅਖ਼ਬਾਰਾਂ ਵਿਚ ਹੋ ਰਹੀ ਹੈ। ਇਸ ਕਿਤਾਬ ਦੀ ਘੁੰਢ ਚੁਕਾਈ ਪਿਛਲੇ ਦਿਨੀਂ ਦੇਸ ਪ੍ਰੇਮੀਆਂ, ਸਾਹਿਤਕਾਰਾਂ ਤੇ ਗ਼ਦਰੀ ਸੂਰਮਿਆਂ ਦੇ ਜੀਵਤ ਪਰਿਵਾਰਾਂ ਨਾਲ ਖਚਾਖਚ ਭਰੇ ਤਾਜ ਵੈਂਕਟ ਹਾਲ ਸਰੀ, ਕੈਨੇਡਾ ਵਿਚ ਕੀਤੀ ਗਈ ਸੀ।

13 ਅਪਰੈਲ 1943 ਨੂੰ ਜਨਮੇ ਸੋਹਣ ਸਿੰਘ ਪੂੰਨੀ ਦਾ ਪੰਜਾਬ ਵਿਚ ਪਿਛਲਾ ਪਿੰਡ ਜੀਦੇਵਾਲ (ਨਵਾਂ ਸ਼ਹਿਰ) ਹੈ। ਉਨ੍ਹਾਂ ਚਰਨ ਕੰਵਲ ਬੰਗਾ ਕਾਲਜ ਤੋਂ ਬੀ.ਏ. ਪਾਸ ਕਰਨ ਪਿਛੋਂ ਯੂਨੀਵਰਸਿਟੀ ਕੈਂਪਸ ਚੰਡੀਗੜ੍ਹ ਤੋਂ ਇਤਿਹਾਸ ਦੀ ਐਮ.ਏ. ਕਰਕੇ ਕ੍ਰਿਸਚੀਅਨ ਕਾਲਜ ਬਟਾਲਾ ਵਿਖੇ ਇਤਿਹਾਸ ਦੇ ਅਧਿਆਪਕ ਦੇ ਤੌਰ 'ਤੇ ਸੇਵਾ ਕੀਤੀ। 1972 ਤੋਂ ਪਰਵਾਸ ਕਰਕੇ ਕੈਨੇਡਾ ਆ ਟਿਕੇ ਹਨ।

ਇਸ ਪੁਸਤਕ ਵਿਚ ਕੈਨੇਡਾ ਤੋਂ ਪਰਤੇ ਉਚ ਆਦਰਸ਼ਾਂ ਨੂੰ ਪ੍ਰਣਾਏ ਹੋਏ ਚਾਲੀ ਗ਼ਦਰੀ ਸੂਰਮਿਆਂ ਦਾ ਜੀਵਨ ਬ੍ਰਿਤਾਂਤ ਹੈ ਜਿਨ੍ਹਾਂ ਦੇਸ਼ ਦੀ ਆਜ਼ਾਦੀ ਲਈ ਜੁਝਦਿਆਂ ਫਾਂਸੀ ਦੇ ਰੱਸੇ ਗਲ ਪਵਾ ਕੇ ਜਾਨਾਂ ਵਾਰ ਦਿੱਤੀਆਂ। ਕਾਲੇ ਪਾਣੀਆਂ ਦੇ ਕੁੰਭੀ ਨਰਕ ਭੋਗੇ, ਜਾਇਦਾਦਾਂ ਜ਼ਬਤ ਕਰਵਾਈਆਂ, ਸਾਲਾਂਬੱਧੀ ਜੇਲ੍ਹੀਂ ਡੱਕੇ ਰਹੇ ਅਤੇ ਆਪਣੇ ਪਿੰਡ ਦੀਆਂ ਜੂਹਾਂ ਵਿਚ ਬੰਦ ਰੱਖੇ ਗਏ ਅਤੇ ਉਨ੍ਹਾਂ ਦੇ ਪਰਿਵਾਰ ਨਰਕੀ ਜੀਵਨ ਭੋਗਣ ਲਈ ਬੇਬੱਸ ਹੋਏ। ਇਨ੍ਹਾਂ ਚਾਲੀਆਂ ਵਿਚ ਕਈ ਮਹਾਨ ਪੁਰਸ਼ਾਂ ਦੇ ਤਾਂ ਮੈਨੂੰ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ ਜਿਵੇਂ ਹਰੀ ਸਿੰਘ ਸੂੰਢ, ਸ. ਹਰਦਿੱਤ ਸਿੰਘ ਗਰੇਵਾਲ, ਚੈਂਚਲ ਸਿੰਘ ਜੰਡਿਆਲਾ, ਬਾਬਾ ਬਚਿੰਤ ਸਿੰਘ ਚੂੜਕਾ, ਬਾਬਾ ਭਾਗ ਸਿੰਘ ਕੈਨੇਡੀਅਨ, ਮੁਣਸ਼ਾ ਸਿੰਘ ਦੁਖੀ ਅਤੇ ਕਾਮਰੇਡ ਦਰਸ਼ਣ ਸਿੰਘ ਕੈਨੇਡੀਅਨ।

ਭਾਰਤੀ ਬੰਦਾ ਵੀਹਵੀਂ ਸਦੀ ਦੇ ਅਰੰਭਕ ਸਾਲਾਂ ਵਿੱਚ ਆਰਥਕ ਤੰਗੀਆਂ, ਭੁੱਖਮਰੀ, ਗਰੀਬੀ ਦੇ ਕਾਲ ਵਰਗੀ ਸਥਿੱਤੀ ਤੋਂ ਪ੍ਰੇਸ਼ਾਨ ਪੈਸਿਫਿਕ ਕੋਸਟ ਦੇ ਤੱਟੀ ਇਲਾਕਿਆਂ ਖ਼ਾਸ ਤੌਰ 'ਤੇ ਵੈਨਕੂਵਰ, ਸ਼ਿਆਟਲ, ਸਾਨ ਫਰਾਂਸਿਸਕੋ ਕੰਮ ਦੀ ਭਾਲ ਵਿੱਚ ਪਰਵਾਸ ਕਰਨ ਲਈ ਮਜ਼ਬੂਰ ਹੋਇਆ। ਕੈਨੇਡਾ ਕੇਵਲ ਗੋਰੀ ਨਸਲ ਲਈ, ਨਸਲੀ ਵਿਤਕਰੇ, ਕਾਲੇ ਗ਼ੁਲਾਮ ਦੇ ਤਾਹਨਿਆਂ ਦਾ ਸ਼ਿਕਾਰ ਮਾਨਸਕ ਕਸ਼ਟ ਝੱਲਦਿਆਂ ਪੰਜਾਬੀਆਂ ਨੇ ਗ਼ੁਲਾਮੀ ਨੂੰ ਸਭ ਰੋਗਾਂ ਦੀ ਮਾਂ ਸਮਝਦਿਆਂ ਦੇਸ਼ ਦੀ ਆਜ਼ਾਦੀ ਲਈ ਸੰਗਠਨਾਤਮਕ ਕੰਮ ਆਰੰਭ ਕਰ ਦਿੱਤਾ। ਪੋਰਟਲੈਂਡ ਤੇ ਆਸਟਰੀਆ ਦੀਆਂ ਅ੍ਰਰੰਭਕ ਮੀਟਿੰਗਾਂ ਪਿੱਛੇ ਸੇਂਟ ਜੌਹਨ ਦੀ ਇਨਕਲਾਬੀ ਕਾਨਫਰੰਸ ਵਿਚ ਠੋਸ ਜਮਹੂਰੀ ਆਧਾਰ ਵਾਲੀ ਲੜਾਕੂ ਜਥੇਬੰਦੀ ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ ਦੀ ਸਿਰਜਣਾ ਕੀਤੀ ਜਾ ਸਕੀ। ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਰੇਸ ਸਟਰੀਟ, ਕੈਨੇਡਾ ਅਤੇ ਖਾਲਸਾ ਦੀਵਾਨ ਸੁਸਾਇਟੀ, ਸਟਾਕਟਨ ਅਮਰੀਕਾ ਦੇ ਗੁਰਦੁਆਰੇ ਪੰਜਾਬੀਆਂ ਦੇ ਇਸ ਸੰਗਠਨ ਦੇ ਮੁਢਲੇ ਕੇਂਦਰ ਬਣੇ

ਵੈਨਕੂਵਰੋਂ ਸਮੁੰਦਰੋਂ ਪਾਰ ਸਾਥੀ<br>
ਲਪਟਾਂ ਦੇ ਰਿਹਾ ਜਿਹੜਾ ਬਾਗ ਸਾਡਾ<br>
ਉਹਨੂੰ ਸਿੰਜਿਆ ਆਪਣਾ ਖ਼ੂਨ ਦੇ ਕੇ<br>
ਜੀਹਨੇ ਸਮਝਿਆ ਦਿਲ ਦਾ ਭਾਗ ਸਾਡਾ

ਗ਼ਦਰ ਪਾਰਟੀ ਦੇ ਚੌਦਾਂ ਨੁਕਾਤੀ ਪ੍ਰੋਗਰਾਮ ਵਿਚ ਮੁੱਖ ਤੌਰ 'ਤੇ ਹਥਿਆਰਬੰਦ ਇਨਕਲਾਬ ਰਾਹੀਂ ਭਾਰਤ ਨੂੰ ਅੰਗਰੇਜ਼ੀ ਹਕੂਮਤ ਦੇ ਜੂਲੇ ਹੇਠੋਂ ਕੱਢਣਾ ਤੇ ਬਰਾਬਰੀ ਦੇ ਆਧਾਰ 'ਤੇ ਕੌਮੀ ਜਮਹੂਰੀ ਹਕੂਮਤ ਕਾਇਮ ਕਰਨਾ ਸੀ ਜਿਸਦਾ ਸਰੂਪ ਧਰਮ ਨਿਰਪੱਖ ਹੋਣਾ ਸੀ। ਭਾਰਤੀ ਭਾਸ਼ਾਵਾਂ ਵਿਚ ਗ਼ਦਰ ਅਖ਼ਬਾਰ ਕੱਢਣ ਦਾ ਫੈਸਲਾ ਹੋਇਆ। ਧਾਰਮਕ ਬਹਿਸਾਂ ਲਈ ਪਾਰਟੀ ਵਿਚ ਕੋਈ ਥਾਂ ਨਹੀਂ ਸੀ। ਧਰਮ ਹਰ ਇਕ ਦਾ ਨਿੱਜੀ ਮਾਮਲਾ ਸੀ। ਚੋਣ ਸਰਬਸੰਮਤੀ ਨਾਲ ਹੋਈ। ਬਾਬਾ ਸੋਹਣ ਸਿੰਘ ਭਕਨਾ ਪ੍ਰਧਾਨ ਤੇ ਲਾਲਾ ਹਰਦਿਆਲ ਜਨਰਲ ਸਕੱਤਰ ਸਨ। ਇਸ ਜਥੇਬੰਦੀ ਦਾ ਕੈਨੇਡਾ ਵੱਸਦੇ ਭਾਰਤੀਆਂ ਨਾਲ ਪੂਰਾ ਸੰਪਰਕ ਸੀ। ਪਹਿਲੀ ਸੰਸਾਰ ਜੰਗ ਦਾ ਫਾਇਦਾ ਉਠਾਉਣ ਲਈ ਆਜ਼ਾਦੀ ਦੀ ਜੰਗ ਦਾ ਐਲਾਨ ਕਰ ਦਿੱਤਾ ਗਿਆ। ਅਮਰੀਕਾ ਤੋਂ ਹੀ ਨਹੀਂ ਕੈਨੇਡਾ ਤੋਂ ਵੀ ਗ਼ਦਰੀਆਂ ਨੇ ਵਹੀਰਾਂ ਘੱਤ ਦਿੱਤੀਆਂ। ਕਾਮਾਗਾਟਾਮਾਰੂ ਘਟਨਾ ਨੇ ਵੀ ਪਰਵਾਸੀਆਂ ਦੇ ਰੋਹ ਨੂੰ ਪ੍ਰਚੰਡ ਕਰ ਦਿੱਤਾ ਸੀ। ਕਾਮਾਗਾਟਾਮਾਰੂ ਦੇ ਮੁਸਾਫਰਾਂ ਦੀ ਸਹਾਇਤਾ ਲਈ ਬਣੀ ਕਮੇਟੀ ਨੇ ਵੀ ਬੜਾ ਸਲਾਹੁਣਯੋਗ ਕੰਮ ਕੀਤਾ।

ਗ਼ਦਰ ਪਾਰਟੀ ਨੂੰ ਤਤਕਾਲੀਨ ਸਫਲਤਾ ਨਾ ਮਿਲ ਸਕੀ। ਗ਼ਦਰੀ ਆਪਣੀਆਂ ਸੰਗਠਨਾਤਮਕ ਕਮਜ਼ੋਰੀਆਂ ਤੋਂ ਵੀ ਜਾਣੂ ਸਨ ਜਿਸ ਦਾ ਇਸ ਕਿਤਾਬ ਵਿਚ ਵਰਨਣ ਕੀਤਾ ਗਿਆ ਹੈ ਪਰ ਇਸ ਲਹਿਰ ਨੂੰ ਦਬਾ ਦਿੱਤੇ ਜਾਣ ਤੋਂ ਬਾਅਦ ਇਸ ਦਾ ਵਿਦਰੋਹ ਆ ਰਹੀਆਂ ਕੌਮੀ ਮੁਕਤੀ ਘੋਲ ਦੀਆਂ ਲਹਿਰਾਂ ਵਿਚ ਦੇਖਣ ਨੂੰ ਮਿਲਿਆ ਜਿਵੇਂ ਜਿਨ੍ਹਾਂ ਚਾਲੀ ਸੂਰਬੀਰਾਂ ਦਾ ਜ਼ਿਕਰ ਇਸ ਪੁਸਤਕ ਵਿਚ ਕੀਤਾ ਗਿਆ ਹੈ, ਉਹ ਗੁਰਦੁਆਰਾ ਸੁਧਾਰ ਲਹਿਰ, ਅਕਾਲੀ ਲਹਿਰ, ਬੱਬਰ ਅਕਾਲੀ ਲਹਿਰ, ਕਾਂਗਰਸ, ਖਿਲਾਫਤ ਲਹਿਰ, ਕਿਰਤੀ ਕਿਸਾਨ ਲਹਿਰ ਤੇ ਕਮਿਊਨਿਸਟ ਲਹਿਰ ਵਿਚ ਅੱਗੇ ਹੋ ਕੇ ਕੁਰਬਾਨੀਆਂ ਕਰਦੇ ਰਹੇ। ਉਨ੍ਹਾਂ ਵਿਚੋਂ ਕਈ ਫਾਂਸੀਆਂ ਤੱਕ ਚੜ੍ਹ ਗਏ।

ਆਜ਼ਾਦੀ ਤੋਂ ਬਾਅਦ ਦੇਸ਼ ਦੀ ਵਾਗਡੋਰ ਕਾਂਗਰਸ ਦੇ ਹੱਥ ਆ ਗਈ। ਇਨ੍ਹਾਂ ਸੂਰਮਿਆਂ ਦੀਆਂ ਕੁਰਬਾਨੀਆਂ ਨੂੰ ਨਕਾਰ ਦਿੱਤਾ ਗਿਆ। ਇਤਿਹਾਸ ਦੇ ਸਫਿਆਂ ਤੋਂ ਮੇਟਣ ਦੇ ਯਤਨ ਅਰੰਭ ਕਰ ਦਿੱਤੇ ਜਿਸ ਦਾ ਪ੍ਰਗਟਾਵਾ ਬਾਬਾ ਸੋਹਣ ਸਿੰਘ ਭਕਨਾ ਨੇ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਵਲੋਂ ਸੱਦੀ ਦੇਸ਼ ਭਗਤਾਂ ਦੀ ਮੀਟਿੰਗ ਵਿਚ ਕਰਦਿਆਂ ਤੇ ਨਹਿਰੂ ਨੂੰ ਸੰਬੋਧਨ ਹੁੰਦਿਆਂ ਕਿਹਾ ਸੀ, 'ਆਜ਼ਾਦੀ ਕੇਵਲ ਕਾਂਗਰਸ ਦੇ ਅਹਿੰਸਕ ਅੰਦੋਲਨ ਨਾਲ ਹੀ ਪ੍ਰਾਪਤ ਨਹੀਂ ਹੋਈ ਇਸ ਵਿਚ 300 ਗ਼ਦਰੀ ਸੂਰਮਿਆਂ ਦੇ ਖ਼ੂਨ ਦੀ ਲਾਲੀ ਵੀ ਛਲਕਾਂ ਮਾਰਦੀ ਹੈ। ਇਨ੍ਹਾਂ ਨੂੰ ਭੁਲ ਨਾ ਜਾਇਓ।' ਅੱਗੇ ਹੋਰ ਕਿਹਾ ਸੀ, 'ਸਾਡੀ ਮੰਗ ਹੈ ਕਿ ਸਾਰਾ ਦੇਸ਼ ਅਨੰਦ ਭਵਨ ਬਣਾ ਦਿਓ ਜਿਸਦਾ ਨਹਿਰੂ ਕੋਲ ਕੋਈ ਉਤਰ ਨਹੀਂ ਸੀ।




ਸੋਹਣ ਸਿੰਘ ਪੂੰਨੀ ਨੇ ਕੈਨੇਡਾ ਦੇ ਆਰਕਾਈ ਤੱਕ ਰਸਾਈ ਹਾਸਲ ਕਰਕੇ ਅਤੇ ਇਹ ਬੜਾ ਹੀ ਸਲਾਹੁਣਯੋਗ ਖੋਜ ਭਰਪੂਰ ਕਾਰਜ ਕੀਤਾ ਹੈ। ਉਨ੍ਹਾਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੀ ਲਾਇਬਰੇਰੀ ਦਾ ਸਹਾਰਾ ਲਿਆ ਹੈ। ਪੁਰਾਣੀਆਂ ਲਹਿਰਾਂ ਨਾਲ ਸਬੰਧਤ ਕੋਰਟ ਕੇਸਾਂ ਦੀ ਪੁਣਛਾਣ ਕੀਤੀ ਹੈ ਅਤੇ ਆਪ ਗ਼ਦਰੀਆਂ ਦੇ ਪਿੰਡਾਂ ਤੱਕ ਪਹੁੰਚ ਕਰਕੇ ਉਨ੍ਹਾਂ ਦੇ ਪਰਿਵਾਰਾਂ, ਪੁੱਤਰਾਂ-ਪੋਤਰਿਆਂ ਤੇ ਹੋਰ ਸੰਬਧੀਆਂ ਨਾਲ ਸੰਪਰਕ ਕਰਕੇ ਜਾਣਕਾਰੀ ਹਾਸਲ ਕੀਤੀ। ਇਨ੍ਹਾਂ ਸੂਰਮਿਆਂ ਦੀਆਂ ਕੁਰਬਾਨੀਆਂ ਨੂੰ ਜੱਗ ਜ਼ਾਹਰ ਕੀਤਾ ਹੈ। ਸ੍ਰੀ ਪੂੰਨੀ ਦੀ ਸਾਲਾਂਬੱਧੀ ਲਗਨ ਮਿਹਨਤ ਤੇ ਸਿਰੜ ਨਾਲ ਕੀਤੇ ਖੋਜ ਕਾਰਜ ਦੀ ਸ਼ਲਾਘਾ ਕਰਨੀ ਬਣਦੀ ਹੈ। ਇਸ ਗੱਲ ਤੋਂ ਸ੍ਰੀ ਪੂੰਨੀ ਨੇ ਪਾਸਾ ਨਹੀਂ ਵੱਟਿਆ ਕਿ ਉਨ੍ਹਾਂ ਗ਼ਦਰੀਆਂ ਦੇ ਸੁਪਨਿਆਂ ਦੀ ਆਜ਼ਾਦੀ ਹਾਲੇ ਨਹੀਂ ਆਈ, ਜਿਸ ਲਈ ਉਨ੍ਹਾਂ ਜਾਨਾਂ ਵਾਰੀਆਂ, ਅਸਹਿ ਤੇ ਅਕਹਿ ਕਸ਼ਟ ਝੱਲੇ ਸਨ। ਇਸੇ ਲਈ ਬਾਬਾ ਸੋਹਣ ਸਿੰਘ ਭਕਨਾ ਕਿਹਾ ਕਰਦੇ ਸਨ, 'ਗੁਲਾਮੀ ਰਾਜਸੀ ਹੋਵੇ ਜਾਂ ਆਰਥਕ, ਆਪਣਿਆਂ ਵਲੋਂ ਠੋਸੀ ਜਾਂ ਬੇਗਾਨਿਆਂ ਦੀ ਮਾੜੀ ਹੀ ਹੁੰਦੀ ਹੈ। ਇਸ ਵਿਰੁੱਧ ਸੰਘਰਸ਼ ਕਰਨਾ ਹਰ ਭਾਰਤੀ ਦਾ ਫਰਜ਼ ਬਣਦਾ ਹੈ।' ਇਸੇ ਲਈ ਗ਼ਦਰੀ ਬਾਬੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਵੀ ਸੰਘਰਸ਼ਸ਼ੀਲ ਰਹੇ ਜਿਸ ਦਾ ਵਿਸਥਾਰ ਪੁਸਤਕ ਦੇ ਹਰ ਅਧਿਆਇ ਵਿਚ ਆਇਆ ਹੈ।

ਹਰ ਗ਼ਦਰੀ ਸੂਰਮੇ ਦਾ ਜੀਵਨ ਬ੍ਰਿਤਾਂਤ ਆਰੰਭ ਕਰਨ ਤੇ ਸਮਾਪਤੀ ਤੇ ਗ਼ਦਰ ਅਖ਼ਬਾਰ ਦੀਆਂ ਕਵਿਤਾਵਾਂ ਦੇ ਕਾਵਿ-ਟੋਟੇ ਲਿਖੇ ਹੋਏ ਹਨ ਜੋ ਥਾਂ ਸਿਰ 'ਤੇ ਬਹੁਤ ਢੁਕਵੇਂ ਹਨ। ਆਪਣੀ ਵਾਰਤਕ ਸ਼ੈਲੀ ਨੂੰ ਹੋਰ ਸ਼ਿੰਗਾਰਨ ਲਈ ਹੋਰ ਕਵੀਆਂ ਦੇ ਕਾਵਿ ਬੰਦ ਵੀ ਲਿਖੇ ਹਨ ਜੋ ਦਿਲ ਨੂੰ ਟੁੰਬਦੇ ਹਨ। ਹਰ ਬਹਾਦਰ ਦੇ ਜੀਵਨ ਬ੍ਰਿਤਾਂਤ ਦੇ ਨਾਲ਼ ਉਸ ਦੀ ਫੋਟੋ ਵੀ ਦਿੱਤੀ ਗਈ ਹੈ ਜੋ ਬੜੀ ਸਾਫ਼ ਤੇ ਮਿਆਰੀ ਹੈ ਜਿਨ੍ਹਾਂ ਨੂੰ ਪ੍ਰਾਪਤ ਕਰਨ ਲਈ ਸ੍ਰੀ ਪੂੰਨੀ ਦੇ ਯਤਨ ਪ੍ਰਸੰਸਾਯੋਗ ਹਨ। ਹੋਰ ਵੀ ਚੰਗਾ ਹੁੰਦਾ ਜੇ ਉਨ੍ਹਾਂ ਇਤਿਹਾਸਕ, ਭੂਗੋਲਿਕ ਥਾਵਾਂ, ਮੁਲਕਾਂ ਜਿਹੇ ਗ਼ਦਰੀ ਸਰਗਰਮ ਰਹੇ, ਦਾ ਨਕਸ਼ਾ ਦੇ ਕੇ ਨਿਸ਼ਾਨਦੇਹੀ ਕਰ ਦਿੱਤੀ ਜਾਂਦੀ।

ਕਾਗਜ਼ ਤੇ ਜਿਲਦਾਂ ਜਿਸਨੇ ਦੇਰ ਚਿਰ ਇਤਿਹਾਸ ਨੂੰ ਸਾਂਭਣਾ ਹੁੰਦਾ ਹੈ ਮਜ਼ਬੂਤ ਤੇ ਹੰਢਣਸਾਰ ਹੈ। ਸ੍ਰੀ ਪੂੰਨੀ ਇਸ ਮਿਹਨਤ ਭਰਪੂਰ ਖੋਜ ਕਾਰਜ ਲਈ ਜਿਨ੍ਹਾਂ ਸੱਜਣਾਂ, ਪਰਿਵਾਰਾਂ, ਸੰਸਥਾਵਾਂ ਨੇ ਸਹਿਯੋਗ ਦਿੱਤਾ, ਉਨ੍ਹਾਂ ਦਾ ਧੰਨਵਾਦ ਕਰਨ ਤੋਂ ਨਹੀਂ ਖੁੰਝੇ ਅਤੇ ਇਹ ਕਿਤਾਬ ਆਪਣੀ ਦੋਸਤ ਪਤਨੀ ਵਿੰਨੀ ਨੂੰ ਸਮਰਪਤ ਕਰਕੇ ਇਸ ਕਾਰਜ ਵਿਚ ਸ਼ਾਮਲ ਰੱਖਿਆ ਹੈ। ਬਹੁਤ ਸਾਰੀਆਂ ਘਟਨਾਵਾਂ ਦਾ ਕਈ ਵਾਰੀ ਦੂਹਰਾ ਆਇਆ ਹੈ ਜੋ ਲੇਖਕ ਦੀ ਮਜਬੂਰੀ ਸੀ ਕਿਉਂਕਿ ਸਾਰੇ ਹੀ ਗ਼ਦਰੀ ਜੋ ਲਿਖਤ ਵਿਚ ਆਏ ਇਨ੍ਹਾਂ ਸਾਰੇ ਐਕਸ਼ਨਾਂ ਵਿੱਚ ਸ਼ਾਮਲ ਸਨ।

ਅਖ਼ੀਰ 'ਤੇ ਐਨਾ ਹੀ ਕਿਹਾ ਜਾ ਸਕਦਾ ਹੈ ਕਿ ਇਹ ਇਕ ਪੜ੍ਹਨਯੋਗ ਤੇ ਸੰਭਾਲਣਯੋਗ ਪੁਸਤਕ ਹੈ। ਗ਼ਦਰੀ ਬਾਬਿਆਂ ਦੀ ਯਾਦ ਨੂੰ ਸਮਰਪਤ ਵੱਖ-ਵੱਖ ਸੰਗਠਨਾਂ ਦੇ ਆਗੂਆਂ ਕਾਰਜ-ਕਰਤਾਵਾਂ ਖ਼ਾਸ ਤੌਰ 'ਤੇ ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਦੇ ਸਾਥੀਆਂ ਨੂੰ ਇਹ ਕਿਤਾਬ ਪੜ੍ਹਨ ਤੇ ਵਿਚਾਰਨ ਦੀ ਸਲਾਹ ਦਿੰਦਾ ਹਾਂ ਤਾਂ ਜੋ ਵਰਤਮਾਨ ਧੜੇਬੰਦਕ, ਨਿਘਾਰਗ੍ਰਸਤ, ਧਨ-ਬਟੋਰੂ ਸਿਆਸਤ ਨੂੰ ਲੋਕ ਸੇਵਾ, ਆਪਾ ਵਾਰੂ ਸਮਾਜ ਸੇਵਾ ਵਾਲੇ ਪਾਸੇ ਨੂੰ ਮੋੜਿਆ ਜਾ ਸਕੇ ਅਤੇ ਭਾਰਤ ਦੇ ਕਿਸਾਨ, ਮਜ਼ਦੂਰ ਤੇ ਗਰੀਬ ਲੋਕ ਵੀ ਦੇਸ਼ ਦੀ ਆਜ਼ਾਦੀ ਦੀਆਂ ਸਹੂਲਤਾਂ ਨੂੰ ਮਾਣ ਸਕਣ। ਸ਼ਾਇਰ ਗੁਰਭਜਨ ਗਿੱਲ ਦੀਆਂ ਇਨ੍ਹਾਂ ਸਤਰਾਂ ਨਾਲ ਗੱਲ ਖ਼ਤਮ ਕਰਦਾ ਹਾਂ-

ਐਸੀ ਕੋਈ ਕਿਤਾਬ<br>
ਬੇ ਅਰਥਾਂ ਸ਼ਬਦੀ ਜੰਗਲ ਹੈ,<br>
ਜਿਸਨੂੰ ਪੜ੍ਹਕੇ ਦਿਲ ਵਿੱਚ<br>
ਹਾਹਾਕਾਰ ਨਹੀਂ ਹੁੰਦੀ।


**Guaranteed Paid up Life Insurance**
**Get your money back if you don't develop any critical illness**


Life Insurance
ਲਾਈਫ ਇੰਸ਼ੋਰੈਂਸ


Retirement Savings Plans
ਰਿਟਾਇਰਮੈਂਟ ਸੇਵਿੰਗਜ਼ ਪਲੈਨਜ਼


Mortgage Insurance
ਮੋਰਟਗੇਜ ਇੰਸ਼ੋਰੈਂਸ


Critical Illness Plans
ਕਰਿਟੀਕਲ ਇਲਨੈਸ ਇੰਸ਼ੋਰੈਂਸ


Health Plans
ਹੈਲਥ ਪਲੈਨਜ਼


Disability Insurance
ਡਿਸਏਬਿਲਟੀ ਇੰਸ਼ੋਰੈਂਸ


Travel Insurance
ਟਰੈਵਲ ਇੰਸ਼ੋਰੈਂਸ

For More Information Please Contact :
Jasvir Deol
Phone: 780-465-6900
Cell: 780-906-4497

DEOL
Insurance & Financial Planning

# NEW WAY Stucco Ltd.



Quality work at reasonable rates.

We do Splash Dash Stucco and Acrylic. For free estimates call

(BALJIT) Ph.: (780)-708-1436, Fax: (780)-462-0691

All Kind of Stucco Acrylic & Rain Screen Residential & Commercial

ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

# Moga Painting Company

Serving Since 1985

Experts in Interior & Exterior Paint

Residential & Commercial Jobs

Office Painting, Spray Painting, Staircase Railing, Stain & Varnish



SURJIT

Experts in Colour Matching
Guaranteed Work
Reasonable Rates

ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।

For FREE Estimates Call 780-934-3535

RESIDENTIAL | COMMERCIAL | INVESTMENT PROPERTIES

**Harinder Hundal** M.Sc. Eco. M.B.A.
Sales Representative

Cell: 647-818-6880
Bus: 905-672-1234
Fax: 905-672-0672
hpshundal@gmail.com



HomeLife/United Realty Inc. BROKERAGE
INDEPENDENTLY OWNED & OPERATED
50 Sunnyvale Gate, Unit # 7, Brampton, ON L6S 0C4

*Higher Standards Agents... Higher Results*

# Mulaquat PRODUCTIONS

TV Program Mulaqat

Aired on VISION TV (Channel 60)
3.00 p.m. to 3.30 p.m. (Every Saturday)

Charanjit Brar
Producer & Host

647-300-8436



ALL-IN-ONE PR1CE

"THE GRAND VITARA IS PRICED TO BE COMPETITIVE, IT'S COMFORTABLE, AND IT OFFERS A HIGH LEVEL OF STANDARD EQUIPMENT AND SAFETY FEATURES." –JIL MCINTOSH, CANADIANDRIVER.COM



Grand Vitara JX shown

4 WHEEL DRIVE

## 2010 GRAND VITARA JX 4WD

4 Mode 4WD • AM/FM/CD/MP3/WMA player (6 speakers) • Auxiliary input jack • ABS with Electronic Brake Distribution • 6 Airbags • Keyless Entry and Start System • 2.4L DOHC engine with variable valve timing

$187* BI-WEEKLY PAYMENT + TAX JUST SIGN AND GO!

ALL-IN-ONE PR1CE

"YOU GET A LOT MORE THAN YOU EXPECT FOR A LOT LESS THAN YOU EXPECT." –GRAEME FLETCHER, MOTORING TV



SX4 Sedan Sport shown

## 2010 SX4 SEDAN

AM/FM/CD/MP3/WMA player • Auxiliary input jack • ABS with Electronic Brake Distribution • 6 Airbags • 2.0L DOHC engine with variable valve timing

$109* BI-WEEKLY PAYMENT + TAX JUST SIGN AND GO!

ALL-IN-ONE PR1CE

WORKS HARD, PLAYS HARDER



## 2010 EQUATOR CREW CAB JX

14.6L/100 km city • 10.6L/100 km highway
Four Wheel Drive • 6,100 lb towing capabity • Remote Keyless Entry
Air Conditioning • Cruise Control • 6 speaker AM/FM/CD Sound System
Halogen Headlights • Aluminum Alloy Wheels

STARTING AT $34,995*

ALL-IN-ONE PR1CE SUZUKI

No hidden fees. Just sign and go!

0% FINANCING FOR 72 MONTHS!

DOWN PAYMENT $0

INCLUDES:

✓ Air Conditioning,
✓ Keyless Entry and
✓ Power Package in all 2010s shown

NO SURPRISES! COME IN FOR A TEST DRIVE TODAY!

INTRODUCING THE NEW 2011 Kizashi

THE POWER OF CONTROL

What is Speed Without Agility?
Torque without Grip?
Driving without Precision?

North America's BEST VALUE In a midsize AWD SEDAN

Loaded with luxury features & Intelligent All Wheel Drive!



"IF YOU'RE LOOKING FOR A REAL BANG FOR YOUR BUCK, THE SX4 FITS THE BILL." –GLOBE AND MAIL

ALL-IN-ONE PR1CE



SX4 Hatchback JX shown

## 2010 SX4 HATCHBACK

AM/FM/CD/MP3/WMA player • Auxiliary input jack • ABS with Electronic Brake Distribution • 6 Airbags • 2.0L DOHC engine with variable valve timing

$119* BI-WEEKLY PAYMENT + TAX JUST SIGN AND GO!

Most fuel efficient Compact AWD in Canada

ALL-IN-ONE PR1CE

Don't let the compact size fool you



## 2010 SWIFT +

Good Thing. Small Package.
7.9L/100 km city • 5.7L/100 km highway

STARTING AT $14,715*

WARRANTY All Suzuki vehicles come with a 5-year, 100,000 kilometre powertrain WARRANTY limited warranty and 3-year unlimited kilometre roadside assistance.

WESTEND SUZUKI EDMONTON ALBERTA go 4 it!

17431-102 AVENUE
SPECIAL TOLL FREE
1-888-702-8363

VISIT US ONLINE AT www.westendsuzuki.com

SHOP 24/7 @ MILLWOODS SUZUKI.COM

ON THE AUTO ROW 3403-93 ST. SPECIAL TOLL FREE 1-866-897-4500



# Supreme Pizza

## Punjabi Pizza

Menisa Plaza (on Millwood Road) 1079 Knottwood Road East NW Edmonton

(780) 485-1213 or (780) 485-1231

Chicken Wings Hot, Honey Garlic

1 Large Pizza with 4 Toppings, 2 Can Coke & 24 Wings

**Paneer Pizza**
Paneer, Red Onion, Green Peppers, Mushrooms, Tomatoes.

**Vegetarian**
Olives, Mushrooms, Pineapple, Tomatoes Green Peppers, Red Onions,

**Supreme Special**
Ham, pepperoni, Salami, Mushrooms, Pineapple, Tomatoes, Olive, Red Onion, Green Peppers

**Chicken Special**
Tandoori Chicken, Red Onions, Green peppers, Mushrooms, Tomatoes

**The Pasta Niche**
Baked Lasagna with Meat Sauce and Veggi Sauce

Delivery Charges Will Apply to All Areas

## ਸੁਪਰੀਮ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

ਪੰਜਾਬੀ ਸਟਾਈਲ ਪੀਜ਼ਾ



**Delivery Hours**

Monday to Thursday: 2:30pm to 11:00pm,
Friday & Saturday: 2:30pm to 12:00midnight
Sunday & Holidays: 2:30pm to 11:00pm

Try Us Tonight For Best Deal
In Town
**3 For 1**
Any 3 Toppings
12" Medium - 14" Large

Buy 1 Get 1 Free

**List of Toppings**
Paneer, BBQ Chicken, Tandoori Chicken, Plain Chicken, Hot Pepperoni, Pepperoni, Ham, Mushrooms, Beef, Capacolli, Red Onions, Shrimps, Italian Sausage, Olives, Green Peppers, Tomatoes, Salami, Jalapinos, Feta Cheese, Pineapple

For Delivery: Please Call 1/2 Hour before we close! Its faster if you call 780 485 1213.

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਅਤੇ
ਸਵਾਦੀ ਪੀਜ਼ਾ ਖਾਣ ਲਈ ਇਕੋ–ਇਕ ਨਾ **ਸੁਪਰੀਮ ਪੀਜ਼ਾ**
ਆਪਣੇ ਭਰਾਵਾਂ ਦਾ ਪੀਜ਼ਾ ਜਿਸ 'ਤੇ ਤੁਸੀਂ ਪੰਜਾਬੀ ਵਿਚ ਆਰਡਰ ਕਰ ਸਕਦੇ ਹੋ।

2 Large Fully Loaded Pizza for $25. 1 Large Pizza 5 Toppings for $14.

2 Medium Pizza Fully Loaded for $22. 1 Medium Pizza 5 Toppings for $13.

**Call at: 780 485 1213**


# BRIDGEPORT
## HOMES LTD.

**WE ASSURE BEATING MARKET PRICE**

$ 539,999 for 2 story, 2800 sq. ft. in Wildwood Crescent (with all upgrades).



Lots available for bi-Level homes in Silverberry Area



For more information call: **Dolly Chauhan @ 780-935-7718**